ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

7-13 ਮਈ 2025

ਸਾਲ 16ਵਾਂ - ਅੰਕ 19
email : info@sadelok.com

Ph. : 510-706-1300
Fax : 925-373-1300



ਭਾਰਤ-ਪਾਕਿਸਤਾਨ ਵਿਚ ਚਲ ਰਹੀ ਜੰਗ ਦੌਰਾਨ ਪੁੰਛ ਵਿਖੇ ਗੁਰਦੁਆਰਾ ਸਿੰਘ ਸਭਾ ਨੂੰ ਪਾਕਿਸਤਾਨ ਸੈਲ ਨੇ ਤਬਾਹ ਕਰ ਦਿੱਤਾ। ਗੁਰੂ ਘਰ ਵਿਖੇ ਤਿੰਨ ਸਿੰਘਾਂ ਦੀ ਮੌਤ ਹੋ ਗਈ। (ਦੇਖੋ ਸਫ਼ਾ 24 'ਤੇ)

## 'ਆਪ੍ਰੇਸ਼ਨ ਸਿੰਧੂਰ' ਤਹਿਤ ਲਸ਼ਕਰ, ਜੈਸ਼ ਅਤੇ ਹਿਜ਼ਬੁਲ ਦੇ ਟਿਕਾਣੇ ਤਬਾਹ

● ਮਸੂਦ ਅਜ਼ਹਰ ਦੇ 10 ਪਰਿਵਾਰਕ ਮੈਂਬਰ ਤੇ 4 ਸਾਥੀ ਮਾਰੇ ਗਏ ● ਪਾਕਿ ਫ਼ੌਜ ਨੇ ਹਮਲੇ ਦੀ ਗੱਲ ਕਬੂਲੀ ● ਜਵਾਬ 'ਚ ਪਾਕਿਸਤਾਨ ਵਲੋਂ ਕੰਟਰੋਲ ਰੇਖਾ 'ਤੇ ਜ਼ਬਰਦਸਤ ਗੋਲਾਬਾਰੀ-14 ਤੋਂ ਵੱਧ ਮੌਤਾਂ ● ਸੈਂਕੜੇ ਤੋਂ ਵੱਧ ਅੱਤਵਾਦੀ ਤੇ ਉਨ੍ਹਾਂ ਦੇ ਸਾਥੀ ਹਲਾਕ



(ਦੇਖੋ ਸਫ਼ਾ 24-28 'ਤੇ)

ਬਹਾਵਲਪੁਰ ਵਿੱਚ 'ਆਪ੍ਰੇਸ਼ਨ ਸਿੰਦੂਰ' ਤਹਿਤ ਕੀਤੇ ਗਏ ਮਿਜ਼ਾਈਲ ਹਮਲਿਆਂ ਕਾਰਨ ਨੁਕਸਾਨਿਆ ਜੈਸ਼-ਏ-ਮੁਹੰਮਦ ਦਾ ਮੁੱਖ ਦਫਤਰ ਅਤੇ ਜਾਮੀਆ ਮਸਜਿਦ ਸੁਭਾਨ ਅੱਲ੍ਹਾ ਦਾ ਦ੍ਰਿਸ਼।

## ਸਿੱਖ ਸਿਆਸਤ ਦੇ ਥੰਮ੍ਹ ਵਜੋਂ ਜਾਣੇ ਜਾਂਦੇ ਬਜ਼ੁਰਗ ਆਗੂ ਸ੍ਰ. ਮੇਜਰ ਸਿੰਘ ਸਵੱਦੀ ਨੂੰ ਸੇਜਲ ਅੱਖਾਂ ਨਾਲ ਵਿਦਾਇਗੀ

ਮਿਲਪੀਟਸ : ਕੈਲੀਫੋਰਨੀਆ (ਸਾਡੇ ਲੋਕ) ਸਿੱਖ ਸਿਆਸਤ ਦੇ ਥੰਮ੍ਹ ਵਜੋਂ ਜਾਣੇ ਜਾਂਦੇ ਸਵੱਦੀ, ਹੋਠੀ ਅਤੇ ਅਟਵਾਲ ਪਰਿਵਾਰ ਦੇ ਬਜ਼ੁਰਗ ਸ੍ਰ. ਮੇਜਰ ਸਿੰਘ ਸਵੱਦੀ ਜੋ ਪਿਛਲੇ ਦਿਨੀਂ ਅਕਾਲ ਪੁਰਖ ਦੇ ਚਰਨਾ 'ਚ ਜਾ ਬਿਰਾਜੇ ਸਨ। ਅੱਜ ਉਹਨਾਂ ਨੂੰ ਹਜ਼ਾਰਾਂ ਸੰਗਤਾਂ ਵਲੋਂ ਸੇਜ਼ਲ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ।

ਮੌਜੂਦਾ ਦੌਰ ਦੇ ਅਤੇ ਇਸ ਸਦੀ ਦੇ ਹਾਣੀ ਅਤੇ ਸਮੁੱਚੀ ਸਿੱਖ ਸਿਆਸਤ ਨੂੰ ਆਪਣੇ ਪਿੰਡੇ ਉਪਰ ਹੰਢਾਉਣ ਵਾਲੇ ਅਤੇ ਬਾਬਾ ਬੋਹੜ ਪੰਥ ਰਤਨ ਸ੍ਰ. ਗੁਰਚਰਨ ਸਿੰਘ ਟੌਹੜਾ




ਸਵਰਗਵਾਸੀ ਸ੍ਰ. ਮੇਜਰ ਸਿੰਘ ਸਵੱਦੀ ਦੇ ਅੰਤਿਮ ਸੰਸਕਾਰ ਸਮੇਂ ਇਸ ਸਮੁੱਚੇ ਪਰਿਵਾਰ ਦੇ ਬੱਚਿਆਂ ਨੇ ਆਪਣੇ ਬਜ਼ੁਰਗ ਦੀ ਪ੍ਰੇਰਨਾਦਾਇਕ ਜ਼ਿੰਦਗੀ ਨੂੰ ਸੰਗਤਾਂ ਨਾਲ ਸਾਂਝਾ ਕੀਤਾ

ਦੇ ਨਜ਼ਦੀਕੀ ਸਾਥੀ ਅਤੇ ਲੰਬਾ ਸਮਾਂ ਐਸਜੀਪੀਸੀ 'ਚ ਸੇਵਾ ਕਰਨ ਵਾਲੇ ਗੁਰੂਘਰ ਦੇ ਨਿਸ਼ਕਾਮ ਸੇਵਕ ਸ੍ਰ. ਮੇਜਰ ਸਿੰਘ ਸਵੱਦੀ ਗੁਰਬਾਣੀ ਦੇ ਮਹਾਂਵਾਕ 'ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।' ਅਨੁਸਾਰ ਕੈਲੀਫੋਰਨੀਆਂ ਅਮਰੀਕਾ ਵਸਦੇ ਆਪਣੇ ਸਪੁੱਤਰ ਸਿੱਖ ਆਗੂ ਸ੍ਰ. ਸਰਬਜੋਤ ਸਿੰਘ ਸਵੱਦੀ ਕੋਲ 96 ਸਾਲ ਦੀ ਉਮਰ 'ਚ ਆਖਰੀ ਸਾਹ ਲਿਆ। ਸ੍ਰ. ਮੇਜਰ ਸਿੰਘ ਸਵੱਦੀ ਆਪਣੇ

(ਦੇਖੋ ਸਫ਼ਾ 34-35 'ਤੇ)

## ਜੂਨ 1984 ਅਤੇ ਨਵੰਬਰ 1984 ਸਿੱਖ ਨਸਲਕੁਸ਼ੀ ਕਾਂਗਰਸ ਦੀਆਂ ਵੱਡੀਆਂ ਗਲਤੀਆਂ : ਰਾਹੁਲ ਗਾਂਧੀ

ਬੋਸਟਨ (ਅਮਰੀਕਾ) : ਕਾਂਗਰਸ ਦੇ ਸਾਬਕਾ



### ਕਾਂਗਰਸ ਦੀ ਹਰ ਗਲਤੀ ਦੀ ਜ਼ਿੰਮੇਵਾਰ ਲੈਣ ਲਈ ਤਿਆਰ ਹਾਂ

ਪ੍ਰਧਾਨ ਅਤੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਮੰਨਿਆ ਹੈ ਕਿ

(ਦੇਖੋ ਸਫ਼ਾ 22 'ਤੇ)

## ਮੈਟ ਗਾਲਾ 2025 : ਦਿਲਜੀਤ ਦੁਸਾਂਝ ਨੇ ਪੱਗ, ਮਾਂ ਬੋਲੀ ਤੇ ਵਿਰਾਸਤ ਨਾਲ ਕੀਤਾ ਦੁਨੀਆ ਨੂੰ ਮੋਹਿਤ



(ਦੇਖੋ ਸਫ਼ਾ 5 'ਤੇ)

## ਪੰਜਾਬ ਪੁਲਿਸ ਨੇ ਚੇਅਰਮੈਨ ਨੂੰ ਡੈਮ 'ਚ ਦਾਖ਼ਲ ਹੋਣ ਤੋਂ ਰੋਕਿਆ



### ਹਰਿਆਣਾ ਨੂੰ ਕਿਸੇ ਕੀਮਤ 'ਤੇ ਪਾਣੀ ਨਹੀਂ ਦਿੱਤਾ ਜਾਵੇਗਾ: ਭਗਵੰਤ ਮਾਨ

ਨੰਗਲ : ਨੰਗਲ ਵਿਖੇ ਸਥਿਤੀ ਉਸ ਵੇਲੇ ਤਣਾਅਪੂਰਨ ਬਣ ਗਈ ਜਦੋਂ ਬੀਬੀਐੱਮਬੀ ਦੇ ਚੇਅਰਮੈਨ ਹਰਿਆਣਾ ਨੂੰ ਪਾਣੀ ਛੱਡਣ ਨੂੰ ਲੈ ਕੇ ਨੰਗਲ ਡੈਮ ਪਹੁੰਚ ਗਏ। ਇਸ ਦਾ ਪਤਾ ਜਦੋਂ ਕੈਬਨਿਟ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਨੂੰ ਲੱਗਿਆ ਤਾਂ ਉਨ੍ਹਾਂ ਨੇ ਆਪਣੇ ਸਾਥੀਆਂ ਨਾਲ

(ਦੇਖੋ ਸਫ਼ਾ 31 'ਤੇ)

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
International Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara-Pleasanton-Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigration Services
Citizenship
e-Verify, I-9 and
Other Compliance
Other service -B-1/B-2
Visitor Visasextension
and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

CJ Singh
License # 24012019
Real Estate Broker
NORTHWEST REAL ESTATE
BERKSHIRE HATHAWAY
HOMESERVICES
M. 206-401-4000
Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
cjsingh@bhhsnw.com I cjsingh.bhhsnw.com
11400 SE 8th Street Ste 100
Bellevue. WA. 98004
A member of the franchise system of BHHS Affiliates, LLC.

Punjabi International Services Inc
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
Harminder Singh Samana
ਆਫਿਸ ਮੈਨੇਜਰ
Bonded Immigration Consultant
bond number #10177780
209-481-7750
209-624-3919
ਪੋਲੀਟੀਕਲ ਅਸਾਈਲਮ ਸਿਟੀਜਨਸ਼ਿਪ ਗਰੀਨਕਾਰਡ
Family Petition Immigration
Travel document Work Permit
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
239 West Yosemite Ave Manteca CA 95336

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਅਮਰੀਕਾ ਤੇ ਯੂਕਰੇਨ ਵੱਲੋਂ ਆਰਥਿਕ ਸਮਝੌਤੇ ਦਾ ਐਲਾਨ

ਵਾਸ਼ਿੰਗਟਨ : ਅਮਰੀਕਾ ਅਤੇ ਯੂਕਰੇਨ ਨੇ ਇਕ ਇਤਿਹਾਸਕ ਆਰਥਿਕ ਸਮਝੌਤੇ ਦਾ ਐਲਾਨ ਕੀਤਾ, ਜਿਸ ਰਾਹੀਂ ਯੂਕਰੇਨ ਨੂੰ ਅਮਰੀਕੀ ਫੌਜੀ ਅਤੇ ਆਰਥਿਕ ਮਦਦ ਦੇ ਬਦਲੇ ਆਪਣੇ ਖਣਿਜ ਸਰੋਤਾਂ ਤੱਕ ਅਮਰੀਕਾ ਦੀ ਪਹੁੰਚ ਯਕੀਨੀ ਹੋਵੇਗੀ। ਕਈ ਹਫ਼ਤਿਆਂ ਤੱਕ ਰਾਸ਼ਟਰਪਤੀ ਡੋਨਲਡ ਟਰੰਪ ਦੇ ਦਬਾਅ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਕਾਰ ਇਹ ਸਮਝੌਤਾ ਹੋਇਆ ਹੈ, ਅਮਰੀਕਾ ਯੂਕਰੇਨ 'ਤੇ ਰੂਸੀ ਹਮਲਿਆਂ ਨੂੰ ਰੋਕਣ ਲਈ ਅਰਬਾਂ ਡਾਲਰ ਦੀ ਫੌਜੀ ਅਤੇ ਆਰਥਿਕ ਮਦਦ ਦੇਣ ਦੇ ਬਦਲੇ ਵਿਚ



ਮੁਆਵਜ਼ਾ ਮੰਗ ਰਿਹਾ ਸੀ।

ਅਮਰੀਕਾ ਦੇ ਵਿੱਤ ਮੰਤਰੀ ਸਕਾਟ ਬੇਸੈਂਟ ਨੇ 'ਐਕਸ' 'ਤੇ ਪੋਸਟ ਕੀਤੇ ਇਕ ਵੀਡੀਓ ਵਿਚ ਕਿਹਾ ਕਿ, 'ਇਹ ਭਾਗੀਦਾਰੀ ਅਮਰੀਕਾ ਨੂੰ ਯੂਕਰੇਨ ਨਾਲ ਨਿਵੇਸ਼ ਕਰਨ, ਯੂਕਰੇਨ ਦੀ ਵਿਕਾਸ ਸੰਪੱਤੀ ਦੀ ਵਰਤੋਂ ਕਰਨ, ਅਮਰੀਕੀ ਹੁਨਰ, ਪੂੰਜੀ ਅਤੇ ਪ੍ਰਸ਼ਾਸਨਕ ਮਿਆਰਾਂ ਨੂੰ ਲਾਗੂ ਕਰਨ ਦੀ ਇਜਾਜ਼ਤ ਦੇਵੇਗੀ, ਜੋ ਕਿ ਯੂਕਰੇਨ ਦੇ ਨਿਵੇਸ਼ ਮਾਹੌਲ ਵਿਚ ਸੁਧਾਰ ਲਿਆਉਣਗੇ ਅਤੇ ਆਰਥਿਕ ਸੁਧਾਰ ਨੂੰ ਤੇਜ਼ੀ ਦੇਣਗੇ।

ਇਹ ਐਲਾਨ ਉਸ ਸਮੇਂ ਹੋਇਆ ਹੈ, ਜਦੋਂ ਟਰੰਪ ਰੂਸ ਅਤੇ ਯੂਕਰੇਨ ਦੇ ਆਗੂਆਂ ਨਾਲ ਜੰਗ ਖਤਮ ਕਰਨ ਲਈ ਗੱਲਬਾਤ ਕਰ ਰਹੇ ਹਨ ਅਤੇ ਲੰਮੇ ਸਮੇਂ ਤੋਂ ਚੱਲ ਰਹੀ ਲੜਾਈ ਤੋਂ ਨਿਰਾਸ਼ ਹਨ। ਅਮਰੀਕੀ ਰਾਸ਼ਟਰਪਤੀ ਨੇ ਯੂਕਰੇਨ ਦੇ ਰਾਸ਼ਟਰਪਤੀ ਵੋਲੋਦਿਮੀਰ ਜ਼ੇਲੈਂਸਕੀ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਨੀਤੀਆਂ ਕਰਕੇ ਜੰਗ ਲੰਮੀ ਹੋ ਰਹੀ ਹੈ ਅਤੇ ਨਿਰਦੋਸ਼ ਲੋਕ ਮਾਰੇ ਜਾ ਰਹੇ ਹਨ। ਉਨ੍ਹਾਂ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੀ ਵੀ ਆਲੋਚਨਾ ਕੀਤੀ ਹੈ ਕਿ ਉਹ ਘਾਤਕ ਹਮਲਿਆਂ ਨੂੰ ਰੋਕਣ ਬਾਰੇ ਗੱਲਬਾਤ ਨੂੰ ਔਖਾ ਬਣਾ ਰਹੇ ਹਨ।

ਦੋਵਾਂ ਪੱਖਾਂ ਨੇ ਸਮਝੌਤੇ ਬਾਰੇ ਸਿਰਫ਼ ਆਮ ਜਾਣਕਾਰੀ ਦਿੱਤੀ ਹੈ, ਪਰ ਉਮੀਦ ਹੈ ਕਿ ਇਸ ਨਾਲ ਅਮਰੀਕਾ ਨੂੰ ਯੂਕਰੇਨ ਦੇ ਕੀਮਤੀ ਅਤੇ ਦੁਰਲੱਭ ਖਣਿਜਾਂ ਤੱਕ ਪਹੁੰਚ ਮਿਲੇਗੀ, ਜਦੋਂ ਕਿ ਰੂਸ ਨਾਲ ਚੱਲ ਰਹੀ ਲੜਾਈ ਦੌਰਾਨ ਕੀਵ ਨੂੰ ਅਮਰੀਕੀ ਸਮਰਥਨ ਮਿਲਦਾ ਰਹੇਗਾ। ਇਹ ਸਮਝੌਤਾ ਉਦੋਂ ਤੱਕ ਲਾਗੂ ਨਹੀਂ ਹੋਵੇਗਾ ਜਦੋਂ ਤੱਕ ਇਸ ਨੂੰ ਯੂਕਰੇਨ ਦੀ ਸੰਸਦ ਦੀ ਮਨਜ਼ੂਰੀ ਨਹੀਂ ਮਿਲ ਜਾਂਦੀ। ਪ੍ਰਧਾਨ ਮੰਤਰੀ ਡੇਨਿਸ ਸ਼ਮਹਿਲ ਨੇ ਯੂਕਰੇਨ ਦੇ ਇਕ ਟੀਵੀ ਸੰਦੇਸ਼ ਵਿਚ ਕਿਹਾ ਕਿ ਯੂਕਰੇਨ ਦੀ ਆਰਥਿਕਤਾ ਮੰਤਰੀ ਅਤੇ ਉਪ ਪ੍ਰਧਾਨ ਮੰਤਰੀ ਯੂਲੀਆ ਸਵੀਰੀਡੇਂਕੋ ਸਮਝੌਤੇ ਨੂੰ ਅੰਤਿਮ ਰੂਪ ਦੇਣ ਲਈ ਬੁੱਧਵਾਰ ਨੂੰ ਵਾਸ਼ਿੰਗਟਨ ਪਹੁੰਚੀਆਂ ਸਨ।

ਯੂਕਰੇਨ ਦੇ ਇਕ ਸੀਨੀਅਰ ਅਧਿਕਾਰੀ ਨੇ ਨਾਂ ਨਾ ਜ਼ਾਹਰ ਕਰਨ ਦੀ ਸ਼ਰਤ 'ਤੇ ਦੱਸਿਆ ਕਿ ਸਮਝੌਤੇ ਦਾ ਮੁੱਖ ਹਿੱਸਾ ਤੈਅ ਹੋ ਚੁੱਕਾ ਹੈ, ਪਰ ਕੁਝ ਰੁਕਾਵਟਾਂ ਅਜੇ ਵੀ ਬਾਕੀ ਹਨ। ਉਨ੍ਹਾਂ ਕਿਹਾ ਕਿ ਯੂਕਰੇਨ ਲਈ ਇਹ ਸਮਝੌਤਾ ਭਵਿੱਖ ਵਿਚ ਅਮਰੀਕੀ ਫੌਜੀ ਮਦਦ ਤੱਕ ਪਹੁੰਚ ਨੂੰ ਯਕੀਨੀ ਬਣਾਉਣ ਲਈ ਅਹਿਮ ਮੰਨਿਆ ਜਾ ਰਿਹਾ ਹੈ।






# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.





OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# ਮੈਟ ਗਾਲਾ 2025 : ਦਿਲਜੀਤ ਦੁਸਾਂਝ ਨੇ ਪੱਗ, ਮਾਂ ਬੋਲੀ ਤੇ ਵਿਰਾਸਤ ਨਾਲ ਕੀਤਾ ਦੁਨੀਆ ਨੂੰ ਮੋਹਿਤ





ਨਵੀਂ ਦਿੱਲੀ : ਪ੍ਰਸਿੱਧ ਗਾਇਕ-ਸਟਾਰ ਦਿਲਜੀਤ ਦੋਸਾਂਝ ਨੇ ਮੈਟ ਗਾਲਾ 2025 ਵਿਚ ਆਪਣੇ ਪਹਿਲੇ ਦਿਨ ਆਪਣੇ ਸਿੱਖ ਜੜ੍ਹਾਂ ਤੇ ਜੱਦੀ ਰਾਜ ਪੰਜਾਬ ਦਾ ਸਨਮਾਨ ਕੀਤਾ ਅਤੇ ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਨੂੰ ਸ਼ਰਧਾਂਜਲੀ ਦਿੰਦੇ ਹੋਏ ਕਿਰਪਾਨ, ਪੱਗ, ਕੀਮਤੀ ਹਾਰ ਤੇ ਸ਼ਾਹੀ ਸਫੇਦ ਪੋਸ਼ਾਕ ਪਾਈ। ਦਿਲਜੀਤ ਨੇ ਅਮਰੀਕੀ-ਨੇਪਾਲੀ ਡਿਜ਼ਾਈਨਰ ਪ੍ਰਬਲ ਗੁਰੰਗ ਦੁਆਰਾ ਡਿਜ਼ਾਈਨ ਕੀਤੀ ਤਹਿਮਤ ਦੇ ਨਾਲ ਇੱਕ ਹਾਥੀ ਦੰਦ ਤੇ ਸੋਨੇ ਦੀ ਸ਼ੇਰਵਾਨੀ ਪਹਿਨੀ ਸੀ। ਪੰਜਾਬ ਦੇ ਦੋਸਾਂਝ ਪਿੰਡ ਦੇ ਰਹਿਣ ਵਾਲੇ ਇਸ ਸੰਗੀਤਕਾਰ ਨੇ ਚਿੱਟੇ 'ਕਲਗੀ' ਨਾਲ ਸਜਾਈ ਇੱਕ ਜਵਾਹਰਾਤ ਵਾਲੀ ਪੱਗ, ਇੱਕ ਸ਼ੇਰ ਦੇ ਸਿਰ ਵਾਲੀ, ਗਹਿਣਿਆਂ ਨਾਲ ਜੜੀ ਕਿਰਪਾਨ, ਪੰਜਾਬ ਦੇ ਸਿਲੂਏਟ ਕੀਤੇ ਨਕਸ਼ੇ ਵਾਲੀ ਇੱਕ ਕੇਪ ਅਤੇ ਪੰਜਾਬੀ ਲਿਪੀ ਗੁਰਮੁਖੀ ਵਿਚ ਕਢਾਈ ਕੀਤੀ ਵਰਣਮਾਲਾ ਨਾਲ ਆਪਣਾ ਲੁੱਕ ਪੂਰਾ ਕੀਤਾ। ਉਸਦੀ ਬੈਲਟ 'ਤੇ ਹੱਥ ਨਾਲ ਕਢਾਈ ਕੀਤੇ ਰਵਾਇਤੀ ਭਾਰਤੀ ਨਮੂਨੇ ਸਨ ਜਿਵੇਂ ਕਿ ਕਮਲ ਦੇ ਫੁੱਲ ਅਤੇ ਮੋਰ। ਉਨ੍ਹਾਂ ਦੀ ਸਟਾਈਲਿਸਟ ਅਭਿਲਾਸ਼ਾ ਦੇਵਨਾਨੀ ਦੇ ਅਨੁਸਾਰ 'ਗਾਇਕ ਦਾ ਲੁੱਕ ਪਟਿਆਲਾ ਦੇ ਮਹਾਰਾਜਾ ਦੀਆਂ ਪੁਰਾਲੇਖ ਤਸਵੀਰਾਂ 'ਤੇ ਅਧਾਰਤ ਸੀ, ਜੋ ਆਪਣੀ ਸ਼ਾਨਦਾਰ ਤੇ ਰੰਗੀਨ ਜੀਵਨ ਸ਼ੈਲੀ ਲਈ ਜਾਣੇ ਜਾਂਦੇ ਹਨ।' ਦ ਨਿਊਯਾਰਕ ਟਾਈਮਜ਼ ਨੂੰ ਦਿੱਤੇ ਇੱਕ ਇੰਟਰਵਿਊ ਵਿਚ, ਦੇਵਨਾਨੀ ਨੇ ਕਿਹਾ ਕਿ ਉਸਨੇ ਰਾਤ ਲਈ ਮਹਾਰਾਜਾ ਦਾ ਪ੍ਰਤੀਕ ਕਾਰਟੀਅਰ ਹਾਰ ਉਧਾਰ ਲੈਣ ਦੀ ਕੋਸ਼ਿਸ਼ ਕੀਤੀ ਪਰ ਇਹ ਇੱਕ ਅਜਾਇਬ ਘਰ ਵਿਚ ਬੰਦ ਹੈ।

# 16.70 ਕਰੋੜ ਡਾਲਰ ਦਾ ਜੈਕਪਾਟ ਨਿਕਲਣ ਦੇ ਬਾਅਦ ਪੁਲਿਸ ਅਫਸਰ 'ਤੇ ਹਮਲਾ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਹੋਇਆ ਕੈਂਟੁਕੀ ਵਾਸੀ




ਲਾਟਰੀ ਨਿਕਲਣ ਉਪਰੰਤ ਪਰਿਵਾਰਕ ਮੈਂਬਰਾਂ ਨਾਲ ਜੇਮਜ ਫਾਰਥਿੰਗ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਕੈਂਟੁਕੀ ਦੇ ਵਸਨੀਕ ਇਕ ਵਿਅਕਤੀ ਨੂੰ 16.70 ਕਰੋੜ ਡਾਲਰ ਦਾ ਪਾਵਰਬਾਲ ਜੈਕਪਾਟ ਨਿਕਲਣ ਤੋਂ ਬਾਅਦ ਇਕ ਬਾਰ ਵਿਚ ਹੋਈ ਲੜਾਈ ਵਿੱਚ ਕਥਿੱਤ ਤੌਰ 'ਤੇ ਪੁਲਿਸ ਅਫਸਰ ਉਪਰ ਹਮਲਾ ਕਰਨ ਦੇ ਮਾਮਲੇ ਵਿਚ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਪੁਲਿਸ ਅਨੁਸਾਰ ਜੇਮਜ ਫਾਰਥਿੰਗ ਤੇ ਉਸ ਦੀ ਦੋਸਤ ਕੁੜੀ ਨੂੰ ਸੇਂਟ ਪੀਟ ਬੀਚ, ਫਲੋਰਿਡਾ ਵਿਚ ਟਰੇਡ ਵਿੰਡਜ ਰਿਜ਼ਾਰਟ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਗ੍ਰਿਫਤਾਰੀ ਵਾਰੰਟ ਅਨੁਸਾਰ 50 ਸਾਲ ਫਾਰਥਿੰਗ ਨੇ ਹੋਈ ਤਕਰਾਰ ਦੌਰਾਨ ਇਕ ਵਿਅਕਤੀ ਦੇ ਚੇਹਰੇ ਉਪਰ ਘਸੁੰਨ ਮਾਰਿਆ ਤੇ ਜਦੋਂ ਪਾਈਨਲਾਸ ਕਾਊਂਟੀ ਦੇ ਸ਼ੈਰਿਫ ਡਿਪਟੀ ਨੇ ਦਖਲ ਦੇ ਕੇ ਝਗੜਾ ਖਤਮ ਕਰਵਾਉਣ ਦਾ ਯਤਨ ਕੀਤਾ ਤਾਂ ਉਸ ਨੇ ਉਸ ਉਪਰ ਵੀ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਪੁਲਿਸ ਅਫਸਰ ਦਾ ਚੇਹਰਾ ਸੁੱਜ ਗਿਆ ਤੇ ਲਾਲ ਹੋ ਗਿਆ। ਪੁਲਿਸ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਫਾਰਥਿੰਗ ਨੇ ਮੌਕੇ ਉਪਰੋਂ ਭੱਜਣ ਦਾ ਯਤਨ ਕੀਤਾ ਪਰੰਤੂ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਸ ਦੀ ਦੋਸਤ ਕੁੜੀ ਨੂੰ ਵੀ ਝਗੜੇ ਦੇ ਮਾਮਲੇ ਵਿਚ ਹਿਰਾਸਤ ਵਿਚ ਲੈ ਲਿਆ ਗਿਆ ਹੈ। ਪੁਲਿਸ ਨੇ ਕਿਹਾ ਹੈ ਕਿ ਦੋਸਤ ਕੁੜੀ ਨਸ਼ੇ ਵਿਚ ਧੁੱਤ ਸੀ ਤੇ ਉਹ ਗਾਲਾਂ ਕੱਢ ਰਹੀ ਸੀ। ਦੋਨਾਂ ਵਿਰੁੱਧ ਵੱਖ ਵੱਖ ਦੋਸ਼ਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।

# 'ਨਿਊਯਾਰਕ ਟਾਈਮਜ਼' ਨੂੰ ਚਾਰ ਤੇ 'ਨਿਊ ਯਾਰਕਰ' ਨੂੰ ਤਿੰਨ ਪੁਲਿਤਜ਼ਰ ਪੁਰਸਕਾਰ

## ਅਮਰੀਕੀ ਫੈਂਟੇਨਾਈਲ ਜਾਂਚ ਲਈ ਰਾਇਟਰਜ਼ ਨੂੰ ਵੀ ਮਿਲਿਆ ਪੁਰਸਕਾਰ



ਨਿਊਯਾਰਕ ਸਿਟੀ ਵਿਚਲੇ ਦਿ ਵਾਲ ਸਟਰੀਟ ਜਨਰਲ ਦੇ ਨਿਊਜ਼ਰੂਮ ਵਿੱਚ ਕੌਮੀ ਰਿਪੋਰਟਿੰਗ ਦਾ ਪੁਰਸਕਾਰ ਜਿੱਤਣ ਦੀ ਖੁਸ਼ੀ ਮਨਾਉਂਦਾ ਹੋਇਆ ਸਟਾਫ਼।

ਵਾਸ਼ਿੰਗਟਨ : ਸ਼ਾਨਦਾਰ ਪੱਤਰਕਾਰੀ ਲਈ 'ਨਿਊਯਾਰਕ ਟਾਈਮਜ਼' ਅਖ਼ਬਾਰ ਨੇ ਚਾਰ ਅਤੇ 'ਨਿਊ ਯਾਰਕਰ' ਮੈਗਜ਼ੀਨ ਨੇ ਤਿੰਨ 'ਪੁਲਿਤਜ਼ਰ ਪੁਰਸਕਾਰ 2025' ਜਿੱਤੇ ਹਨ। ਇਸੇ ਤਰ੍ਹਾਂ ਖ਼ਬਰ ਏਜੰਸੀ 'ਰਾਇਟਰਜ਼' ਨੂੰ ਖੋਜੀ ਪੱਤਰਕਾਰੀ ਲਈ ਇਹ ਵੱਕਾਰੀ ਪੁਰਸਕਾਰ ਮਿਲਿਆ ਹੈ। ਉਸ ਨੇ ਫੈਂਟਾਨਾਈਲ ਬਣਾਉਣ ਲਈ ਵਰਤੇ ਜਾਂਦੇ ਰਸਾਇਣਾਂ ਦੇ ਕੌਮਾਂਤਰੀ ਵਪਾਰ ਨੂੰ ਉਜਾਗਰ ਕੀਤਾ ਸੀ। ਇਹ ਦਵਾਈ ਉਸ ਸੰਕਟ ਦਾ ਕੇਂਦਰ ਹੈ ਜਿਸ ਨੇ ਲਗਪਗ ਸਾਢੇ ਚਾਰ ਲੱਖ ਅਮਰੀਕੀਆਂ ਦੀ ਜਾਨ ਲੈ ਲਈ ਹੈ ਅਤੇ ਇਹ ਗਿਣਤੀ ਵਧਦੀ ਜਾ ਰਹੀ ਹੈ। ਰਾਇਟਰਜ਼ ਦਾ ਸਾਲ 2008 ਤੋਂ ਇਹ 13ਵਾਂ ਪੁਲਿਤਜ਼ਰ ਹੈ। 'ਦਿ ਟਾਈਮਜ਼' ਨੇ ਵੀ ਬਾਲਟੀਮੋਰ ਬੈਨਰ ਨਾਲ ਮਿਲ ਕੇ ਫੈਂਟਾਨਾਈਲ ਸੰਕਟ ਦੀ ਆਪਣੀ ਕਵਰੇਜ ਲਈ ਪੁਰਸਕਾਰ ਜਿੱਤਿਆ ਹੈ। 'ਵਾਸ਼ਿੰਗਟਨ ਪੋਸਟ' ਨੇ ਟਰੰਪ ਦੀ ਹੱਤਿਆ ਦੀ ਕੋਸ਼ਿਸ਼ ਦੇ ਮਾਮਲੇ ਦੀ 'ਸਭ ਤੋਂ ਤੇਜ਼ ਅਤੇ ਤੱਥਾਂ ਸਹਿਤ' ਕਵਰੇਜ ਕਰਨ ਲਈ ਪੁਰਸਕਾਰ ਹਾਸਲ ਕੀਤਾ ਹੈ। ਚਾਰ ਮਹੀਨੇ ਪਹਿਲਾਂ 'ਵਾਸ਼ਿੰਗਟਨ ਪੋਸਟ' ਛੱਡਣ ਵਾਲੀ ਐੱਨ ਟੇਲਨੈੱਸ ਨੂੰ ਵੀ ਸਨਮਾਨਿਤ ਕੀਤਾ ਗਿਆ ਹੈ। ਇਸ ਅਖ਼ਬਾਰ ਨੇ ਟਰੰਪ ਨਾਲ ਗੂੜ੍ਹੇ ਸਬੰਧ ਰੱਖਣ ਵਾਲੇ ਕੁੱਝ ਉਦਯੋਗਪਤੀਆਂ ਬਾਰੇ ਕਾਰਟੂਨ ਪ੍ਰਕਾਸ਼ਿਤ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਟੇਲਨੈੱਸ ਨੇ ਆਪਣੇ ਬਣਾਏ ਕਾਰਟੂਨ ਨਾ ਛਾਪਣ 'ਤੇ ਸੰਸਥਾ ਨੂੰ ਛੱਡ ਦਿੱਤਾ ਸੀ। ਪੁਲਿਤਜ਼ਰ ਨੇ ਉਸ ਦੀ 'ਨਿਡਰਤਾ' ਦੀ ਪ੍ਰਸ਼ੰਸਾ ਕੀਤੀ ਹੈ। 'ਪੁਲਿਤਜ਼ਰ' ਨੇ ਪਿਛਲੇ ਸਾਲ ਪੱਤਰਕਾਰੀ ਦੇ ਖੇਤਰ ਵਿੱਚ 15 ਸ਼੍ਰੇਣੀਆਂ ਵਿੱਚ ਸਰਵੋਤਮ ਪੱਤਰਕਾਰੀ ਕਰਨ ਵਾਲਿਆਂ ਦਾ ਸਨਮਾਨ ਕੀਤਾ।

# ਕੈਲੀਫੋਰਨੀਆ 'ਚ ਇਕ ਛੋਟਾ ਜਹਾਜ਼ ਦੋ ਘਰਾਂ 'ਤੇ ਡਿੱਗਾ, 2 ਮੌਤਾਂ



ਘਰਾਂ 'ਤੇ ਜਹਾਜ਼ ਡਿੱਗਣ ਉਪਰੰਤ ਬਚਾਅ ਟੀਮ ਅੱਗ 'ਤੇ ਕਾਬੂ ਪਾਉਣ ਦਾ ਯਤਨ ਕਰਦੀ ਹੋਈ।

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਸਿਮੀ ਵੈਲੀ,ਕੈਲੀਫੋਰਨੀਆ ਵਿਚ ਇਕ ਛੋਟਾ ਜਹਾਜ਼ ਦੋ ਘਰਾਂ ਉਪਰ ਡਿੱਗ ਜਾਣ ਦੀ ਖਬਰ ਹੈ। ਇਸ ਘਟਨਾ ਵਿਚ ਹੈਲੀਕਾਪਟਰ ਵਿਚ ਸਵਾਰ ਦੋਨੋਂ ਵਿਅਕਤੀ ਮਾਰੇ ਗਏ। ਡਿੱਗਣ ਉਪਰੰਤ ਅੱਗ ਲੱਗ ਗਈ । ਵੈਂਟੁਰਾ ਕਾਊਂਟੀ ਫਾਇਰ ਵਿਭਾਗ ਨੇ ਕਿਹਾ ਹੈ ਕਿ ਜਹਾਜ਼ ਦੁਪਹਿਰ 2.10 ਵਜੇ ਦੇ ਕਰੀਬ ਦੋ ਮੰਜਿਲਾ ਇਮਾਰਤ ਉਪਰ ਡਿੱਗਾ । ਘਰਾਂ ਵਿਚ ਪਰਿਵਾਰਕ ਮੈਂਬਰ ਮੌਜੂਦ ਸਨ ਪਰੰਤੂ ਉਨਾਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਸਿਮੀ ਵੈਲੀ ਪੁਲਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਜਹਾਜ਼ ਵਿਚ ਸਵਾਰ ਸਾਰੇ ਵਿਅਕਤੀ ਮਾਰੇ ਗਏ ਹਨ। ਘਟਨਾ ਵਿਚ ਇਕ ਕੁੱਤੇ ਦੀ ਵੀ ਮੌਤ ਹੋਈ ਹੈ। ਫੈਡਰਲ ਐਵੀਏਸ਼ਨ ਐਡਮਨਿਸਟ੍ਰੇਸ਼ਨ ਨੇ ਕਿਹਾ ਹੈ ਕਿ 4 ਸੀਟਾਂ ਵਾਲੇ ਇਕ ਇੰਜਣ ਵਾਲੇ ਜਹਾਜ਼ ਨੇ ਲਾਂਕਾਸਟਰ ਵਿਚ ਵਿਲੀਅਮ ਜੈ ਫੌਕਸ ਹਵਾਈ ਪੱਟੜੀ ਤੋਂ ਕੈਮਾਰੀਲੋ ਹਵਾਈ ਅੱਡੇ ਲਈ ਉਡਾਣ ਭਰੀ ਸੀ ਪਰੰਤੂ ਜਹਾਜ਼ ਆਪਣੇ ਟਿਕਾਣੇ 'ਤੇ ਪਹੁੰਚਣ ਤੋਂ ਪਹਿਲਾਂ ਹੀ ਲਾਸ ਏਂਜਲਸ ਡਾਊਨਟਾਊਨ ਤੋਂ ਤਕਰੀਬਨ 40 ਮੀਲ ਦੂਰ ਤਬਾਹ ਹੋ ਗਿਆ। ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

# ਟਰੰਪ ਦੀਆਂ ਕਟੌਤੀਆਂ ਨਾਲ ਅਮਰੀਕੀ ਡਾਕਘਰ ਅਤੇ ਡਾਕ ਡਿਲੀਵਰੀ ਪ੍ਰਭਾਵਿਤ

ਨਿਊਯਾਰਕ (ਰਾਜ ਗੋਗਨਾ) : ਲਾਸ ਏਂਜਲਸ ਟਾਈਮਜ਼ ਦੀ ਰਿਪੋਰਟ ਅਨੁਸਾਰ ਇਸ ਸਾਲ ਅਮਰੀਕੀ ਡਾਕ ਸੇਵਾ ਅਤੇ ਯੂਨਾਈਟਿਡ ਪਾਰਸਲ ਸੇਵਾ ਵਿੱਚ ਹਜ਼ਾਰਾਂ ਪੱਤਰ ਅਤੇ ਪੈਕੇਜ ਡਿਲੀਵਰੀ ਦੇ ਕਰਮਚਾਰੀਆਂ ਦੀਆਂ ਨੌਕਰੀਆਂ ਵਿੱਚ ਕਟੌਤੀ ਕੀਤੀ ਜਾ ਸਕਦੀ ਹੈ, ਦੋਵੇਂ ਲਾਗਤਾਂ ਨੂੰ ਘਟਾਉਣ ਅਤੇ ਕਾਰਜਾਂ ਨੂੰ ਸੁਚਾਰੂ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿਉਂਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਟੈਰਿਫ ਅਤੇ ਡਿਜੀਟਲ ਨਵੀਨਤਾ ਦੇ ਪ੍ਰਭਾਵ ਅਰਥਵਿਵਸਥਾ ਵਿੱਚ ਫੈਲ ਰਹੇ ਹਨ। ਪਿਛਲੇ ਹਫ਼ਤੇ ਯੂ.ਪੀ.ਐਸ ਦੇ ਮੁੱਖ ਕਾਰਜਕਾਰੀ ਨੇ ਐਲਾਨ ਕੀਤਾ ਸੀ ਕਿ ਕੰਪਨੀ ਇਸ ਸਾਲ 20,000 ਨੌਕਰੀਆਂ, ਜਾਂ ਇਸਦੇ ਵਿਸ਼ਵਵਿਆਪੀ ਕਾਰਜਬਲ ਦਾ ਲਗਭਗ 4 ਪ੍ਰਤੀਸ਼ਤ, ਘਟਾਏਗੀ ਅਤੇ ਜੂਨ ਦੇ ਅੰਤ ਤੱਕ 73 ਦੇ ਕਰੀਬ ਵੰਡ ਸਹੂਲਤਾਂ ਨੂੰ ਬੰਦ ਕਰਨ ਦੀ ਯੋਜਨਾ ਬਣਾ ਰਹੀ ਹੈ।



ਇਹ ਬੰਦ ਵੰਡ ਕੇਂਦਰਾਂ ਦੇ ਸੰਚਾਲਨ ਨੂੰ ਆਧੁਨਿਕ ਬਣਾਉਣ ਦੀ ਇੱਕ ਲੰਬੇ ਸਮੇਂ ਦੀ ਯੋਜਨਾ ਦਾ ਹਿੱਸਾ ਹਨ, ਜਿਸ ਵਿੱਚ ਇਸ ਦੀਆਂ 400 ਸਹੂਲਤਾਂ ਵਿੱਚ ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ 'ਤੇ ਆਟੋਮੇਸ਼ਨ ਸ਼ਾਮਲ ਕਰਨਾ ਸ਼ਾਮਲ ਹੈ। ਇਸ ਸਾਲ ਦੇ ਸ਼ੁਰੂ ਵਿੱਚ, ਯੂ.ਪੀ.ਐਸ ਨੇ ਐਲਾਨ ਕੀਤਾ ਸੀ ਕਿ ਉਸਨੇ 2026 ਦੇ ਦੂਜੇ ਅੱਧ ਤੱਕ ਕਾਰੋਬਾਰ ਨਾਲ ਸਬੰਧਤ ਕਾਰਜਾਂ ਨੂੰ 50 ਪ੍ਰਤੀਸ਼ਤ ਤੋਂ ਵੱਧ ਘਟਾਉਣ ਲਈ ਆਪਣੇ ਸਭ ਤੋਂ ਵੱਡੇ ਗਾਹਕ, ਐਮਾਜ਼ਾਨ ਨਾਲ ਇੱਕ ਸੌਦਾ ਕੀਤਾ ਹੈ। ਮਾਰਚ ਵਿੱਚ ਤਤਕਾਲੀ ਪੋਸਟਮਾਸਟਰ ਜਨਰਲ ਲੂਈਸ ਡੀਜੋਏ ਨੇ ਐਲਾਨ ਕੀਤਾ ਸੀ ਕਿ ਯੂ.ਐਸ.ਪੀ.ਐਸ ਦੀ ਸਰਕਾਰੀ ਕੁਸ਼ਲਤਾ ਵਿਭਾਗ ਦੀ ਮਦਦ ਨਾਲ 10,000 ਅਹੁਦਿਆਂ 'ਤੇ ਕਟੌਤੀ ਕਰੇਗਾ ਅਤੇ ਨਾਲ ਹੀ ਬਜਟ ਵਿੱਚ ਵੀ ਕਟੌਤੀ ਹੋਵੇਗੀ। ਰਿਪੋਰਟ ਮੁਤਾਬਕ, 'ਇਹ ਕਦਮ ਇਸ ਲਈ ਚੁੱਕਿਆ ਗਿਆ ਹੈ ਕਿਉਂਕਿ ਡਾਕ ਸੇਵਾ ਨੂੰ ਲਗਭਗ 100 ਬਿਲੀਅਨ ਡਾਲਰ ਦਾ ਨੁਕਸਾਨ ਹੋਇਆ ਹੈ ਅਤੇ 200 ਬਿਲੀਅਨ ਡਾਲਰ ਵਾਧੂ ਗੁਆਉਣ ਦਾ ਅਨੁਮਾਨ ਹੈ।' ਯੂ.ਐਸ.ਪੀ.ਐਸ ਨੇ 2024 ਤੱਕ 533,724 ਲੋਕਾਂ ਨੂੰ ਰੁਜ਼ਗਾਰ ਦਿੱਤਾ ਸੀ।

# ਤੀਜੀ ਵਾਰ ਮੇਰੀ ਚੋਣ ਲੜਨ ਦੀ ਕੋਈ ਵੀ ਯੋਜਨਾ ਨਹੀਂ ਹੈ : ਡੋਨਾਲਡ ਟਰੰਪ

ਵਾਸ਼ਿੰਗਟਨ, (ਰਾਜ ਗੋਗਨਾ) : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਨ੍ਹਾਂ ਦਾ ਅਮਰੀਕੀ ਰਾਸ਼ਟਰਪਤੀ ਦੇ ਵਜੋਂ ਤੀਜੀ ਵਾਰ ਚੋਣ ਲੜਨ ਦਾ ਕੋਈ ਵੀ ਇਰਾਦਾ ਨਹੀਂ ਹੈ। ਐਨਬੀਸੀ ਨਿਊਜ਼ ਦੇ ਨਾਲ ਇੱਕ ਇੰਟਰਵਿਊ ਵਿੱਚ, ਉਸਨੇ ਕਿਹਾ ਕਿ ਉਸਨੇ ਇਸ ਬਾਰੇ ਨਹੀਂ ਸੋਚਿਆ ਸੀ। ਉਸਨੇ ਕਿਹਾ ਕਿ ਉਹ ਚਾਹੁੰਦਾ ਹੈ ਕਿ ਅਗਲੇ ਚਾਰ ਸਾਲ ਮੇਰੇ ਰਾਜ ਲੋਕਾਂ ਲਈ ਅੱਛੇ ਦਿਨ ਹੋਣਗੇ, ਟਰੰਪ ਨੇ ਕਿਹਾ ਕਿ ਉਹ ਉਹਨਾਂ ਨਤੀਜਿਆਂ ਨੂੰ ਇੱਕ ਆਪਣੀ ਮਹਾਨ ਰਿਪਬਲਿਕਨ ਪਾਰਟੀ ਨੂੰ ਸੌਂਪਣਾ ਚਾਹੁੰਦਾ ਹੈ।

## ਟਰੰਪ ਨੇ ਹਾਰਵਰਡ ਵਿਰੁੱਧ ਕੀਤੀ ਵੱਡੀ ਕਾਰਵਾਈ

# ਯੂਨੀਵਰਸਿਟੀ ਦੀ ਅਰਬਾਂ ਡਾਲਰ ਦੀ ਸਰਕਾਰੀ ਸਹਾਇਤਾ ਰੋਕੀ



ਵਾਸ਼ਿੰਗਟਨ : ਫਲਸਤੀਨ ਦੇ ਸਮਰਥਨ ਅਤੇ ਇਜ਼ਰਾਈਲ ਖਿਲਾਫ ਕੈਂਪਸ ਵਿੱਚ ਹੋਏ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਡੋਨਾਲਡ ਟਰੰਪ ਪ੍ਰਸ਼ਾਸਨ ਹਾਰਵਰਡ ਯੂਨੀਵਰਸਿਟੀ ਵਿਰੁੱਧ ਕਾਰਵਾਈ ਕਰਨਾ ਜਾਰੀ ਰੱਖ ਰਿਹਾ ਹੈ। ਅਮਰੀਕੀ ਸਿੱਖਿਆ ਵਿਭਾਗ ਨੇ ਯੂਨੀਵਰਸਿਟੀਆਂ ਨੂੰ ਖੋਜ ਅਤੇ ਹੋਰ ਵਿੱਤੀ ਸਹਾਇਤਾ ਲਈ ਮਿਲਣ ਵਾਲੇ ਅਰਬਾਂ ਡਾਲਰ ਦੇ ਫੰਡਾਂ ਨੂੰ ਰੋਕ ਦਿੱਤਾ ਹੈ। ਵਿਭਾਗ ਨੇ ਸੋਮਵਾਰ ਨੂੰ ਯੂਨੀਵਰਸਿਟੀ ਪ੍ਰਸ਼ਾਸਨ ਨੂੰ ਇਸ ਬਾਰੇ ਸੂਚਿਤ ਕੀਤਾ।

ਰਾਇਟਰਜ਼ ਦੀ ਇੱਕ ਰਿਪੋਰਟ ਅਨੁਸਾਰ, ਇਹ ਪਾਬੰਦੀ ਉਦੋਂ ਤੱਕ ਲਾਗੂ ਰਹੇਗੀ ਜਦੋਂ ਤੱਕ ਹਾਰਵਰਡ ਟਰੰਪ ਪ੍ਰਸ਼ਾਸਨ ਦੀਆਂ ਮੰਗਾਂ ਨੂੰ ਸਵੀਕਾਰ ਨਹੀਂ ਕਰਦਾ। ਵਿਭਾਗ ਨੇ ਯੂਨੀਵਰਸਿਟੀ ਤੋਂ ਕੈਂਪਸ ਵਿੱਚ ਕਥਿਤ ਯਹੂਦੀ ਵਿਰੋਧੀ ਭਾਵਨਾ, ਵਿਦਿਆਰਥੀ ਨਸਲ ਨੀਤੀ ਅਤੇ ਸੰਸਥਾ ਨੂੰ ਗ੍ਰਾਂਟਾਂ ਪ੍ਰਾਪਤ ਕਰਨ ਤੋਂ ਪਾਬੰਦੀ ਲਗਾਉਣ ਦੇ ਫੈਸਲੇ ਬਾਰੇ ਸਪੱਸ਼ਟੀਕਰਨ ਮੰਗਿਆ ਹੈ।

**ਸਰਕਾਰ ਤੋਂ ਵਿੱਤੀ ਮਦਦ ਨਹੀਂ ਮੰਗਣੀ ਚਾਹੀਦੀ!**

ਸਿੱਖਿਆ ਵਿਭਾਗ ਦੀ ਸਕੱਤਰ ਲਿੰਡਾ ਮੈਕਮਹੋਨ ਨੇ ਇੱਕ ਪੱਤਰ ਵਿੱਚ ਕਿਹਾ ਕਿ ਹਾਰਵਰਡ ਨੂੰ ਸੰਘੀ ਸਰਕਾਰ ਤੋਂ ਫੰਡਿੰਗ ਨਹੀਂ ਲੈਣੀ ਚਾਹੀਦੀ ਕਿਉਂਕਿ ਹੁਣ ਕੋਈ ਗ੍ਰਾਂਟ ਨਹੀਂ ਦਿੱਤੀ ਜਾਵੇਗੀ। ਹਾਰਵਰਡ ਨੇ ਇਸ 'ਤੇ ਤੁਰੰਤ ਜਵਾਬ ਨਹੀਂ ਦਿੱਤਾ। ਰਿਪੋਰਟਾਂ ਅਨੁਸਾਰ, ਟਰੰਪ ਪ੍ਰਸ਼ਾਸਨ ਨੇ ਕਾਨੂੰਨੀ ਸੀਮਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਕਦਮ ਚੁੱਕਣ ਲਈ ਇੱਕ ਨਵਾਂ ਤਰੀਕਾ ਅਪਣਾਇਆ ਹੈ।

**ਫਲਸਤੀਨ ਸਮਰਥਕਾਂ ਵਿਰੁੱਧ ਕਾਰਵਾਈ ਦੀ ਮੰਗ!**

ਫਲਸਤੀਨ ਪੱਖੀ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਟਰੰਪ ਪ੍ਰਸ਼ਾਸਨ ਨੇ ਯੂਨੀਵਰਸਿਟੀ ਪ੍ਰਸ਼ਾਸਨ 'ਤੇ ਕੈਂਪਸ ਵਿੱਚ ਯਹੂਦੀ ਵਿਰੋਧੀ ਗਤੀਵਿਧੀਆਂ ਹੋਣ ਦਾ ਦੋਸ਼ ਲਗਾਇਆ ਸੀ। ਟਰੰਪ ਪ੍ਰਸ਼ਾਸਨ ਨੇ ਕੈਂਪਸ ਵਿੱਚ ਅਜਿਹੇ ਸਮੂਹਾਂ ਵਿਰੁੱਧ ਕਾਰਵਾਈ ਅਤੇ ਵਿਰੋਧ ਪ੍ਰਦਰਸ਼ਨਾਂ ਦੌਰਾਨ ਮਾਸਕ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਸੀ। ਹਾਲਾਂਕਿ, ਯੂਨੀਵਰਸਿਟੀ ਵੱਲੋਂ ਅਜਿਹੇ ਦੋਸ਼ਾਂ ਤੋਂ ਇਨਕਾਰ ਕੀਤਾ ਗਿਆ ਹੈ। ਟਰੰਪ ਪ੍ਰਸ਼ਾਸਨ ਦੀ ਮੰਗ ਅਨੁਸਾਰ ਕੈਂਪਸ ਪ੍ਰਦਰਸ਼ਨਕਾਰੀਆਂ ਵਿਰੁੱਧ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ ਹੈ, ਜਿਸ ਕਾਰਨ ਟਰੰਪ ਪ੍ਰਸ਼ਾਸਨ ਦੀ ਨਾਰਾਜ਼ਗੀ ਵਧ ਗਈ ਹੈ।

**ਹਾਰਵਰਡ ਦੇ 9 ਬਿਲੀਅਨ ਡਾਲਰ ਦੇ ਫੰਡਾਂ ਦੀ ਕੀਤੀ ਸੀ ਸਮੀਖਿਆ!**

ਹਾਰਵਰਡ ਨੇ ਟਰੰਪ ਪ੍ਰਸ਼ਾਸਨ ਦੀਆਂ ਕਈ ਮੰਗਾਂ ਦਾ ਵਿਰੋਧ ਕੀਤਾ ਹੈ, ਉਨ੍ਹਾਂ ਨੂੰ ਪ੍ਰਗਟਾਵੇ ਦੀ ਆਜ਼ਾਦੀ ਅਤੇ ਅਕਾਦਮਿਕ ਆਜ਼ਾਦੀ 'ਤੇ ਹਮਲਾ ਦੱਸਿਆ ਹੈ। ਯੂਨੀਵਰਸਿਟੀ ਨੇ ਸਰਕਾਰ ਵਿਰੁੱਧ ਮੁਕੱਦਮਾ ਵੀ ਦਾਇਰ ਕੀਤਾ ਹੈ, ਜਿਸ ਵਿੱਚ ਜ਼ੋਰ ਦਿੱਤਾ ਗਿਆ ਹੈ ਕਿ ਫੰਡਾਂ ਵਿੱਚ ਕਟੌਤੀ ਦਾ ਮਰੀਜ਼ਾਂ, ਵਿਦਿਆਰਥੀਆਂ, ਫੈਕਲਟੀ ਅਤੇ ਖੋਜਕਰਤਾਵਾਂ 'ਤੇ ਗੰਭੀਰ ਪ੍ਰਭਾਵ ਪਵੇਗਾ। ਹਾਰਵਰਡ ਨਾਲ ਮੁਕਾਬਲਾ ਕਰਨ ਲਈ ਟਰੰਪ ਪ੍ਰਸ਼ਾਸਨ ਨੇ 9 ਬਿਲੀਅਨ ਡਾਲਰ ਦੇ ਸੰਘੀ ਫੰਡਿੰਗ ਦੀ ਸਮੀਖਿਆ ਸ਼ੁਰੂ ਕੀਤੀ। ਹਾਰਵਰਡ ਨੇ ਦੋਸ਼ ਲਗਾਇਆ ਕਿ ਟਰੰਪ ਪ੍ਰਸ਼ਾਸਨ ਦੀਆਂ ਮੰਗਾਂ ਬਹੁਤ ਜ਼ਿਆਦਾ ਸਨ ਅਤੇ ਉਹ ਯੂਨੀਵਰਸਿਟੀ ਨੂੰ ਸਰਕਾਰੀ ਨਿਯੰਤਰਣ ਹੇਠ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਸੀ।

# ਅਮਰੀਕੀ ਨਾਗਰਿਕਾਂ ਨੂੰ ਦੇਸ਼ ਨਿਕਾਲਾ ਨਾ ਦੇਣ ਦੇ ਮੁੱਦੇ 'ਤੇ ਲਿਆਂਦੀ ਸੋਧ ਨੂੰ ਰਿਪਬਲੀਕਨਾਂ ਨੇ ਕੀਤਾ ਰੱਦ

## ਹਾਊਸ ਜੁਡੀਸ਼ੀਅਰੀ ਕਮੇਟੀ ਵਿਚ ਡੈਮੋਕਰੈਟਸ ਤੇ ਰਿਪਬਲੀਕਨਾਂ ਵਿਚਾਲੇ ਗਰਮਾ ਗਰਮ ਬਹਿਸ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਹਾਊਸ ਜੁਡੀਸ਼ੀਅਰੀ ਕਮੇਟੀ ਵਿਚ ਪ੍ਰਵਾਸੀਆਂ ਦੇ ਦੇਸ਼ ਨਿਕਾਲੇ ਦੇ ਮੁੱਦੇ 'ਤੇ ਹੋਈ ਗਰਮਾ ਗਰਮ ਬਹਿਸ ਤੋਂ ਬਾਅਦ ਡੈਮੋਕ੍ਰੈਟਸ ਵੱਲੋਂ ਲਿਆਂਦੀ ਇਕ ਅਹਿਮ ਸੋਧ ਨੂੰ ਰੱਦ ਕਰ ਦਿੱਤਾ ਗਿਆ। ਇਸ ਸੋਧ ਵਿਚ ਕਿਹਾ ਗਿਆ ਹੈ ਕਿ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ (ਆਈ ਸੀ ਈ) ਨੂੰ ਅਮਰੀਕੀ ਨਾਗਰਿਕਾਂ ਨੂੰ ਗ੍ਰਿਫਤਾਰ ਕਰਨ ਜਾਂ ਉਨਾਂ ਨੂੰ ਦੇਸ਼ ਨਿਕਾਲਾ ਦੇਣ ਲਈ ਸੰਘੀ ਫੰਡਾਂ ਦੀ ਵਰਤੋਂ ਨਾ ਕਰਨ ਦਿੱਤੀ ਜਾਵੇ। ਇਹ ਸੋਧ ਡੈਮੋਕਰੈਟਿਕ ਸਾਂਸਦ ਪ੍ਰਾਮਿਲਾ ਜੈਯਾਪਾਲ ਵੱਲੋਂ ਲਿਆਂਦੀ ਗਈ ਸੀ ਤੇ ਜਿਸ ਦਾ ਡੈਮੋਕ੍ਰੈਟਿਕ ਸਾਂਸਦਾਂ ਨੇ ਇਕ ਆਵਾਜ਼ ਵਿਚ ਸਮਰਥਨ ਕੀਤਾ ਜਦ ਕਿ ਸਮੁੱਚੇ ਰਿਪਬਲੀਕਨ ਸਾਂਸਦਾਂ ਨੇ ਇਸ ਵਿਰੁੱਧ ਵੋਟ ਪਾਈ। ਇਹ ਸੋਧ ਇਮੀਗ੍ਰੇਸ਼ਨ ਇੰਟੈਗਰਿਟੀ, ਸਕਿਉਰਿਟੀ ਐਂਡ ਇਨਫੋਰਸਮੈਂਟ ਬਾਰੇ ਸਬ ਕਮੇਟੀ ਦੀ ਅਹਿਮ ਮੈਂਬਰ ਪ੍ਰਾਮਿਲਾ ਜੈਯਾਪਾਲ (ਡੈਮੋਕਰੈਟਸ ਪ੍ਰਤੀਨਿੱਧ) ਵੱਲੋਂ ਪੇਸ਼ ਕੀਤੀ ਗਈ ਸੀ। ਇਸ ਸੋਧ ਵਿਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਟਰੰਪ ਦੇ ਦੂਸਰੇ ਕਾਰਜਕਾਲ ਦੌਰਾਨ ਇਮੀਗ੍ਰੇਸ਼ਨ ਪ੍ਰਸ਼ਾਸਨ ਦੁਆਰਾ ਹਾਲ ਹੀ ਵਿਚ ਅਮਰੀਕੀ ਸ਼ਹਿਰੀਆਂ ਨੂੰ ਗਲਤ ਤਰੀਕੇ ਨਾਲ ਗ੍ਰਿਫਤਾਰ ਕੀਤਾ ਗਿਆ ਹੈ। ਜੈਯਾਪਾਲ ਨੇ ਕਿਹਾ ਕਿ ਅਜਿਹਾ ਕਰਨਾ ਗੈਰ ਸੰਵਿਧਾਨਕ ਤੇ ਖਤਰਨਾਕ ਹੈ ਤੇ ਬੁਨਿਆਦੀ ਤੌਰ 'ਤੇ ਗਲਤ ਹੈ। ਇਹ ਸੋਧ ਰੱਦ ਹੋਣ ਤੋਂ ਬਾਅਦ ਡੈਮੋਕ੍ਰੈਟਿਕ ਮੈਂਬਰ ਨਿਰਾਸ਼ ਹਨ। ਕੈਲੀਫੋਰਨੀਆ ਤੋਂ ਡੈਮੋਕ੍ਰੈਟਿਕ ਸਾਂਸਦ ਟੈਡ ਲਿਊ ਨੇ ਕਿਹਾ ਹੈ ਕਿ ਡੈਮੋਕ੍ਰੈਟਸ ਤੇ ਮੇਰੇ ਸਾਥੀ ਮੈਂਬਰ ਪ੍ਰਾਮਿਲਾ ਜੈਯਾਪਾਲ ਚਹੁੰਦੇ ਹਨ ਕਿ ਘੱਟੋ ਘੱਟ ਅਮਰੀਕੀ ਸ਼ਹਿਰੀਆਂ ਨੂੰ ਦੇਸ਼ ਨਿਕਾਲਾ ਨਾ ਦਿੱਤਾ ਜਾਵੇ ਤੇ ਆਈ ਸੀ ਈ ਨੂੰ ਅਜਿਹਾ ਕਰਨ ਤੋਂ ਰੋਕਿਆ ਜਾਵੇ ਕਿਉਂਕਿ ਆਈ ਸੀ ਈ ਅਮਰੀਕੀ ਨਾਗਿਰਕਾਂ ਨੂੰ ਦੇਸ਼ ਨਿਕਾਲਾ ਨਹੀਂ ਦੇ ਸਕਦੀ। ਇਹ ਸਾਡਾ ਕਾਨੂੰਨ ਹੈ, ਇਹ ਸਾਡਾ ਸੰਵਿਧਾਨ ਹੈ। ਕੈਲੀਫੋਰਨੀਆ ਤੋਂ ਹੀ ਡੈਮੋਕ੍ਰੈਟਿਕ ਪ੍ਰਤੀਨਿਧ ਐਰਿਕ ਸਵਾਲਵੈਲ ਨੇ ਕਿਹਾ ਕਿ ਸੋਧ ਵਿਰੁੱਧ ਵੋਟ ਇਕ ਬਹੁਤ ਹੀ ਮੰਦਭਾਗੀ ਤੇ ਹੈਰਾਨੀਜਨਕ ਘਟਨਾ ਹੈ ਤੇ ਡੈਮੋਕ੍ਰੈਟਸ ਹੈਰਾਨ ਹਨ ਕਿ ਅਮਰੀਕੀ ਨਾਗਰਿਕਾਂ ਦੀ ਗੈਰ ਕਾਨੂੰਨੀ ਢੰਗ ਨਾਲ ਗ੍ਰਿਫਤਾਰੀ ਦੇ ਮੁੱਦੇ 'ਤੇ ਵੀ ਰਾਜਨੀਤੀ ਹੋ ਰਹੀ ਹੈ ਜੋ ਸਰਾਸਰ ਗਲਤ ਹੈ। ਡੈਮੋਕ੍ਰੈਟਸ ਵੱਲੋਂ ਪ੍ਰਵਾਸੀਆਂ ਦੇ ਦੇਸ਼ ਨਿਕਾਲੇ ਵਿਰੁੱਧ ਹੁਣ ਤੱਕ ਕੀਤੀਆਂ ਗਈਆਂ ਕੋਸ਼ਿਸ਼ਾਂ ਕਾਰਗਰ ਸਾਬਤ ਨਹੀਂ ਹੋਈਆਂ ਕਿਉਂਕਿ ਰਿਪਬਲੀਕਨ ਪੂਰੀ ਤਰਾਂ ਰਾਸ਼ਟਰਪਤੀ ਟਰੰਪ ਦੀ ਪਿੱਠ 'ਤੇ ਖੜੇ ਹਨ। ਡੈਮੋਕ੍ਰੈਟਸ ਨੇ ਮੰਗ ਕੀਤੀ ਹੈ ਕਿ ਆਈ ਸੀ ਈ ਨੂੰ ਬਿਨਾਂ ਪ੍ਰਕ੍ਰਿਆ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਤੋਂ ਰੋਕਿਆ ਜਾਵੇ ਪਰੰਤੂ ਰਿਪਬਲੀਕਨ ਇਸ ਮੰਗ ਨਾਲ ਵੀ ਸਹਿਮਤ ਨਹੀਂ ਹਨ। ਡੈਮੋਕ੍ਰੈਟਸ ਦੀ ਚਿੰਤਾ ਹੈ ਕਿ ਟਰੰਪ ਪ੍ਰਸ਼ਾਸਨ ਆਈ ਸੀ ਈ ਨੂੰ ਰਾਜਸੀ ਹਥਿਆਰ ਦੇ ਤੌਰ 'ਤੇ ਵਰਤ ਰਿਹਾ ਹੈ ਤੇ ਬਿਨਾਂ ਦਸਤਾਵੇਜ਼ ਪ੍ਰਵਾਸੀਆਂ ਨੂੰ ਦੇਸ਼ ਵਿਚੋਂ ਕੱਢਣ ਦੇ ਨਾਲ ਨਾਲ ਵਿਦਿਆਰਥੀਆਂ ਤੇ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਰਹਿ ਰਹੇ ਪ੍ਰਵਾਸੀਆਂ ਨੂੰ ਵੀ ਦੇਸ਼ ਨਿਕਾਲਾ ਦਿੱਤਾ ਜਾ ਰਿਹਾ ਹੈ। ਵਿਦਿਆਰਥੀਆਂ ਦੇ ਵੀਜਾ ਰੁੱਤਬੇ ਨੂੰ ਖਤਮ ਕਰ ਦਿੱਤਾ ਗਿਆ ਹੈ। ਬਹੁਤ ਸਾਰੇ ਵਿਦਿਆਰਥੀਆਂ ਨੂੰ ਸਮੈਸਟਰ ਤੋਂ ਬਾਅਦ ਅਮਰੀਕਾ ਆਉਣ ਤੋਂ ਮਨਾਂ ਕਰ ਦਿੱਤਾ ਗਿਆ ਹੈ ਕਿਉਂਕਿ ਵਿਦੇਸ਼ ਵਿਭਾਗ ਨੇ ਉਨਾਂ ਦੇ ਵੀਜੇ ਬਹਾਲ ਕਰਨ ਤੋਂ ਨਾਂਹ ਕਰ ਦਿੱਤੀ ਹੈ। ਜੈਯਾਪਾਲ ਤੇ ਕਾਂਗਰਸ ਦੇ 142 ਮੈਂਬਰਾਂ ਨੇ ਇਕ ਸਾਂਝੇ ਪੱਤਰ ਵਿਚ ਕਿਹਾ ਹੈ ਕਿ ਟਰੰਪ ਪ੍ਰਸ਼ਾਸਨ ਦੀ ਇਸ ਕਾਰਵਾਈ ਦਾ ਰਾਸ਼ਟਰੀ ਸੁਰੱਖਿਆ ਨਾਲ ਕੋਈ ਸਬੰਧ ਨਹੀਂ ਹੈ ਤੇ ਆਈ ਸੀ ਈ ਨੂੰ ਰਾਜਸੀ ਵਿਰੋਧੀਆਂ ਵਿਰੁੱਧ ਹਥਿਆਰ ਦੇ ਤੌਰ 'ਤੇ ਵਰਤਿਆ ਜਾ ਰਿਹਾ ਹੈ।

# ਭਾਰਤ ਤੇ ਪਾਕਿਸਤਾਨ ਸੰਜਮ ਨਾਲ ਕੰਮ ਲੈਣ, ਫੌਜੀ ਟਕਰਾਅ ਮਸਲੇ ਦਾ ਹੱਲ ਨਹੀਂ: ਗੁਟੇਰੇਜ਼

## ਯੂਐੱਨ ਮੁਖੀ ਵੱਲੋਂ ਦੋਵਾਂ ਮੁਲਕਾਂ ਨੂੰ ਸ਼ਾਂਤੀ ਬਹਾਲੀ ਲਈ ਮਦਦ ਦੀ ਪੇਸ਼ਕਸ਼

ਸੰਯੁਕਤ ਰਾਸ਼ਟਰ : ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਂਟੋਨੀਓ ਗੁਟੇਰੇਜ਼ ਨੇ ਪਹਿਲਗਾਮ ਦਹਿਸ਼ਤੀ ਹਮਲੇ ਦੇ ਹਵਾਲੇ ਨਾਲ ਭਾਰਤ ਤੇ ਪਾਕਿਸਤਾਨ ਵਿਚ ਵਧਦੇ ਫੌਜੀ ਟਕਰਾਅ 'ਤੇ ਫ਼ਿਕਰ ਜਤਾਇਆ ਹੈ। ਯੂਐੱਨ ਮੁਖੀ ਨੇ ਦੋਵਾਂ ਗੁਆਂਢੀ ਮੁਲਕਾਂ ਨੂੰ 'ਸੰਜਮ ਨਾਲ ਕੰਮ ਲੈਣ ਤੇ ਤਣਾਅ ਘਟਾਉਣ' ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ, "ਇਸ ਨਾਜ਼ੁਕ ਮੌਕੇ 'ਤੇ ਫੌਜੀ ਟਕਰਾਅ ਤੋਂ ਬਚਣ ਦੀ ਲੋੜ ਹੈ, ਜੋ ਆਸਾਨੀ ਨਾਲ ਕਾਬੂ ਤੋਂ ਬਾਹਰ ਹੋ ਸਕਦਾ ਹੈ।" ਗੁਟੇਰੇਜ਼ ਨੇ ਇਕ ਸੰਖੇਪ ਬਿਆਨ ਵਿਚ ਦੋਵਾਂ ਮੁਲਕਾਂ ਨੂੰ ਸਲਾਹ ਦਿੱਤੀ ਕਿ 'ਉਹ ਕੋਈ ਗਲਤੀ ਨਾ ਕਰਨ, ਕਿਉਂਕਿ ਦੋਵਾਂ ਮੁਲਕਾਂ ਦੀਆਂ ਫੌਜਾਂ ਦਾ ਆਹਮੋ ਸਾਹਮਣੇ ਹੋਣਾ ਇਸ ਮਸਲੇ ਦਾ ਕੋਈ ਹੱਲ ਨਹੀਂ ਹੈ।" ਗੁਟੇਰੇਜ਼ ਨੇ ਦੋਵਾਂ ਮੁਲਕਾਂ ਨੂੰ ਪੇਸ਼ਕਸ਼ ਕੀਤੀ ਕਿ ਉਨ੍ਹਾਂ ਦਾ ਦਫ਼ਤਰ ਸ਼ਾਂਤੀ ਦੀ ਬਹਾਲੀ ਵਿਚ ਮਦਦ ਕਰ ਸਕਦਾ ਹੈ। ਗੁਟੇਰੇਜ਼ ਨੇ ਕਿਹਾ, "ਸੰਯੁਕਤ ਰਾਸ਼ਟਰ ਅਜਿਹੀ ਕਿਸੇ ਵੀ



ਪਹਿਲਕਦਮੀ ਦੀ ਹਮਾਇਤ ਲਈ ਤਿਆਰ ਹੈ ਜੋ ਤਣਾਅ ਘਟਾਉਣ, ਕੂਟਨੀਤੀ ਅਤੇ ਸ਼ਾਂਤੀ ਪ੍ਰਤੀ ਨਵੀਂ ਵਚਨਬੱਧਤਾ ਨੂੰ ਉਤਸ਼ਾਹਿਤ ਕਰਦੀ ਹੈ।" ਗੁਟੇਰੇਜ਼ ਦੀ ਇਹ ਟਿੱਪਣੀ ਦੋਵਾਂ ਮੁਲਕਾਂ ਵਿਚ ਬਣੇ ਤਣਾਅ ਨੂੰ ਲੈ ਕੇ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਦੀ ਹੋਣ ਵਾਲੀ ਬੰਦ ਕਮਰਾ ਮੀਟਿੰਗ ਤੋਂ ਕੁਝ ਘੰਟੇ ਪਹਿਲਾਂ ਆਈ ਹੈ। ਪਾਕਿਸਤਾਨ, ਜੋ ਯੂਐੱਨਐੱਸਸੀ ਦਾ ਅਸਥਾਈ ਮੈਂਬਰ ਹੈ, ਨੇ ਹੰਗਾਮੀ ਬੈਠਕ ਬੁਲਾਉਣ ਦੀ ਮੰਗ ਕੀਤੀ ਸੀ।

ਗੁਟੇਰੇਜ਼ ਨੇ ਕਿਹਾ, "ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਕਈ ਸਾਲਾਂ ਵਿੱਚ ਆਪਣੇ ਸਭ ਤੋਂ ਸਿਖਰਲੇ ਪੱਧਰ 'ਤੇ ਹੈ। ਮੈਂ ਸੰਯੁਕਤ ਰਾਸ਼ਟਰ ਦੇ ਸ਼ਾਂਤੀ ਰੱਖਿਅਕ ਮਿਸ਼ਨਾਂ ਵਿਚ ਪਾਏ ਯੋਗਦਾਨ ਲਈ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਅਤੇ ਲੋਕਾਂ ਦਾ ਬਹੁਤ ਸ਼ੁਕਰਗੁਜ਼ਾਰ ਹਾਂ। ਇਸ ਲਈ ਮੈਨੂੰ ਇਹ ਦੇਖ ਕੇ ਦੁੱਖ ਹੁੰਦਾ ਹੈ ਕਿ ਦੋਵਾਂ ਮੁਲਕਾਂ ਦਾ ਰਿਸ਼ਤਾ ਤਲਖੀ ਦੇ ਸਿਖਰ 'ਤੇ ਪਹੁੰਚ ਗਿਆ ਹੈ।" ਗੁਟੇਰੇਜ਼ ਨੇ ਕਿਹਾ ਕਿ ਉਹ 22 ਅਪਰੈਲ ਨੂੰ ਪਹਿਲਗਾਮ ਵਿੱਚ ਹੋਏ 'ਭਿਆਨਕ ਦਹਿਸ਼ਤੀ ਹਮਲੇ' ਕਰਕੇ ਉੱਠੀਆਂ 'ਭਾਵਨਾਵਾਂ' ਨੂੰ ਸਮਝਦੇ ਹਨ ਅਤੇ ਹਮਲੇ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਨੂੰ ਦੁਹਰਾਉਂਦੇ ਹਨ। ਇਸ ਹਮਲੇ ਲਈ ਜ਼ਿੰਮੇਵਾਰ ਲੋਕਾਂ ਨੂੰ ਭਰੋਸੇਯੋਗ ਅਤੇ ਜਾਇਜ਼ ਤਰੀਕਿਆਂ ਨਾਲ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾਣਾ ਚਾਹੀਦਾ ਹੈ।" ਯੂਐੱਨ ਮੁਖੀ ਨੇ ਕਿਹਾ, "ਇਸ ਨਾਜ਼ੁਕ ਮੌਕੇ 'ਤੇ ਫੌਜੀ ਟਕਰਾਅ ਤੋਂ ਬਚਣ ਦੀ ਲੋੜ ਹੈ, ਜੋ ਆਸਾਨੀ ਨਾਲ ਕਾਬੂ ਤੋਂ ਬਾਹਰ ਹੋ ਸਕਦਾ ਹੈ।"

# ਗੁਰੂ ਨਾਨਕ ਸਪੋਰਟਸ ਕਲੱਬ ਸਨਵਾਕੀਨ ਅਤੇ ਕਰਮਨ ਵੱਲੋਂ ਬਾਸਕਟਬਾਲ ਟੂਰਨਾਮੈਂਟ ਕਰਵਾਇਆ ਗਿਆ



ਫਰਿਜ਼ਨੋ/ਕੈਲੇਫੋਰਨੀਆ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ): ਗੁਰੂ ਨਾਨਕ ਸਪੋਰਟਸ ਕਲੱਬ ਸਨਵਾਕੀਨ ਅਤੇ ਕਰਮਨ ਵੱਲੋਂ ਹਰ ਸਾਲ ਦੀ ਤਰ੍ਹਾਂ ਆਪਣਾ ਸਲਾਨਾ ਬਾਸਕਟਬਾਲ ਟੂਰਨਾਮੈਂਟ ਕਰਮਨ ਹਾਈ ਸਕੂਲ ਦੇ ਵਿੱਚ ਕਰਵਾਇਆ ਗਿਆ। ਜਿੱਥੇ ਕੈਲੇਫੋਰਨੀਆ ਦੇ ਵੱਖ-ਵੱਖ ਸ਼ਹਿਰਾਂ ਤੋਂ ਬੱਚਿਆਂ ਦੀਆਂ ਟੀਮਾਂ ਨੇ ਹਿੱਸਾ ਲਿਆ। ਇਸ ਮੌਕੇ ਬੱਚਿਆਂ ਦੇ ਵੱਖ-ਵੱਖ ਉਮਰ ਦੇ ਹਿੱਸਿਆਂ ਵਿੱਚ ਗਰੁੱਪਾਂ ਵਿੱਚ ਖੇਡ ਦੇ ਸ਼ਾਨਦਾਰ ਮੁਕਾਬਲੇ ਕਰਵਾਏ ਗਏ। ਇੱਥੇ ਖੁਸ਼ੀ ਗੱਲ ਇਹ ਵੀ ਸੀ ਕਿ ਬੱਚਿਆਂ ਵਿੱਚ ਲੜਕੇ ਅਤੇ ਲੜਕੀਆਂ ਦੀਆਂ ਟੀਮਾਂ ਨੇ ਬਰਾਬਰ ਮੁਕਾਬਲੇ ਵਿੱਚ ਹਿੱਸਾ ਲਿਆ। ਇਸ ਸਮੇਂ ਬੱਚਿਆਂ ਵੱਲੋਂ ਖੇਡ ਦਾ ਬਹੁਤ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਗੁਰੂ ਨਾਨਕ ਸਪੋਰਟਸ ਕਲੱਬ ਵੱਲੋਂ ਜੇਤੂ ਟੀਮਾਂ ਨੂੰ ਇਨਾਮ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਟੂਰਨਾਮੈਂਟ ਦੌਰਾਨ ਪ੍ਰਬੰਧਕਾਂ ਵੱਲੋਂ ਸਾਰਾ ਦਿਨ ਗੁਰੂ ਦੇ ਲੰਗਰ ਅਤੁੱਟ ਵਰਤੇ। ਇਸ ਮੌਕੇ ਹਾਜ਼ਰ ਦਰਸ਼ਕਾਂ ਨੇ ਖੇਡਾਂ ਦਾ ਪੂਰਾ ਅਨੰਦ ਮਾਣਿਆ। ਅੰਤ ਆਪਣੀਆ ਅਮਿੱਟ ਯਾਦਾਂ ਛੱਡਦਾ ਹੋਇਆ ਇਹ ਟੂਰਨਾਮੈਂਟ ਯਾਦਗਾਰੀ ਹੋ ਨਿਬੜਿਆ। ਸਮੁੱਚੇ ਪ੍ਰਬੰਧਾਂ ਅਤੇ ਟੂਰਨਾਮੈਂਟ ਦੀ ਸਫਲਤਾ ਲਈ ਸਮੂੰਹ ਪ੍ਰਬੰਧਕ ਕਮੇਟੀ ਵਧਾਈ ਦੇ ਪਾਤਰ ਹਨ।

# ਟਰੰਪ ਵੱਲੋਂ ਕੈਨੇਡਾ ਦਾ ਨਿਰਾਦਰ, ਕਾਰਨੀ ਦੀ ਅਮਰੀਕਾ ਫੇਰੀ ਤੋਂ ਪਹਿਲਾਂ ਕਿਹਾ, 'ਸਾਨੂੰ ਆਪਣੇ ਉਤਰੀ ਗੁਆਂਢੀ ਤੋਂ ਕਿਸੇ ਚੀਜ਼ ਦੀ ਲੋੜ ਨਹੀਂ'

## ਵ੍ਹਾਈਟ ਹਾਊਸ ਪੁੱਜੇ ਕਾਰਨੀ ਦਾ ਟਰੰਪ ਵੱਲੋਂ ਠੰਢਾ ਸਵਾਗਤ

ਵਾਸ਼ਿੰਗਟਨ : ਰਾਸ਼ਟਰਪਤੀ ਡੋਨਲਡ ਟਰੰਪ ਨੇ ਵ੍ਹਾਈਟ ਹਾਊਸ ਪੁੱਜੇ ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਦਾ ਠੰਢਾ ਸਵਾਗਤ ਕੀਤਾ। ਟਰੰਪ ਨੇ ਹਾਲਾਂਕਿ ਕਾਰਨੀ ਦੀ ਅਮਰੀਕਾ ਵਿਚ ਆਮਦ ਤੋਂ ਐਨ ਪਹਿਲਾਂ ਸੋਸ਼ਲ ਮੀਡੀਆ 'ਤੇ ਇਕ ਪੋਸਟ ਵਿਚ ਕੈਨੇਡਾ ਦਾ ਨਿਰਾਦਰ ਕੀਤਾ। ਟਰੰਪ ਨੇ ਕਿਹਾ ਕਿ ਅਮਰੀਕਾ ਨੂੰ ਆਪਣੇ ਉੱਤਰੀ ਗੁਆਂਢੀ ਤੋਂ 'ਕਿਸੇ ਵੀ ਚੀਜ਼ ਦੀ ਲੋੜ ਨਹੀਂ' ਹੈ। ਟਰੰਪ ਨੇ ਟਰੁੱਥ ਸੋਸ਼ਲ 'ਤੇ ਲਿਖਿਆ, "ਮੈਂ ਉਨ੍ਹਾਂ ਨਾਲ ਕੰਮ ਕਰਨਾ ਬਹੁਤ ਚਾਹੁੰਦਾ ਹਾਂ, ਪਰ ਇੱਕ ਸਧਾਰਨ ਸੱਚ ਨੂੰ ਸਮਝ ਨਹੀਂ ਸਕਦਾ- ਅਮਰੀਕਾ ਕੈਨੇਡਾ ਨੂੰ ਮੁਫ਼ਤ ਫੌਜੀ ਸੁਰੱਖਿਆ ਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਦੇ ਨਾਲ ਸਾਲਾਨਾ 200 ਬਿਲੀਅਨ ਡਾਲਰ ਦੀ ਸਬਸਿਡੀ ਕਿਉਂ ਦੇ ਰਿਹਾ ਹੈ?" ਟਰੰਪ ਨੇ ਕਿਹਾ, "ਸਾਨੂੰ ਉਨ੍ਹਾਂ ਦੀਆਂ ਕਾਰਾਂ ਦੀ ਲੋੜ ਨਹੀਂ ਹੈ, ਸਾਨੂੰ ਉਨ੍ਹਾਂ ਦੀ ਊਰਜਾ ਦੀ ਲੋੜ ਨਹੀਂ ਹੈ, ਸਾਨੂੰ



ਉਨ੍ਹਾਂ ਦੀ ਲੱਕੜ ਦੀ ਲੋੜ ਨਹੀਂ ਹੈ, ਸਾਨੂੰ ਉਨ੍ਹਾਂ ਦੀ ਦੋਸਤੀ ਤੋਂ ਇਲਾਵਾ ਉਨ੍ਹਾਂ ਕੋਲੋਂ ਕਿਸੇ ਵੀ ਚੀਜ਼ ਦੀ ਲੋੜ ਨਹੀਂ ਹੈ, ਜਿਸ ਨੂੰ ਉਮੀਦ ਹੈ ਕਿ ਅਸੀਂ ਹਮੇਸ਼ਾ ਬਣਾਈ ਰੱਖਾਂਗੇ।"

# ਪੋਪ ਦੇ ਰੂਪ ਵਿਚ ਆਪਣੀ ਏ. ਆਈ. ਤਸਵੀਰ ਪੋਸਟ ਕਰਨ ਤੋਂ ਬਾਅਦ ਟਰੰਪ ਦੀ ਸਖ਼ਤ ਆਲੋਚਨਾ



ਸਾਨ ਫਰਾਂਸਿਸਕੋ : ਆਏ ਦਿਨ ਚਰਚਾ ਤੇ ਵਿਵਾਦਾਂ 'ਚ ਰਹਿਣ ਵਾਲੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਪੋਪ ਦੇ ਰੂਪ ਵਿਚ ਆਪਣੀ ਇੱਕ ਏ.ਆਈ. ਵਿਧੀ ਨਾਲ ਤਿਆਰ ਤਸਵੀਰ ਸੋਸ਼ਲ ਮੀਡੀਆ ਅਕਾਊਂਟ 'ਐਕਸ' 'ਤੇ ਪੋਸਟ ਕਰਨ ਤੋਂ ਬਾਅਦ ਕੁਝ ਕੈਥੋਲਿਕਾਂ ਦੀ ਸਖ਼ਤ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਤਸਵੀਰ, ਜੋ ਕਿ ਵ੍ਹਾਈਟ ਹਾਊਸ ਦੇ ਅਧਿਕਾਰਤ ਸੋਸ਼ਲ ਮੀਡੀਆ ਅਕਾਊਂਟਸ ਦੁਆਰਾ ਸਾਂਝੀ ਕੀਤੀ ਗਈ ਸੀ, ਉਦੋਂ ਆਈ ਹੈ ਜਦੋਂ ਕੈਥੋਲਿਕ ਪੋਪ ਫਰਾਂਸਿਸ ਦੀ ਮੌਤ 'ਤੇ ਸੋਗ ਮਨ੍ਹਾ ਰਹੇ ਹਨ, ਜਿਨ੍ਹਾਂ ਦਾ 21 ਅਪ੍ਰੈਲ ਨੂੰ ਦਿਹਾਂਤ ਹੋ ਗਿਆ ਸੀ ਤੇ ਅਗਲੇ ਪੋਪ ਦੀ ਚੋਣ ਕਰਨ ਦੀ ਤਿਆਰੀ ਕਰ ਰਹੇ ਹਨ। ਨਿਊਯਾਰਕ ਕੈਥੋਲਿਕ ਕਾਨਫਰੰਸ ਨੇ ਟਰੰਪ 'ਤੇ ਧਰਮ ਦਾ ਮਜ਼ਾਕ ਉਡਾਉਣ ਦਾ ਦੋਸ਼ ਲਗਾਇਆ। ਇਹ ਪੋਸਟ ਉਸ ਸਮੇਂ ਆਈ ਹੈ ਜਦੋਂ ਉਸਨੇ ਪੱਤਰਕਾਰਾਂ ਨੂੰ ਮਜ਼ਾਕ ਕੀਤਾ ਸੀ 'ਮੈਨੂੰ ਪੋਪ ਬਣਨਾ ਬਹੁਤ ਪਸੰਦ ਆਵੇਗਾ।' ਟਰੰਪ ਪਹਿਲੇ ਰਾਸ਼ਟਰਪਤੀ ਨਹੀਂ ਹਨ ਜਿਨ੍ਹਾਂ 'ਤੇ ਕੈਥੋਲਿਕ ਧਰਮ ਦਾ ਮਜ਼ਾਕ ਉਡਾਉਣ ਦਾ ਦੋਸ਼ ਲੱਗਿਆ ਹੈ ਇਸ ਤੋਂ ਪਹਿਲਾਂ ਸਾਬਕਾ ਰਾਸ਼ਟਰਪਤੀ ਜੋਅ ਬਾਈਡਨ ਨੇ ਇੱਕ ਸਾਲ ਪਹਿਲਾਂ ਫਲੋਰੀਡਾ ਦੇ ਟੈਂਪਾ 'ਚ ਗਰਭਪਾਤ ਪੱਖੀ ਪਹੁੰਚ ਰੈਲੀ ਵਿਚ ਕਰਾਸ ਦਾ ਚਿੰਨ੍ਹ ਲਗਾ ਕੇ ਹੰਗਾਮਾ ਮਚਾ ਦਿੱਤਾ ਸੀ। ਵੈਟੀਕਨ ਦੇ ਬੁਲਾਰੇ ਮੈਟੀਓ ਬਰੂਨੀ ਨੇ ਪੱਤਰਕਾਰਾਂ ਨਾਲ ਇੱਕ ਬ੍ਰੀਫਿੰਗ ਦੌਰਾਨ ਟਰੰਪ ਬਾਰੇ ਸਵਾਲਾਂ ਦੇ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ। ਟਰੰਪ ਦੁਆਰਾ ਪੋਸਟ ਕੀਤੀ ਗਈ ਤਸਵੀਰ ਵਿਚ ਉਸਨੇ ਇੱਕ ਚਿੱਟਾ ਕੈਸਾਕ ਤੇ ਮੁਕਟ ਰੱਖਿਆ ਹੋਇਆ ਹੈ, ਜੋ ਰਵਾਇਤੀ ਤੌਰ 'ਤੇ ਇੱਕ ਬਿਸ਼ਪ ਦੁਆਰਾ ਪਹਿਨਿਆ ਜਾਂਦਾ ਹੈ। ਉਸ ਨੇ ਆਪਣੀ ਗਰਦਨ ਦੁਆਲੇ ਇੱਕ ਵੱਡਾ ਸਲੀਬ ਪਹਿਨ ਕੇ ਆਪਣੀ ਉਂਗਲੀ ਉੱਪਰ ਚੁੱਕੀ ਹੋਈ ਹੈ ਤੇ ਚਿਹਰੇ 'ਤੇ ਇੱਕ ਗੰਭੀਰ ਭਾਵ ਹੈ। ਨਿਊਯਾਰਕ ਸਟੇਟ ਕੈਥੋਲਿਕ ਕਾਨਫਰੰਸ ਨੇ ਤਸਵੀਰ ਦੀ ਆਲੋਚਨਾ ਕਰਨ ਲਈ 'ਐਕਸ' 'ਤੇ ਹੀ ਲਿਖਿਆ ਹੈ ਕਿ ਤਸਵੀਰ ਵਿਚ ਕੁਝ ਵੀ ਮਜ਼ਾਕੀਆ ਨਹੀਂ ਹੈ। ਅਸੀਂ ਹੁਣੇ ਆਪਣੇ ਸਤਿਕਾਰਯੋਗ ਪੋਪ ਫਰਾਂਸਿਸ ਨੂੰ ਦਫ਼ਨਾਇਆ ਹੈ ਤੇ ਕਾਰਡੀਨਲ ਸੇਂਟ ਪੀਟਰ ਦੇ ਨਵੇਂ ਉੱਤਰਾਧਿਕਾਰੀ ਦੀ ਚੋਣ ਕਰਨ ਲਈ ਇੱਕ ਗੰਭੀਰ ਸੰਮੇਲਨ ਕਰਵਾਇਆ ਜਾ ਰਿਹੈ, ਸਾਡਾ ਮਜ਼ਾਕ ਨਾ ਉਡਾਓ।' ਪਰ ਵ੍ਹਾਈਟ ਹਾਊਸ ਨੇ ਕਿਸੇ ਵੀ ਸੁਝਾਅ ਨੂੰ ਰੱਦ ਕਰ ਦਿੱਤਾ ਕਿ ਰਾਸ਼ਟਰਪਤੀ ਪੋਪਸੀ ਦਾ ਮਜ਼ਾਕ ਉਡਾ ਰਹੇ ਸਨ। ਪੈਸ ਸਕੱਤਰ ਕੈਰੋਲੀਨ ਲੀਵਿਟ ਨੇ ਕਿਹਾ ਕਿ ਰਾਸ਼ਟਰਪਤੀ ਟਰੰਪ ਪੋਪ ਫਰਾਂਸਿਸ ਨੂੰ ਸ਼ਰਧਾਂਜਲੀ ਦੇਣ ਤੇ ਉਨ੍ਹਾਂ ਦੇ ਅੰਤਿਮ ਸੰਸਕਾਰ ਵਿਚ ਸ਼ਾਮਿਲ ਹੋਣ ਲਈ ਇਟਲੀ ਗਏ ਸਨ, ਤੇ ਉਹ ਕੈਥੋਲਿਕਾਂ ਤੇ ਧਾਰਮਿਕ ਆਜ਼ਾਦੀ ਦੇ ਕੱਟੜ ਸਮਰਥਕ ਰਹੇ ਹਨ।

# 'ਮਈ ਦਿਵਸ' ਮੌਕੇ ਟਰੰਪ ਨੂੰ ਦੱਸਿਆ ਕਿਰਤ ਸੁਰੱਖਿਆ ਤੇ ਸੰਘੀ ਕਰਮਚਾਰੀ ਵਿਰੋਧੀ




ਸਾਨ ਫਰਾਂਸਿਸਕੋ/ਸੈਕਰਾਮੈਂਟੋ (ਹੁਸਨ ਲੜੋਆ ਬੰਗਾ) : ਅਮਰੀਕਾ ਵਿਚ ਲੱਖਾਂ ਲੋਕਾਂ ਨੇ ਵੀਰਵਾਰ ਨੂੰ ਮਈ ਦਿਵਸ ਮੌਕੇ ਵਿਰੋਧ ਪ੍ਰਦਰਸ਼ਨ ਅਤੇ ਰੈਲੀਆਂ ਕੀਤੀਆਂ, ਜਿਨ੍ਹਾਂ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਏਜੰਡੇ ਵਿਰੁੱਧ ਗੁੱਸੇ ਨਾਲ ਭਰੇ ਲੋਕ ਸ਼ਾਮਿਲ ਸਨ। ਮਜ਼ਦੂਰ ਦਿਵਸ ਮੌਕੇ ਵਿਰੋਧ ਪ੍ਰਦਰਸ਼ਨਾਂ ਨੂੰ ਕਿਰਤ ਸੁਰੱਖਿਆ, ਵਿਭਿੰਨਤਾ ਪਹਿਲਕਦਮੀਆਂ ਅਤੇ ਸੰਘੀ ਕਰਮਚਾਰੀਆਂ 'ਤੇ ਪ੍ਰਸ਼ਾਸਨ ਦੇ ਵਿਆਪਕ ਹਮਲਿਆਂ ਨੂੰ ਸ਼ਰੇਆਮ ਧੱਕਾ ਕਿਹਾ। ਨਿਊਯਾਰਕ ਤੋਂ ਫਿਲਾਡੇਲਫੀਆ ਤੇ ਲਾਸ ਏਂਜਲਸ ਤੱਕ ਕਈ ਸ਼ਹਿਰਾਂ ਵਿਚ ਪ੍ਰਦਰਸ਼ਨਕਾਰੀ ਸੜਕਾਂ 'ਤੇ ਨਿਕਲ ਆਏ ਅਤੇ ਵਾਸ਼ਿੰਗਟਨ ਵਿਚ ਵਾਈਟ ਹਾਊਸ ਬਾਹਰ ਜੋਸ਼ੀਲੀ ਰੈਲੀ ਕੀਤੀ। ਸ਼ਿਕਾਗੋ ਵਿਚ ਹਜ਼ਾਰਾਂ ਲੋਕਾਂ ਨੇ ਡਾਊਨਟਾਊਨ ਤੋਂ ਝੀਲ ਦੇ ਕਿਨਾਰੇ ਤੱਕ ਮਾਰਚ ਕਰਨ ਤੋਂ ਪਹਿਲਾਂ ਵੈਸਟ ਸਾਈਡ ਪਾਰਕ ਵਿਚ ਰੈਲੀ ਕੀਤੀ ਅਤੇ 'ਨਿਆਂ ਨਹੀਂ, ਸ਼ਾਂਤੀ ਨਹੀਂ' ਦੇ ਨਾਅਰੇ ਲਗਾਉਂਦੇ ਰਹੇ। ਭੀੜ ਵਿਚ ਯੂਨੀਅਨ ਵਰਕਰ, ਪ੍ਰਵਾਸੀ ਅਧਿਕਾਰਾਂ ਦੇ ਵਕੀਲ, ਫਲਸਤੀਨ ਪੱਖੀ ਕਾਰਕੁਨ ਅਤੇ ਬਿਹਤਰ ਫੰਡ ਵਾਲੇ ਪਬਲਿਕ ਸਕੂਲਾਂ ਦੀ ਮੰਗ ਕਰਨ ਵਾਲੇ ਵਿਦਿਆਰਥੀ ਸ਼ਾਮਿਲ ਸਨ। ਵਰਮੌਂਟ ਦੇ ਅਮਰੀਕੀ ਸੈਨੇਟਰ ਬਰਨੀ ਸੈਂਡਰਸ ਨੇ ਫਿਲਾਡੇਲਫੀਆ ਦੇ ਸਿਟੀ ਹਾਲ ਦੇ ਬਾਹਰ ਇੱਕ ਰੈਲੀ ਦੌਰਾਨ ਰੋਹ ਭਰੀ ਤਕਰੀਰ ਕੀਤੀ। ਲਾਸ ਏਂਜਲਸ ਡਾਊਨਟਾਊਨ ਵਿਚ ਹਜ਼ਾਰਾਂ ਪ੍ਰਦਰਸ਼ਨਕਾਰੀਆਂ ਨੇ ਮਾਰਚ ਵਿਚ ਤਖ਼ਤੀਆਂ 'ਤੇ ਲਿਖਿਆ ਹੋਇਆ ਸੀ 'ਪ੍ਰਵਾਸੀ ਅਮਰੀਕਾ ਨੂੰ ਮਹਾਨ ਬਣਾਉਂਦੇ ਹਨ' ਅਤੇ 'ਇਹ ਚੁੱਪ ਰਹਿਣ ਦਾ ਸਮਾਂ ਨਹੀਂ ਹੈ'। ਵੀਹ ਲੱਖ ਕਾਮਿਆਂ ਦੀ ਨੁਮਾਇੰਦਗੀ ਕਰਨ ਵਾਲੀ ਸਰਵਿਸ ਇੰਪਲਾਈਜ਼ ਇੰਟਰਨੈਸ਼ਨਲ ਯੂਨੀਅਨ ਦੇ ਪ੍ਰਧਾਨ ਅਪ੍ਰੈਲ ਵੇਰੇਟ ਨੇ ਕਿਹਾ ਕਿ ਅਸੀਂ ਲੜਾਈ ਅਰਬਪਤੀਆਂ ਤੇ ਸਿਆਸਤਦਾਨਾਂ ਵਿਰੁਧ ਲਿਆ ਰਹੇ ਹਾਂ ਜੋ ਡਰ ਅਤੇ ਝੂਠ ਵੰਡਣ ਦੇ ਯਤਨ ਕਰ ਰਹੇ ਹਨ। ਨਿਊਯਾਰਕ ਸਿਟੀ ਵਿਚ ਸੈਂਕੜੇ ਵਕੀਲ ਅਤੇ ਉਨ੍ਹਾਂ ਦੇ ਸਮਰਥਕ ਲੋਅਰ ਮੈਨਹਟਨ ਵਿਚ ਅਦਾਲਤਾਂ ਦੇ ਨੇੜੇ 'ਰਾਸ਼ਟਰੀ ਕਾਨੂੰਨ ਦਾ ਰਾਜ ਦਿਵਸ' ਰੈਲੀ ਲਈ ਇਕੱਠੇ ਹੋਏ ਤੇ ਕਿਹਾ ਕਿ ਟਰੰਪ ਪ੍ਰਸ਼ਾਸਨ ਕਾਨੂੰਨੀ ਪ੍ਰਣਾਲੀ ਦਾ ਨਿਰਾਦਰ ਕਰ ਰਿਹਾ ਹੈ।

## ਕਮਲਾ ਹੈਰਿਸ ਵਲੋਂ ਟਰੰਪ ਵਿਰੁੱਧ ਇਕਜੁੱਟ ਹੋਣ ਦਾ ਸੱਦਾ



ਸੈਕਰਾਮੈਂਟੋ, (ਹੁਸਨ ਲੜੋਆ ਬੰਗਾ) : ਸਾਬਕਾ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਨੇ 'ਭਗੌੜੇ ਨਾ ਬਣੋ' ਦਾ ਸੁਨੇਹਾ ਅਮਰੀਕੀਆਂ ਨੂੰ ਦਿੰਦਿਆਂ ਰਾਸ਼ਟਰਪਤੀ ਡੋਨਾਲਡ ਟਰੰਪ ਵਿਰੁੱਧ ਇਕਜੁੱਟ ਹੋਣ ਦਾ ਸੱਦਾ ਦਿੱਤਾ। ਉਹ ਸੈਨਫਰਾਂਸਿਸਕੋ ਬੇਅ ਖੇਤਰ ਵਿਚ ਅਮੈਰਜ ਅਮੈਰਿਕਾ ਸਮੂਹ ਦੁਆਰਾ ਆਯੋਜਿਤ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਕਾਂਗਰਸ ਤੇ ਅਦਾਲਤਾਂ ਆਪਣੀ ਭੂਮਿਕਾ ਨਿਭਾਉਣ ਵਿਚ ਅਸਫਲ ਰਹੀਆਂ ਤਾਂ ਸੰਵਿਧਾਨਕ ਸੰਕਟ ਪੈਦਾ ਹੋ ਜਾਵੇਗਾ। ਉਨ੍ਹਾਂ ਨੇ ਕਿਹਾ ਕਿ 'ਵੱਡੇ ਮਹਾਨ ਵਿਅਕਤੀ ਨੇ ਆਧੁਨਿਕ ਪ੍ਰੈਜ਼ੀਡੈਂਸ਼ੀਅਲ ਇਤਿਹਾਸ ਵਿਚ ਆਰਥਿਕ ਸੰਕਟ ਖੜ੍ਹਾ ਕਰ ਦਿੱਤਾ ਹੈ'। ਹੈਰਿਸ ਨੇ ਵਿਸ਼ੇਸ਼ ਤੌਰ 'ਤੇ ਟਰੰਪ ਦੀਆਂ ਟੈਰਿਫ ਨੀਤੀਆਂ ਦੀ ਨਿੰਦਾ ਕੀਤੀ ਤੇ ਕਿਹਾ ਕਿ ਉਹ ਸਪੱਸ਼ਟ ਤੌਰ 'ਤੇ ਮੰਦੇ ਨੂੰ ਸੱਦਾ ਦੇ ਰਹੇ ਹਨ।

# ਅਮਰੀਕੀ ਫਿਲਮ ਉਦਯੋਗ ਖਤਰੇ 'ਚ- ਟਰੰਪ ਨੇ ਵਿਦੇਸ਼ੀ ਫਿਲਮਾਂ 'ਤੇ 100 ਫੀਸਦੀ ਟੈਰਿਫ ਦੀ ਦਿੱਤੀ ਧਮਕੀ



ਅਮਰੀਕਾ : ਰਾਸ਼ਟਰਪਤੀ ਡੋਨਾਲਡ ਟਰੰਪ ਆਪਣੀ ਟੈਰਿਫ ਜੰਗ ਵਿਚ ਇਕ ਨਵਾਂ ਮੋਰਚਾ ਖੋਲ੍ਹ ਰਹੇ ਹਨ, ਜੋ ਕਿ ਅਮਰੀਕਾ ਤੋਂ ਬਾਹਰ ਬਣੀਆਂ ਫਿਲਮਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਐਤਵਾਰ ਰਾਤ ਨੂੰ ਆਪਣੇ ਟਰੂਥ ਸੋਸ਼ਲ ਪਲੇਟਫਾਰਮ 'ਤੇ ਇੱਕ ਪੋਸਟ ਵਿਚ, ਟਰੰਪ ਨੇ ਕਿਹਾ ਕਿ ਉਸਨੇ ਵਣਜ ਵਿਭਾਗ ਤੇ ਅਮਰੀਕੀ ਵਪਾਰ ਪ੍ਰਤੀਨਿਧੀ ਦੇ ਦਫਤਰ ਨੂੰ 'ਵਿਦੇਸ਼ਾਂ ਵਿਚ ਬਣੀਆਂ ਸਾਡੇ ਦੇਸ਼ ਵਿਚ ਆਉਣ ਵਾਲੀਆਂ ਸਾਰੀਆਂ ਫਿਲਮਾਂ 'ਤੇ 100 ਫੀਸਦੀ ਟੈਰਿਫ ਲਗਾਉਣ' ਦਾ ਅਧਿਕਾਰ ਦਿੱਤਾ ਹੈ। 'ਸੰਯੁਕਤ ਰਾਜ ਅਮਰੀਕਾ ਵਿਚ ਫਿਲਮ ਉਦਯੋਗ ਤੇਜ਼ੀ ਨਾਲ ਮਰ ਰਿਹਾ ਹੈ। ਉਨ੍ਹਾਂ ਸ਼ਿਕਾਇਤ ਕੀਤੀ ਕਿ ਦੂਜੇ ਦੇਸ਼ 'ਫਿਲਮ ਨਿਰਮਾਤਾਵਾਂ ਤੇ ਸਟੂਡੀਓ ਨੂੰ ਸੰਯੁਕਤ ਰਾਜ ਅਮਰੀਕਾ ਤੋਂ ਦੂਰ ਲੁਭਾਉਣ ਲਈ ਹਰ ਤਰ੍ਹਾਂ ਦੇ ਪ੍ਰੋਤਸਾਹਨ ਦੀ ਪੇਸ਼ਕਸ਼ ਕਰ ਰਹੇ ਹਨ।' 'ਇਹ ਦੂਜੇ ਦੇਸ਼ਾਂ ਦੁਆਰਾ ਇੱਕ ਸੰਯੁਕਤ ਯਤਨ ਹੈ ਤੇ ਇਸ ਲਈ, ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਹੈ।' ਇਹ ਤੁਰੰਤ ਸਪੱਸ਼ਟ ਨਹੀਂ ਹੋਇਆ ਕਿ ਅੰਤਰਰਾਸ਼ਟਰੀ ਉਤਪਾਦਨਾਂ 'ਤੇ ਅਜਿਹੇ ਟੈਰਿਫ ਕਿਵੇਂ ਲਾਗੂ ਕੀਤੇ ਜਾ ਸਕਦੇ ਹਨ। ਅਮਰੀਕਾ ਤੇ ਹੋਰ ਦੇਸ਼ਾਂ ਵਿਚ ਵੱਡੀਆਂ ਤੇ ਛੋਟੀਆਂ ਦੋਵਾਂ ਤਰ੍ਹਾਂ ਦੀਆਂ ਫਿਲਮਾਂ ਦਾ ਨਿਰਮਾਣ ਆਮ ਗੱਲ ਹੈ। ਵੱਡੇ ਬਜਟ ਵਾਲੀਆਂ ਫਿਲਮਾਂ ਦੀ ਸ਼ੂਟਿੰਗ ਦੁਨੀਆਂ ਭਰ ਵਿਚ ਕੀਤੀ ਜਾਂਦੀ ਹੈ, ਫਿਰ ਵੀ ਟੈਰਿਫ ਖਪਤਕਾਰਾਂ ਨੂੰ ਅਮਰੀਕੀ ਉਤਪਾਦਾਂ ਵੱਲ ਖਿੱਚਣ ਲਈ ਤਿਆਰ ਕੀਤੇ ਗਏ ਹਨ।

# ਟਰੰਪ ਨੇ ਡਿਪੋਰਟ ਕੀਤੇ 1 ਲੱਖ 42 ਹਜ਼ਾਰ ਪ੍ਰਵਾਸੀ




ਵਾਸ਼ਿੰਗਟਨ : ਟਰੰਪ ਦੇ ਸੱਤਾ ਸੰਭਾਲਣ ਮਗਰੋਂ ਡਿਪੋਰਟ ਕੀਤੇ ਪ੍ਰਵਾਸੀਆਂ ਦਾ ਅੰਕੜਾ 1 ਲੱਖ 42 ਹਜ਼ਾਰ ਤੋਂ ਟੱਪ ਗਿਆ ਹੈ ਅਤੇ ਰਾਸ਼ਟਰਪਤੀ ਵੱਲੋਂ ਸੋਸ਼ਲ ਮੀਡੀਆ ਰਾਹੀਂ ਇਸ ਬਾਰੇ ਦਮਗਜ਼ਾ ਵੀ ਮਾਰਿਆ ਗਿਆ ਹੈ। ਦੂਜੇ ਪਾਸੇ ਵਾਈਟ ਹਾਊਸ ਨੇ ਡੌਨਲਡ ਟਰੰਪ ਦੇ ਇੰਮੀਗ੍ਰੇਸ਼ਨ ਕਾਰਨਾਮੇ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਦਿਆਂ ਕਿਹਾ ਕਿ 1 ਲੱਖ 42 ਹਜ਼ਾਰ ਗੈਰਕਾਨੂੰਨੀ ਪ੍ਰਵਾਸੀਆਂ ਨੇ ਰਾਸ਼ਟਰਪਤੀ ਨਾਲ ਮੱਥਾ ਲਾਇਆ ਅਤੇ ਸਾਰੇ ਡਿਪੋਰਟ ਕਰ ਦਿਤੇ ਗਏ। ਟਰੰਪ ਆਪਣੇ 100 ਦਿਨ ਦੇ ਕਾਰਜਕਾਲ ਦੌਰਾਨ ਕੀਤੇ ਕੰਮਾਂ ਅਤੇ ਪ੍ਰਾਪਤੀਆਂ ਦਾ ਜ਼ਿਕਰ ਕਰਦੇ ਨਹੀਂ ਥੱਕ ਰਹੇ ਪਰ ਇਸੇ ਦੌਰਾਨ ਉਨ੍ਹਾਂ ਵੱਲੋਂ ਹੀ ਨਾਮਜ਼ਦ ਇਕ ਫੈਡਰਲ ਜੱਜ ਨੇ ਏਲੀਅਨ ਐਨੀਮੀਜ਼ ਐਕਟ ਅਧੀਨ ਪ੍ਰਵਾਸੀਆਂ ਨੂੰ ਡਿਪੋਰਟ ਕਰਨ 'ਤੇ ਪੱਕੀ ਰੋਕ ਲਾ ਦਿਤੀ ਹੈ। 100 ਦਿਨ ਦੇ ਕਾਰਜਕਾਲ ਦਾ ਇੰਮੀਗ੍ਰੇਸ਼ਨ ਲੇਖਾ ਕੀਤਾ ਪੇਸ਼ ਜੱਜ ਫਰਨਾਂਡੋ ਰੌਡਰਿਗਜ਼ ਨੇ ਕਿਹਾ ਕਿ ਡੌਨਲਡ ਟਰੰਪ ਵੱਲੋਂ ਜੰਗ ਵੇਲੇ ਦੇ ਕਾਨੂੰਨ ਦੀ ਵਰਤੋਂ ਗੈਰਕਾਨੂੰਨੀ ਹੈ ਅਤੇ ਇਸ ਨੂੰ ਗੈਰਵਾਜਬ ਤਰੀਕੇ ਨਾਲ ਲਾਗੂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 1798 ਦਾ ਕਾਨੂੰਨ ਸਿਰਫ਼ ਉਦੋਂ ਲਾਗੂ ਕੀਤਾ ਜਾ ਸਕਦਾ ਹੈ ਜਦੋਂ ਅਮਰੀਕਾ ਉਤੇ ਹਥਿਆਰਬੰਦ ਹਮਲਾ ਹੋ ਰਿਹਾ ਹੋਵੇ ਅਤੇ ਇਸ ਵੇਲੇ ਅਜਿਹੇ ਹਾਲਾਤ ਬਿਲਕੁਲ ਵੀ ਨਹੀਂ। ਫਿਲਹਾਲ ਟਰੰਪ ਸਰਕਾਰ ਵੱਲੋਂ ਜ਼ਿਲ੍ਹਾ ਅਦਾਲਤ ਦੇ ਫੈਸਲੇ 'ਤੇ ਕੋਈ ਟਿੱਪਣੀ ਨਹੀਂ ਕੀਤੀ ਗਈ। ਦੱਸ ਦੇਈਏ ਕਿ ਅਮਰੀਕਾ ਦੇ ਇਤਿਹਾਸ ਵਿਚ ਹੁਣ ਤੱਕ ਸਿਰਫ਼ ਤਿੰਨ ਵਾਰ 1798 ਦਾ ਜੰਗੀ ਕਾਨੂੰਨ ਲਾਗੂ ਕਰਨ ਦੀ ਜ਼ਰੂਰਤ ਪਈ। ਪਹਿਲੀ ਵਾਰ 1812 ਦੀ ਜੰਗ ਵੇਲੇ ਕਾਨੂੰਨ ਲਾਗੂ ਕਰਨਾ ਪਿਆ ਜਦਕਿ ਦੂਜੀ ਵਾਰ ਪਹਿਲੀ ਆਲਮੀ ਜੰਗ ਵੇਲੇ ਕਾਨੂੰਨ ਦੀ ਵਰਤੋਂ ਕੀਤੀ ਗਈ। ਤੀਜੀ ਮੌਕਾ ਦੂਜੀ ਆਲਮੀ ਜੰਗ ਵੇਲੇ ਆਇਆ ਜਦੋਂ ਏਲੀਅਨ ਐਨੀਮੀਜ਼ ਐਕਟ ਦੀ ਵਰਤੋਂ ਕੀਤੀ ਗਈ। ਚੇਤੇ ਰਹੇ ਕਿ ਅਪ੍ਰੈਲ ਮਹੀਨੇ ਦੌਰਾਨ ਅਮਰੀਕਾ ਦੀ ਸੁਪਰੀਮ ਕੋਰਟ ਵੱਲੋਂ ਵੀ ਏਲੀਅਨ ਐਨੀਮੀਜ਼ ਐਕਟ ਦੀ ਵਰਤੋਂ ਕਰਨ 'ਤੇ ਰੋਕ ਲਾਈ ਗਈ ਸੀ। ਅਮਰੀਕਾ ਵਿਚ 8 ਖਰਬ ਡਾਲਰ ਦਾ ਨਿਵੇਸ਼ ਆਉਣ ਦਾ ਦਾਅਵਾ ਸੁਪਰੀਮ ਕੋਰਟ ਵਿਚ ਰਿਪਬਲਿਕਨ ਪਾਰਟੀ ਨਾਲ ਸਬੰਧਤ ਰਾਸ਼ਟਰਪਤੀ ਵੱਲੋਂ ਨਾਮਜ਼ਦ ਜੱਜਾਂ ਦੀ ਗਿਣਤੀ ਜ਼ਿਆਦਾ ਹੈ ਪਰ ਏਲੀਅਨ ਐਨੀਮੀਜ਼ ਐਕਟ 1798 ਦੇ ਮੁੱਦੇ 'ਤੇ ਟਰੰਪ ਵੱਲੋਂ ਨਾਮਜ਼ਦ ਜਸਟਿਸ ਬਰੇਟ ਕੈਵਾਨੌਅ ਅਤੇ ਜਸਟਿਸ ਐਮੀ ਕੋਨੀ ਬੈਰਟ ਨੇ ਸਰਕਾਰ ਵਿਰੁੱਧ ਫੈਸਲਾ ਸੁਣਾਇਆ। ਅਦਾਲਤੀ ਫੈਸਲੇ ਆਉਣ ਤੋਂ ਪਹਿਲਾਂ ਸੈਂਕੜੇ ਪ੍ਰਵਾਸੀਆਂ ਨੂੰ ਅਲ ਸਲਵਾਡੋਰ ਦੇ ਜੇਲ ਵਿਚ ਭੇਜਿਆ ਜਾ ਚੁੱਕਾ ਹੈ ਜਿਨ੍ਹਾਂ ਵਿਚੋਂ ਇਕ ਗਲਤੀ ਨਾਲ ਡਿਪੋਰਟ ਕਿਲਮਰ ਅਬਰੈਗੋ ਵੀ ਹੈ ਜਿਸ ਦੀ ਵਾਪਸੀ ਹੋਣ ਦੇ ਕੋਈ ਆਸਾਰ ਨਹੀਂ। ਉਧਰ ਡੌਨਲਡ ਟਰੰਪ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦਾਅਵਾ ਕੀਤਾ ਕਿ ਅਮਰੀਕਾ ਦੇ ਇਤਿਹਾਸ ਵਿਚ ਕਦੇ ਵੀ ਪਹਿਲੇ 100 ਦਿਨ ਦੇ ਕਾਰਜਕਾਲ ਦੌਰਾਨ 8 ਖਰਬ ਡਾਲਰ ਦਾ ਨਿਵੇਸ਼ ਨਹੀਂ ਆਇਆ। ਉਨ੍ਹਾਂ ਕਿਹਾ ਕਿ 2 ਖਰਬ ਡਾਲਰ ਦੇ ਤਾਜ਼ਾ ਨਿਵੇਸ਼ ਨਾਲ ਪਿਛਲੇ ਤਿੰਨ ਮਹੀਨੇ ਦੌਰਾਨ ਨਿਵੇਸ਼ ਕੀਤੀ ਰਕਮ 8 ਖਰਬ ਡਾਲਰ ਦੇ ਅੰਕੜੇ 'ਤੇ ਪੁੱਜ ਗਈ।

# ਅਮਰੀਕਾ ਛੱਡਣ ਲਈ ਪ੍ਰਵਾਸੀਆਂ ਨੂੰ ਮਿਲਣਗੇ 1000 ਡਾਲਰ : ਟਰੰਪ ਪ੍ਰਸ਼ਾਸਨ

ਵਾਸ਼ਿੰਗਟਨ : ਟਰੰਪ ਪ੍ਰਸ਼ਾਸਨ ਨੇ ਸੋਮਵਾਰ ਨੂੰ ਕਿਹਾ ਕਿ ਉਨ੍ਹਾਂ ਦੇ ਦੇਸ਼ ਵਿਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਪ੍ਰਵਾਸੀਆਂ ਨੂੰ ਜੇਕਰ ਉਹ ਆਪਣੀ ਮਰਜ਼ੀ ਨਾਲ ਆਪਣੇ ਦੇਸ਼ ਵਾਪਸ ਆਉਂਦੇ ਹਨ ਤਾਂ ਉਨ੍ਹਾਂ ਨੂੰ 1000 ਡਾਲਰ ਦਿੱਤੇ ਜਾਣਗੇ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਨੇ ਕਿਹਾ ਕਿ ਉਹ ਨਾ ਸਿਰਫ਼ ਰਕਮ ਪ੍ਰਦਾਨ ਕਰੇਗਾ ਬਲਕਿ ਯਾਤਰਾ ਦੇ ਖਰਚਿਆਂ ਨੂੰ ਵੀ ਪੂਰਾ ਕਰੇਗਾ। ਇਸ ਲਈ, ਪ੍ਰਵਾਸੀਆਂ ਨੂੰ 'ਸੀਪੀਬੀ ਹੋਮ ਐਪ' ਦੀ ਵਰਤੋਂ ਕਰਕੇ ਸਰਕਾਰ ਨੂੰ ਸੂਚਿਤ ਕਰਨਾ ਪਵੇਗਾ ਕਿ ਉਹ ਘਰ ਵਾਪਸ ਜਾਣਾ ਚਾਹੁੰਦੇ ਹਨ। ਹੋਮਲੈਂਡ ਸਿਕਿਓਰਿਟੀ ਸੈਕਟਰੀ ਕ੍ਰਿਸਟੀ ਨੋਮ ਨੇ ਕਿਹਾ ਕਿ ਜੇਕਰ ਤੁਸੀਂ ਇੱਥੇ ਗੈਰ-ਕਾਨੂੰਨੀ ਤੌਰ 'ਤੇ ਹੋ, ਤਾਂ ਅਜਿਹਾ ਕਰਨ ਦਾ ਸਭ ਤੋਂ ਸੁਰੱਖਿਅਤ ਤੇ ਆਸਾਨ ਤਰੀਕਾ ਹੈ ਕਿ ਤੁਸੀਂ ਆਪਣੇ ਆਪ ਦੇਸ਼ ਛੱਡ ਦਿਓ।

# ਪਾਰਸਲ ਘੁਟਾਲੇ 'ਚ ਇੱਕ ਅਮਰੀਕੀ ਭਾਰਤੀ ਗੁਜਰਾਤੀ ਨੂੰ ਅਦਾਲਤ ਨੇ ਸੁਣਾਈ ਡੇਢ ਸਾਲ ਕੈਦ ਦੀ ਸਜ਼ਾ

ਨਿਊਯਾਰਕ, (ਰਾਜ ਗੋਗਨਾ) : 'ਪਾਰਸਲ ਸਕੈਂਡਲ' ਵਿੱਚ ਇੱਕ ਅਮਰੀਕੀ ਗੁਜਰਾਤੀ ਭਾਰਤੀ ਨਾਗਰਿਕ ਨੂੰ ਅਦਾਲਤ ਨੇ ਡੇਢ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ।ਦੱਸਣਯੋਗ ਹੈ ਕਿ ਪਾਰਸਲ ਸਕੈਂਡਲ ਇਸ ਸਮੇਂ ਅਮਰੀਕਾ ਵਿੱਚ ਇੱਕ ਗਰਮ ਵਿਸ਼ਾ ਬਣਿਆ ਹੋਇਆ ਹੈ। ਪਰ ਇਸ ਮਾਮਲੇ ਵਿੱਚ ਇੱਕ ਹੋਰ ਗੁਜਰਾਤੀ ਨੂੰ ਵੀ ਸਜ਼ਾ ਸੁਣਾਈ ਗਈ ਹੈ। ਮੈਰੀਲੈਂਡ ਸੂਬੇ ਦੇ ਇਕ 53 ਸਾਲਾ ਵਿਪੁਲ ਠੱਕਰ ਨੂੰ ਜੁਲਾਈ 2024 ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਹੁਣ ਉਸਨੂੰ 10 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਹਾਲਾਂਕਿ, ਉਸਨੂੰ ਡੇਢ ਸਾਲ ਜੇਲ੍ਹ ਵਿੱਚ ਬਿਤਾਉਣਾ ਪਵੇਗਾ ਅਤੇ ਬਾਕੀ ਦੀ ਸਜ਼ਾ ਮੁਅੱਤਲ ਕਰ ਦਿੱਤੀ ਗਈ ਹੈ ਅਦਾਲਤ ਨੇ ਪੀੜਤ ਨੂੰ 40,000 ਹਜ਼ਾਰ ਡਾਲਰ ਦਾ ਭੁਗਤਾਨ ਕਰਨ ਦਾ ਵੀ ਹੁਕਮ ਦਿੱਤਾ ਹੈ।

# ਪੰਜਾਬ ਵਿਚ ਨਸ਼ਿਆਂ ਵਿਰੁੱਧ ਮੁਹਿੰਮ

ਪੰਜਾਬ ਵਿਚ ਸਰਕਾਰੀ ਅਤੇ ਸਮਾਜਿਕ ਪੱਧਰ ’ਤੇ ਨਸ਼ਿਆਂ ਤੇ ਨਸ਼ੀਲੇ ਪਦਾਰਥਾਂ ਖ਼ਿਲਾਫ਼ ਲਗਾਤਾਰ ਚਲਾਈ ਜਾ ਰਹੀ ਮੁਹਿੰਮ ਕਾਰਨ ਆਉਣ ਵਾਲੇ ਸਮੇਂ ਵਿਚ ਸੂਬੇ ਨੂੰ ਇਸ ਗੰਭੀਰ ਸਮੱਸਿਆ ਤੋਂ ਕੁਝ ਰਾਹਤ ਮਿਲਣ ਦੀ ਸੰਭਾਵਨਾ ਬਣਦੀ ਜਾਪਦੀ ਹੈ। ਰਾਜ ਵਿਚ 3 ਮਈ ਨੂੰ ਨਸ਼ਿਆਂ ਖ਼ਿਲਾਫ਼ ਕੀਤੀਆਂ ਗਈਆਂ ਦੋ ਸਫ਼ਲ ਰੈਲੀਆਂ ਤੋਂ ਵੀ ਇਸ ਸੰਬੰਧੀ ਹੋ ਰਹੇ ਯਤਨਾਂ ਦਾ ਆਭਾਸ ਹੋ ਜਾਂਦਾ ਹੈ। ਇਨ੍ਹਾਂ ’ਚੋਂ ਇਕ ਰੈਲੀ ਸੂਬੇ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਦੀ ਅਗਵਾਈ ਵਿਚ ਨਸ਼ਿਆਂ ਤੇ ਨਸ਼ੀਲੇ ਪਦਾਰਥਾਂ ਤੋਂ ਪੈਦਾ ਹੋਣ ਵਾਲੇ ਖ਼ਤਰਿਆਂ ਬਾਰੇ ਲੋਕਾਂ ਨੂੰ ਚੇਤੰਨ ਕਰਨ ਲਈ ਸੀ। ਇਸ ਸੰਬੰਧੀ ਕੱਢੀ ਗਈ ਪੈਦਲ ਯਾਤਰਾ ਦੀ ਸਮਾਪਤੀ ਮੌਕੇ ਰਾਜਧਾਨੀ ਚੰਡੀਗੜ੍ਹ ਦੇ ਸੈਕਟਰ 17 ਸਥਿਤ ਤਿਰੰਗਾ ਪਾਰਕ ਵਿਖੇ ਇਹ ਪ੍ਰਭਾਵਸ਼ਾਲੀ ਰੈਲੀ ਕੀਤੀ ਗਈ ਸੀ, ਜਦਕਿ ਦੂਜੀ ਰੈਲੀ ਪੰਜਾਬ ਸਰਕਾਰ ਵਲੋਂ ਨਸ਼ਿਆਂ ਖ਼ਿਲਾਫ਼ ਸ਼ੁਰੂ ਕੀਤੀ ਗਈ ‘ਯੁੱਧ ਨਸ਼ਿਆ ਵਿਰੁੱਧ’ ਮੁਹਿੰਮ ਤਹਿਤ ਜਲੰਧਰ ਵਿਚ ਕੀਤੀ ਗਈ ਸੀ। ਚੰਡੀਗੜ੍ਹ ਰੈਲੀ ਵਿਚ ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਾਤ੍ਰੇਅ ਦੇ ਸਟੇਜ ’ਤੇ ਮੌਜੂਦ ਹੋਣ ਕਾਰਨ ਇਸ ਦੀ ਮਹੱਤਤਾ ਹੋਰ ਵੀ ਵਧ ਗਈ ਸੀ। ਇਸ ਵਿਚ




ਦੋਵਾਂ ਰਾਜਾਂ ਦੇ ਮੁੱਖ ਮੰਤਰੀ ਕ੍ਰਮਵਾਰ ਪੰਜਾਬ ਦੇ ਭਗਵੰਤ ਸਿੰਘ ਮਾਨ ਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਵੀ ਸ਼ਮੂਲੀਅਤ ਕੀਤੀ। ਇਸ ਕਾਰਨ ਇਹ ਇਕ ਤਰ੍ਹਾਂ ਨਾਲ ਦੋ ਸੂਬਿਆਂ ਦੀ ਸਾਂਝੀ ਰੈਲੀ ਬਣ ਗਈ ਸੀ। ਹਰਿਆਣਾ ਕਦੇ ਪੰਜਾਬ ਦਾ ਹੀ ਹਿੱਸਾ ਸੀ ਤੇ ਅੱਜ ਵੀ ਦੋਵਾਂ ਸੂਬਿਆਂ ਦੀਆਂ ਹੱਦਾਂ ਇਕ ਦੂਜੇ ਨਾਲ ਜੁੜੀਆਂ ਹੋਈਆਂ ਹਨ। ਇਸ ਲਈ ਵੀ ਨਸ਼ਿਆਂ ਦੀ ਸਮੱਸਿਆ ਦੋਵਾਂ ਸੂਬਿਆਂ ਦੇ ਲੋਕਾਂ ਨੂੰ ਪ੍ਰਭਾਵਿਤ ਕਰਦੀ ਹੈ। ਇਸ ਵਿਰੁੱਧ ਚਲਾਈ ਗਈ ਮੁਹਿੰਮ ਦਾ ਵੀ ਦੋਵਾਂ ਸੂਬਿਆਂ ’ਤੇ ਬਰਾਬਰ ਦਾ ਅਸਰ ਪੈਣ ਦੀ ਸੰਭਾਵਨਾ ਹੈ।

ਪੰਜਾਬ ਦੇ ਰਾਜਪਾਲ ਵਲੋਂ ਦੋਵਾਂ ਸੂਬਿਆਂ ਦੇ ਮੁੱਖ ਮੰਤਰੀਆਂ ਦੀ ਹਾਜ਼ਰੀ ਵਿਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਨਸ਼ਾਖੋਰੀ ਖ਼ਿਲਾਫ਼ ਮਿਲ ਕੇ ਮੁਹਿੰਮ ਚਲਾਉਣ ਦਾ ਦਿੱਤਾ ਗਿਆ ਸੱਦਾ ਨਾ ਸਿਰਫ਼ ਇਸ ਸਮੱਸਿਆ ਦੀ ਗੰਭੀਰਤਾ ਨੂੰ ਦਰਸਾਉਂਦਾ ਹੈ, ਸਗੋਂ ਇਸ ਸਮੱਸਿਆ ਵਿਰੁੱਧ ਸਾਂਝੇ ਯਤਨਾਂ ਦੀ ਵੱਡੀ ਲੋੜ ’ਤੇ ਵੀ ਜ਼ੋਰ ਦਿੰਦਾ ਹੈ। ਜੇਕਰ ਰੈਲੀ ਵਿਚ ਆਮ ਲੋਕਾਂ ਦੀ ਵੱਡੀ ਪੱਧਰ ’ਤੇ ਹਾਜ਼ਰੀ ਉਨ੍ਹਾਂ ਦੀ ਸਹਿਮਤੀ ਦਾ ਜਨਤਕ ਸੰਕੇਤ ਹੈ, ਉਥੇ ਦੋਵਾਂ ਰਾਜਾਂ ਦੇ ਰਾਜਪਾਲਾਂ ਤੇ ਮੁੱਖ ਮੰਤਰੀਆਂ ਦੀ ਹਾਜ਼ਰੀ ਦੋਵਾਂ ਰਾਜਾਂ ਦੇ ਸਰਕਾਰੀ ਪ੍ਰਸ਼ਾਸਨ ਦੀ ਹਮਾਇਤ ਦਾ ਵੀ ਸੰਕੇਤ ਹੈ। ਰਾਜਪਾਲ ਕਟਾਰੀਆ ਵਲੋਂ ਪੰਜਾਬ ਵਿਚ ਨਸ਼ਿਆਂ ਦੀ ਮੌਜੂਦਾ ਸਥਿਤੀ ਦੇ ਨਾਲ-ਨਾਲ ਗੁਰੂ ਸਾਹਿਬਾਨ ਦੀਆਂ ਬਖਸ਼ਿਸ਼ਾਂ ਅਤੇ ਕੁਰਬਾਨੀਆਂ ਦਾ ਜ਼ਿਕਰ ਕਰਨਾ ਵੀ ਇਹ ਦੱਸਦਾ ਹੈ ਕਿ ਪੰਜਾਬ ਕਿਸੇ ਸਮੇਂ ਯੋਧਿਆਂ ਦੀ ਧਰਤੀ ਰਿਹਾ ਹੈ, ਪਰ ਅੱਜ ਨਸ਼ਾ ਸੂਬੇ ਦੀ ਜਵਾਨੀ ਨੂੰ ਘੁਣ ਵਾਂਗ ਖਾਣ ਲੱਗਾ ਹੋਇਆ ਹੈ।

ਸੂਬਾ ਸਰਕਾਰ ਵਲੋਂ ਜਲੰਧਰ ਵਿਚ ਕੀਤੀ ਗਈ ਨਸ਼ਿਆਂ ਖ਼ਿਲਾਫ਼ ਰੈਲੀ ਵੀ ਅਜਿਹਾ ਹੀ ਸੰਕੇਤ ਦਿੰਦੀ ਹੈ। ਰੈਲੀ ਵਿਚ ਮੁੱਖ ਮੰਤਰੀ ਨੇ ਜਿੱਥੇ ਨਸ਼ਿਆਂ ਵਿਰੁੱਧ ਸੂਬਾ ਸਰਕਾਰ ਦੀ ਇਸ ਜੰਗੀ ਮੁਹਿੰਮ ਨੂੰ ਪਹਿਲਾਂ ਵਾਂਗ ਹੀ ਜਾਰੀ ਰੱਖਣ ਦਾ ਐਲਾਨ ਕੀਤਾ, ਉੱਥੇ ਉਨ੍ਹਾਂ ਨਸ਼ਾ ਤਸਕਰਾਂ ਦੇ ਘਰਾਂ ਨੂੰ ਬੁਲਡੋਜ਼ਰਾਂ ਨਾਲ ਢਾਹੁਣ ਦੀ ਪ੍ਰਕਿਰਿਆ ਨੂੰ ਵੀ ਜਾਰੀ ਰੱਖਣ ਦਾ ਐਲਾਨ ਕੀਤਾ। ਮੁੱਖ ਮੰਤਰੀ ਨੇ ਇਸ ਮੌਕੇ ਹਾਜ਼ਰ ਮੰਤਰੀਆਂ, ਸੰਸਦ ਮੈਂਬਰਾਂ, ਵਿਧਾਇਕਾਂ ਅਤੇ ਵੱਖ-ਵੱਖ ਪਿੰਡਾਂ ਦੇ ਸਰਪੰਚਾਂ, ਪੰਚਾਂ ਤੇ ਵਾਰਡਾਂ ਦੇ ਪਹਿਰੇਦਾਰਾਂ ਨੂੰ ਵੀ ਨਸ਼ਿਆਂ ਵਿਰੁੱਧ ਜੰਗ ਲੜਨ ਦੀ ਸਹੁੰ ਚੁਕਾਈ। ਇਸੇ ਰੈਲੀ ਵਿਚ ਸੂਬੇ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਵੀ ਸਰਕਾਰ ਦੀ ਇਸ ਮੁਹਿੰਮ ਪ੍ਰਤੀ ਲੋਕਾਂ ਨੂੰ ਖੁੱਲ੍ਹ ਕੇ ਸਹਿਯੋਗ ਦੇਣ ਦੀ ਅਪੀਲ ਕੀਤੀ।

ਬਿਨਾਂ ਸ਼ੱਕ ਅਸੀਂ ਜਿਥੇ, ਗੁਰੂਆਂ-ਪੀਰਾਂ ਦੀ ਧਰਤੀ ਨੂੰ ਨਸ਼ਿਆਂ ਦੀ ਲਾਹਨਤ ਤੋਂ ਮੁਕਤ ਰੱਖਣ ਦੇ ਪੂਰੇ ਪੂਰੇ ਸਮਰਥਕ ਹਾਂ, ਉਥੇ ਸਰਕਾਰ ਤੇ ਆਮ ਲੋਕਾਂ ਵਲੋਂ ਕੀਤੇ ਜਾ ਰਹੇ ਉਪਰਾਲਿਆਂ ਸਦਕਾ ਹਾਸਲ ਹੋਣ ਵਾਲੀਆਂ ਪ੍ਰਾਪਤੀਆਂ ਲਈ ਵੀ ਆਸਵੰਦ ਹਾਂ। ਪਰ ਫਿਰ ਵੀ ਅਸੀਂ ਇਸ ਮੁਹਿੰਮ ਦੌਰਾਨ ਸਰਕਾਰੀ ਪੱਧਰ ’ਤੇ ਕਾਨੂੰਨ ਦੀ ਉਲੰਘਣਾ ਕਰਕੇ ਕੀਤੀਆਂ ਗਈਆਂ ਕਾਰਵਾਈਆਂ ਦੇ ਹਮਾਇਤੀ ਨਹੀਂ ਹਾਂ। ਨਸ਼ਾ ਤਸਕਰਾਂ ਤੇ ਇਸ ਧੰਦੇ ’ਚ ਸ਼ਾਮਿਲ ਕਾਰੋਬਾਰੀਆਂ ਦੇ ਖਿਲਾਫ਼ ਸਖ਼ਤ ਤੇ ਸਮਾਂਬਧ ਕਾਰਵਾਈ ਤਾਂ ਹੋਣੀ ਚਾਹੀਦੀ ਹੈ ਪਰ ਰਿਹਾਇਸ਼ਾਂ ਅਤੇ ਉਨ੍ਹਾਂ ਦੇ ਹੋਰ ਟਿਕਾਣਿਆਂ ਨੂੰ ਢਾਹੁਣਾ ਕਈ ਤਰ੍ਹਾਂ ਦੇ ਸੁਆਲ ਜ਼ਰੂਰ ਖੜ੍ਹੇ ਕਰਦਾ ਹੈ। ਅਜਿਹੀ ਕਾਰਵਾਈ ਬੇਕਸੂਰ ਪਰਿਵਾਰਕ ਮੈਂਬਰਾਂ ਅਤੇ ਹੋਰ ਸੰਬੰਧਿਤ ਲੋਕਾਂ ਨੂੰ ਵੀ ਪ੍ਰੇਸ਼ਾਨੀ ਵਿਚ ਪਾਉਂਦੀ ਹੈ। ਸੁਪਰੀਮ ਕੋਰਟ ਵੀ ਕਈ ਮਾਮਲਿਆਂ ਵਿਚ ਇਸ ਸੰਬੰਧੀ ਤਲਖ਼ ਟਿੱਪਣੀਆਂ ਕਰ ਚੁੱਕਾ ਹੈ। ਅਸੀਂ ਇਹ ਮੰਨਦੇ ਹਾਂ ਕਿ ਸਰਕਾਰ ਤੇ ਪ੍ਰਸ਼ਾਸਨ ਨੂੰ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਸਖ਼ਤ ਕਦਮ ਚੁੱਕਣ ਦਾ ਅਧਿਕਾਰ ਹੈ, ਪਰ ਇਹ ਕੁਝ ਕਾਨੂੰਨ ਦੇ ਦਾਇਰੇ ’ਚ ਹੀ ਹੋਣਾ ਚਾਹੀਦਾ ਹੈ। ਜੇਕਰ ਸਰਕਾਰ ਖ਼ੁਦ ਹੀ ਕਾਨੂੰਨ ਦੀ ਉਲੰਘਣਾ ਕਰਨ ਲੱਗ ਪਵੇ ਤਾਂ ਸਮੁੱਚੀ ਵਿਵਸਥਾ ਪ੍ਰਭਾਵਤ ਹੋਵੇਗੀ। ਇਸ ਲਈ ਨਸ਼ਿਆਂ ਤੇ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਨੂੰ ਬੇਸ਼ੱਕ ਆਪਣੀ ਮੰਜ਼ਿਲ ਤੱਕ ਪਹੁੰਚਾਇਆ ਜਾਵੇ, ਪਰ ਇਸ ਲਈ ਕੋਈ ਵੀ ਅਜਿਹੀ ਕਾਰਵਾਈ ਨਹੀਂ ਕੀਤੀ ਜਾਣੀ ਚਾਹੀਦੀ, ਜਿਸ ਨਾਲ ਸਰਕਾਰ ਦਾ ਆਪਣਾ ਅਕਸ ਪ੍ਰਭਾਵਿਤ ਹੋਵੇ ਤੇ ਉਸ ਦੇ ਕਾਨੂੰਨ ਦੀ ਉਲੰਘਣਾ ਦੇ ਵੀ ਦੋਸ਼ ਲੱਗਣ।

# ਮਨੁੱਖਤਾ ਨੂੰ ਨਿਗਲ ਰਿਹਾ ਅਤਿਵਾਦ

ਡਾ. ਗੁਰਤੇਜ ਸਿੰਘ

ਅਤਿਵਾਦ ਸ਼ਬਦ ਫਰੈਂਚ ਭਾਸ਼ਾ ਦੇ ਸ਼ਬਦ ‘ਟੈਰਿਜਮੇ’ ਤੋਂ ਬਣਿਆ ਹੈ, 1793-94 ਵਿੱਚ ਫਰੈਂਚ ਸਰਕਾਰ ਨੇ ਅਤਿਵਾਦੀ ਸ਼ਬਦ ਵਰਤਣਾ ਸ਼ੁਰੂ ਕੀਤਾ ਸੀ ਜਿਸ ਦਾ ਭਾਵ ਸੀ- ਨਿਰਦੋਸ਼ਾਂ ਦਾ ਖ਼ੂਨ ਕਰਨ ਵਾਲਾ। ਇਸ ਤੋਂ ਬਾਅਦ ਸੰਸਾਰ ਵਿੱਚ ਇਹ ਲਫਜ਼ ਸ਼ੁਰੂ ਹੋ ਗਿਆ। ਵਿਕਸਿਤ ਦੇਸ਼ਾਂ ਨੇ ਪੂਰੇ ਸੰਸਾਰ ’ਤੇ ਆਪਣੀ ਚੌਧਰ ਲਈ ਕੁਝ ਗ਼ਰੀਬ ਮੁਲਕਾਂ ਵਿੱਚ ਇਸ ਅਜਗਰ ਨੂੰ ਪਾਲਣ ਲਈ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਈਆਂ। ਇਨ੍ਹਾਂ ਵਿਕਾਸਸ਼ੀਲ ਦੇਸ਼ਾਂ ਨੇ ਇਸ ਨੂੰ ਆਪਣੇ ਉੱਤੇ ਵਿਕਸਿਤ ਦੇਸ਼ਾਂ ਦਾ ਰਹਿਮੋ-ਕਰਮ ਸਮਝਿਆ ਤੇ ਚੰਦ ਸਿੱਕਿਆਂ ਦੇ ਲਾਲਚ ਅਤੇ ਕੁਰਸੀ ਖ਼ਾਤਿਰ ਉੱਥੋਂ ਦੇ ਕੁਝ ਲੋਕਾਂ ਨੇ ਆਪਣਾ ਇਮਾਨ ਗਹਿਣੇ ਰੱਖਿਆ। ਸਮੇਂ ਦੇ ਗੇੜ ਨੇ ਉਨ੍ਹਾਂ ਨੂੰ ਵੀ ਉਸ ਥਾਂ ’ਤੇ ਲਿਆ ਖੜ੍ਹਾ ਕੀਤਾ ਜਿੱਥੇ ਉਹ ਪੂਰੀ ਦੁਨੀਆ ਨੂੰ ਰੱਖ ਕੇ ਬਾਦਸ਼ਾਹਤ ਦੇ ਰੰਗੀਨ ਖ਼ੁਆਬ ਦੇਖਦੇ ਸਨ। ਵਿਕਸਿਤ ਦੇਸ਼ਾਂ ਦੀ ਇਸ ਚਾਲ ਦਾ ਸ਼ਿਕਾਰ ਸਾਰਾ ਸੰਸਾਰ ਹੈ ਅਤੇ ਉਨ੍ਹਾਂ ਦੇ ਬੀਜੇ ਕੰਡੇ ਚੁਗਣ ਲਈ ਮਜਬੂਰ ਹੈ। ਬਾਰੂਦ ਦੇ ਢੇਰ ’ਤੇ ਬੈਠੀ ਦੁਨੀਆ ਵੱਲ ਅਤਿਵਾਦ ਰੂਪੀ ਅਜਗਰ ਫੁੰਕਾਰੇ ਮਾਰ ਰਿਹਾ ਹੈ। ਹਰ ਦਿਨ ਕਿਤੇ ਨਾ ਕਿਤੇ ਇਸ ਅਜਗਰ ਦੁਆਰਾ ਮਨੁੱਖਤਾ ਨੂੰ ਨਿਗਲਣ ਦੀਆਂ ਖ਼ਬਰਾਂ ਨਸ਼ਰ ਹੁੰਦੀਆਂ ਹਨ।

ਪਹਿਲਗਾਮ (ਜੰਮੂ ਕਸ਼ਮੀਰ) ਦੇ ਬੈਸਰਨ ਵਿੱਚ 22 ਅਪ੍ਰੈਲ ਨੂੰ ਅਤਿਵਾਦੀ ਹਮਲਾ ਹੋਇਆ। ਇਹ 2019 ਦੇ ਪੁਲਵਾਮਾ ਹਮਲੇ ਤੋਂ ਬਾਅਦ ਜੰਮੂ ਕਸ਼ਮੀਰ ਵਿੱਚ ਸਭ ਤੋਂ ਵੱਡਾ ਹਮਲਾ ਹੈ। ਅਤਿਵਾਦੀਆਂ ਨੇ ਸੈਲਾਨੀਆਂ ’ਤੇ ਗੋਲੀਬਾਰੀ ਕੀਤੀ, ਜਿਸ ਵਿੱਚ 2 ਵਿਦੇਸ਼ੀ ਸੈਲਾਨੀਆਂ ਸਮੇਤ 26 ਲੋਕ ਮਾਰੇ ਗਏ। 14 ਫਰਵਰੀ 2019 ਨੂੰ ਜੰਮੂ ਦੇ ਪੁਲਵਾਮਾ ਖੇਤਰ ਵਿੱਚ ਕੇਂਦਰੀ ਅਰਧ ਸੈਨਿਕ ਬਲਾਂ ਦੇ ਕਾਫਲੇ ’ਤੇ ਹਮਲਾ ਹੋਇਆ ਸੀ ਜਿਸ ਵਿੱਚ 42 ਜਵਾਨ ਮਾਰੇ ਗਏ ਸਨ। ਇਸ ਦੀ ਜ਼ਿੰਮੇਵਾਰੀ ਅਤਿਵਾਦੀ ਸੰਗਠਨ ਜੈਸ਼-ਏ-ਮੁਹੰਮਦ ਨੇ ਲਈ। 18 ਸਤੰਬਰ 2016 ਨੂੰ ਜੰਮੂ ਦੇ ਉੜੀ ਵਿੱਚ ਅਤਿਵਾਦੀਆਂ ਦੁਆਰਾ ਫੌਜ ਦੇ ਕੈਂਪ ’ਤੇ ਆਤਮਘਾਤੀ ਹਮਲਾ ਕੀਤਾ ਗਿਆ ਸੀ ਜਿਸ ’ਚ ਫੌਜ ਦੇ 17 ਜਵਾਨ ਮਾਰੇ ਗਏ ਸਨ। ਇਸ ਹਮਲੇ ਦਾ ਸਬੰਧ ਵੀ ਅਤਿਵਾਦੀ ਸੰਗਠਨ ਜੈਸ਼-ਏ-ਮੁਹੰਮਦ ਨਾਲ ਸੀ। ਇਹ ਅਤਿਵਾਦੀ ਹਮਲੇ ਪਹਿਲੇ ਨਹੀਂ ਹਨ ਤੇ ਸ਼ਾਇਦ ਆਖ਼ਿਰੀ ਵੀ ਨਹੀਂ। ਅਜਿਹੀਆਂ ਘਟਨਾਵਾਂ ਸਿਰਫ ਭਾਰਤ ਵਿੱਚ ਹੀ ਨਹੀਂ ਬਲਕਿ ਪੂਰੀ ਦੁਨੀਆ ਵਿੱਚ ਹੋ ਰਹੀਆਂ ਹਨ। ਪਾਕਿਸਤਾਨ ਵੀ ਇਸ ਤੋਂ ਨਹੀਂ ਬਚ ਸਕਿਆ।

20 ਜਨਵਰੀ 2016 ਨੂੰ ਪਾਕਿਸਤਾਨ ਦੇ ਸੂਬੇ ਖੈਬਰ ਪਖਤੂਨਖਵਾ ਦੀ ਬਾਚਾ ਖਾਨ ਯੂਨੀਵਰਸਿਟੀ ’ਤੇ ਚਾਰ ਅਤਿਵਾਦੀਆਂ ਦੁਆਰਾ ਆਤਮਘਾਤੀ ਹਮਲਾ ਕੀਤਾ ਗਿਆ। ਇਸ ਵਿੱਚ ਨਿਹੱਥੇ, ਨਿਰਦੋਸ਼ ਵਿਦਿਆਰਥੀਆਂ ਨਾਲ ਅਧਿਆਪਕਾਂ ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਹਮਲੇ ਵਿੱਚ 18 ਵਿਦਿਆਰਥੀਆਂ, ਇੱਕ ਪ੍ਰੋਫੈਸਰ ਅਤੇ ਇੱਕ ਹੋਰ ਸ਼ਖ਼ਸ ਦੀ ਮੌਤ ਹੋ ਗਈ ਸੀ। ਤਿੰਨ ਦਰਜਨ ਵਿਦਿਆਰਥੀ ਜ਼ਖਮੀ ਹੋਏ ਸਨ। ਇਸ ਤੋਂ ਪਹਿਲਾਂ 16 ਦਸੰਬਰ 2014 ਵਿੱਚ ਪਾਕਿਸਤਾਨ ਦੇ ਪੇਸ਼ਾਵਰ ਦੇ ਫ਼ੌਜੀ ਸਕੂਲ ’ਤੇ ਭਿਆਨਕ ਹਮਲਾ ਹੋਇਆ ਸੀ ਜਿਸ ਦੇ ਫਲਸਰੂਪ 134 ਬੱਚਿਆਂ ਦੀ ਮੌਤ ਹੋ ਗਈ ਸੀ ਅਤੇ ਵੱਡੀ ਗਿਣਤੀ ਵਿੱਚ ਬੱਚੇ ਤੇ ਸਕੂਲ ਦੇ ਕਰਮਚਾਰੀ ਜ਼ਖਮੀ ਹੋ ਗਏ ਸਨ। ਇਨ੍ਹਾਂ ਦੋਹਾਂ ਘਟਨਾਵਾਂ ਦੀ ਜ਼ਿੰਮੇਵਾਰੀ ਤਹਿਰੀਕ-ਏ-ਤਾਲਿਬਾਨ ਗੁੱਟ ਨੇ ਲਈ ਸੀ। ਉਸ ਵਕਤ ਇਸ ਹਰਕਤ ਦਾ ਆਲਮੀ ਪੱਧਰ ’ਤੇ ਬਹੁਤ ਵਿਰੋਧ ਹੋਇਆ ਸੀ। ਅਗਰ ਵੇਲੇ ਸਿਰ ਠੋਸ ਕਾਰਵਾਈ ਕੀਤੀ ਜਾਂਦੀ ਤਾਂ ਸ਼ਾਇਦ ਕਿੰਨੀਆਂ ਦਹਿਸ਼ਤੀ ਘਟਨਾਵਾਂ ਨੂੰ ਰੋਕਿਆ ਜਾ ਸਕਦਾ ਸੀ ਪਰ ਕਾਰਵਾਈ ਕਰਨ ਲਈ ਦ੍ਰਿੜ ਇੱਛਾ ਸ਼ਕਤੀ ਦੀ ਜ਼ਰੂਰਤ ਹੁੰਦੀ ਹੈ।



ਭਾਰਤ ਦੁਨੀਆ ਦਾ ਛੇਵਾਂ ਦੇਸ਼ ਹੈ ਜੋ ਅਤਿਵਾਦ ਨਾਲ ਬੁਰੀ ਤਰ੍ਹਾਂ ਪੀੜਤ ਹੈ। ਸੰਸਾਰ ਦੇ 43 ਸਰਗਰਮ ਅਤਿਵਾਦੀ ਸੰਗਠਨਾਂ ਵਿੱਚੋਂ ਕਈ ਭਾਰਤ ਵਿੱਚ ਵੀ ਸਰਗਰਮ ਹਨ। ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐੱਸਆਈ ਭਾਰਤ ਵਿੱਚ ਗੜਬੜੀ ਫੈਲਾਉਣ ਦੀ ਤਾਕ ਵਿੱਚ ਰਹਿੰਦੀ ਹੈ। ਮਕਬੂਜ਼ਾ ਕਸ਼ਮੀਰ ਵਿੱਚ ਅਤਿਵਾਦੀ ਸਿਖਲਾਈ ਕੇਂਦਰ ਚੱਲ ਰਹੇ ਹਨ ਜਿੱਥੋਂ ਉਹ ਭਾਰਤ ਵਿੱਚ ਘੁਸਪੈਠ ਕਰਦੇ ਹਨ। ਪੰਜਾਬ ਦੀ ਸਰਹੱਦ ਰਾਹੀਂ ਅਤਿਵਾਦੀ ਘੁਸਪੈਠ ਅਤੇ ਨਸ਼ਿਆਂ ਦੀ ਸਮਗਲਿੰਗ ਦੀਆਂ ਕੋਸ਼ਿਸ਼ਾਂ ਹੁੰਦੀਆਂ ਹਨ ਤੇ ਕਾਫੀ ਹੱਦ ਤੱਕ ਕਾਮਯਾਬ ਵੀ ਹੁੰਦੀਆਂ ਹਨ। ਦੀਨਾਨਗਰ ਅਤੇ ਪਠਾਨਕੋਟ ਏਅਰਬੇਸ ’ਤੇ ਹਮਲੇ ਸਮੇਂ ਅਤਿਵਾਦੀ ਇਸੇ ਰਸਤੇ ਹੀ ਪਹੁੰਚੇ ਸਨ। ਉਂਝ, ਇਹ ਗੱਲ ਵੀ ਸਾਹਮਣੇ ਆਈ ਹੈ ਕਿ ਉਸ ਵੇਲੇ ਖ਼ੁਫੀਆ ਤੰਤਰ ਦੀ ਸੂਚਨਾ ਨੂੰ ਸੰਜੀਦਗੀ ਨਾਲ ਨਹੀਂ ਲਿਆ ਗਿਆ ਸੀ।

ਦੇਸ਼ ਦੀ ਸੰਸਦ ਅਤੇ ਤਾਜ ਹੋਟਲ ਵਿੱਚ ਹਮਲੇ ਸਮੇਂ ਸੁਰੱਖਿਆ ਪ੍ਰਬੰਧਾਂ ਦੀ ਪੋਲ ਖੁੱਲ੍ਹ ਗਈ ਸੀ। ਮੁਲਕ ਵਿੱਚ ਫੈਲੇ ਭ੍ਰਿਸ਼ਟਾਚਾਰ ਦਾ ਕਰੂਪ ਚਿਹਰਾ ਉਸ ਸਮੇਂ ਜੱਗ ਜ਼ਾਹਿਰ ਹੋ ਗਿਆ ਸੀ; ਗ਼ੈਰ-ਮਿਆਰੀ ਸਾਜ਼ੋ-ਸਮਾਨ ਕਾਰਨ ਦੇਸ਼ ਦੇ ਜਾਂਬਾਜ਼ ਅਫਸਰ ਫੌਤ ਹੋ ਗਏ ਸਨ ਜੋ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਸੀ। ਪੰਜਾਬ ਨੇ ਵੀ ਡੇਢ ਦਹਾਕੇ ਅਤਿਵਾਦ ਦਾ ਸੰਤਾਪ ਹੰਢਾਇਆ। ਇਸ ਕਾਲੇ ਸਮੇਂ ਦੌਰਾਨ ਲੋਕਾਂ ਨੂੰ ਦੋਹਰੀ ਮਾਰ ਪਈ; ਅਤਿਵਾਦੀਆਂ ਦੀ ਅਤੇ ਪੁਲੀਸ ਦੀ ਵੀ। ਅਤਿਵਾਦੀਆਂ ਦੇ ਨਾਂ ’ਤੇ ਪੁਲੀਸ ਨੇ ਨਿਰਦੋਸ਼ਾਂ ਦਾ ਖ਼ੂਨ ਵਹਾਇਆ। ਦੋ ਦਹਾਕਿਆਂ ਦੌਰਾਨ ਢਾਈ ਲੱਖ ਲੋਕ ਸਿੱਧੇ ਅਸਿੱਧੇ ਤੌਰ ’ਤੇ ਅਤਿਵਾਦ ਨਾਲ ਪ੍ਰਭਾਵਿਤ ਹੋਏ।

ਦੁਨੀਆ ਦੀ ਨੰਬਰ ਇੱਕ ਮਹਾਂ ਸ਼ਕਤੀ ਵਜੋਂ ਜਾਣਿਆ ਜਾਂਦਾ ਅਮਰੀਕਾ ਪਾਕਿਸਤਾਨ ਦਾ ਵੱਡਾ ਹਿਤੈਸ਼ੀ ਰਿਹਾ ਹੈ ਜਿਸ ਦੀ ਸਰਪ੍ਰਸਤੀ ਹੇਠ ਅਤਿਵਾਦ ਵਧਿਆ ਫੁੱਲਿਆ। ਹੌਲੀ-ਹੌਲੀ ਅਤਿਵਾਦੀਆਂ ਨੇ ਉਨ੍ਹਾਂ ਖਿਲਾਫ ਹੀ ਝੰਡਾ ਬੁਲੰਦ ਕਰ ਦਿੱਤਾ ਜਿਸ ਦਾ ਖਮਿਆਜ਼ਾ ਅਮਰੀਕੀਆਂ ਨੂੰ 11 ਸਤੰਬਰ 2001 ਨੂੰ ਭੁਗਤਣਾ ਪਿਆ। ਅਮਰੀਕਾ ਦੇ ਨਿਊਯਾਰਕ ਸ਼ਹਿਰ ਵਿੱਚ ਵਰਲਡ ਟਰੇਡ ਸੈਂਟਰ ਦੇ ਟਾਵਰਾਂ ’ਤੇ ਅਤਿਵਾਦੀ ਹਮਲੇ ਨੇ ਅਮਰੀਕਾ ਨੂੰ ਹਿਲਾ ਕੇ ਰੱਖ ਦਿੱਤਾ ਸੀ। ਅਤਿਵਾਦੀਆਂ ਨੇ ਹਵਾਈ ਜਹਾਜ਼ ਵਰਤ ਕੇ ਵਰਲਡ ਟਰੇਡ ਸੈਂਟਰ ਦੀ ਇਮਾਰਤ ਪਲਾਂ ਅੰਦਰ ਖ਼ਾਕ ਕਰ ਦਿੱਤੀ। ਸ਼ਾਇਦ ਅਮਰੀਕਾ ਨੂੰ ਉਸ ਦਿਨ ਅਹਿਸਾਸ ਜ਼ਰੂਰ ਹੋਇਆ ਹੋਵੇਗਾ ਕਿ ਦੂਜਿਆਂ ਲਈ ਪੁੱਟਿਆ ਟੋਆ ਕਿਸ ਤਰ੍ਹਾਂ ਆਪਣੇ ਲਈ ਖ਼ੂਹ ਹੋ ਨਿੱਬੜਦਾ ਹੈ। ਨਿਰਦੋਸ਼ ਲੋਕਾਂ ਦੀ ਮੌਤ ਤੋਂ ਬਾਅਦ ਉੱਥੇ ਵਸਦੇ ਸਿੱਖਾਂ ਅਤੇ ਮੁਸਲਮਾਨਾਂ ਨੂੰ ਅਤਿਵਾਦੀ ਸਮਝ ਕੇ ਲੋਕਾਂ ਨੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਸਨ। ਨਸਲੀ ਹਮਲਿਆਂ ਨੇ ਅੱਜ ਵੀ ਇਨ੍ਹਾਂ ਲੋਕਾਂ ਦਾ ਜੀਣਾ ਮੁਸ਼ਕਿਲ ਕੀਤਾ ਹੋਇਆ ਹੈ।

ਗਲੋਬਲ ਅਤਿਵਾਦ ਇੰਡੈਕਸ ਅਨੁਸਾਰ, ਵਿਸ਼ਵ ਅੰਦਰ ਅਤਿਵਾਦ ਕਾਰਨ ਹੋਣ ਵਾਲੀਆਂ ਮੌਤਾਂ ਵਿੱਚ 61 ਫੀਸਦੀ ਵਾਧਾ ਹੋਇਆ ਹੈ। ਇਰਾਕ, ਅਫਗਾਨਿਸਤਾਨ, ਪਾਕਿਸਤਾਨ, ਨਾਈਜੀਰੀਆ ਤੇ ਸੀਰੀਆ ਵਿੱਚ ਵਿੱਚ 80 ਫੀਸਦੀ ਮੌਤਾਂ ਦਾ ਕਾਰਨ ਅਤਿਵਾਦ ਹੈ। ਪਿਛਲੇ 14 ਸਾਲਾਂ ਵਿੱਚ ਵਿਸ਼ਵ ਅੰਦਰ 48000 ਤੋਂ ਵੱਧ ਅਤਿਵਾਦੀ ਘਟਨਾਵਾਂ ਹੋਈਆਂ ਜਿਨ੍ਹਾਂ ਵਿੱਚ ਇੱਕ ਲੱਖ ਸੱਤ ਹਜ਼ਾਰ ਲੋਕ ਮਾਰੇ ਗਏ।

ਅੱਜ ਅਤਿਵਾਦ ਅਜਗਰ ਵਾਂਗ ਮਨੁੱਖਤਾ ਨੂੰ ਨਿਗਲ ਰਿਹਾ ਹੈ। ਸੰਸਾਰ ਅੰਦਰ ਧਾਰਮਿਕ, ਰਾਜਨੀਤਕ, ਖੇਤਰਵਾਦ ਆਦਿ ਅਨੇਕ ਰੂਪ ਵਿੱਚ ਅਤਿਵਾਦ ਦਿਨੋ-ਦਿਨ ਪੈਰ ਪਸਾਰ ਰਿਹਾ ਹੈ। ਸੋਸ਼ਲ ਮੀਡੀਆ ਨੂੰ ਵੀ ਇਨ੍ਹਾਂ ਕੰਮਾਂ ਲਈ ਵਰਤਿਆ ਜਾ ਰਿਹਾ ਹੈ ਜਿੱਥੇ ਲੋਕਾਂ ਨੂੰ ਧਾਰਮਿਕ ਜਾਂ ਹੋਰ ਤਰੀਕੇ ਨਾਲ ਭਾਵਨਾਵਾਂ ਭੜਕਾ ਕੇ ਵਰਗਲਾ ਲਿਆ ਜਾਂਦਾ ਹੈ ਤੇ ਲੋਕ ਅਤਿਵਾਦ ਦੇ ਰਾਹ ਪੈ ਜਾਂਦੇ ਹਨ। ਅਤਿਵਾਦੀ ਸੰਗਠਨ ਇਸਲਾਮੀ ਸਟੇਟ ਵਿੱਚ ਪੜ੍ਹੇ ਲਿਖੇ ਨੌਜਵਾਨ ਸੋਸ਼ਲ ਸਾਈਟਾਂ ਦੇ ਜ਼ਰੀਏ ਲਗਾਤਾਰ ਸ਼ਾਮਿਲ ਹੋ ਰਹੇ ਹਨ। ਇਸਲਾਮੀ ਸਟੇਟ ਦੇ ਮੋਢੀ ਅਲ-ਬਗਦਾਦੀ ਨੇ ਔਰਤਾਂ ਅਤੇ ਬੱਚਿਆ ਦੀ ਖਾਸ ਫੌਜ ਤਿਆਰ ਕੀਤੀ ਸੀ। ਸੁਰੱਖਿਆ ਨਾਲ ਜੁੜੇ ਲੋਕ ਵੀ ਇਨ੍ਹਾਂ ਰਾਹੀਂ ਹੀ ਗੁਮਰਾਹ ਹੁੰਦੇ ਹਨ। ਬੇਰੁਜ਼ਗਾਰੀ, ਗ਼ਰੀਬੀ ਅਤੇ ਰਾਤੋ-ਰਾਤ ਅਮੀਰ ਹੋਣ ਦੀ ਹੋੜ ਨੇ ਲੋਕਾਂ ਨੂੰ ਇਸ ਪਾਸੇ ਰੁਖ਼ ਕਰਨ ਲਈ ਮਜਬੂਰ ਕੀਤਾ ਹੈ। ਸੌੜੇ ਸਿਆਸੀ ਹਿਤਾਂ ਦੀ ਪੂਰਤੀ ਅਤੇ ਚੌਧਰ ਕਾਇਮ ਕਰਨ ਲਈ ਵੀ ਅਤਿਵਾਦ ਦਾ ਸਹਾਰਾ ਲਿਆ ਜਾ ਰਿਹਾ ਹੈ।

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਕੈਨੇਡਾ: ਬਰੈਂਪਟਨ 'ਚ ਫਿਰੌਤੀਆਂ ਮੰਗਣ ਦੇ ਦੋਸ਼ ਹੇਠ ਤਿੰਨ ਪੰਜਾਬੀ ਨੌਜਵਾਨ ਗ੍ਰਿ਼ਫਤਾਰ

### ਗੋਲੀਆਂ ਚਲਾਉਣ ਤੋਂ ਬਾਅਦ ਧਮਕੀਆਂ ਦੇ ਕੇ ਵੱਡੀਆਂ ਰਕਮਾਂ ਮੰਗਦੇ ਸੀ



ਵੈਨਕੂਵਰ : ਪੀਲ ਪੁਲੀਸ ਨੇ ਕਾਰੋਬਾਰੀਆਂ ਤੋਂ ਫਿਰੌਤੀਆਂ ਮੰਗਣ ਵਾਲੇ ਤਿੰਨ ਪੰਜਾਬੀ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਨੌਜਵਾਨਾਂ ਨੇ ਪਿਛਲੇ ਦਿਨੀਂ ਕੁਈਨ ਸਟਰੀਟ ਅਤੇ ਕੈਨੇਡੀ ਰੋਡ ਦੱਖਣ ਸਥਿਤ ਵਪਾਰਕ ਅਦਾਰੇ 'ਤੇ ਗੋਲੀਆਂ ਚਲਾਉਣ ਤੋਂ ਬਾਅਦ ਮਾਲਕ ਨੂੰ ਫੋਨ ਕਰਕੇ ਫਿਰੌਤੀ ਦੀ ਵੱਡੀ ਰਕਮ ਮੰਗੀ ਸੀ। ਪੁਲੀਸ ਵੱਲੋਂ ਗ੍ਰਿ਼ਫਤਾਰ ਕੀਤੇ ਨੌਜਵਾਨਾਂ ਦੀ ਪਛਾਣ ਹਰਪਾਲ ਸਿੰਘ (34), ਰਾਜਨੂਰ ਸਿੰਘ (20) ਤੇ ਏਕਨੂਰ ਸਿੰਘ (22) ਤਿੰਨੇ ਵਾਸੀ ਬਰੈਂਪਟਨ ਵਜੋਂ ਦੱਸੀ ਗਈ ਹੈ। ਪੀਲ ਪੁਲੀਸ ਦੇ ਡਿਪਟੀ ਚੀਫ ਮਾਰਕ ਐਂਡਰਿਊ ਮੁਤਾਬਕ ਮੁਲਜ਼ਮਾਂ ਨੇ 30 ਅਪਰੈਲ ਨੂੰ ਉਕਤ ਵਪਾਰਕ ਅਦਾਰੇ ਨੂੰ ਨਿਸ਼ਾਨਾ ਬਣਾਉਂਦਿਆਂ ਕਈ ਗੋਲੀਆਂ ਚਲਾਉਣ ਤੋਂ ਬਾਅਦ ਉਸ ਦੇ ਮਾਲਕ ਨੂੰ ਫੋਨ ਅਤੇ ਮੈਸੇਜ ਕਰਕੇ ਫਿਰੌਤੀ ਦੀ ਵੱਡੀ ਰਕਮ ਮੰਗੀ ਅਤੇ ਨਾ ਦੇਣ ਜਾਂ ਪੁਲੀਸ ਨੂੰ ਦੱਸਣ ਬਦਲੇ ਮਾਰ ਦੇਣ ਦੀ ਧਮਕੀ ਵੀ ਦਿੱਤੀ। ਉਂਝ ਗੋਲੀਆਂ ਚਲਾਉਣ ਮੌਕੇ ਵਪਾਰਕ ਅਦਾਰੇ ਅੰਦਰ ਕੋਈ ਨਹੀਂ ਸੀ, ਜਿਸ ਕਾਰਨ ਕਿਸੇ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਹਾਲਾਂਕਿ ਮੌਕੇ 'ਤੇ ਲੱਗੇ ਸਕਿਓਰਿਟੀ ਉਪਕਰਨਾਂ ਵਿੱਚ ਮੁਲਜ਼ਮਾਂ ਦੀਆਂ ਤਸਵੀਰਾਂ ਤੇ ਹਰਕਤਾਂ ਰਿਕਾਰਡ ਹੋ ਗਈਆਂ। ਨੇੜਲੇ ਲੋਕਾਂ ਦੀ ਮਦਦ ਨਾਲ ਜਲਦੀ ਹੀ ਇਨ੍ਹਾਂ ਨੌਜਵਾਨਾਂ ਦੀ ਪਛਾਣ ਵੀ ਹੋ ਗਈ ਤੇ 2 ਮਈ ਨੂੰ ਤਿੰਨਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਅਗਲੇ ਦਿਨਾਂ ਵਿੱਚ ਉਨ੍ਹਾਂ ਨੂੰ ਚਾਰਜਸ਼ੀਟ ਸਮੇਤ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਪੁਲੀਸ ਅਧਿਕਾਰੀ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਪੀੜਤ ਨੇ ਡਰ ਕਰਕੇ ਅਜੇ ਤੱਕ ਪੁਲੀਸ ਨੂੰ ਨਹੀਂ ਦੱਸਿਆ ਤਾਂ ਉਹ ਖੁੱਲ੍ਹ ਕੇ ਦੱਸ ਸਕਦਾ ਹੈ ਤੇ ਉਸ ਨੂੰ ਮੁਲਜ਼ਮਾਂ ਦੀ ਸ਼ਨਾਖਤ ਕਰਨ ਦਾ ਮੌਕਾ ਦਿੱਤਾ ਜਾਵੇਗਾ।

# ਫਲੋਰਿਡਾ 'ਚ ਵੱਡੇ ਆਪ੍ਰੇਸ਼ਨ ਦੌਰਾਨ 4 ਦਿਨਾਂ 'ਚ 800 ਪ੍ਰਵਾਸੀਆਂ ਨੂੰ ਕੀਤਾ ਗ੍ਰਿਫਤਾਰ

### ਰਾਜ ਤੇ ਕੇਂਦਰੀ ਏਜੰਸੀਆਂ ਨੇ ਆਪਸੀ ਸਹਿਯੋਗ ਲਈ ਸਮਝੌਤੇ ਉਪਰ ਕੀਤੇ ਦਸਤਖਤ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਯੂ ਐਸ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਫਲੋਰਿਡਾ ਵਿਚ ਸਟੇਟ ਲਾਅ ਇਨਫੋਰਸਮੈਂਟ ਅਫਸਰਾਂ ਦੇ ਸਹਿਯੋਗ ਨਾਲ ਇਕ ਵੱਡੀ ਕਾਰਵਾਈ ਦੌਰਾਨ 4 ਦਿਨਾਂ ਵਿੱਚ ਤਕਰੀਬਨ 800 ਪ੍ਰਵਾਸੀਆਂ ਨੂੰ ਗ੍ਰਿਫਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਮਿਆਮੀ ਵਿਚਲੇ ਆਈ ਸੀ ਈ ਦਫਤਰ ਨੇ ਆਪਰੇਸ਼ਨ ਨੂੰ ਇਕ ਵੱਡੀ ਸਫਲਤਾ ਕਰਾਰ ਦਿੱਤਾ ਹੈ ਤੇ ਕਿਹਾ ਹੈ ਕਿ ਰਾਜ ਤੇ ਸੰਘ ਦੇ ਸਹਿਯੋਗ ਨਾਲ ਕੀਤੀ ਇਹ ਕਾਰਵਾਈ ਆਪਣੀ ਕਿਸਮ ਦੀ ਹੈ। ਫਲੋਰਿਡਾ ਦੇ ਗਵਰਨਰ ਰੌਨ ਡੀਸੈਨਟਿਸ ਨੇ ਕਾਰਵਾਈ ਦੀ ਪ੍ਰਸ਼ੰਸਾ ਕੀਤੀ ਹੈ। ਉਨ੍ਹਾਂ ਨੇ ਐਕਸ ਉਪਰ ਪਾਏ ਇਕ ਬਿਆਨ ਵਿਚ ਕਿਹਾ ਹੈ ਕਿ ਫਲੋਰਿਡਾ ਤੇ ਡਿਪਾਰਟਮੈਂਟ ਆਫ ਹੋਮ ਲੈਂਡ ਸਕਿਉਰਿਟੀ ਵੱਲੋਂ ਸਾਂਝੇ ਤੌਰ 'ਤੇ ਕੀਤੀ ਕਾਰਵਾਈ ਸਫਲਤਾ ਦੀ ਇਕ ਵੱਡੀ ਉਦਾਹਰਣ ਹੈ। ਰਾਜ ਤੇ ਸੰਘ ਵਿਚਾਲੇ ਸਹਿਯੋਗ ਨਾਲ ਗੈਰ ਕਾਨੂੰਨੀ ਪ੍ਰਵਾਸੀਆਂ ਵਿਰੁੱਧ ਕਾਰਵਾਈ ਦੇ ਚੰਗੇ ਨਤੀਜੇ ਨਿਕਲਣਗੇ। ਉਨ੍ਹਾਂ ਇਕ ਵੱਖਰੀ ਪੋਸਟ ਵਿਚ ਲਿਖਿਆ ਹੈ ਕਿ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਵਿੱਚ ਟਰੰਪ ਪ੍ਰਸ਼ਾਸਨ ਦੇ ਯਤਨ ਵਿੱਚ ਫਲੋਰਿਡਾ ਅਗਵਾਈ ਕਰ ਰਿਹਾ ਹੈ। ਫਲੋਰਿਡਾ ਦੇ ਰਿਪਬਲੀਕਨ ਆਗੂਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੋ ਅਫਸਰ ਸੰਘੀ ਸਰਕਾਰ ਦੀਆਂ ਇਮੀਗ੍ਰੇਸ਼ਨ ਕੋਸ਼ਿਸ਼ਾਂ ਵਿਚ ਸਹਿਯੋਗ ਕਰਨ ਤੋਂ ਨਾਂਹ ਕਰਨਗੇ ਉਨ੍ਹਾਂ ਵਿਰੁੱਧ ਕਾਰਵਾਈ ਹੋਵੇਗੀ ਤੇ ਰਾਜ ਦਾ ਕਾਨੂੰਨ ਅਜਿਹੇ ਅਫਸਰਾਂ ਨੂੰ ਅਹੁਦੇ ਤੋਂ ਹਟਾਉਣ ਦੀ ਇਜ਼ਾਜਤ ਦਿੰਦਾ ਹੈ। ਗਵਰਨਰ ਅਨੁਸਾਰ ਫਲੋਰਿਡ ਹਾਈਵੇਅ ਪਟਰੋਲ, ਦ ਫਲੋਰਿਡਾ ਡਿਪਾਰਟਮੈਂਟ ਆਫ ਲਾਅ ਇਨਫੋਰਸਮੈਂਟ, ਦ ਫਲੋਰਿਡਾ ਸਟੇਟ ਗਾਰਡ, ਦ ਫਲੋਰਿਡਾ ਡਿਪਾਰਟਮੈਂਟ ਆਫ ਐਗਰੀਕਲਚਰਲ ਲਾਅ ਇਨਫੋਰਮੈਂਟ ਤੇ ਫਲੋਰਿਡਾ ਫਿਸ਼ ਐਂਡ ਵਾਈਲਡ ਲਾਈਫ ਕੰਜਰਵੇਸ਼ਨ ਕਮਿਸ਼ਨ ਸਮੇਤ ਰਾਜ ਦੀਆਂ ਸਮੁੱਚੀਆਂ ਏਜੰਸੀਆਂ ਨੇ ਆਈ ਸੀ ਈ ਨਾਲ ਸਹਿਯੋਗ ਕਰਨ ਲਈ ਇਕ ਸਮਝੌਤੇ ਉਪਰ ਦਸਤਖਤ ਕੀਤੇ ਹਨ।



ਫਲੋਰਿਡਾ ਵਿਚ ਪ੍ਰਵਾਸੀਆਂ ਵਿਰੁੱਧ ਕਾਰਵਾਈ ਦੌਰਾਨ ਨਜਰ ਆ ਰਹੇ ਅਫਸਰ

# ਅਮਰੀਕਾ ਰਾਜ ਦੇ ਸੂਬੇ ਜਾਰਜੀਆ ਵਿੱਚ ਗੇਮਿੰਗ ਮਸ਼ੀਨਾਂ ਚਲਾਉਣ ਦੇ ਦੋਸ਼ ਵਿੱਚ 5 ਗੁਜਰਾਤੀ-ਭਾਰਤੀ ਗ੍ਰਿ਼ਫਤਾਰ

ਨਿਊਯਾਰਕ, (ਰਾਜ ਗੋਗਨਾ) : ਬੀਤੇ ਦਿਨ ਅਮਰੀਕਾ ਦੇ ਜਾਰਜੀਆ ਵਿੱਚ ਸਥਾਨਕ ਪੁਲਿਸ ਨੇ ਪੰਜ ਗੁਜਰਾਤੀ- ਭਾਰਤੀ ਲੋਕਾਂ ਨੂੰ ਕਥਿਤ ਤੌਰ 'ਤੇ ਗੈਰ-ਕਾਨੂੰਨੀ ਢੰਗ ਦੇ ਨਾਲ ਗੇਮਿੰਗ ਮਸ਼ੀਨਾਂ ਚਲਾਉਣ ਦੇ ਦੋਸ਼ ਵਿੱਚ ਗ੍ਰਿ਼ਫਤਾਰ ਕੀਤਾ ਹੈ। ਗਲੇਨ ਕਾਉਂਟੀ ਪੁਲਿਸ ਵਿਭਾਗ ਦੇ ਅਨੁਸਾਰ, ਬਰੰਸਵਿਕ ਵਿੱਚ ਚੱਲ ਰਹੇ ਕੁੱਲ ਛੇ ਵੱਖ-ਵੱਖ ਕਾਰੋਬਾਰਾਂ 'ਤੇ ਪੁਲਿਸ ਵਲੋਂ ਉਹਨਾਂ ਵੱਲੋ ਕੀਤੀ ਗਈ, ਛਾਪੇਮਾਰੀ ਦੇ ਦੌਰਾਨ ਜਿਸ ਵਿੱਚ ਪੰਜ ਗੁਜਰਾਤੀ- ਭਾਰਤੀਆਂ ਸਮੇਤ ਛੇ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ। ਹਾਲਾਂਕਿ, ਪੁਲਿਸ ਨੇ ਅਜੇ ਤੱਕ ਪੁਸ਼ਟੀ ਨਹੀਂ ਕੀਤੀ ਹੈ ਕਿ ਉਹ ਕਾਰੋਬਾਰੀ ਦੇ ਮਾਲਕ ਹਨ ਜਾਂ ਕਰਮਚਾਰੀ ਹਨ ਦੱਸਣਯੋਗ ਹੈ ਕਿ ਸਿੱਕਿਆਂ ਦੇ ਨਾਲ ਚੱਲਣ ਵਾਲੀਆਂ ਮਨੋਰੰਜਨ ਮਸ਼ੀਨਾਂ ਚਲਾਉਣ ਵਿੱਚ ਸ਼ਾਮਲ ਇਹ ਸਾਰੇ ਲੋਕ ਗੈਰ-ਕਾਨੂੰਨੀ ਨਕਦੀ ਵੰਡ ਦੇ ਦੋਸ਼ੀ ਪਾਏ ਗਏ ਹਨ, ਪੁਲਿਸ ਨੇ ਅਜੇ ਤੱਕ ਪੁਸ਼ਟੀ ਨਹੀਂ ਕੀਤੀ ਹੈ ਕਿ ਉਹ ਕਾਰੋਬਾਰੀ ਮਾਲਕ ਹਨ ਜਾਂ ਕਰਮਚਾਰੀ। ਜ਼ਿਆਦਾਤਰ ਅਜਿਹੇ ਮਾਮਲਿਆਂ ਵਿੱਚ, ਨਾ ਸਿਰਫ਼ ਸਟੋਰ ਮਾਲਕ 'ਤੇ ਮੁਕੱਦਮਾ ਚਲਾਇਆ ਜਾਂਦਾ ਹੈ, ਸਗੋਂ ਉੱਥੇ ਕੰਮ ਕਰਨ ਵਾਲੇ ਵਿਅਕਤੀ ਨੂੰ ਵੀ ਜੇਲ੍ਹ ਜਾਣਾ ਪੈਂ ਸਕਦਾ ਹੈ ।




CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਰਜਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. #40524


LM Trans
LM RANS
Georgia
NC, SC, GA, FL, AL, LA, MS to CA, AZ, NV,
CA, AZ, NV to NC, SC, GA, FL, AL, LA, MS
• ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
• ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
• ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
• ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।
ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ
Lokesh Kumar
470 334 0020
7437 avalon blvd, alpharetta, ga 30022
lmtrans868@gmail.com

# ਯੂ.ਕੇ. ਵਲੋਂ ਦੂਜੇ ਵਿਸ਼ਵ ਯੁੱਧ ਦੀ 80ਵੀਂ ਵਰ੍ਹੇਗੰਢ ਮਨਾਏ ਜਾਣ 'ਤੇ ਭਾਰਤੀ ਯੋਗਦਾਨਾਂ ਦਾ ਸਵਾਗਤ



**ਬ੍ਰਿਟੇਨ ਦੇ ਰਾਜਾ ਚਾਰਲਸ (ਤੀਸਰੇ), ਰਾਣੀ ਕੈਮਿਲਾ ਤੇ ਪ੍ਰਿੰਸ ਐਂਡ ਪ੍ਰਿੰਸੈਸ ਆਫ ਵੇਲਜ਼ ਪ੍ਰਿੰਸ ਜਾਰਜ, ਪ੍ਰਿੰਸੈਸ ਸਾਰਲੋਟ ਤੇ ਪ੍ਰਿੰਸ ਲੂਈਸ ਨਾਲ, ਲੰਡਨ ਵਿਚ ਵੀ-ਈ ਡੇਅ 80ਵੀਂ ਵਰ੍ਹੇਗੰਢ ਪਰੇਡ ਦੌਰਾਨ ਫਲਾਈਪਾਸਟ ਦੇਖਣ ਲਈ ਬਕਿੰਘਮ ਪੈਲੇਸ ਦੀ ਬਾਲਕੋਨੀ ਵਿਚ ਦਿਖਾਈ ਦਿੰਦੇ ਹੋਏ।**

ਲੰਡਨ : ਰਾਜਾ ਚਾਰਲਸ ਤੀਜੇ ਨੇ ਸੋਮਵਾਰ ਨੂੰ ਯੂ.ਕੇ. ਵਲੋਂ ਦੂਜੇ ਵਿਸ਼ਵ ਯੁੱਧ ਦੇ ਅੰਤ ਦੀ 80ਵੀਂ ਵਰ੍ਹੇਗੰਢ ਦੇ ਜਸ਼ਨਾਂ ਦੀ ਅਗਵਾਈ ਕੀਤੀ, ਜਿਸਨੂੰ ਯੂਰਪ ਵਿਚ ਜਿੱਤ ਦਿਵਸ ਕਿਹਾ ਜਾਂਦਾ ਹੈ, ਇੱਕ ਨਵੇਂ ਜਨਤਕ ਸਰਵੇਖਣ ਦੇ ਨਾਲ ਜਿਸ ਵਿਚ ਯੁੱਧ ਦੇ ਯਤਨਾਂ ਵਿਚ ਭਾਰਤੀਆਂ ਦੇ ਯੋਗਦਾਨ ਨੂੰ ਵਧੇਰੇ ਮਾਨਤਾ ਦੇਣ ਦੀ ਮੰਗ ਕੀਤੀ ਗਈ ਹੈ। 2.5 ਮਿਲੀਅਨ ਦੀ ਮਜ਼ਬੂਤ ਬ੍ਰਿਟਿਸ਼ ਭਾਰਤੀ ਫੌਜ, ਜੋ ਉਸ ਸਮੇਂ ਬਸਤੀਵਾਦੀ ਸ਼ਾਸਨ ਅਧੀਨ ਸੀ, ਨੇ ਨਾਜ਼ੀ ਜਰਮਨੀ ਨੂੰ ਹਰਾਉਣ ਲਈ ਸਹਿਯੋਗੀ ਫੌਜਾਂ ਦੇ ਨਾਲ ਮਿਲ ਕੇ ਲੜਾਈ ਲੜੀ, ਜਿਸਦੀ ਜਿੱਤ ਮਈ 1945 ਵਿਚ ਬ੍ਰਿਟੇਨ ਦੇ ਯੁੱਧ ਸਮੇਂ ਦੇ ਪ੍ਰਧਾਨ ਮੰਤਰੀ ਵਿੰਸਟਨ ਚਰਚਿਲ ਦੁਆਰਾ ਐਲਾਨੀ ਗਈ ਸੀ। ਉਨ੍ਹਾਂ ਵਿਚ ਅਫਰੀਕਾ ਤੇ ਕੈਰੇਬੀਅਨ ਦੇ ਹੋਰ ਰਾਸ਼ਟਰਮੰਡਲ ਸੈਨਿਕ ਸ਼ਾਮਿਲ ਹੋਏ, ਇੱਕ ਸ਼ਮੂਲੀਅਤ ਨੂੰ ਵੱਡੀਆਂ ਲੜਾਈਆਂ, ਫੌਜੀ ਮੁਹਿੰਮਾਂ ਨੂੰ ਕਾਇਮ ਰੱਖਣ ਤੇ ਖੁਫੀਆ ਜਾਣਕਾਰੀ ਤੇ ਡਾਕਟਰੀ ਸਹਾਇਤਾ ਪ੍ਰਦਾਨ ਕਰਨ ਵਿਚ ਮਹੱਤਵਪੂਰਨ ਮੰਨਿਆ ਜਾਂਦਾ ਹੈ। ਲੰਡਨ ਸਥਿਤ ਥਿੰਕ ਟੈਂਕ ਬ੍ਰਿਟਿਸ਼ ਫਿਊਚਰ ਦੇ ਡਾਇਰੈਕਟਰ ਸੁੰਦਰ ਕਟਵਾਲਾ ਨੇ ਕਿਹਾ, 'ਸਾਨੂੰ ਦੱਖਣੀ ਏਸ਼ੀਆ, ਅਫਰੀਕਾ ਤੇ ਕੈਰੇਬੀਅਨ ਤੋਂ ਫੌਜਾਂ ਲਈ ਜਾਗਰੂਕਤਾ ਪੈਦਾ ਕਰਨ ਲਈ ਯਤਨ ਤੇਜ਼ ਕਰਨੇ ਚਾਹੀਦੇ ਹਨ।' 'ਸਾਡੇ ਵਿਚੋਂ ਲਗਭਗ ਅੱਧੇ ਲੋਕ ਦੂਜੇ ਵਿਸ਼ਵ ਯੁੱਧ ਵਿਚ ਭਾਰਤੀ ਫੌਜ ਦੀ ਭੂਮਿਕਾ ਬਾਰੇ ਨਹੀਂ ਜਾਣਦੇ, ਜਦੋਂ ਅਸੀਂ 2.5 ਮਿਲੀਅਨ ਸੈਨਿਕਾਂ ਬਾਰੇ ਗੱਲ ਕਰ ਰਹੇ ਹਾਂ। 86 ਫੀਸਦੀ ਨੇ ਵਿਸ਼ਵ ਯੁੱਧਾਂ ਵਿਚ ਬ੍ਰਿਟੇਨ ਲਈ ਲੜਨ ਵਾਲੇ ਸਾਰੇ ਲੋਕਾਂ ਨੂੰ ਯਾਦ ਕਰਨ ਦੀ ਜ਼ਰੂਰਤ 'ਤੇ ਸਹਿਮਤੀ ਪ੍ਰਗਟ ਕੀਤੀ, ਭਾਵੇਂ ਉਹ ਕਿੱਥੋਂ ਆਏ ਸਨ'। 'ਨਵੀਂ ਖੋਜ ਨੇ ਜਾਗਰੂਕਤਾ ਪੈਦਾ ਕਰਨ ਤੇ ਸਮਾਜਿਕ ਏਕਤਾ ਪੈਦਾ ਕਰਨ ਦੇ ਸਾਧਨ ਵਜੋਂ ਬ੍ਰਿਟਿਸ਼ ਸਕੂਲਾਂ ਵਿਚ ਪੜ੍ਹਾਏ ਜਾ ਰਹੇ ਵਿਸ਼ਵ ਯੁੱਧਾਂ ਵਿਚ ਰਾਸ਼ਟਰਮੰਡਲ ਯੋਗਦਾਨ ਦੀ ਮਹੱਤਤਾ ਨੂੰ ਉਜਾਗਰ ਕੀਤਾ। ਇਹ ਉਦੋਂ ਹੋਇਆ ਜਦੋਂ ਸਾਰਜੈਂਟ ਮੇਜਰ ਰਾਜਿੰਦਰ ਸਿੰਘ ਢੱਟ, ਜੋ ਕਿ ਬ੍ਰਿਟਿਸ਼ ਭਾਰਤੀ ਫੌਜ ਵਿਚ ਸੇਵਾ ਨਿਭਾਅ ਚੁੱਕੇ ਸਨ, ਨੇ ਸੋਮਵਾਰ ਨੂੰ ਦੂਜੇ ਵਿਸ਼ਵ ਯੁੱਧ ਦੇ ਨੌਂ ਹੋਰ ਸਾਥੀ ਸੈਨਿਕਾਂ ਨਾਲ ਮਿਲ ਕੇ ਗੱਠਜੋੜ ਰਾਹੀਂ ਇੱਕ ਖੁੱਲ੍ਹਾ ਪੱਤਰ ਜਾਰੀ ਕੀਤਾ।

# ਜੱਗੀ ਜੌਹਲ ਦੀ ਵਾਪਸੀ ਨੂੰ ਯਕੀਨੀ ਬਣਾਉਣ ਲਈ ਬਰਤਾਨੀਆ ਦੇ ਵਿਦੇਸ਼ ਮੰਤਰੀ ਨੂੰ 100 ਤੋਂ ਵੱਧ ਸੰਸਦ ਮੈਂਬਰਾਂ ਨੇ ਲਿਖੀ ਚਿੱਠੀ

ਲੰਡਨ : ਭਾਰਤ ਵਿਚ ਬੰਦ ਜਗਤਾਰ ਸਿੰਘ ਜੱਗੀ ਜੌਹਲ ਦੀ ਰਿਹਾਈ ਤੇ ਵਾਪਸੀ ਨੂੰ ਯਕੀਨੀ ਬਣਾਉਣ ਲਈ ਬਰਤਾਨੀਆ ਦੇ ਵਿਦੇਸ਼ ਮੰਤਰੀ ਨੂੰ 100 ਤੋਂ ਵੱਧ ਸੰਸਦ ਮੈਂਬਰਾਂ ਨੇ ਚਿੱਠੀ ਲਿਖੀ ਹੈ। ਸੰਸਦ ਮੈਂਬਰਾਂ ਨੇ ਵਿਦੇਸ਼ ਮੰਤਰੀ ਡੇਵਿਡ ਲੈਮੀ ਨੂੰ ਜਗਤਾਰ ਸਿੰਘ ਜੌਹਲ ਦੀ ਰਿਹਾਈ ਤੇ ਵਾਪਸੀ ਨੂੰ ਯਕੀਨੀ ਬਣਾਉਣ ਕਰਨ ਲਈ ਸਾਰੇ ਕੂਟਨੀਤਕ ਯਤਨਾਂ ਦੀ ਵਰਤੋਂ ਕਰਨ ਦੀ ਅਪੀਲ ਕੀਤੀ ਹੈ। ਸਿੱਖ ਫੈਡਰੇਸ਼ਨ ਯੂ.ਕੇ. ਵਲੋਂ ਭਾਈ ਜਸਪਾਲ ਸਿੰਘ ਨੇ ਮੀਡੀਆ ਨੂੰ ਜਾਰੀ ਬਿਆਨ ਵਿਚ ਕਿਹਾ ਹੈ ਕਿ ਵਿਦੇਸ਼ ਮੰਤਰੀ ਡੇਵਿਡ ਲੈਮੀ ਤੇ ਜਗਤਾਰ ਸਿੰਘ ਜੌਹਲ ਦੇ ਭਰਾ ਨਾਲ ਅਗਲੇ ਦਿਨਾਂ ਵਿਚ ਮੁਲਾਕਾਤ ਦੇ ਅਸਾਰ ਹਨ ਜਿਸ ਦੌਰਾਨ ਉਹ 4 ਮਾਰਚ ਨੂੰ ਜੱਗੀ ਦੇ ਇੱਕ ਕੇਸ 'ਚੋਂ ਬਰੀ ਹੋਣ ਤੋਂ ਬਾਅਦ ਯੂ.ਕੇ. ਸਰਕਾਰ ਵਲੋਂ ਕੀਤੇ ਗਏ ਯਤਨਾਂ ਬਾਰੇ ਵਿਚਾਰ ਕਰਨਗੇ। ਫੈਡਰੇਸ਼ਨ ਨੇ ਕਿਹਾ ਕਿ ਸੱਤ ਸਾਲਾਂ ਦੀ ਉਡੀਕ ਤੋਂ ਬਾਅਦ ਬਰੀ ਹੋਣ ਨੇ ਸਾਬਤ ਕੀਤਾ ਕਿ ਭਾਰਤੀ ਅਧਿਕਾਰੀਆਂ ਕੋਲ ਜਗਤਾਰ ਨੂੰ ਜੇਲ੍ਹ ਵਿਚ ਰੱਖਣ ਲਈ ਕੋਈ ਭਰੋਸੇਯੋਗ ਸਬੂਤ ਨਹੀਂ ਹਨ। ਸਿੱਖ ਫੈਡਰੇਸ਼ਨ (ਯੂ.ਕੇ.) ਨੇ ਬ੍ਰਿਟਿਸ਼ ਸਿੱਖਾਂ ਲਈ ਆਲ ਪਾਰਟੀ ਪਾਰਲੀਮੈਂਟਰੀ ਗਰੁੱਪ (ਏ.ਪੀ.ਪੀ.ਜੀ.) ਦੇ ਸਾਰੇ ਸੰਸਦ ਮੈਂਬਰਾਂ ਨੂੰ ਵਿਅਕਤੀਗਤ ਤੌਰ 'ਤੇ ਪੱਤਰ ਲਿਖ ਕੇ ਉਨ੍ਹਾਂ ਦਾ ਸਮਰਥਨ ਮੰਗਿਆ ਹੈ। ਉਕਤ ਪੱਤਰ 'ਤੇ ਹੁਣ ਤੱਕ 119 ਸੰਸਦ ਮੈਂਬਰਾਂ ਨੇ ਦਸਤਖ਼ਤ ਕੀਤੇ ਹਨ, ਪਰ ਦੋ ਲੇਬਰ ਸਿੱਖ ਸੰਸਦ ਮੈਂਬਰਾਂ ਨੇ ਪਹਿਲਾਂ ਪੱਤਰ 'ਤੇ ਦਸਤਖ਼ਤ ਕਰਨ ਤੋਂ ਬਾਅਦ ਆਪਣੇ ਨਾਮ ਵਾਪਸ ਲੈ ਲਏ ਹਨ। ਸਿੱਖ ਫੈਡਰੇਸ਼ਨ (ਯੂ.ਕੇ.) ਦੇ ਮੁੱਖ ਕਾਰਜਕਾਰੀ ਦਬਿੰਦਰਜੀਤ ਸਿੰਘ ਓ.ਬੀ.ਈ. ਨੇ ਕਿਹਾ ਕਿ ਸਾਨੂੰ ਜਗਤਾਰ ਦੀ ਤੁਰੰਤ ਰਿਹਾਈ ਤੇ ਉਸਦੇ ਪਰਿਵਾਰ ਨਾਲ ਵਾਪਸੀ ਲਈ ਭਾਰੀ ਸਮਰਥਨ ਮਿਲਿਆ ਹੈ। ਦਰਜਨ ਦੇ ਕਰੀਬ ਮੰਤਰੀ ਤੇ 5 ਕੈਬਨਿੱਟ ਮੰਤਰੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਵੀ ਜੱਗੀ ਦੀ ਰਿਹਾਈ ਦਾ ਮਾਮਲਾ ਵਿਦੇਸ਼ ਮੰਤਰੀ ਕੋਲ ਉਠਾਇਆ ਹੈ।



# ਅਮਰੀਕਾ 'ਚ ਭਾਰਤੀ ਵਿਦਿਆਰਥੀ ਗ੍ਰਿਫ਼ਤਾਰ

ਨਿਊਯਾਰਕ : ਅਮਰੀਕਾ ਵਿੱਚ ਇੱਕ 21 ਸਾਲਾ ਭਾਰਤੀ ਵਿਦਿਆਰਥੀ ਨੂੰ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀ ਵਜੋਂ ਪੇਸ਼ ਹੋ ਕੇ ਉੱਤਰੀ ਕੈਰੋਲੀਨਾ ਦੀ ਇੱਕ 78 ਸਾਲਾ ਔਰਤ ਨਾਲ ਧੋਖਾਧੜੀ ਕਰਨ ਦੀ ਕੋਸ਼ਿਸ਼ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਕਿਸ਼ਨ ਕੁਮਾਰ ਸਿੰਘ, ਜੋ ਕਿ 2024 ਤੋਂ ਵਿਦਿਆਰਥੀ ਵੀਜ਼ੇ 'ਤੇ ਓਹੀਓ ਦੇ ਸਿਨਸਿਨਾਟੀ ਇਲਾਕੇ ਵਿੱਚ ਰਹਿ ਰਿਹਾ ਹੈ, ਨੂੰ ਵੀਰਵਾਰ ਨੂੰ ਇੱਕ ਬਜ਼ੁਰਗ ਦਿਵਿਆਂਗ ਔਰਤ ਨਾਲ ਧੋਖਾਧੜੀ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ।

ਗਿਲਫੋਰਡ ਕਾਉਂਟੀ ਸ਼ੈਰਿਫ਼ ਦੇ ਦਫ਼ਤਰ (GCSO) ਨੇ ਇੱਕ ਬਿਆਨ ਵਿੱਚ ਕਿਹਾ ਕਿ ਪੀੜਤਾ ਨੇ ਅਧਿਕਾਰੀਆਂ ਨਾਲ ਸੰਪਰਕ ਕੀਤਾ ਅਤੇ ਦੱਸਿਆ ਕਿ ਉਸਨੂੰ GCSO ਅਧਿਕਾਰੀ ਅਤੇ ਸੰਘੀ ਏਜੰਟ ਹੋਣ ਦਾ ਦਾਅਵਾ ਕਰਨ ਵਾਲੇ ਲੋਕਾਂ ਦੇ ਫੋਨ ਆ ਰਹੇ ਸਨ। ਸਟੋਕਸਡੇਲ, ਉੱਤਰੀ ਕੈਰੋਲੀਨਾ ਦੀ ਰਹਿਣ ਵਾਲੀ ਪੀੜਤਾ ਨੂੰ ਫੋਨ ਕਰਨ ਵਾਲਿਆਂ ਨੇ ਦੱਸਿਆ ਕਿ ਉਸਦੇ ਬੈਂਕ ਖਾਤੇ ਵਿੱਚੋਂ ਪੈਸੇ ਕਢਵਾ ਲਏ ਗਏ ਹਨ ਅਤੇ 'ਇਸਨੂੰ ਸੁਰੱਖਿਅਤ ਰੱਖਣ' ਲਈ ਵੱਡੀ ਰਕਮ ਕਢਵਾਉਣ ਲਈ ਦਬਾਅ ਪਾਇਆ ਗਿਆ। ਬਿਆਨ ਵਿੱਚ ਕਿਹਾ ਗਿਆ ਹੈ ਕਿ ਜਦੋਂ ਸਿੰਘ 'ਸੰਘੀ ਅਧਿਕਾਰੀ' ਵਜੋਂ ਪੇਸ਼ ਹੋ ਕੇ ਉੱਥੇ ਪਹੁੰਚਿਆ, ਤਾਂ ਪੁਲਸ ਨੇ ਉਸਨੂੰ ਗ੍ਰਿਫਤਾਰ ਕਰ ਲਿਆ। ਫ਼ੋਨ ਕਰਨ ਵਾਲਿਆਂ ਨੇ ਔਰਤ ਨੂੰ ਦੱਸਿਆ ਕਿ ਉਸਦਾ ਨਾਮ ਦੇਸ਼ ਦੇ ਕਿਸੇ ਹੋਰ ਹਿੱਸੇ ਵਿੱਚ ਅਪਰਾਧਿਕ ਗਤੀਵਿਧੀਆਂ ਨਾਲ ਜੁੜਿਆ ਹੋਇਆ ਹੈ। ਸਿੰਘ ਇਸ ਸਮੇਂ ਗਿਲਫੋਰਡ ਕਾਉਂਟੀ ਡਿਟੈਂਸ਼ਨ ਸੈਂਟਰ ਵਿੱਚ ਹੈ।







ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖ਼ਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਨਾਚ ਗਾਣਾ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਦੇ ਉਲਟ ਕਿਸੇ ਵੀ ਕਿਸਮ ਦੀ ਕਾਰਵਾਈ ਕਰਨ ਦੀ ਆਗਿਆ ਨਹੀਂ। ਸਮੂਹ ਸਿੱਖ ਸੰਗਤਾਂ ਇਸ ਦੀ ਸਖ਼ਤੀ ਨਾਲ ਪਾਲਣਾ ਕਰਨ।

(ਘ) ਜਿਤਨੇ ਥੋੜ੍ਹੇ ਆਦਮੀ ਲੜਕੀ ਵਾਲਾ ਮੰਗਾਵੇ, ਉਤਨੇ ਨਾਲ ਲੈ ਕੇ ਲੜਕਾ ਸਹੁਰੇ ਘਰ ਜਾਵੇ, ਦੋਹੀਂ ਪਾਸੀਂ ਗੁਰਬਾਣੀ ਦੇ ਸ਼ਬਦ ਗਾਏ ਜਾਣ ਤੇ 'ਫਤਹ' ਗਜਾਈ ਜਾਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੨)

ਅਨੰਦ ਕਾਰਜ ਇਕ ਧਾਰਮਿਕ ਕਾਰਜ ਹੈ ਜਿਸ ਵਿਚ ਸਤਿਗੁਰੂ ਦੀਆਂ ਅਸੀਸਾਂ ਅਤੇ ਖੁਸ਼ੀਆਂ ਪ੍ਰਾਪਤ ਕਰਨੀਆਂ ਹਨ। ਇਸ ਲਈ ਮਰਯਾਦਾ ਦੀ ਪਾਲਣਾ ਕਰਨੀ ਬਣਦੀ ਹੈ। ਹਜ਼ੂਰ ਨੇ ਇਸ ਦੇ ਸਾਰੇ ਪੱਖਾਂ ਬਾਰੇ ਅਗਵਾਈ ਕੀਤੀ ਹੈ ਕਿ ਜੰਞ ਸ਼ੋਭਨੀਕ ਹੁੰਦੀ ਹੈ, ਗੁਰੂ ਕੇ ਸ਼ਬਦ ਗਾਇਨ ਕਰਨ ਨਾਲ :

ਸੰਤ ਜਨਾ ਮਿਲਿ ਮੰਗਲ ਗਾਏ ਹਰਿ ਜੀਉ ਆਪਿ ਸਵਾਰੀ॥

ਸੁਰਿ ਨਰ ਗਣ ਗੰਧਰਬ ਮਿਲਿ ਆਏ ਅਪੂਰਬ ਜੰਞ ਬਣਾਈ॥

(ਙ) ਵਿਆਹ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਦੀਵਾਨ ਲੱਗੇ। ਸੰਗਤ ਜਾਂ ਰਾਗੀ ਕੀਰਤਨ ਕਰਨ। ਫਿਰ ਲੜਕੀ ਤੇ ਲੜਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਬਿਠਾਏ ਜਾਣ। ਲੜਕੀ, ਲੜਕੇ ਦੇ ਖੱਬੇ ਪਾਸੇ ਬੈਠੇ। ਸੰਗਤ ਦੀ ਆਗਿਆ ਲੈ ਕੇ 'ਅਨੰਦ' ਪੜ੍ਹਾਉਣ ਵਾਲਾ ਸਿੱਖ (ਮਰਦ ਜਾਂ ਇਸਤਰੀ) ਲੜਕੇ ਲੜਕੀ ਤੇ ਉਨ੍ਹਾਂ ਦਿਆਂ ਮਾਪਿਆ ਜਾਂ ਸਰਬਰਾਹਾਂ ਨੂੰ ਖੜ੍ਹਾ ਕੇ 'ਅਨੰਦ' ਦੇ ਅਰੰਭ ਦਾ ਅਰਦਾਸਾ ਸੋਧੇ। ਫਿਰ ਉਹ ਲੜਕੇ ਲੜਕੀ ਨੂੰ ਗੁਰਮਤਿ ਅਨੁਸਾਰ ਗ੍ਰਹਿਸਤ ਧਰਮ ਦੇ ਫਰਜ਼ਾਂ ਦਾ ਉਪਦੇਸ਼ ਕਰੇ। ਪਹਿਲੇ ਦੋਹਾਂ ਨੂੰ ਸਾਂਝਾ ਉਪਦੇਸ਼ ਕਰੇ। ਇਸ ਵਿਚ ਸੂਹੀ ਰਾਗ ਦੀਆਂ ਲਾਵਾਂ ਦੇ ਭਾਵ ਅਨੁਸਾਰ ਪਤੀ-ਪਤਨੀ ਦੇ ਸਬੰਧ ਨੂੰ ਜੀਵ ਤੇ ਪ੍ਰਮਾਤਮਾ ਦੇ ਪਿਆਰ ਦੇ ਨਮੂਨੇ ਉਤੇ ਢਾਲਣ ਦੀ ਵਿਧੀ ਦੱਸੇ।

ਆਪਸ ਵਿਚ ਪ੍ਰੇਮ ਦੁਆਰਾ "ਏਕ ਜੋਤਿ ਦੁਇ ਮੂਰਤੀ" ਹੋਣਾ ਦੱਸੇ ਤੇ ਇਕ੍ਰ ਗ੍ਰਹਿਸਤ ਧਰਮ ਹੋਣਾ ਦ੍ਰਿੜ੍ਹਾਵੇ। ਦੋਹਾਂ ਨੇ ਇਸ ਸੰਜੋਗ ਨੂੰ ਮਨੁੱਖਾ ਜਨਮ ਦੀ ਯਾਤਰਾ ਨੂੰ ਸਫ਼ਲਤਾ ਨਾਲ ਨਿਬਾਹੁਣ ਦਾ ਸਾਧਨ ਬਣਾਉਣਾ ਹੈ। ਦੋਹਾਂ ਨੇ ਇਸ ਸੰਜੋਗ ਦੇ ਰਾਹੀਂ ਪਵਿੱਤਰ ਤੇ ਗੁਰਮੁਖੀ ਜੀਵਨ ਬਿਤਾਉਣਾ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੪)

**ਵਿਆਖਿਆ :**

**ਦੀਵਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ**

ਇਹ ਮੱਦ ਵੈਸੇ ਤਾਂ ਕਿਸੇ ਵਿਆਖਿਆ ਦੀ ਮੁਥਾਜ ਨਹੀਂ ਪਰ ਕੁਝ ਕੁ ਨੁਕਤੇ ਜ਼ਰੂਰ ਵਿਚਾਰਨਯੋਗ ਹਨ। ਅਨੰਦ ਕਾਰਜ ਦੀ ਮਰਯਾਦਾ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਅਤੇ ਹਜ਼ੂਰੀ ਵਿਚ ਦੀਵਾਨ ਵਿਚ ਕਰਨ ਦਾ ਹੁਕਮ ਹੈ। ਦੀਵਾਨ ਸੰਗਤੀ ਹੁੰਦਾ ਹੈ, ਨਿੱਜੀ ਸਮਾਗਮ ਨਹੀਂ। "ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ ਜਾਂ ਸਹੁ ਮਿਲਿਆ ਤਾਂ ਜਾਨਿਆ॥" (ਮ. ੧, ਅੰਗ 351) ਅਨੰਦ ਕਾਰਜ ਕੇਵਲ ਗੁਰਦੁਆਰਾ ਸਾਹਿਬ ਵਿਚ ਹੀ ਹੋ ਸਕਦਾ ਹੈ। ਇਸ ਮਾਮਲੇ ਵਿਚ ਈਸਾਈ ਵਿਆਹ ਕੇਵਲ ਕਲੀਸਾ ਜਾਂ ਚਰਚ ਵਿਚ ਹੀ ਕਰਦੇ ਹਨ।

16 ਮਾਰਚ, 1998 ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਉਪਰੰਤ ਹੁਕਮਨਾਮਾ ਜਾਰੀ ਕੀਤਾ




ਗਿਆ ਸੀ ਕਿ, 'ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਨੂੰ ਮੁੱਖ ਰੱਖਦੇ ਹੋਏ ਕਿਸੇ ਵੀ ਮੈਰਜ ਪੈਲੇਸ ਜਾਂ ਹੋਟਲ ਵਿਚ ਸਿੱਖ ਸੰਗਤਾਂ ਆਨੰਦ ਕਾਰਜ ਦੀ ਰਸਮ ਨਾ ਕਰਵਾਉਣ ਅਤੇ ਖਾਸ ਕਰਕੇ ਗ੍ਰੰਥੀ ਸਿੰਘ, ਰਾਗੀ ਸਿੰਘ ਅਤੇ ਸਾਰੇ ਪ੍ਰਬੰਧਕਾਂ ਨੂੰ ਪੰਜ ਸਿੰਘ ਸਾਹਿਬਾਨ ਵਲੋਂ ਸਖ਼ਤ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਕਿਸੇ ਵੀ ਐਸੀ ਰਸਮ ਵਿਚ ਹਿੱਸਾ ਨਾ ਲੈਣ ਜੋ ਮੈਰਿਜ ਪੈਲਸ ਅਤੇ ਹੋਟਲਾਂ ਵਿਚ ਹੋ ਰਹੀ ਹੋਵੇ।'

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 30 ਮਾਰਚ, 1998 ਨੂੰ ਇਸ ਹੁਕਮਨਾਮੇ ਦਾ ਹਵਾਲਾ ਦੇ ਕੇ ਸਾਰੇ ਅਧੀਨ ਗੁਰਦੁਆਰਾ ਸਾਹਿਬ ਦੇ ਮੈਨੇਜਰ ਸਾਹਿਬਾਨ ਨੂੰ ਹਦਾਇਤ ਜਾਰੀ ਕੀਤੀ ਕਿ 'ਹੋਟਲਾਂ ਅਤੇ ਮੈਰਿਜ ਪੈਲਸਾਂ ਵਿਚ ਸ਼ਗਨ, ਅਨੰਦ ਕਾਰਜ ਆਦਿ ਸਮੇਂ ਕਿਸੇ ਵੀ ਗ੍ਰੰਥੀ ਸਿੰਘ ਅਤੇ ਰਾਗੀ ਜਥੇ ਦੀ ਡਿਊਟੀ ਅੱਗੇ ਤੋਂ ਨਾ ਲਗਾਈ ਜਾਵੇ।'

ਫਿਰ ਲੜਕੇ ਅਤੇ ਲੜਕੀ ਨੂੰ ਆਪੋ ਆਪਣੇ ਵੱਖੋ-ਵੱਖਰੇ, ਗ੍ਰਹਿਸਤ ਧਰਮ ਦੇ ਫਰਜ਼ ਦੱਸੇ ਜਾਣ। ਵਰ ਨੂੰ ਦੱਸਿਆ ਜਾਵੇ ਕਿ ਲੜਕੀ ਵਾਲਿਆਂ ਨੇ ਤੁਹਾਨੂੰ ਹੀ ਸਭ ਤੋਂ ਵਧੀਕ ਯੋਗ ਜਾਣ ਕੇ ਵਰ ਚੁਣਿਆ ਹੈ। ਆਪ ਨੇ ਆਪਣੀ ਪਤਨੀ ਨੂੰ ਅਰਧੰਗੀ ਜਾਣ ਕੇ ਸਾਰੀਆਂ ਅਵਸਥਾਵਾਂ ਵਿਚ ਇਕੋ ਜਿਹਾ ਪਿਆਰ ਕਰਨਾ ਹੈ ਤੇ ਵੰਡ ਛੱਕਣਾ ਹੈ। ਇਸ ਦੇ ਸਰੀਰ ਤੇ ਇੱਜ਼ਤ ਦੇ ਰਾਖੇ ਤੁਸੀਂ ਹੋ। ਇਸਤਰੀ-ਬਰਤ ਧਰਮ ਵਿਚ ਪੱਕੇ ਰਹਿਣਾ। ਇਸ ਦੇ ਮਾਤਾ ਪਿਤਾ ਤੇ ਸੰਬੰਧੀਆਂ ਨੂੰ ਆਪਣੇ ਮਾਤਾ ਪਿਤਾ ਤੇ ਸੰਬੰਧੀਆਂ ਤੁੱਲ ਆਦਰ ਦੇਣਾ।

ਕੰਨਿਆਂ ਨੂੰ ਦੱਸਿਆ ਜਾਵੇ ਕਿ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸੰਗਤ ਦੇ ਹਜ਼ੂਰ ਇਸ ਸੱਜਣ ਦੇ ਲੜ ਲਾਇਆ ਜਾਂਦਾ ਹੈ। ਆਪ ਇਨ੍ਹਾਂ ਦੇ 'ਨਿਰਮਲ ਭਉ' ਵਿਚ ਰਹਿੰਦੇ ਹੋਏ ਇਨ੍ਹਾਂ ਨੂੰ ਹੀ ਆਪਣੇ ਸਾਰੇ ਪ੍ਰੇਮ ਤੇ ਸ਼ਰਧਾ ਦਾ ਮਾਲਕ ਸਮਝਣਾ, ਦੁੱਖ ਸੁੱਖ, ਦੇਸ ਪਰਦੇਸ ਵਿਚ ਆਪਣੇ ਪਤੀ-ਬਰਤ ਧਰਮ ਵਿਚ ਪੱਕੇ ਰਹਿਣਾ, ਸੇਵਾ ਕਰਨੀ। ਇਨ੍ਹਾਂ ਦੇ ਮਾਤਾ ਪਿਤਾ ਤੇ ਸੰਬੰਧੀਆਂ ਨੂੰ ਆਪਣੇ ਮਾਤਾ ਪਿਤਾ ਤੇ ਸੰਬੰਧੀਆਂ ਵਾਂਗ ਜਾਣਨਾ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੪)

**(ਚਲਦਾ)**

# ਅਮਰੀਕੀ ਸਰਹੱਦ ਤੇ ਭਾਰਤੀ ਬੱਚਿਆਂ ਦੀ ਗਿਣਤੀ 'ਚ ਹੈਰਾਨੀਜਨਕ ਵਾਧਾ!

ਨਿਊਯਾਰਕ (ਰਾਜ ਗੋਗਨਾ) : ਅਮਰੀਕੀ ਸਰਹੱਦ 'ਤੇ ਇਕੱਲੇ ਰਹਿ ਗਏ ਭਾਰਤੀ ਬੱਚਿਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ, ਜੋ ਬਿਨਾਂ ਕਿਸੇ ਦਸਤਾਵੇਜ਼ ਦੇ ਜਾਂ ਆਪਣੇ ਸਰਪ੍ਰਸਤਾਂ ਤੋਂ ਬਿਨਾਂ ਵੀ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਹਨ। ਅਮਰੀਕੀ ਕਸਟਮਜ਼ ਅਤੇ ਸਰਹੱਦੀ ਸੁਰੱਖਿਆ (ਸੀ.ਬੀ.ਪੀ) ਦੇ ਅੰਕੜਿਆਂ ਅਨੁਸਾਰ ਅਕਤੂਬਰ 2024 ਤੋਂ ਇਸ ਸਾਲ ਫਰਵਰੀ ਤੱਕ ਅਮਰੀਕੀ ਸਰਹੱਦ 'ਤੇ ਬਿਨਾਂ ਕਿਸੇ ਸਾਥ ਦੇਣ ਵਾਲੇ 77 ਭਾਰਤੀ ਬੱਚਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

**6 ਤੋਂ 17 ਸਾਲ ਦੀ ਉਮਰ ਦੇ ਬੱਚੇ ਸਰਹੱਦ 'ਤੇ ਪਾਏ ਗਏ :** ਜਿਵੇਂ ਹੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਹੁੰ ਚੁੱਕੀ, ਉਨ੍ਹਾਂ ਨੇ ਮੈਕਸੀਕੋ ਸਰਹੱਦ 'ਤੇ ਰਾਸ਼ਟਰੀ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਅਤੇ ਫੌਜ ਤਾਇਨਾਤ ਕਰ ਦਿੱਤੀ। ਇਸ ਤੋਂ ਇਲਾਵਾ ਟੈਰਿਫ ਦੀ ਧਮਕੀ ਤੋਂ ਬਾਅਦ ਕੈਨੇਡਾ ਨੇ ਆਪਣੀ ਸਰਹੱਦ 'ਤੇ ਵੀ ਸੁਰੱਖਿਆ ਸਖ਼ਤ ਕਰ ਦਿੱਤੀ ਹੈ। ਜਿਸ ਕਾਰਨ ਗੈਰ-ਕਾਨੂੰਨੀ ਸਰਹੱਦ ਪਾਰ ਕਰਨਾ ਲਗਭਗ ਠੱਪ ਹੋ ਗਿਆ ਹੈ। ਪਰ ਹਾਲ ਹੀ ਦੇ ਸਮੇਂ ਵਿੱਚ ਮੈਕਸੀਕੋ ਅਤੇ ਕੈਨੇਡਾ ਨਾਲ ਲੱਗਦੀ ਅਮਰੀਕੀ ਸਰਹੱਦ 'ਤੇ ਬਿਨਾਂ ਸਾਥ ਵਾਲੇ ਬੱਚਿਆਂ ਦੀ ਗਿਣਤੀ ਵਧੀ ਹੈ, ਜਿਸ ਵਿੱਚ ਭਾਰਤੀ ਬੱਚੇ ਵੀ ਸ਼ਾਮਲ ਹਨ। ਅਕਸਰ 12 ਤੋਂ 17 ਸਾਲ ਦੀ ਉਮਰ ਦੇ ਬੱਚੇ ਸਰਹੱਦ 'ਤੇ ਪਾਏ ਜਾਂਦੇ ਹਨ ਅਤੇ ਕੁਝ ਮਾਮਲਿਆਂ ਵਿੱਚ ਛੇ ਸਾਲ ਦੇ ਬੱਚੇ ਵੀ ਮਿਲੇ ਹਨ। ਮੀਡੀਆ ਰਿਪੋਰਟ ਅਨੁਸਾਰ ਇਨ੍ਹਾਂ ਬੱਚਿਆਂ ਨੂੰ ਜਾਣਬੁੱਝ ਕੇ ਇਕੱਲੇ ਛੱਡ ਦਿੱਤਾ ਗਿਆ ਸੀ। ਉਨ੍ਹਾਂ ਕੋਲ ਕੁਝ ਵੀ ਨਹੀਂ ਹੈ ਸਿਵਾਏ ਇੱਕ ਛੋਟੇ ਜਿਹੇ ਕਾਗਜ਼ ਦੇ ਟੁਕੜੇ ਦੇ ਜਿਸ 'ਤੇ ਉਨ੍ਹਾਂ ਦੇ ਮਾਪਿਆਂ ਦੇ ਨਾਮ ਅਤੇ ਸੰਪਰਕ ਵੇਰਵੇ ਲਿਖੇ ਹੋਏ ਹਨ।ਜਿੰਨਾਂ ਵਿੱਚ ਬਹੁਤ ਸਾਰੇ ਗੁਜਰਾਤੀ-ਭਾਰਤੀ ਵੀ ਇਸ ਤਰੀਕੇ ਨਾਲ ਆਪਣੇ ਬੱਚਿਆਂ ਨੂੰ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਲੈ ਕੇ ਆਏ ਹਨ।

ਗੁਜਰਾਤ ਦੇ ਪੇਂਡੂ ਖੇਤਰਾਂ ਖਾਸ ਕਰਕੇ ਝੁਲਸਣ, ਮੋਕਾਸਨ, ਨਰਦੀਪੁਰ, ਡਿੰਗੂਚਾ, ਵਡੂ ਅਤੇ ਕਯਾਲ ਵਰਗੇ ਪਿੰਡਾਂ ਵਿੱਚ ਅਜਿਹੇ ਬਹੁਤ ਸਾਰੇ ਮਾਮਲੇ ਹਨ। ਜਿੱਥੇ ਮਾਪੇ ਪਹਿਲਾਂ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਪਹੁੰਚਦੇ ਹਨ ਅਤੇ ਫਿਰ ਇਸ ਤਰੀਕੇ ਨਾਲ ਆਪਣੇ ਬੱਚਿਆਂ ਨੂੰ ਗੈਰ-ਕਾਨੂੰਨੀ ਢੰਗ ਨਾਲ ਵਾਪਸ ਲਿਆਉਂਦੇ ਹਨ। ਕੁਝ ਗੁਜਰਾਤੀ ਪਰਿਵਾਰਾਂ ਨੇ ਜੋ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਆਵਾਸ ਕੀਤਾ ਸੀ, ਨੇ ਮੰਨਿਆ ਹੈ ਕਿ ਉਨ੍ਹਾਂ ਨੇ ਵੀ ਇਹੀ ਚਾਲ ਅਪਣਾਈ ਸੀ। ਮਹਿਸਾਣਾ ਦੇ ਕਾਦੀ ਤੋਂ ਇੱਕ ਜੋੜਾ 2019 ਵਿੱਚ ਗੈਰ-ਕਾਨੂੰਨੀ ਤੌਰ 'ਤੇ ਅਟਲਾਂਟਾ ਚਲਾ ਗਿਆ ਅਤੇ ਆਪਣੇ ਦੋ ਸਾਲ ਦੇ ਪੁੱਤਰ ਨੂੰ ਭਾਰਤ ਵਿੱਚ ਰੱਖਿਆ। ਉਨ੍ਹਾਂ ਕਿਹਾ ਕਿ ਕੋਵਿਡ-19 ਮਹਾਂਮਾਰੀ ਕਾਰਨ ਯਾਤਰਾ ਕਰਨਾ ਮੁਸ਼ਕਲ ਹੋ ਗਿਆ ਸੀ। 2022 ਵਿੱਚ ਜਦੋਂ ਉਸਦਾ ਇੱਕ ਚਚੇਰਾ ਭਰਾ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਆ ਰਿਹਾ ਸੀ, ਤਾਂ ਉਸਨੇ ਆਪਣੇ ਪੁੱਤਰ ਨੂੰ ਨਾਲ ਲਿਆਉਣ ਲਈ ਕਿਹਾ। ਉਸ ਸਮੇਂ ਉਨ੍ਹਾਂ ਦਾ ਪੁੱਤਰ ਪੰਜ ਸਾਲ ਦਾ ਸੀ। ਜਿਵੇਂ ਕਿ ਉਸਦੇ ਚਚੇਰੇ ਭਰਾ ਨੇ ਕਿਹਾ ਸੀ, ਉਸਦਾ ਪੁੱਤਰ ਟੈਕਸਾਸ ਨੇੜੇ ਸਰਹੱਦ 'ਤੇ ਇਕੱਲਾ ਰਹਿ ਗਿਆ ਸੀ। ਇੱਕ ਅਮਰੀਕੀ ਅਧਿਕਾਰੀ ਨੇ ਬੱਚੇ ਨੂੰ ਦੇਖਿਆ। ਬਾਅਦ ਵਿੱਚ ਉਸ ਨੂੰ ਲੱਭ ਲਿਆ। ਬਾਰਡਰ ਅਧਿਕਾਰੀਆਂ ਨੇ ਉਸਦੇ ਕੋਲ ਮੌਜੂਦ ਇੱਕ ਨੋਟ ਜੋ ਅਮਰੀਕੀ ਸਰਹੱਦ 'ਤੇ ਦੇਖਿਆ ਜਾ ਰਿਹਾ ਹੈ।

ਯੂ.ਐਸ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (ਸੀ.ਬੀ.ਪੀ) ਦੇ ਅੰਕੜਿਆਂ ਅਨੁਸਾਰ ਸਾਲ ਅਕਤੂਬਰ 2024 ਤੋਂ ਫਰਵਰੀ ਤੱਕ 77 ਭਾਰਤੀ ਬੱਚੇ ਜੋ ਆਪਣੇ ਮਾਪਿਆਂ ਜਾਂ ਸਰਪ੍ਰਸਤਾਂ ਤੋਂ ਬਿਨਾਂ ਇਕੱਲੇ ਸਨ, ਨੂੰ ਅਮਰੀਕੀ ਸਰਹੱਦ 'ਤੇ ਗ੍ਰਿਫਤਾਰ ਕੀਤਾ



ਗਿਆ। ਇਹਨਾਂ ਵਿੱਚੋਂ ਜ਼ਿਆਦਾਤਰ ਕਿਸ਼ੋਰ ਸਨ, ਪਰ ਉਹਨਾਂ ਨੂੰ ਜਾਣਬੁੱਝ ਕੇ ਅਮਰੀਕਾ-ਮੈਕਸੀਕੋ ਸਰਹੱਦ 'ਤੇ ਇਕੱਲੇ ਛੱਡ ਦਿੱਤਾ ਗਿਆ ਸੀ। ਹਾਲਾਂਕਿ ਅਜਿਹੇ ਬੱਚਿਆਂ ਦੀ ਗਿਣਤੀ ਨਾ ਸਿਰਫ਼ ਅਮਰੀਕਾ-ਮੈਕਸੀਕੋ ਸਰਹੱਦ 'ਤੇ ਸਗੋਂ ਕੈਨੇਡੀਅਨ ਸਰਹੱਦ 'ਤੇ ਵੀ ਪਾਈ ਜਾਂਦੀ ਹੈ, ਜਿਸਦਾ ਮਾਹੌਲ ਹੱਡੀਆਂ ਨੂੰ ਠੰਢਾ ਕਰਨ ਵਾਲਾ ਹੈ, ਕਾਫ਼ੀ ਮਹੱਤਵਪੂਰਨ ਹੈ। ਸੀ.ਬੀ.ਪੀ ਦੇ ਅੰਕੜਿਆਂ ਅਨੁਸਾਰ 77 ਭਾਰਤੀ ਬੱਚਿਆਂ ਨੂੰ ਅਮਰੀਕੀ ਸਰਹੱਦ 'ਤੇ ਛੱਡੇ ਜਾਣ ਕਾਰਨ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਨ੍ਹਾਂ ਵਿੱਚੋਂ 53 ਨੂੰ ਮੈਕਸੀਕੋ ਨਾਲ ਲੱਗਦੀ ਦੱਖਣੀ ਸਰਹੱਦ 'ਤੇ ਫੜਿਆ ਗਿਆ ਸੀ, ਜਦੋਂ ਕਿ 22 ਨੂੰ ਕੈਨੇਡੀਅਨ ਸਰਹੱਦ 'ਤੇ ਫੜਿਆ ਗਿਆ ਸੀ ਅਤੇ ਕੁਝ ਨੂੰ ਅਮਰੀਕਾ ਵਿੱਚ ਫੜਿਆ ਗਿਆ ਸੀ। ਗੌਰਤਲਬ ਹੈ ਕਿ ਕੈਨੇਡੀਅਨ ਸਰਹੱਦ ਤੋਂ ਅਮਰੀਕਾ ਵਿੱਚ ਦਾਖਲ ਹੋਣ ਵਿੱਚ ਸਭ ਤੋਂ ਵੱਡੀ ਚੁਣੌਤੀ ਮੌਸਮ ਹੈ, ਜਿੱਥੇ ਬਹੁਤ ਜ਼ਿਆਦਾ ਠੰਡ ਅਤੇ ਬਰਫ਼ ਘਾਤਕ ਹੋ ਸਕਦੀ ਹੈ ਅਤੇ 2022 ਵਿੱਚ ਡਿੰਗੂਚਾ ਦੇ ਇੱਕ ਪਰਿਵਾਰ ਦੇ ਚਾਰ ਮੈਂਬਰਾਂ ਦੀ ਹੱਡੀਆਂ ਨੂੰ ਠੰਢਾ ਕਰਨ ਵਾਲੀ ਠੰਢ ਵਿੱਚ ਕੈਨੇਡੀਅਨ ਸਰਹੱਦ ਪਾਰ ਕਰਕੇ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਸਮੇਂ ਦੁਖਦਾਈ ਮੌਤ ਹੋ ਗਈ ਸੀ। 2025 ਦੇ ਵਿਚਕਾਰ ਕੁੱਲ 1,656 ਬਿਨਾਂ ਸਾਥ ਵਾਲੇ ਭਾਰਤੀ ਬੱਚੇ ਅਮਰੀਕਾ ਵਿੱਚ ਗੈਰ-ਕਾਨੂੰਨੀ ਢੰਗ ਨਾਲ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਫੜੇ ਗਏ ਸਨ।

# BASRA
## Heating & Air Conditioning

### ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ
## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**

Reasonable price first class work ਅਤੇ

100% ਗਰੰਟੀ




**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

# ਮਾਨਸਾ ਦੇ ਨੌਜਵਾਨ ਦਾ ਕੈਨੇਡਾ ਦੇ ਸਰੀ 'ਚ ਗੋਲੀਆਂ ਮਾਰ ਕੇ ਕਤਲ

## ਸੱਤ ਸਾਲ ਪਹਿਲਾਂ ਰੁਜ਼ਗਾਰ ਲਈ ਗਿਆ ਸੀ ਕੈਨੇਡਾ

ਮਾਨਸਾ : ਕਰੀਬ ਸਾਢੇ ਸੱਤ ਸਾਲ ਪਹਿਲਾਂ ਰੁਜ਼ਗਾਰ ਲਈ ਕੈਨੇਡਾ ਗਏ ਮਾਨਸਾ ਦੇ ਗੱਭਰੂ ਲਵਦੀਪ ਸਿੰਘ (27) ਦਾ ਕੈਨੇਡਾ ਦੇ ਸਰੀ ਵਿੱਚ ਕੁਝ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਹੈ। ਇਹ ਘਟਨਾ 29 ਅਪਰੈਲ ਦੀ ਹੈ, ਪਰ ਮਾਨਸਾ ਬੈਠੇ ਉਸ ਦੇ ਪਰਿਵਾਰ ਨੂੰ ਇਸ ਦਾ ਪਤਾ 2 ਮਈ ਨੂੰ ਲੱਗਿਆ। ਪਰਿਵਾਰ ਮੁਤਾਬਕ ਨੌਜਵਾਨ ਦੀ ਨਾ ਕਿਸੇ ਨਾਲ ਕੋਈ ਰੰਜਿਸ਼ ਸੀ ਤੇ ਨਾ ਕੋਈ ਝਗੜਾ। ਉਸ ਦਾ ਕਤਲ ਕਿਉਂ ਕੀਤਾ ਗਿਆ, ਇਹ ਅਜੇ ਤੱਕ ਬੁਝਾਰਤ ਬਣਿਆ ਹੋਇਆ ਹੈ। ਲਵਦੀਪ ਸਿੰਘ ਐਂਪਲਾਈਜ਼ ਫੈਡਰੇਸ਼ਨ ਬਿਜਲੀ ਬੋਰਡ (ਪਹਿਲਵਾਨ ਗਰੁੱਪ) ਦੇ ਸੂਬਾ ਪ੍ਰਧਾਨ ਬਲਦੇਵ ਸਿੰਘ ਮੰਢਾਲੀ ਦਾ ਲੜਕਾ ਸੀ, ਜੋ ਸਰੀ (ਕੈਨੇਡਾ) ਵਿਖੇ ਟਰਾਲਾ ਚਲਾਉਂਦਾ ਸੀ। ਲਵਦੀਪ ਦੇ ਪਿਤਾ ਬਲਦੇਵ ਸਿੰਘ ਮੰਢਾਲੀ ਵਾਸੀ ਮਾਨਸਾ ਦੇ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਕਰੀਬ ਸਾਢੇ ਸੱਤ ਸਾਲ ਪਹਿਲਾਂ ਕੈਨੇਡਾ ਗਿਆ ਸੀ। 29 ਮਈ ਨੂੰ ਉਹ ਸਰੀ ਤੋਂ ਟਰਾਂਟੋ ਵੱਲ ਜਾ ਰਿਹਾ ਸੀ ਕਿ ਰਾਹ ਵਿਚ ਕੁਝ ਦੋਸਤਾਂ ਕੋਲ ਰੁਕ ਗਿਆ। ਸਵੇਰੇ ਜਦੋਂ ਉਹ ਸਰੀ ਵਿਚ ਸੈਰ ਕਰ ਰਿਹਾ ਸੀ ਤਾਂ ਕੁਝ ਅਣਪਛਾਤਿਆਂ ਨੇ ਉਸ 'ਤੇ ਗੋਲੀਆਂ ਚਲਾ ਕੇ ਉਸ ਦਾ ਕਤਲ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਲਵਦੀਪ ਸਿੰਘ ਤੇ ਉਨ੍ਹਾਂ ਦੇ ਹੋਰ ਪਰਿਵਾਰਕ ਮੈਂਬਰ ਵੀ ਕੈਨੇਡਾ ਵਸਦੇ ਹਨ ਤੇ ਲਵਦੀਪ ਸਿੰਘ ਟਰਾਲਾ ਚਲਾਉਂਦਾ ਸੀ। ਪਰਿਵਾਰ ਮੁਤਾਬਕ ਉਸ ਦੀ ਕਿਸੇ ਨਾਲ ਕੋਈ ਦੁਸ਼ਮਣੀ ਤੇ ਰੰਜਿਸ਼ ਨਹੀਂ ਸੀ। ਉਸ ਦਾ ਕਤਲ ਕਿਸੇ ਰੰਜਿਸ਼ ਕਾਰਨ ਜਾਂ ਕਿਸੇ ਲੁੱਟ ਦੀ ਨੀਅਤ ਨਾਲ ਕੀਤਾ ਗਿਆ, ਇਹ ਹਾਲੇ ਤੱਕ ਕੁਝ ਵੀ ਨਹੀਂ ਪਤਾ। ਉਨ੍ਹਾਂ ਕੈਨੇਡਾ ਸਰਕਾਰ ਤੋਂ ਇਸ ਦੀ ਜਾਂਚ ਤੇ ਕਾਤਲਾਂ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ।



ਦੱਸਿਆ ਜਾ ਰਿਹਾ ਹੈ ਕਿ ਕੈਨੇਡਾ ਪੁਲਿਸ ਨੇ ਇਸ ਮਾਮਲੇ ਵਿਚ ਕੁਝ ਵਿਅਕਤੀਆਂ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ। ਬਲਦੇਵ ਸਿੰਘ ਮੰਢਾਲੀ ਨੇ ਦੱਸਿਆ ਕਿ ਉਥੋਂ ਦੀ ਪੁਲੀਸ ਨੇ ਵੀ ਉਨ੍ਹਾਂ ਤੋਂ ਕੁਝ ਜਾਣਕਾਰੀ ਲਈ ਹੈ। ਮ੍ਰਿਤਕ ਦੀ ਲਾਸ਼ ਬਾਰੇ ਅਜੇ ਤੱਕ ਉਨ੍ਹਾਂ ਨੂੰ ਕੁਝ ਨਹੀਂ ਪਤਾ। ਉਹ ਕੈਨੇਡਾ ਤੇ ਭਾਰਤ ਸਰਕਾਰ ਤੋਂ ਲਵਦੀਪ ਸਿੰਘ ਦੀ ਦੇਹ ਦੇਸ਼ ਲਿਆਉਣ ਲਈ ਮਦਦ ਦੀ ਮੰਗ ਕਰਨਗੇ ਤਾਂ ਜੋ ਉਸ ਦੀਆਂ ਅੰਤਿਮ ਰਸਮਾਂ ਇੱਥੇ ਹੋ ਸਕਣ। ਇਸ ਦੁੱਖ ਦੀ ਘੜੀ 'ਚ ਮੰਢਾਲੀ ਪਰਿਵਾਰ ਨਾਲ ਸ਼ਹਿਰੀਆਂ, ਸਮਾਜਸੇਵੀਆਂ, ਸਿਆਸਤਦਾਨਾਂ ਨੇ ਦੁੱਖ ਸਾਂਝਾ ਕੀਤਾ ਹੈ।

# ਜੇ ਕਾਂਗਰਸ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਾਹਿਆ, ਸੁਖਬੀਰ ਬਾਦਲ ਨੇ ਤਾਂ ਸਿਧਾਂਤ ਨੂੰ ਹੀ ਢਹਿ-ਢੇਰੀ ਕਰ ਦਿੱਤਾ: ਜਥੇਦਾਰ ਗਿਆਨੀ ਹਰਪ੍ਰੀਤ ਸਿੰਘ

## 'ਪੰਜਾਬ ਦੀਆਂ ਸਾਰੀਆਂ ਪਾਰਟੀਆਂ ਹੀ ਪਾਣੀ ਨੂੰ ਲੁਟਾਉਣ ਲਈ ਬਰਾਬਰ ਦੀਆਂ ਜ਼ਿੰਮੇਵਾਰ ਹਨ ਕਿਸੇ ਇਕ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ'

ਮੋਹਾਲੀ : ਵਿਧਾਨ ਸਭਾ ਹਲਕਾ ਖਰੜ ਦੇ ਬਲਾਕ ਮਾਜਰੀ ਸਥਿਤ ਗੁਰਦੁਆਰਾ ਗੜ੍ਹੀ ਭੌਰਖਾ ਸਾਹਿਬ ਨੇੜੇ ਖੁੱਲ੍ਹੇ ਪੰਡਾਲ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਕਰਨ ਲਈ ਬਣਾਈ ਪੰਜ ਮੈਂਬਰੀ ਕਮੇਟੀ ਦੀ ਚੋਣ ਮੁਹਿੰਮ ਨੂੰ ਅੱਗੇ ਤੋਰਦਿਆਂ ਵਿਸ਼ਾਲ ਇਕੱਠ ਕੀਤਾ ਗਿਆ, ਜਿਸ 'ਚ ਮੁੱਖ ਤੌਰ 'ਤੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਕਮੇਟੀ ਮੈਂਬਰ ਮਨਪ੍ਰੀਤ ਸਿੰਘ ਇਯਾਲੀ, ਇਕਬਾਲ ਸਿੰਘ ਝੂੰਦਾ, ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ, ਸਾਬਕਾ ਸਪੀਕਰ ਰਵੀਇੰਦਰ ਸਿੰਘ ਦੁਮਣਾ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਹੁੰਦੇ ਹੋਏ ਕਿਹਾ ਕਿ ਪੰਜਾਬ ਨੂੰ ਇਕ ਖੇਤਰੀ ਪਾਰਟੀ ਦੀ ਲੋੜ ਹੈ ਜਿਹੜੀ ਪੰਥ ਤੇ ਪੰਜਾਬ ਦੇ ਹੱਕਾਂ ਦੀ ਗੱਲ ਕਰੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵਲੋਂ ਭਾਰਤ ਦੀ ਅਖੰਡਤਾ ਦੇ ਨਾਂਅ ਹੇਠ ਸੂਬਿਆਂ ਨੂੰ ਕਮਜ਼ੋਰ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਪੰਜਾਬ ਦੇ ਪਾਣੀਆਂ ਦੇ ਮਸਲੇ 'ਤੇ ਕਿਹਾ ਕਿ ਇਸ ਮਾਮਲੇ 'ਚ ਸਾਰੀਆਂ ਪਾਰਟੀਆਂ ਬਰਾਬਰ ਦੀਆਂ ਜਿੰਮੇਵਾਰ ਹਨ। ਉਨ੍ਹਾਂ ਬਾਦਲ ਦਲ ਦੇ ਆਗੂਆਂ 'ਤੇ ਤੰਜ ਕਸਦੇ ਹੋਏ ਕਿਹਾ ਕਿ ਬਾਦਲ ਦਲੀਏ ਕਹਿੰਦੇ ਹਨ ਕਿ ਅਸੀਂ ਪੰਜਾਬ ਨੂੰ ਨੰਬਰ ਇਕ ਸੂਬਾ ਬਣਾਵਾਂਗੇ ਅਤੇ ਪਿਛਲੇ ਪੰਦਰਾਂ ਸਾਲਾਂ ਵਿਚ ਬਾਦਲਕੇ ਆਪਣੇ ਪਰਿਵਾਰਾਂ ਨੂੰ ਨੰਬਰ ਇਕ ਬਣਾਉਣ 'ਤੇ ਲੱਗੇ ਰਹੇ, ਪਰ ਇਨ੍ਹਾਂ ਕਾਂਗਰਸ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕੀਤਾ ਤੇ ਬਾਦਲਕਿਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਆਦਾ ਨੂੰ ਕਮਜ਼ੋਰ ਕਰਨ ਦੇ ਜਤਨ ਕਰਕੇ ਅੰਦਰੋ ਅੰਦਰੀ ਭਾਜਪਾ ਨਾਲ ਮਿਲ ਕੇ ਸਿੱਖ ਪੰਥ ਦੀਆ ਭਾਵਨਾਵਾਂ ਨਾਲ ਖਿਲਵਾੜ ਕੀਤਾ ਗਿਆ ਅਤੇ ਹੁਣ ਵੀ ਬਾਦਲ ਦਲ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਣਾਈ ਭਰਤੀ ਕਮੇਟੀ ਦਾ ਸਾਥ ਨਾ ਦੇਣ ਦੀ ਵੱਡੀ ਗਲਤੀ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਮੱਥਾ ਲਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬਾਦਲਕੇ ਪੰਜਾਬ ਦੀ ਜਨਤਾ ਹੁਣ ਮੂਰਖ ਨਹੀ ਬਣਾ ਸਕਦੇ, ਲੋਕ ਇਨ੍ਹਾਂ ਦੀਆਂ ਚਾਲਾਂ ਤੋਂ ਜਾਣੂ ਹੋ ਚੁੱਕੇ ਹਨ। ਉਨ੍ਹਾਂ ਪੰਡਾਲ ਵਿਚ ਹਾਜ਼ਰ ਲੋਕਾਂ ਨੂੰ ਵੱਧ ਵੱਧ ਭਰਤੀ ਮੁਹਿੰਮ ਵਿਚ ਯੋਗਦਾਨ ਪਾਉਣ ਦੀ ਅਪੀਲ ਕੀਤੀ ਤੇ ਇਸ ਘਾੜ ਇਲਾਕੇ ਦੀ ਕਮੇਟੀ ਦੀ ਕੀਤੇ ਵੱਡੇ ਇਕੱਠ ਲਈ ਸ਼ਲਾਘਾ ਕੀਤੀ। ਇਸ ਮੌਕੇ ਬੀਬੀ ਕਿਰਪਾਲ ਕੌਰ, ਬੀਬੀ ਪਰਮਜੀਤ ਕੌਰ ਲਾਂਡਰਾ, ਨਿਰਮੈਲ ਸਿੰਘ ਜੌਲਾ, ਹਰਭਜਨ ਸਿੰਘ ਸ਼ੇਰਗਿੱਲ, ਗੁਰਵਿੰਦਰ ਸਿੰਘ ਡੂਮਛੇੜੀ, ਜਗਦੇਵ ਸਿੰਘ ਜੱਗੀ ਚੌਂਦਾ, ਹਰਬੰਸ ਸਿੰਘ ਕੰਧੋਲਾ, ਅਰਵਿੰਦਰ ਸਿੰਘ ਪੈਂਟਾ, ਸਾਬਕਾ ਚੇਅਰਮੈਨ ਮੇਜਰ ਸਿੰਘ ਸੰਗਤਪੁਰ, ਮਨਦੀਪ ਸਿੰਘ ਖਿਜ਼ਰਾਬਾਦ, ਸਰਬਜੀਤ ਸਿੰਘ ਕਾਦੀਮਾਜਰਾ, ਸਾਬਕਾ ਡਾਇਰੈਕਟਰ ਗੁਰਮੀਤ ਸਿੰਘ ਸਾਂਟੂ, ਅਵਤਾਰ ਸਿੰਘ ਸੁਲੇਮਪੁਰ ਕਲਾ, ਮਨਜੀਤ ਸਿੰਘ ਮੁੰਧੋ ਸੰਗਤੀਆ, ਹਰਜਿੰਦਰ ਸਿੰਘ ਮੁੰਧੋ ਸੰਗਤੀਆ, ਰਵਿੰਦਰ ਸਿੰਘ ਵਜੀਦਪੁਰ, ਅਜੇਪਾਲ ਸਿੰਘ ਬਰਾੜ ਸਤਲੁਜ ਮਿਸ਼ਨ, ਬਲਦੇਵ ਸਿੰਘ ਖਿਜਰਾਬਾਦ, ਭਗਤ ਸਿੰਘ ਭਗਤਮਾਜਰਾ, ਦਲਜੀਤ ਸਿੰਘ ਫਾਟਵਾ, ਅਮਨਦੀਪ ਸਿੰਘ ਗੋਲਡੀ, ਰਣਵੀਰ ਸਿੰਘ ਪੂਨੀਆ, ਬਲਵਿੰਦਰ ਸਿੰਘ ਕਾਦੀਮਾਜਰਾ, ਨੰਬਰਦਾਰ ਜਗਤਾਰ ਸਿੰਘ ਸੰਗਤਪੁਰਾ, ਹਰਜੀਤ ਸਿੰਘ ਢਕੋਰਾਂ, ਛਿੰਝ ਕਮੇਟੀ ਪ੍ਰਧਾਨ ਸਤਨਾਮ ਸਿੰਘ ਖਿਜ਼ਰਾਬਾਦ, ਜਗਦੇਵ ਸਿੰਘ ਮਲੋਆ, ਗੁਰਬਚਨ ਸਿੰਘ ਕਰੋਰਾ, ਹਰਜੀਤ ਸਿੰਘ ਖਿਜਰਾਬਾਦ ਆਦਿ ਹਾਜ਼ਰ ਸਨ।



# ਮਜੀਠੀਆ ਨੂੰ ਆਪਣਾ ਇਲਾਜ ਕਰਵਾਉਣਾ ਚਾਹੀਦੈ: ਬਾਜੇਕੇ

## ਅੰਮ੍ਰਿਤਪਾਲ ਦੇ ਸਾਥੀ ਪ੍ਰਧਾਨ ਮੰਤਰੀ ਬਾਜੇਕੇ ਦੀ ਹੋਈ ਸਿਹਤ ਜਾਂਚ



ਬਠਿੰਡਾ : 'ਵਾਰਿਸ ਪੰਜਾਬ ਦੇ' ਮੁਖੀ ਤੇ ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਦੇ ਸਾਥੀ ਭਗਵੰਤ ਸਿੰਘ ਉਰਫ਼ ਪ੍ਰਧਾਨ ਮੰਤਰੀ ਬਾਜੇਕੇ ਨੂੰ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਮੈਡੀਕਲ ਜਾਂਚ ਲਈ ਸਥਾਨਕ ਭਾਈ ਮਨੀ ਸਿੰਘ ਸਿਵਲ ਹਸਪਤਾਲ ਵਿਖੇ ਲਿਆਂਦਾ ਗਿਆ। ਜਿਥੇ ਡਾਕਟਰੀ ਜਾਂਚ ਉਪਰੰਤ ਉਸ ਨੂੰ ਮੁੜ ਕੇਂਦਰੀ ਜੇਲ੍ਹ ਭੇਜ ਦਿੱਤਾ ਹੈ। ਇਸ ਦੌਰਾਨ ਮੀਡੀਆ ਨਾਲ ਗੱਲ ਕਰਦਿਆਂ ਪ੍ਰਧਾਨ ਮੰਤਰੀ ਬਾਜੇਕੇ ਨੇ ਕਿਹਾ ਕਿ ਉਹ ਚੜ੍ਹਦੀ ਕਲਾ ਵਿਚ ਹਨ ਅਤੇ ਗੁਰੂ ਦੀ ਕਿਰਪਾ ਨਾਲ ਸਾਰਾ ਕੁਝ ਠੀਕ ਹੋ ਗਿਆ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਨੌਜਵਾਨ 'ਨਸ਼ੇ' ਛੱਡ ਕੇ 'ਗੁਰੂ ਦੇ ਲੜ' ਲੱਗਣ ਅਤੇ 'ਅੰਮ੍ਰਿਤ ਛਕਣ'। ਪ੍ਰਧਾਨ ਮੰਤਰੀ ਬਾਜੇਕੇ ਨੂੰ ਹਸਪਤਾਲ ਵਿਚ ਲੈ ਕੇ ਆਏ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਜੇਲ੍ਹ ਦੇ ਡਾਕਟਰਾਂ ਦੀਆਂ ਹਦਾਇਤਾਂ ਮਗਰੋਂ ਸਿਹਤ ਜਾਂਚ ਲਈ ਸਿਵਲ ਹਸਪਤਾਲ ਲਿਆਂਦਾ ਗਿਆ, ਟੈੱਸਟ ਹੋ ਗਏ ਹਨ, ਰਿਪੋਰਟ ਆਉਣ ਬਾਅਦ ਸਮੱਸਿਆਵਾਂ ਦਾ ਪਤਾ ਚੱਲੇਗਾ।

# ਸੀਚੇਵਾਲ ਵੱਲੋਂ ਫਿਲਪੀਨ ਵਿੱਚ ਭਾਰਤੀ ਰਾਜਦੂਤ ਨਾਲ ਮੁਲਾਕਾਤ

## ਸਿੱਖਾਂ ਨੂੰ ਹੈਲਮੇਟ ਪਾਉਣ ਲਈ ਮਜਬੂਰ ਕੀਤੇ ਜਾਣ ਦਾ ਮੁੱਦਾ ਚੁੱਕਿਆ

ਜਲੰਧਰ : ਫਿਲਪੀਨਜ਼ ਦੀ ਫੇਰੀ 'ਤੇ ਗਏ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਮਨੀਲਾ ਵਿੱਚ ਭਾਰਤੀ ਰਾਜਦੂਤ ਹਰਸ਼ ਕੁਮਾਰ ਜੈਨ ਨਾਲ ਮੁਲਾਕਾਤ ਕੀਤੀ। ਇਸ ਮੁਲਾਕਾਤ ਦੌਰਾਨ ਸੰਤ ਸੀਚੇਵਾਲ ਨੇ ਪਰਵਾਸੀ ਪੰਜਾਬੀਆਂ ਨੂੰ ਆਉਂਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਉਠਾਇਆ। ਉਨ੍ਹਾਂ ਇਸ ਦੌਰਾਨ ਸੀਬੂ ਟਾਪੂ ਵਿੱਚ ਭਾਰਤੀਆਂ ਅਤੇ ਖ਼ਾਸ ਕਰਕੇ ਸਿੱਖਾਂ ਨੂੰ ਹੈਲਮੇਟ ਪਾਉਣ ਲਈ ਮਜਬੂਰ ਕੀਤੇ ਜਾਣ ਦੇ ਮੁੱਦੇ ਨੂੰ ਗੰਭੀਰਤਾ ਨਾਲ ਉਠਾਇਆ। ਅੱਧੇ ਘੰਟੇ ਤੋਂ ਵੱਧ ਸਮੇਂ ਤੱਕ ਚੱਲੀ ਇਸ ਮੁਲਾਕਾਤ ਦੌਰਾਨ ਸੰਤ ਸੀਚੇਵਾਲ ਨੇ ਭਾਰਤੀ ਰਾਜਦੂਤ ਨੂੰ ਜਾਣੂ ਕਰਵਾਇਆ ਕਿ ਫਿਲਪੀਨਜ਼ ਦੇ ਸੀਬੂ ਟਾਪੂ ਵਿੱਚ ਵੱਸਦੇ ਸਿੱਖਾਂ ਪਰਿਵਾਰਾਂ ਨੇ ਉਨ੍ਹਾਂ ਨੂੰ ਮੰਗ ਪੱਤਰ ਦਿੱਤਾ ਸੀ ਕਿ ਸਿੱਖਾਂ ਨੂੰ ਮੋਟਰ ਸਾਈਕਲ ਚਲਾਉਣ ਦੌਰਾਨ ਹੈਲਮੇਟ ਪਾਉਣ ਲਈ ਮਜਬੂਰ ਕੀਤਾ ਜਾ ਰਿਹਾ ਹੈ ਤੇ ਉਨ੍ਹਾਂ ਦੇ ਚਲਾਨ ਕੱਟੇ ਜਾ ਰਹੇ ਹਨ। ਸੰਤ ਸੀਚੇਵਾਲ ਨੇ ਦੱਸਿਆ ਕਿ ਪੱਗੜੀ ਸਿੱਖ ਦੀ ਆਨ-ਬਾਨ ਤੇ ਸ਼ਾਨ ਹੈ। ਉਨ੍ਹਾਂ ਭਾਰਤੀ ਰਾਜਦੂਤ ਨੂੰ ਕਿਹਾ ਕਿ ਉਹ ਇਸ ਮਸਲੇ ਨੂੰ ਹੱਲ ਕਰਵਾਉਣ ਲਈ ਢੁੱਕਵੇਂ ਕਦਮ ਚੁੱਕਣ। ਇਸ ਤੋਂ ਇਲਾਵਾ ਉਥੇ ਰਹਿੰਦੇ ਭਾਰਤੀਆਂ ਨੂੰ ਪਾਸਪੋਰਟ ਨਾਲ ਸਬੰਧਤ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸੰਤ ਸੀਚੇਵਾਲ ਨੇ ਭਾਰਤੀ ਰਾਜਦੂਤ ਨਾਲ ਮੁਲਾਕਾਤ ਕਰਨ ਤੋਂ ਬਾਅਦ ਦੱਸਿਆ ਕਿ ਭਾਰਤੀ ਰਾਜਦੂਤ ਅਤੇ ਉਨ੍ਹਾਂ ਦੇ ਸਮੁੱਚੇ ਸਟਾਫ਼ ਨੇ ਉਨ੍ਹਾਂ ਵੱਲੋਂ ਦੱਸੀਆਂ ਗਈਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣਿਆਂ ਅਤੇ ਇਸ ਦੇ ਹੱਲ ਲਈ ਭਰੋਸਾ ਦਿੱਤਾ। ਭਾਰਤੀ ਰਾਜਦੂਤ ਵੱਲੋਂ ਸੰਤ ਸੀਚੇਵਾਲ ਨੂੰ ਸਿੱਖਾਂ ਨਾਲ ਸਬੰਧਤ ਕਿਤਾਬ ਸਿੱਖਸ, ਇੰਡੀਆ ਤੇ ਫਿਲਪੀਨ ਸਬੰਧਾਂ ਬਾਰੇ ਕਿਤਾਬਾਂ ਭੇਟ ਕੀਤੀਆਂ ਗਈਆਂ। ਭਾਰਤੀ ਰਾਜਦੂਤ ਨੇ ਸੰਤ ਸੀਚੇਵਾਲ ਦੀ ਪ੍ਰਸ਼ੰਸਾ ਕੀਤੀ ਕਿ ਉਹ ਦੇਸ਼ ਦੀਆਂ ਨਦੀਆਂ ਤੇ ਦਰਿਆਵਾਂ ਨੂੰ ਪ੍ਰਦੂਸ਼ਣ ਮੁਕਤ ਕਰਨ ਵਿੱਚ ਵੱਡੀ ਭੂਮਿਕਾ ਨਿਭਾਅ ਰਹੇ ਹਨ। ਇਸ ਮੌਕੇ ਭਾਰਤੀ ਰਾਜਦੂਤ ਦੇ ਨਿੱਜੀ ਸਕੱਤਰ ਨਿਲੇਸ਼ ਕੁਮਾਰ ਰਾਏ, ਮਨਜਿੰਦਰ ਸਿੰਘ, ਹੈਪੀ ਮਨੀਲਾ, ਜੈਮਸ ਕੁਮਾਰ ਆਦਿ ਹਾਜ਼ਰ ਸਨ।



# ਨਾਰਥ ਕੈਰੋਲੀਨਾ ਯੂਨੀਵਰਸਿਟੀ 'ਚ ਹੋਈ ਗੋਲੀਬਾਰੀ ਵਿੱਚ ਇਕ ਵਿਅਕਤੀ ਦੀ ਮੌਤ ਤੇ 6 ਹੋਰ ਜ਼ਖ਼ਮੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–ਨਾਰਥ ਕੈਰੋਲੀਨਾ ਵਿਚ ਐਲਿਜ਼ਾਬਥ ਸਿਟੀ ਸਟੇਟ ਯੂਨੀਵਰਸਿਟੀ ਵਿਚ ਹੋਈ ਗੋਲੀਬਾਰੀ ਵਿਚ ਇਕ ਵਿਅਕਤੀ ਦੀ ਮੌਤ ਹੋਣ ਤੇ 6 ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਯੂਨੀਵਰਸਿਟੀ ਵੱਲੋਂ ਜਾਰੀ ਇਕ ਬਿਆਨ ਅਨੁਸਾਰ ਗੋਲੀਬਾਰੀ ਦੀ ਇਹ ਘਟਨਾ ਬੀਤੇ ਦਿਨ ਤੜਕਸਾਰ ਵਾਪਰੀ। ਬਿਆਨ ਵਿਚ ਕਿਹਾ ਗਿਆ ਹੈ ਕਿ 24 ਸਾਲਾ ਮ੍ਰਿਤਕ ਯੂਨੀਵਰਸਿਟੀ ਦਾ ਵਿਦਿਆਰਥੀ ਨਹੀਂ ਹੈ। ਗੋਲੀਆਂ ਵੱਜਣ ਕਾਰਨ ਜ਼ਖਮੀ ਹੋਏ 6 ਲੋਕਾਂ ਵਿਚ 3 ਯੂਨੀਵਰਸਿਟੀ ਦੇ ਵਿਦਿਆਰਥੀ ਹਨ। ਯੂਨੀਵਰਸਿਟੀ ਨੇ ਕਿਹਾ ਹੈ ਕਿ ਜ਼ਖਮੀਆਂ ਵਿਚੋਂ ਕਿਸੇ ਦੇ ਵੀ ਜ਼ਖਮ ਜਾਨ ਲੇਵਾ ਨਹੀਂ ਹਨ ਤੇ ਉਨਾਂ ਨੂੰ ਇਲਾਜ ਲਈ ਸਥਾਨਕ ਹਸਪਤਾਲ ਵਿਚ ਲਿਜਾਇਆ ਗਿਆ ਹੈ। ਯੂਨੀਵਰਸਿਟੀ ਨੇ ਘਟਨਾ ਉਪਰ ਅਫਸੋਸ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਅਗਲੇ ਹੁਕਮਾਂ ਤੱਕ ਕਰਤਾਰਪੁਰ ਲਾਂਘਾ ਬੰਦ

ਗੁਰਦਾਸਪੁਰ : ਕੇਂਦਰੀ ਗ੍ਰਹਿ ਮੰਤਰਾਲੇ ਦੀ ਇਮੀਗ੍ਰੇਸ਼ਨ ਬਿਊਰੋ ਨੇ ਅਗਲੇ ਹੁਕਮਾਂ ਤੱਕ ਕਰਤਾਰਪੁਰ ਲਾਂਘਾ ਬੰਦ ਕਰ ਦਿੱਤਾ ਹੈ। ਇੰਟੈਗਰੇਟਿਡ ਚੈੱਕ ਪੋਸਟ 'ਤੇ ਇਕੱਤਰ ਹੋਏ 150 ਸ਼ਰਧਾਲੂਆਂ ਨੂੰ ਅੱਜ ਸਵੇਰੇ ਡੇਢ ਘੰਟੇ ਦੀ ਉਡੀਕ ਮਗਰੋਂ ਵਾਪਸ ਉਨ੍ਹਾਂ ਦੇ ਘਰਾਂ ਨੂੰ ਭੇਜ ਦਿੱਤਾ ਗਿਆ। ਹਾਲਾਂਕਿ ਸਵੇਰ ਤੋਂ ਹੀ ਇਹ ਖਦਸ਼ਾ ਸੀ ਕਿ ਸ਼ਰਧਾਲੂਆਂ ਨੂੰ ਪਾਕਿਸਤਾਨ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਇੱਕ ਸ਼ਰਧਾਲੂ ਤਰਸੇਮ ਸਿੰਘ ਨੇ ਕਿਹਾ, "ਸਾਨੂੰ ਡੇਢ ਘੰਟੇ ਤੱਕ ਉਡੀਕ ਕਰਨ ਲਈ ਮਜਬੂਰ ਕੀਤਾ ਗਿਆ। ਇਸ ਮਗਰੋਂ ਇਮੀਗ੍ਰੇਸ਼ਨ ਅਧਿਕਾਰੀ ਨੇ ਦੱਸਿਆ ਕਿ ਸਾਨੂੰ ਪਾਕਿਸਤਾਨ ਸਥਿਤ ਗੁਰਦੁਆਰੇ ਵਿਚ ਜਾਣ ਦੀ ਇਜਾਜ਼ਤ ਨਹੀਂ ਹੈ। ਇਮੀਗ੍ਰੇਸ਼ਨ ਅਧਿਕਾਰੀਆਂ ਨੇ ਇਹ ਵੀ ਕਿਹਾ ਕਿ ਅਗਲੇ ਹੁਕਮਾਂ ਤੱਕ ਲਾਂਘਾ ਬੰਦ ਕਰ ਦਿੱਤਾ ਗਿਆ ਹੈ।" ਇਕ ਹੋਰ ਸ਼ਰਧਾਲੂ ਸਤਨਾਮ ਕੌਰ ਨੇ ਕਿਹਾ, "ਜਦੋਂ ਵੀ ਲਾਂਘਾ ਮੁੜ ਖੁੱਲ੍ਹੇਗਾ ਤਾਂ ਸਾਨੂੰ ਫਿਰ ਤੋਂ ਆਨਲਾਈਨ ਅਰਜ਼ੀ ਦੇਣੀ ਪਵੇਗੀ।" ਕਾਬਿਲੇਗੌਰ ਹੈ ਕਿ 22 ਅਪ੍ਰੈਲ ਨੂੰ ਪਹਿਲਗਾਮ ਦਹਿਸ਼ਤੀ ਹਮਲੇ ਤੋਂ ਬਾਅਦ ਅਜਿਹੀਆਂ ਅਫਵਾਹਾਂ ਸਨ ਕਿ ਲਾਂਘਾ ਬੰਦ ਕਰ ਦਿੱਤਾ ਜਾਵੇਗਾ। ਹਾਲਾਂਕਿ, ਅੱਜ ਸਵੇਰ ਤੱਕ ਅਜਿਹੀ ਕੋਈ ਗੱਲ ਨਹੀਂ ਸੀ, ਪਰ ਫਿਰ ਲਾਂਘਾ ਬੰਦ ਕਰਨ ਦਾ ਆਦੇਸ਼ ਦਿੱਤਾ ਗਿਆ।



# ਧੰਨ ਧੰਨ ਬਾਬਾ ਜਵਾਹਰ ਦਾਸ ਜੀ ਪਿੰਡ ਸੂਸਾਂ

ਜਿਨ੍ਹਾਂ ਨੇ ਸਾਰੀ ਜ਼ਿੰਦਗੀ ਸੰਗਤਾਂ ਨੂੰ ਮਨੁੱਖਤਾ ਤੇ ਮਾਨਵਤਾ ਨਾਲ ਜੋੜਿਆ ਅਤੇ ਸੱਚ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਸੇਵਾ ਸਿਮਰਨ ਦੇ ਨਾਲ ਮਨੁੱਖਤਾ ਦਾ ਉਧਾਰ ਕੀਤਾ। ਧੰਨ ਧੰਨ ਬਾਬਾ ਜਵਾਹਰ ਦਾਸ ਜੀ ਪਿੰਡ ਸੂਸਾਂ ਵਾਲਿਆਂ ਜੀ ਦੀ ਪਵਿੱਤਰ ਯਾਦ 'ਚ








## ਗੁਰਦੁਆਰਾ ਸਾਹਿਬ ਲਵਿੰਗਸਟਨ ਕੈਲੀਫੋਰਨੀਆ

**884 B Street Livingston California**

ਵਿਖੇ ਮਹਾਨ ਪਵਿੱਤਰ ਸਮਾਗਮ ਹੋ ਰਹੇ ਹਨ। ਸਮੂਹ ਸੰਗਤਾਂ ਦੇ ਚਰਨਾਂ ਵਿਚ ਨਿਮਰਤਾ ਸਾਹਿਤ ਬੇਨਤੀ ਹੈ ਕਿ ਸਮੇਤ ਪਰਿਵਾਰ ਹਾਜ਼ਰੀਆਂ ਭਰਕੇ ਜੀਵਨ ਸਫ਼ਲਾ ਕਰੋ ਜੀ।

### ਸਮਾਗਮ ਦੇ ਵੇਰਵੇ ਇਸ ਤਰ੍ਹਾਂ ਹਨ :

ਅਰੰਭਤਾ ਸ੍ਰੀ ਅਖੰਡ ਪਾਠ ਸਾਹਿਬ 16 ਮਈ 2025 ਦਿਨ ਸ਼ੁੱਕਰਵਾਰ ਸਵੇਰੇ 10 ਵਜੇ

ਸੰਪੂਰਨਤਾ ਸ੍ਰੀ ਅਖੰਡ ਪਾਠ ਸਾਹਿਬ 18 ਮਈ, 2025 ਦਿਨ ਐਤਵਾਰ ਸਵੇਰੇ 10 ਵਜੇ

ਉਪਰੰਤ ਭਾਰੀ ਦੀਵਾਨ ਸੱਜਣਗੇ, ਜਿਸ ਵਿਚ ਰਾਗੀ, ਢਾਡੀ, ਕਥਾਕਾਰ ਇਲਾਹੀ ਬਾਣੀ ਦੇ ਕੀਰਤਨ ਤੇ ਗੁਰਮਤਿ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।



ਭਾਈ ਗੁਰਪ੍ਰੀਤ ਸਿੰਘ, ਭਾਈ ਮਨਪ੍ਰੀਤ ਸਿੰਘ, ਭਾਈ ਚਰਨਬੀਰ ਸਿੰਘ

**ਹੋਰ ਜਾਣਕਾਰੀ ਲਈ**

**ਸ੍ਰ. ਹਰਜਿੰਦਰ ਸਿੰਘ ਹੈਪੀ ਸੂਚ**
**(209) 535-0294**

**ਸ੍ਰ. ਮਨਜੀਤ ਸਿੰਘ ਬਾਸੀ**
**(209) 678-8519**

# ਸਿੱਖ ਜਰਨੈਲ ਹਰੀ ਸਿੰਘ ਨਲੂਆ ਬਾਰੇ ਫਿਲਮ ਬਣਾਉਣ ਦੀ ਇਜਾਜ਼ਤ ਨਹੀਂ ਦੇਵਾਂਗੇ : ਜਥੇਦਾਰ ਗੜਗੱਜ

## ਸਿੱਖ ਫਿਲਮਾਂ ਬਾਰੇ ਸਿੱਖ ਪ੍ਰਤੀਨਿਧਾਂ ਨਾਲ ਕੀਤੀ ਮੀਟਿੰਗ



ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਿੱਖਾਂ ਸਬੰਧੀ ਬਣਦੀਆਂ ਫਿਲਮਾਂ ਬਾਰੇ ਜਲਦੀ ਹੀ ਗੁਰੂ ਸਿਧਾਂਤ, ਪੰਥਕ ਰਵਾਇਤਾਂ ਦੀ ਰੌਸ਼ਨੀ ਵਿੱਚ ਠੋਸ ਨੀਤੀ ਅਤੇ ਨਿਯਮ ਬਣਾਉਣ ਸਬੰਧੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਅੱਜ ਸ੍ਰੀ ਅਕਾਲ ਤਖਤ ਵਿਖੇ ਇਸ ਸਬੰਧ ਵਿੱਚ ਸਿੱਖ ਵਿਦਵਾਨਾਂ, ਸੰਪਰਦਾਵਾਂ, ਸਭਾ ਸੁਸਾਇਟੀਆਂ ਆਦਿ ਦੇ ਪ੍ਰਤੀਨਿਧਾਂ ਨਾਲ ਮੀਟਿੰਗ ਕੀਤੀ ਹੈ। ਕਾਰਜਕਾਰੀ ਜਥੇਦਾਰ ਨੇ ਸਾਫ਼ ਕਰ ਦਿੱਤਾ ਕਿ ਸਿੱਖ ਜਰਨੈਲ ਹਰੀ ਸਿੰਘ ਨਲੂਆ ਬਾਰੇ ਫਿਲਮ ਬਣਾਉਣ ਦੀ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ।

ਮੀਡੀਆ ਨਾਲ ਗੱਲ ਕਰਦਿਆਂ ਜਥੇਦਾਰ ਨੇ ਕਿਹਾ ਕਿ ਅੱਜ ਦੀ ਮੀਟਿੰਗ ਦੌਰਾਨ ਪ੍ਰਾਪਤ ਹੋਏ ਸੁਝਾਵਾਂ 'ਤੇ ਮੰਥਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਲਦੀ ਹੀ ਇੱਕ ਕਮੇਟੀ ਬਣਾ ਕੇ ਪੁੱਜੇ ਸੁਝਾਵਾਂ ਅਤੇ ਹੋਰ ਪਹਿਲੂਆਂ 'ਤੇ ਵਿਚਾਰ ਕਰਕੇ ਇਸ ਸਬੰਧੀ ਇੱਕ ਖਰੜਾ ਤਿਆਰ ਕੀਤਾ ਜਾਵੇਗਾ। ਮਗਰੋਂ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਇਸ ਸਬੰਧੀ ਇੱਕ ਠੋਸ ਨੀਤੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਸਬੰਧੀ ਭਵਿੱਖ ਵਿੱਚ ਵੀ ਵਿਚਾਰਾਂ ਦਾ ਸਿਲਸਿਲਾ ਜਾਰੀ ਰਹੇਗਾ, ਜਿਸ ਤਹਿਤ ਗੁਰੂ ਸਿਧਾਂਤ, ਪੰਥਕ ਰਵਾਇਤਾਂ ਦੀ ਰੋਸ਼ਨੀ ਵਿੱਚ ਠੋਸ ਨੀਤੀ ਅਤੇ ਨਿਯਮ ਬਣਾਉਣ ਦੀ ਕਾਰਵਾਈ ਹੋਵੇਗੀ। ਉਨ੍ਹਾਂ ਕਿਹਾ ਕਿ ਫਿਲਮਾਂ ਸਬੰਧੀ ਆਧੁਨਿਕ ਤਕਨਾਲੋਜੀ ਅਤੇ ਏਆਈ ਦੀ ਵਰਤੋਂ ਨਾਲ ਸਬੰਧਤ ਵਿਸ਼ਿਆਂ ਨੂੰ ਵਿਚਾਰਨ ਲਈ ਜਲਦੀ ਹੀ ਸਿੱਖ ਮਾਹਿਰਾਂ ਦੀ ਬੈਠਕ ਵੀ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਬੌਲੀਵੁੱਡ ਕਲਾਕਾਰ ਅਕਸ਼ੈ ਕੁਮਾਰ ਨੇ ਸਿੱਖ ਜਰਨੈਲ ਹਰੀ ਸਿੰਘ ਨਲੂਆ ਸਬੰਧੀ ਫਿਲਮ ਬਣਾਉਣ ਦੀ ਗੱਲ ਕੀਤੀ ਸੀ, ਜਿਸ ਨੂੰ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਹਰੀ ਸਿੰਘ ਨਲੂਆ ਸਿੱਖ ਕੌਮ ਦੇ ਮਹਾਨ ਜਰਨੈਲ ਹਨ, ਜੋ ਜਮਰੌਦ ਦੀ ਜੰਗ ਵਿੱਚ ਸ਼ਹੀਦ ਹੋਏ ਸਨ। ਉਨ੍ਹਾਂ ਕਿਹਾ ਕਿ ਸਿੱਖ ਸ਼ਹੀਦਾਂ ਉੱਤੇ ਫਿਲਮ ਬਣਾਉਣ 'ਤੇ ਪਹਿਲਾਂ ਹੀ ਰੋਕ ਲੱਗੀ ਹੋਈ ਹੈ। ਇਸ ਲਈ ਵਪਾਰਕ ਹਿਤਾਂ ਦਾ ਮਨੋਰਥ ਪੂਰਾ ਕਰਨ ਲਈ ਸਿੱਖ ਕੌਮ ਆਪਣੇ ਨਾਇਕਾਂ ਤੇ ਸ਼ਹੀਦਾਂ ਬਾਰੇ ਇਸ ਤਰ੍ਹਾਂ ਦੀਆਂ ਫਿਲਮਾਂ ਨਹੀਂ ਬਣਨ ਦੇਵੇਗੀ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਹੇਠ ਹੋਈ ਮੀਟਿੰਗ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਪਲਵਿੰਦਰ ਸਿੰਘ, ਸ਼੍ਰੋਮਣੀ ਕਮੇਟੀ ਦੇ ਮੈਂਬਰ ਗੁਰਚਰਨ ਸਿੰਘ ਗਰੇਵਾਲ, ਸ੍ਰੀ ਅਕਾਲ ਤਖਤ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ, ਦਮਦਮੀ ਟਕਸਾਲ ਸੰਗਰਾਵਾਂ ਦੇ ਮੁਖੀ ਗਿਆਨੀ ਰਾਮ ਸਿੰਘ ਤੇ ਹੋਰ ਕਈ ਪ੍ਰਮੁੱਖ ਸ਼ਖ਼ਸੀਅਤਾਂ ਸ਼ਾਮਲ ਸਨ। ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ 1934, 1940, 2003, 2015 ਅਤੇ 2022 ਵਿੱਚ ਫਿਲਮਾਂ ਬਾਰੇ ਲਏ ਗਏ ਫੈਸਲਿਆਂ ਦੀ ਪ੍ਰੋੜਤਾ ਕੀਤੀ ਗਈ ਅਤੇ ਇਨ੍ਹਾਂ ਦੀ ਰੋਸ਼ਨੀ ਵਿੱਚ ਹੀ ਹੋਰ ਨਿਯਮ ਬਣਾਉਣ ਦੀ ਗੱਲ ਕੀਤੀ ਗਈ।

# ਸ਼੍ਰੋਮਣੀ ਕਮੇਟੀ 14 ਸਾਲਾਂ ਤੋਂ ਉਨ੍ਹਾਂ ਦੀ ਪਟੀਸ਼ਨ 'ਤੇ ਫ਼ੈਸਲਾ ਨਹੀਂ ਕਰਵਾ ਸਕੀ : ਭਾਈ ਰਾਜੋਆਣਾ

## ਕਿਹਾ, ਦੋ ਕਮੇਟੀਆਂ ਵਲੋਂ ਜ਼ੋਰਦਾਰ ਯਤਨ ਕਰਨ ਦੇ ਬਾਵਜੂਦ ਕੇਂਦਰ ਸਰਕਾਰ ਨੇ ਨਹੀਂ ਸੁਣੀ



ਪਟਿਆਲਾ : 30 ਸਾਲ ਤੋਂ ਜੇਲ੍ਹ ਵਿਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਨੇ ਕੇਂਦਰ ਸਰਕਾਰ ਕੋਲ ਰਹਿਮ ਦੀ ਅਪੀਲ ਸੰਬੰਧੀ ਕੋਈ ਫ਼ੈਸਲਾ ਨਾ ਆਉਣ ਤੋਂ ਪੱਤਰਕਾਰਾਂ ਅੱਗੇ ਰੋਸ ਪ੍ਰਗਟ ਕਰਨ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਭਾਈ ਰਾਜੋਆਣਾ ਨਾਲ ਪਟਿਆਲਾ ਜੇਲ੍ਹ ਵਿਚ ਮੁਲਾਕਾਤ ਕਰਨ ਲਈ ਪੁੱਜੇ। ਇਸ ਦੌਰਾਨ ਪ੍ਰਧਾਨ ਧਾਮੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਭਾਈ ਰਾਜੋਆਣਾ ਨੇ ਉਨ੍ਹਾਂ ਕੋਲ ਰੋਸ ਪ੍ਰਗਟ ਕੀਤਾ ਹੈ ਕਿ ਪਿਛਲੇ 14 ਸਾਲਾਂ ਤੋਂ ਸ਼੍ਰੋਮਣੀ ਕਮੇਟੀ ਵਲੋਂ ਦਾਇਰ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਵਾਉਣ ਸੰਬੰਧੀ ਪਾਈ ਪਟੀਸ਼ਨ ਕੇਂਦਰ ਸਰਕਾਰ ਕੋਲ ਅਟਕੀ ਪਈ ਹੈ, ਕਮੇਟੀ ਉਸ ਅਪੀਲ ਉੱਤੇ ਕੋਈ ਫ਼ੈਸਲਾ ਨਹੀਂ ਕਰਵਾ ਸਕੀ। ਇਸ ਤੋਂ ਇਲਾਵਾ ਉਨ੍ਹਾਂ ਪੰਥ ਸੰਬੰਧੀ ਭਾਵਨਾਵਾਂ ਉਨ੍ਹਾਂ ਨਾਲ ਸਾਂਝੀਆਂ ਕੀਤੀਆਂ। ਸ. ਧਾਮੀ ਨੇ ਦੱਸਿਆ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਪਹਿਲਾਂ 11 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਬਾਅਦ ਵਿਚ ਰਾਜੋਆਣਾ ਦੀ ਸਜ਼ਾ ਮੁਆਫ਼ੀ ਲਈ 5 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ ਇਸ ਕਮੇਟੀ ਵਲੋਂ ਪੁਰਜ਼ੋਰ ਯਤਨ ਕਰਨ ਦੇ ਬਾਵਜੂਦ ਕੇਂਦਰ ਸਰਕਾਰ ਦੇ ਨੁਮਾਇੰਦਿਆਂ ਵਲੋਂ ਇਸ ਉੱਤੇ ਕੋਈ ਕਾਰਵਾਈ ਨਹੀਂ ਕੀਤੀ ਗਈ।

**ਭਾਈ ਰਾਜੋਆਣਾ ਦੀ ਅਪੀਲ ਸੰਬੰਧੀ ਇਕਜੁੱਟ ਹੋ ਕੇ ਦੁਬਾਰਾ ਬਣਾਵਾਂਗੇ ਰਣਨੀਤੀ :** ਪ੍ਰਧਾਨ ਧਾਮੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਭਾਈ ਰਾਜੋਆਣਾ ਦੀ ਅਪੀਲ ਸੰਬੰਧੀ ਇਕੱਠੇ ਹੋ ਕੇ ਦੁਬਾਰਾ ਤੋਂ ਰਣਨੀਤੀ ਤਿਆਰ ਕਰਕੇ ਇਸ ਮਸਲੇ ਨੂੰ ਜਲਦ ਤੋਂ ਜਲਦ ਨੇਪਰੇ ਚਾੜ੍ਹਨ ਲਈ ਨਵੇਂ ਤੌਰ 'ਤੇ ਯਤਨ ਕਰਨਗੇ। ਉਨ੍ਹਾਂ ਨੇ ਕਿਹਾ ਕਿ ਭਾਈ ਰਾਜੋਆਣਾ ਵਲੋਂ ਕੇਂਦਰ ਸਰਕਾਰ ਪ੍ਰਤੀ ਰੋਸ ਜਤਾਇਆ ਗਿਆ ਹੈ ਕਿ ਉਨ੍ਹਾਂ ਦੀ ਅਪੀਲ ਨੂੰ ਇੰਨਾ ਲੰਮਾ ਸਮਾਂ ਹੋਣ ਦੇ ਬਾਵਜੂਦ ਵੀ ਫ਼ੈਸਲਾ ਕਿਉਂ ਨਹੀਂ ਸੁਣਾਇਆ ਜਾ ਰਿਹਾ। ਪ੍ਰਧਾਨ ਧਾਮੀ ਨੇ ਕੇਂਦਰ ਸਰਕਾਰ ਉੱਤੇ ਰੋਸ ਪ੍ਰਗਟ ਕਰਦਿਆਂ ਆਖਿਆ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਰਹਿਨੁਮਾਈ ਹੇਠ ਬਣੀ ਕਮੇਟੀ ਨੂੰ ਕੇਂਦਰ ਸਰਕਾਰ ਵਲੋਂ ਸਮਾਂ ਨਾ ਦੇਣਾ ਬਹੁਤ ਹੀ ਮੰਦਭਾਗਾ ਹੈ।

# ਸਿੱਖ ਕੌਮ ਨੂੰ ਇਕਜੁੱਟ ਹੋਣ ਦੀ ਲੋੜ: ਗੜਗੱਜ

## ਗੁਰੂ ਹਰਗੋਬਿੰਦ ਸਾਹਿਬ ਦੇ ਪ੍ਰਕਾਸ਼ ਪੁਰਬ ਦੇ ਸਬੰਧ 'ਚ ਰਾਣਵਾਂ 'ਚ ਸਮਾਗਮ



ਫ਼ਤਹਿਗੜ੍ਹ ਸਾਹਿਬ : ਗੁਰੂ ਹਰਗੋਬਿੰਦ ਸਾਹਿਬ ਦੇ ਪ੍ਰਕਾਸ਼ ਪੁਰਬ ਸਬੰਧੀ ਰਾਣਵਾਂ ਦੇ ਇਤਿਹਾਸਕ ਗੁਰਦੁਆਰੇ ਵਿੱਚ ਸਮਾਗਮ ਕਰਵਾਇਆ ਗਿਆ। ਇਸ ਮੌਕੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਉਨ੍ਹਾਂ ਸੰਗਤ ਨੂੰ ਇਸ ਦਿਹਾੜੇ ਦੀ ਵਧਾਈ ਦਿੰਦੇ ਹੋਏ ਗੁਰੂ ਸਾਹਿਬ ਦੇ ਜੀਵਨ ਬਾਰੇ ਚਾਨਣਾ ਪਾਇਆ। ਉਨ੍ਹਾਂ ਸਿੱਖ ਕੌਮ ਨੂੰ ਇਕਜੁੱਟ ਹੋਣ ਅਤੇ ਨੌਜਵਾਨਾਂ ਨੂੰ ਸਾਬਤ ਸੂਰਤ ਰਹਿੰਦੇ ਹੋਏ ਬਾਣੀ ਅਤੇ ਬਾਣੇ ਦੇ ਧਾਰਨੀ ਹੋਣ ਦਾ ਸੱਦਾ ਦਿੱਤਾ। ਜਥੇਦਾਰ ਗੜਗੱਜ ਨੇ ਸਿੱਖ ਕੌਮ ਨੂੰ ਆਪਣੇ ਮਸਲੇ ਅਦਾਲਤਾਂ ਵਿੱਚ ਲਿਜਾਣ ਦੀ ਥਾਂ ਮਿਲ ਬੈਠ ਕੇ ਹੱਲ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਛੇਵੇਂ ਪਾਤਸ਼ਾਹ ਨੇ ਹਰ ਸਿੱਖ ਨੂੰ ਆਪਣੇ ਕੋਲ ਰਵਾਇਤੀ ਹਥਿਆਰ ਸ੍ਰੀ ਸਾਹਿਬ ਰੱਖਣ ਦਾ ਹੁਕਮ ਦਿੱਤਾ ਸੀ ਜਿਸ 'ਤੇ ਸਮੁੱਚੀ ਸੰਗਤ ਨੂੰ ਅਮਲ ਕਰਨ ਦੀ ਲੋੜ ਹੈ ਤਾਂ ਜੋ ਲੋੜ ਪੈਣ 'ਤੇ ਮਜ਼ਲੂਮਾਂ ਦੀ ਰੱਖਿਆ ਕੀਤੀ ਜਾ ਸਕੇ। ਉਨ੍ਹਾਂ ਅੰਮ੍ਰਿਤ ਛਕ ਕੇ ਗੁਰੂ ਦੇ ਲੜ ਲੱਗਣ ਦੀ ਅਪੀਲ ਕੀਤੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਰਿਆ, ਅੰਤ੍ਰਿਗ ਕਮੇਟੀ ਮੈਂਬਰ ਭਾਈ ਰਵਿੰਦਰ ਸਿੰਘ ਖ਼ਾਲਸਾ, ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਜਨਰਲ ਸਕੱਤਰ ਜਗਦੀਪ ਸਿੰਘ ਚੀਮਾ, ਹਲਕਾ ਬਸੀ ਪਠਾਣਾਂ ਦੇ ਇੰਚਾਰਜ ਦਰਬਾਰਾ ਸਿੰਘ ਗੁਰੂ, ਜ਼ਿਲ੍ਹਾ ਜਥੇਦਾਰ ਸ਼ਰਨਜੀਤ ਸਿੰਘ ਚਨਾਰਥਲ, ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ ਸਰਜੀਤ ਸਿੰਘ ਝਿੰਜਰ, ਸੁਰਿੰਦਰ ਸਿੰਘ ਕਿਸ਼ਨਪੁਰਾ, ਜਸਮੇਰ ਸਿੰਘ ਬਡਲਾ, ਮੈਨੇਜਰ ਕੁਲਦੀਪ ਸਿੰਘ ਕੰਗ, ਬਾਬਾ ਮਨਪ੍ਰੀਤ ਸਿੰਘ ਸੰਗਤਪੁਰਾ, ਜੋਰਾ ਸਿੰਘ, ਜਸਬੀਰ ਸਿੰਘ, ਕਸ਼ਮੀਰਾ ਸਿੰਘ ਬਿਲਾਸਪੁਰ ਤੇ ਮੈਨੇਜਰ ਸੁਖਦੇਵ ਸਿੰਘ ਹਾਜ਼ਰ ਸਨ।

# ਅੰਮ੍ਰਿਤਪਾਲ ਖਿਲਾਫ਼ ਐੱਨਐੱਸਏ 'ਚ ਵਾਧਾ: ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਰੋਸ ਮਾਰਚ

## ਡਿਪਟੀ ਕਮਿਸ਼ਨਰ ਨੂੰ ਰਾਜਪਾਲ ਦੇ ਨਾਮ ਮੰਗ ਪੱਤਰ ਸੌਂਪਿਆ




ਅੰਮ੍ਰਿਤਸਰ : ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤ ਪਾਲ ਸਿੰਘ ਖਿਲਾਫ਼ ਤੀਜੀ ਵਾਰ ਕੌਮੀ ਸੁਰੱਖਿਆ ਐਕਟ (ਐੱਨਐੱਸਏ) ਲਾਏ ਜਾਣ ਦੇ ਰੋਸ ਵਜੋਂ ਅੱਜ ਅਕਾਲੀ ਦਲ ਵਾਰਸ ਪੰਜਾਬ ਦੇ ਜਥੇਬੰਦੀ ਵੱਲੋਂ ਡਿਪਟੀ ਕਮਿਸ਼ਨਰ ਦਫਤਰ ਤੱਕ ਰੋਸ ਮਾਰਚ ਕੀਤਾ ਗਿਆ। ਜਥੇਬੰਦੀ ਨੇ ਪੰਜਾਬ ਦੇ ਰਾਜਪਾਲ ਦੇ ਨਾਂ ਇੱਕ ਮੰਗ ਪੱਤਰ ਵੀ ਦਿੱਤਾ।

ਰੋਸ ਮਾਰਚ ਦੀ ਅਗਵਾਈ ਜਥੇਬੰਦੀ ਦੇ ਸੀਨੀਅਰ ਆਗੂਆਂ ਨੇ ਕੀਤੀ। ਇਸ ਵਿੱਚ ਅੰਮ੍ਰਿਤ ਪਾਲ ਸਿੰਘ ਦੇ ਪਿਤਾ ਬਾਪੂ ਤਰਸੇਮ ਸਿੰਘ, ਸੰਸਦ ਮੈਂਬਰ ਸਰਬਜੀਤ ਸਿੰਘ, ਅਮਰਜੀਤ ਸਿੰਘ ਵਨ ਚਿੜੀ, ਹਰਭਜਨ ਸਿੰਘ, ਸੁਰਜੀਤ ਸਿੰਘ, ਚਰਨਜੀਤ ਸਿੰਘ ਭਿੰਡਰ, ਸੰਦੀਪ ਸਿੰਘ, ਹਰਪ੍ਰੀਤ ਸਿੰਘ, ਕਾਬਲ ਸਿੰਘ, ਬਲਜੀਤ ਸਿੰਘ ਖਾਲਸਾ, ਹਰਸਿਮਰਨ ਸਿੰਘ, ਬਾਬੂ ਸਿੰਘ ਬਰਾੜ, ਐਡਵੋਕੇਟ ਇਮਾਨ ਸਿੰਘ ਖਾਰਾ, ਪ੍ਰਗਟ ਸਿੰਘ, ਸੁਖਚੈਨ ਸਿੰਘ ਤੇ ਹੋਰ ਆਗੂ ਸ਼ਾਮਲ ਸਨ।

ਜਥੇਬੰਦੀ ਦੇ ਕਾਰਕੁਨ ਰਣਜੀਤ ਐਵੇਨਿਊ ਵਿਖੇ ਇਕੱਠੇ ਹੋਏ, ਜਿੱਥੋਂ ਡਿਪਟੀ ਕਮਿਸ਼ਨਰ ਦੇ ਦਫਤਰ ਤੱਕ ਰੋਸ ਮਾਰਚ ਕੀਤਾ ਗਿਆ। ਮਾਰਚ ਦੌਰਾਨ ਕਾਰਕੁਨਾਂ ਨੇ ਹੱਥਾਂ ਵਿੱਚ ਤਖ਼ਤੀਆਂ ਚੁੱਕੀਆਂ ਹੋਈਆਂ ਸਨ, ਜਿਸ ਉੱਪਰ ਐੱਨਐੱਸਏ ਰੱਦ ਕਰੋ, ਅੰਮ੍ਰਿਤ ਪਾਲ ਸਿੰਘ ਨੂੰ ਰਿਹਾਅ ਕਰੋ ਅਤੇ ਹੋਰ ਸਰਕਾਰ ਵਿਰੋਧੀ ਨਾਅਰੇ ਲਿਖੇ ਹੋਏ ਸਨ। ਰੋਸ ਮਾਰਚ ਕਰਦੇ ਹੋਏ ਇਹ ਪ੍ਰਦਰਸ਼ਨਕਾਰੀ ਡਿਪਟੀ ਕਮਿਸ਼ਨਰ ਦਫਤਰ ਪੁੱਜੇ, ਜਿੱਥੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਦੇ ਨਾਂ 'ਤੇ ਇੱਕ ਮੰਗ ਪੱਤਰ ਸੌਂਪਿਆ ਗਿਆ।

ਬਾਪੂ ਤਰਸੇਮ ਸਿੰਘ ਨੇ ਕਿਹਾ ਕਿ ਮੰਗ ਪੱਤਰ ਰਾਹੀਂ ਅੰਮ੍ਰਿਤ ਪਾਲ ਸਿੰਘ ਖਿਲਾਫ਼ ਤੀਜੀ ਵਾਰ ਲਾਇਆ ਗਿਆ ਐਨਐਸਏ ਰੱਦ ਕਰਨ ਦੀ ਮੰਗ ਕੀਤੀ। ਇਸ ਤੋਂ ਇਲਾਵਾ ਅੰਮ੍ਰਿਤਪਾਲ ਸਿੰਘ ਸਮੇਤ ਗ੍ਰਿਫਤਾਰ ਕੀਤੇ ਹੋਰ ਸਿੱਖ ਨੌਜਵਾਨਾਂ ਨੂੰ ਰਿਹਾਅ ਕਰਨ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੱਖਾਂ ਦੀ ਰਿਹਾਈ ਆਦਿ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਉਹ ਲੋਕਾਂ ਵੱਲੋਂ ਚੁਣੇ ਹੋਏ ਸੰਸਦ ਮੈਂਬਰ ਹਨ। ਲੋਕਾਂ ਨੇ ਉਸ ਨੂੰ ਭਾਰੀ ਬਹੁਮਤ ਨਾਲ ਚੁਣਿਆ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਖਿਲਾਫ਼ ਐੱਨਐੱਸਏ ਲਾਗੂ ਕਰਨਾ ਲੋਕਾਂ ਦੀ ਆਵਾਜ਼ ਨੂੰ ਖਾਮੋਸ਼ ਕਰਨ ਦਾ ਯਤਨ ਹੈ ਅਤੇ ਇਹ ਲੋਕਤੰਤਰ ਅਤੇ ਸੰਵਿਧਾਨਕ ਹੱਕਾਂ ਦੇ ਖਿਲਾਫ਼ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਇਨ੍ਹਾਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਜਥੇਬੰਦੀ ਵੱਲੋਂ ਸੰਘਰਸ਼ ਨੂੰ ਅੱਗੇ ਵਧਾਉਣ ਲਈ ਰੂਪਰੇਖਾ ਉਲੀਕੀ ਜਾਵੇਗੀ। ਉਨ੍ਹਾਂ ਰਾਜਪਾਲ ਨੂੰ ਅਪੀਲ ਕੀਤੀ ਹੈ ਕਿ ਉਹ ਸੰਵਿਧਾਨਕ ਜ਼ਿੰਮੇਵਾਰੀ ਸਮਝਦਿਆਂ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਣ। ਫ਼ਰੀਦਕੋਟ ਤੋਂ ਸੰਸਦ ਮੈਂਬਰ ਸਰਬਜੀਤ ਸਿੰਘ ਨੇ ਦੇਸ਼ ਵਿੱਚ ਜੰਗ ਦੇ ਬਣ ਰਹੇ ਹਾਲਾਤ 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜੰਗ ਕਿਸੇ ਸਮੱਸਿਆ ਦਾ ਹੱਲ ਨਹੀਂ ਹੈ ਅਤੇ ਨਾ ਹੀ ਦੇਸ਼ ਦੇ ਲੋਕ ਜੰਗ ਚਾਹੁੰਦੇ ਹਨ। ਇਸ ਨਾਲ ਵੱਡਾ ਨੁਕਸਾਨ ਹੋਵੇਗਾ।

# ਪੰਜਾਬ ਸਰਕਾਰ ਵਲੋਂ ਪ੍ਰਦਰਸ਼ਨਾਂ 'ਤੇ ਪਾਬੰਦੀ, ਲੋਕਤੰਤਰੀ ਸਿਧਾਂਤਾਂ 'ਤੇ ਸਿੱਧਾ ਹਮਲਾ : ਖਹਿਰਾ



ਚੰਡੀਗੜ੍ਹ : ਸੀਨੀਅਰ ਕਾਂਗਰਸੀ ਆਗੂ ਅਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਉਸ ਹੁਕਮ ਦੀ ਸਖ਼ਤ ਨਿਖੇਧੀ ਕੀਤੀ ਹੈ, ਜਿਸ ਵਿਚ ਜਨਤਕ ਜੀਵਨ ਵਿਚ ਵਿਘਨ ਪਾਉਣ ਵਾਲੇ ਪ੍ਰਦਰਸ਼ਨਾਂ 'ਤੇ ਪਾਬੰਦੀ ਲਗਾਈ ਗਈ ਹੈ। ਖਹਿਰਾ ਨੇ ਇਸ ਨੂੰ ਲੋਕਤੰਤਰੀ ਸਿਧਾਂਤਾਂ 'ਤੇ ਸਿੱਧਾ ਹਮਲਾ ਦੱਸਿਆ ਹੈ।

ਖਹਿਰਾ ਨੇ ਦਾਅਵਾ ਕੀਤਾ ਕਿ 5 ਮਈ ਨੂੰ ਪੰਜਾਬ ਦੇ ਮੁੱਖ ਮੰਤਰੀ ਵਲੋਂ ਜਾਰੀ ਕੀਤਾ ਗਿਆ ਇਹ ਹੁਕਮ ਭਾਰਤੀ ਸੰਵਿਧਾਨ ਦੀ ਧਾਰਾ 19 (1) (ਏ) ਦੀ ਉਲੰਘਣਾ ਕਰਦਾ ਹੈ, ਜੋ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੀ ਗਾਰੰਟੀ ਦਿੰਦੀ ਹੈ, ਅਤੇ ਧਾਰਾ 19 (1) (ਬੀ), ਜੋ ਸ਼ਾਂਤਮਈ ਢੰਗ ਨਾਲ ਇਕੱਠੇ ਹੋਣ ਦੇ ਅਧਿਕਾਰ ਨੂੰ ਯਕੀਨੀ ਬਣਾਉਂਦੀ ਹੈ।



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਮਾਲਾਬਾਰਾ ਗੁਰਦੁਆਰਾ ਸਾਹਿਬ ਦੀ ਉਸਾਰੀ ਹਿਤ 20 ਏਕੜ ਜ਼ਮੀਨ ਦੀ ਖ਼ਰੀਦ

ਅਰਨਾਕੁਲਮ-ਏਥੇ ਚਾਰ ਪ੍ਰਚਾਰਕ ਅਤੇ ਇਕ ਸੱਜਣ ਅੰਮ੍ਰਿਤ ਸੰਸਕਾਰ ਲਈ ਸਹਾਇਕ ਨਿਯਤ ਹੈ। ਸ਼ੇਰਟਲੇ (ਰਿਆਸਤ ਟ੍ਰਾਵਨ ਕੋਰ) ਵਿਚ ਭਾਈ ਜੈ ਸਿੰਘ ਜੀ ਪ੍ਰਚਾਰ ਦਾ ਕੰਮ ਕਰ ਰਹੇ ਹਨ। ਇਨ੍ਹਾਂ ਥਾਵਾਂ ਤੋਂ ਹਰ ਹਫ਼ਤੇ ਨਵੇਂ ਸਿੰਘ ਸੱਜਣ ਦੀਆਂ ਰਿਪੋਰਟਾਂ ਆਉਂਦੀਆਂ ਹਨ। ਹੁਣ ਤੱਕ ਲਗਭਗ 200 ਸਿੰਘ ਸਜ ਚੁੱਕੇ ਹਨ। ਸ਼ੇਰਟਲੇ ਵਿਚ ਨਵੇਂ ਸਜੇ ਸਿੰਘਾਂ ਨੇ ਇਕ ਸਭਾ ਨੂੰ ਕਾਇਮ ਕੀਤੀ ਹੈ। ਏਥੇ 20 ਏਕੜ ਜ਼ਮੀਨ ਖ਼ਰੀਦ ਕੇ ਗੁਰਦੁਆਰਾ ਪਾਇਆ ਜਾ ਰਿਹਾ ਹੈ। ਪ੍ਰੋਫੈਸਰ ਸੰਤ ਸਿੰਘ ਜੀ ਖ਼ਾਲਸਾ ਕਾਲਜ ਵਾਲੇ ਓਥੇ ਅੰਗਰੇਜ਼ੀ ਪੜ੍ਹਿਆਂ ਵਿਚ ਲੈਕਚਰ ਦੇਣ ਲਈ ਜਾ ਰਹੇ ਹਨ।

ਸੀ.ਪੀ. (ਸੈਂਟਰਲ ਪ੍ਰਦੇਸ਼)

ਨਾਗਪੁਰ : ਦੋ ਪ੍ਰਚਾਰਕ ਜਿਨ੍ਹਾਂ ਵਿਚੋਂ ਇਕ ਭਾਈ ਅਮਰ ਸਿੰਘ ਜੀ ਮਹਾਰ ਜਾਤੀ (ਜਿਸ ਵਿਚੋਂ ਡਾਕਟਰ ਅੰਬੇਦਕਰ ਹਨ) ਵਿਚੋਂ ਸਿੰਘ ਸਜੇ ਹੋਏ ਹਨ, ਇਹ ਪ੍ਰਚਾਰਕ ਨਾਗਪੁਰ ਦੇ ਇਰਦ ਗਿਰਦ ਅਛੂਤ ਜਾਤੀਆਂ ਦੀਆਂ ਬਸਤੀਆਂ ਪ੍ਰਚਾਰ ਕਰ ਰਹੇ ਹਨ, ਲੋਕਾਂ ਦਾ ਝੁਕਾਓ ਸਿੱਖੀ ਵਲ ਵਧ ਰਿਹਾ ਹੈ। ਇਕ ਦਫ਼ਾ ਅੰਮ੍ਰਿਤ ਪ੍ਰਚਾਰ ਹੋ ਚੁੱਕਾ ਹੈ; ਜਲਦੀ ਹੀ ਦੂਸਰੀ ਦਫ਼ਾ ਹੋਣ ਵਾਲਾ ਹੈ, ਜਿਸ ਵਿਚੋਂ ਚੋਖੀ ਗਿਣਤੀ ਵਿਚ ਸਿੰਘ ਸਜਣਗੇ। ਇਸ ਤੋਂ ਬਿਨਾਂ ਬਹੁਤ, ਸਾਰੇ ਮਾਪਿਆਂ ਨੇ ਆਪਣੇ ਬੱਚਿਆਂ ਦੇ ਕੇਸ ਰਖਵਾਏ ਹਨ ਅਤੇ ਉਨ੍ਹਾਂ ਨੂੰ ਪਹਿਰਾਵਾ ਭੀ ਪੰਜਾਬੀ ਸ਼ੁਰੂ ਕਰ ਦਿੱਤਾ ਹੈ। ਇਹ ਪ੍ਰਚਾਰਕ ਜ਼ਿਲ੍ਹਾ ਅਕੋਲ ਤੇ ਉਸ ਦੇ ਲਾਗੇ ਬੰਨ੍ਹੇ ਭੀ ਪ੍ਰਚਾਰ ਹਿਤ ਦੌਰੇ ਕਰਦੇ ਰਹਿੰਦੇ ਹਨ ਜਿਥੇ ਕਿ ਵਣਜਾਰੇ ਸਿੱਖਾਂ ਦੀ ਹਜ਼ਾਰਾਂ ਦੀ ਵਸੋਂ ਹੈ।

ਯੂ.ਪੀ. : ਅਗਲੀਗੜ੍ਹ, ਆਗਰਾ, ਮੇਰਠ, ਬੁਲੰਦ ਸ਼ਹਿਰ, ਏਟਾ, ਮੁਰਾਦਾਬਾਦ, ਬਿਜਨੌਰ, ਬਰੇਲੀ ਸੈਂਟਰਾਂ ਵਿਚ ਭਾਰੀ ਗਿਣਤੀ ਵਿਚ ਸਿੰਘ ਸਜ ਚੁੱਕੇ ਹਨ। ਇਨ੍ਹਾਂ ਇਲਾਕਿਆਂਵਿਚ ਸਾਡੇ ਪੰਜ ਪ੍ਰਚਾਰਕ ਅਤੇ ਪੰਜ ਗ੍ਰੰਥੀ ਕੰਮ ਕਰ ਰਹੇ ਹਨ। ਛੇ ਸਕੂਲ ਭੀ ਜਾਰੀ ਹਨ, ਜਿਨ੍ਹਾਂ ਵਿਚ ਪੰਜਾਬੀ ਹਿਦੀ ਦੀ ਪੜ੍ਹਾਈ ਕਰਾਈ ਜਾਂਦੀ ਹੈ ਅਤੇ ਇਸ ਸਾਰੇ ਕੰਮ ਅਤੇ ਸਕੂਲਾਂ ਦੀ ਨਿਗਰਾਨੀ ਲਈ ਭਾਈ ਵਾਸਦੇਵ ਸਿੰਘ ਜੀ, ਬੀ.ਏ.ਬੀ.ਟੀ.




ਸੈਕੰਡ ਮਾਸਅਰ ਖਾਲਸਾ।

ਹਵਾਲਾ ਗੁਰਦੁਆਰਾ ਗਜ਼ਟ ਅੰਮ੍ਰਿਤਸਰ, ਪੰਨਾ 63, ਜੁਲਾਈ-ਅਗਸਤ 1936

ਪ੍ਰਚਾਰ ਰਿਪੋਰਟ ਸਰਬ-ਹਿੰਦ ਸਿੱਖ ਮਿਸ਼ਨ

ਪੰਜਾਬ : ਬਾਬੋਵਾਲ ਜ਼ਿਲ੍ਹਾ ਅੰਮ੍ਰਿਤਸਰ ਵਿਚ ਮਿਸ਼ਨ ਦੀ ਛਤਰ ਛਾਇਆ ਹੇਠ 4-5-6 ਸਤੰਬਰ ਨੂੰ ਇਕ ਬੜੇ ਭਾਰੀ ਦੀਵਾਨ ਵਿਚ ਅੰਮ੍ਰਿਤ ਪ੍ਰਚਾਰ ਭੀ ਹੋਇਆ। ਅਖੌਤੀ ਅਛੂਤਾਂ ਵਿਚੋਂ 178 ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ। ਕਿਰਪਾਨਾਂ, ਕੰਘੇ, ਕੜੇ, ਕਛਹਿਰੇ ਮਿਸ਼ਨ ਵਲੋਂ ਦਿੱਤੇ ਗਏ।

ਪੱਧਰੀ ਕਲਾਂ ਜ਼ਿਲ੍ਹਾ ਅੰਮ੍ਰਿਤਸਰ ਵਿਚ 4-5-6 ਸਤੰਬਰ ਨੂੰ ਅਖੌਤੀ ਅਛੂਤਾਂ ਨੂੰ ਅੰਮ੍ਰਿਤ ਛਕਾਉਣ ਲਈ ਮਿਸ਼ਨ ਵਲੋਂ ਇਕ ਬੜਾ ਭਾਰੀ ਦੀਵਾਨ ਕੀਤਾ ਗਿਆ, ਜਿਸ ਵਿਚ 90 ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ। ਕਿਰਪਾਨਾਂ, ਕੰਘੇ, ਕੜੇ, ਕਛਹਿਰੇ ਆਦਿ ਦੀ ਸੇਵਾ ਮਿਸ਼ਨ ਵਲੋਂ ਕੀਤੀ ਗਈ।

ਨੱਤ ਕਲਾਂ ਜ਼ਿਲ੍ਹਾ ਗੁਜਰਾਂਵਾਲਾ ਵਿਚ 3-4-5 ਸਤੰਬਰ ਨੂੰ ਇਕ ਬੜਾ ਭਾਰੀ ਧਾਰਮਿਕ ਦੀਵਾਨ ਸਜਿਆ। ਇਸ ਵਿਚ ਮਿਸ਼ਨ ਵਲੋਂ ਭਾਈ ਗੁਰਦਿੱਤ ਸਿੰਘ ਜੀ ਪ੍ਰਚਾਰਕ ਪ੍ਰਚਾਰ ਸੇਵਾ ਭੁਗਤਾ ਕੇ ਰਿਪੋਰਟ ਦਿੰਦੇ ਹਨ ਕਿ ਇਥੋਂ ਦੇ ਲੋਕ ਪਹਿਲੇ ਬਹੁਤ ਤੰਬਾਕੂ ਪੀਂਦੇ, ਦਾੜ੍ਹੀਆਂ ਮੁਨਾਉਂਦੇ ਅਤੇ ਕੁੱਠਾ ਖਾਂਦੇ ਸਨ। ਪ੍ਰਚਾਰ ਦੇ ਅਸਰ ਨਾਲ ਉਨ੍ਹਾਂ ਇਕਰਾਰ ਕੀਤਾ ਕਿ ਉਹ ਅੱਗੋਂ ਨੂੰ ਕੁੱਠਾ, ਤੰਬਾਕੂ ਨਹੀਂ ਵਰਤਣਗੇ ਅਤੇ ਕੇਸਾਂ ਦੀ ਬੇਅਦਬੀ ਨਹੀਂ ਕਰਨਗੇ।

ਗੁਰਦੁਆਰਾ ਗਜ਼ਟ ਅੰਮ੍ਰਿਤਸਰ (50) ਸਤੰਬਰ 1936

ਗੁਰਸਿੱਖੀ ਪ੍ਰਤੀ ਇਲਾਕੇ ਦੇ 14 ਪਿੰਡਾਂ ਦਾ ਝੁਕਾਅ

ਇਲਾਕਾ ਚਵਿੰਡਾ, ਨਾਰੋਵਾਲ, ਪਸਰੂਰ ਆਦਿ ਜ਼ਿਲ੍ਹਾ ਸਿਆਲਕੋਟ ਵਿਚੋਂ ਸਥਾਨਕ ਅਖੌਤੀ ਅਛੂਤਾਂ ਦੀ ਮੰਗ ਅਨੁਸਾਰ ਮਿਸ਼ਨ ਵਲੋਂ ਪ੍ਰਚਾਰ ਤੇ ਪੜਤਾਲ ਲਈ ਦੋ ਪ੍ਰਚਾਰਕ ਭੇਜੇ ਗਏ ਹਨ। ਉਹ ਰਿਪੋਰਟ ਕਰਦੇ ਹਨ ਕਿ ਉਧਰ 30-40 ਹਜ਼ਾਰ ਅਛੂਤਾਂ ਦੀ ਆਬਾਦੀ ਹੈ। ਉਨ੍ਹਾਂ ਵਿਚੋਂ ਭਾਵੇਂ ਬਹੁਤ ਸਾਰੇ ਆਰੀਆ ਸਮਾਜੀ ਹੋ ਗਏ ਹਨ, ਪ੍ਰੰਤੂ ਹੁਣ ਤੱਕ ਚੌਦਾਂ ਪਿੰਡਾਂ ਵਿਚ ਜਾਣ ਤੋਂ ਪਤਾ ਲੱਗਾ ਕਿ ਉਨ੍ਹਾਂ ਸਾਰਿਆਂ ਦੀ ਰੁਚੀ ਸਿੱਖੀ ਵੱਲ ਹੈ।

**(ਚਲਦਾ)**




ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੇਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੇਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

3. ਸਿਰਫ਼ ਸਾਫ਼ ਪਾਣੀ ਪੀਓ, ਬੋਤਲ ਦਾ ਪਾਣੀ ਜਾਂ ਉਬਾਲ ਕੇ ਠੰਡਾ ਕੀਤਾ ਪਾਣੀ ਹੀ ਪੀਓ।
4. ਦੁੱਧ ਨੂੰ ਉਬਾਲ ਕੇ ਪੀਓ।
5. ਖਾਣਾ ਖਾਣ ਤੋਂ ਪਹਿਲਾਂ ਹੱਥਾਂ ਨੂੰ ਚੰਗੀ ਤਰ੍ਹਾਂ ਸਾਫ਼ ਕਰੋ।
6. ਬਰਫ਼ ਖਾਣ ਤੋਂ ਪਰਹੇਜ਼ ਕਰੋ ਕਿਉਂਕਿ ਇਹ ਦੂਸ਼ਿਤ ਪਾਣੀ ਤੋਂ ਬਣੀ ਹੋ ਸਕਦੀ ਹੈ।

**ਇਲਾਜ :**

1. ਇਸਨੂੰ ਐਂਟੀਬਾਇਓਟਿਕ ਦਵਾਈਆਂ ਨਾਲ ਠੀਕ ਕੀਤਾ ਜਾਂਦਾ ਹੈ।
2. ਬਿਮਾਰੀ ਦੇ ਦੌਰਾਨ ਸਰੀਰ ਵਿੱਚੋਂ ਪਾਣੀ ਘਟਣ ਤੋਂ ਬਚਾਅ ਲਈ ਪਾਣੀ ਅਤੇ ਫਲਾਂ ਦੇ ਜੂਸ ਆਦਿ ਜ਼ਿਆਦਾ ਲਓ।

**ਮੁਸ਼ਕਲਾਂ :**

1. ਪੇਟ ਦੀਆਂ ਆਂਤੜੀਆਂ ਵਿੱਚੋਂ ਖ਼ੂਨ ਵਗਣਾ ਸ਼ੁਰੂ ਹੋ ਸਕਦਾ ਹੈ ਅਤੇ ਮਲ ਵਿੱਚ ਖ਼ੂਨ ਆਉਣ ਲੱਗਦਾ ਹੈ।
2. ਗੁਰਦਿਆਂ ਦਾ ਫ਼ੇਲ੍ਹ ਹੋਣਾ।
3. ਕੁਝ ਲੋਕਾਂ ਦਾ ਇਨਫ਼ੈਕਸ਼ਨ ਪੂਰੀ ਤਰ੍ਹਾਂ ਠੀਕ ਨਹੀਂ ਹੁੰਦਾ ਅਤੇ ਇਹ ਲੋਕ ਬਹੁਤ ਸਾਲਾਂ ਤਕ ਆਪਣੇ ਮਲ ਦੁਆਰਾ ਬਿਮਾਰੀ ਫੈਲਾਉਂਦੇ ਰਹਿੰਦੇ ਹਨ।

**ਲਿੰਫ਼ ਨੋਡ ਦੀ ਸੋਜ਼ਿਸ਼**

ਜੇਕਰ ਤੁਹਾਡੇ ਗਲੇ ਦੇ ਆਲੇ-ਦੁਆਲੇ, ਬਗਲਾਂ ਵਿੱਚ ਅਤੇ ਸਰੀਰ ਤੇ ਪੱਟ ਦੇ ਜੋੜ ਦੇ ਆਲੇ-ਦੁਆਲੇ ਕੋਈ ਉੱਭਰੀ ਹੋਈ ਗਿਲਟੀ ਹੈ ਤਾਂ ਇਹ ਲਿੰਫ਼ ਨੋਡ ਦੀ ਸੋਜ਼ਿਸ਼ ਹੋਣ ਕਰਕੇ ਹੋ ਸਕਦੀ ਹੈ।

**ਕਾਰਨ :**

1. ਇਨਫ਼ੈਕਸ਼ਨ (ਦਰਦਨਾਕ ਅਤੇ ਸੁੱਜੀਆਂ ਹੋਈਆਂ ਲਿੰਫ਼ ਨੋਡ)।




2. ਕੈਂਸਰ (ਬਿਨਾਂ ਦਰਦ ਤੋਂ ਅਤੇ ਸਖ਼ਤ ਲਿੰਫ਼ ਨੋਡ)।

**ਘਰੇਲੂ ਇਲਾਜ :**

ਸੁੱਜੀਆਂ ਹੋਈਆਂ ਲਿੰਫ਼ ਨੋਡਜ਼ ਦਾ ਕੋਈ ਖ਼ਾਸ ਘਰੇਲੂ ਇਲਾਜ ਨਹੀਂ ਹੈ। ਤੁਸੀਂ ਇਸਦੇ ਆਕਾਰ ਅਤੇ ਰੰਗ ਵਿੱਚ ਆਉਂਦੀਆਂ ਤਬਦੀਲੀਆਂ 'ਤੇ ਨਿਗਾਹ ਰੱਖੋ। ਜੇਕਰ ਇਨਫ਼ੈਕਸ਼ਨ ਦੇ ਕਾਰਨ ਲਿੰਫ਼ ਨੋਡਜ਼ ਦੀ ਸੋਜ਼ਿਸ਼ ਹੈ ਤਾਂ ਇਹ ਇਨਫ਼ੈਕਸ਼ਨ ਦੇ ਠੀਕ ਹੋਣ ਤੋਂ ਬਾਅਦ ਆਪਣੇ ਆਪ ਠੀਕ ਹੋ ਸਕਦੀ ਹੈ ਤੇ ਸਮੇਂ ਦੇ ਨਾਲ ਨਾਲ ਦਰਦ ਅਤੇ ਸੋਜ਼ਿਸ਼ ਵੀ ਘੱਟ ਜਾਂਦੀ ਹੈ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜਦੋਂ ਸੁੱਜੀਆਂ ਹੋਈਆਂ ਲਿੰਫ਼ ਨੋਡਜ਼ ਲਗਾਤਾਰ ਹੋਰ ਵੱਡੀਆਂ ਹੁੰਦੀਆਂ ਜਾਣ ਅਤੇ ਦਰਦ ਲਗਾਤਾਰ ਵੱਧ ਰਿਹਾ ਹੋਵੇ।
2. ਜਦੋਂ ਲਿੰਫ਼ ਨੋਡਜ਼ ਬਹੁਤ ਜ਼ਿਆਦਾ ਲਾਲ ਅਤੇ ਬਹੁਤ ਦਰਦਨਾਕ ਹੋਣ।
3. ਜਦੋਂ ਇਸਦੇ ਨਾਲ ਬੁਖ਼ਾਰ ਵੀ ਹੋਵੇ।
4. ਜਦੋਂ ਇਸਦੇ ਲੱਛਣ ਦੋ ਹਫ਼ਤਿਆਂ ਵਿੱਚ ਵੀ ਠੀਕ ਨਾ ਹੋਣ।
5. ਭਾਰ ਦਾ ਘਟਣਾ ਅਤੇ ਭੁੱਖ ਦਾ ਘੱਟ ਲੱਗਣਾ (ਕੈਂਸਰ ਦੇ ਚਿੰਨ੍ਹ)।

**ਵੈਜੀਨਾਈਟਿਸ**

(ਔਰਤਾਂ ਵਿੱਚ ਗੁਪਤ-ਅੰਗ ਦਾ ਇਨਫ਼ੈਕਸ਼ਨ)

ਜੇਕਰ ਖਾਰਸ਼ ਦੇ ਨਾਲ ਨਾਲ ਔਰਤਾਂ ਦੇ ਗੁਪਤ-ਅੰਗ ਵਿੱਚੋਂ ਤਰਲ ਪਦਾਰਥ ਦਾ ਰਿਸਾਵ ਹੋਵੇ, ਤਾਂ ਇਹ ਵੈਜੀਨਾਈਟਿਸ ਹੋ ਸਕਦਾ ਹੈ। ਇਸਦੀ ਰੋਕਥਾਮ/ਬਚਾਅ ਲਈ ਗੁਪਤ-ਅੰਗ ਦੇ ਹਿੱਸੇ ਨੂੰ ਚੰਗੀ ਤਰਾਂ ਸਾਫ਼ ਰੱਖੋ। ਵੈਜੀਨਾਈਟਿਸ ਸ਼ੂਗਰ ਦੇ ਰੋਗੀਆਂ ਵਿੱਚ ਆਮ ਹੈ। ਜੇਕਰ ਦੋ-ਤਿੰਨ ਦਿਨਾਂ ਦੇ ਅੰਦਰ ਅੰਦਰ ਲੱਛਣ ਠੀਕ ਨਹੀਂ ਹੁੰਦੇ ਤਾਂ ਡਾਕਟਰ ਨੂੰ ਦਿਖਾਓ।

**ਸ਼ੂਗਰ ਰੋਗ (ਡਾਇਬੀਟੀਜ਼)**

**ਸ਼ੂਗਰ ਰੋਗ (ਡਾਇਬੀਟੀਜ਼) ਕੀ ਹੈ ?**

ਜੋ ਖਾਣਾ ਅਸਲ ਖਾਂਦੇ ਹਾਂ, ਇਹ ਖਾਣਾ ਗਲੂਕੋਜ਼ (ਸ਼ੱਕਰ) ਵਿੱਚ ਤਬਦੀਲ ਹੋ ਜਾਂਦਾ ਹੈ ਜਿਸ ਨਾਲ ਸਾਡੇ ਸਰੀਰ ਨੂੰ ਊਰਜਾ ਮਿਲਦੀ ਹੈ। ਸਾਡੇ ਸਰੀਰ ਵਿੱਚ ਇੱਕ ਪ੍ਰਣਾਲੀ ਹੈ ਜਿਸ ਨਾਲ ਸਾਡੇ ਸਰੀਰ ਦੀ ਗਲੂਕੋਜ਼ (ਸ਼ੱਕਰ) ਕਾਬੂ ਵਿੱਚ ਰਹਿੰਦੀ ਹੈ, ਜੋ ਕਿ ਇੱਕ ਰਸਾਇਣ (ਹਾਰਮੋਨ) ਇਨਸੂਲਿਨ ਦੀ ਮੱਦਦ ਨਾਲ ਹੁੰਦਾ ਹੈ। ਇਨਸੂਲਿਨ ਸਰੀਰ ਵਿੱਚ ਇੱਕ ਗ੍ਰੰਥੀ ਵਿੱਚ ਬਣਦਾ ਹੈ ਜਿਸਨੂੰ ਪੈਂਨਕ੍ਰਿਆਜ਼ ਕਿਹਾ ਜਾਂਦਾ ਹੈ। ਸ਼ੂਗਰ ਰੋਗ ਉਦੋਂ ਹੁੰਦਾ ਹੈ ਜਦੋਂ ਇਨਸੂਲਿਨ ਲੋੜੀਂਦੀ ਮਾਤਰਾ ਵਿੱਚ ਨਹੀਂ ਬਣਦੀ ਜਾਂ ਇਨਸੂਲਿਨ ਠੀਕ ਤਰੀਕੇ ਨਾਲ ਕੰਮ ਨਹੀਂ ਕਰਦੀ।

**ਸ਼ੂਗਰ ਰੋਗ ਦੀਆਂ ਕਿਸਮਾਂ :**

1. ਕਿਸਮ-1 : ਜਦੋਂ ਸਰੀਰ ਵਿੱਚ ਇਨਸੂਲਿਨ ਲੋੜੀਂਦੀ ਮਾਤਰਾ ਵਿੱਚ ਨਹੀਂ ਬਣਦੀ। ਆਮ ਤੌਰ 'ਤੇ ਬਚਪਨ ਵਿੱਚ ਸ਼ੁਰੂ ਹੁੰਦੀ ਹੈ। ਜਿਨ੍ਹਾਂ ਲੋਕਾਂ ਨੂੰ ਅਜਿਹਾ ਸ਼ੂਗਰ ਰੋਗ ਹੁੰਦਾ ਹੈ, ਉਹਨਾਂ ਨੂੰ ਹਰ ਰੋਜ਼ ਇਨਸੂਲਿਨ ਦੇ ਟੀਕੇ ਲਗਵਾਉਣ ਦੀ ਜ਼ਰੂਰਤ ਹੁੰਦੀ ਹੈ।
2. ਕਿਸਮ-2 : ਜਦੋਂ ਇਨਸੂਲਿਨ ਲੋੜੀਂਦੀ ਮਾਤਰਾ ਵਿੱਚ ਬਣਦੀ ਹੈ, ਪਰ ਇਹ ਠੀਕ ਤਰੀਕੇ ਨਾਲ ਕੰਮ ਨਹੀਂ ਕਰਦੀ।

**ਸ਼ੂਗਰ ਰੋਗ ਕਿਸ ਨੂੰ ਹੋ ਸਕਦਾ ਹੈ ?**

1. ਜ਼ਿਆਦਾ ਭਾਰ ਹੋਣ ਕਾਰਨ।
2. ਸ਼ੂਗਰ ਰੋਗ ਦਾ ਪਰਿਵਾਰਿਕ ਪਿਛੋਕੜ।
3. 40 ਸਾਲ ਦੀ ਉਮਰ ਤੋਂ ਬਾਅਦ।
4. ਜ਼ਿਆਦਾ ਸ਼ਰਾਬ ਪੀਣ ਨਾਲ।

**ਲੱਛਣ :**

1. ਜ਼ਿਆਦਾ ਪਿਆਸ ਲੱਗਣਾ।
2. ਜ਼ਿਆਦਾ ਪਿਸ਼ਾਬ ਆਉਣਾ।
3. ਜ਼ਿਆਦਾ ਭੁੱਖ ਲੱਗਣੀ।
4. ਬਿਨਾਂ ਕਿਸੇ ਕਾਰਨ ਤੋਂ ਭਾਰ ਦਾ ਘਟਣਾ।
5. ਥਕਾਵਟ।
6. ਘੱਟ ਦਿਖਾਈ ਦੇਣਾ।
7. ਹੱਥ ਅਤੇ ਪੈਰ ਸੁੰਨ ਹੋਣੇ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# ਤਬਾਹ ਹੋ ਜਾਵੇਗਾ ਪਾਕਿਸਤਾਨ! ਕਈ ਵਿਦੇਸ਼ੀ ਏਅਰਲਾਈਨਾਂ ਨੇ ਵੀ ਬੰਦ ਕਰ ਦਿੱਤੀ ਉਡਾਣ



ਪਹਿਲਗਾਮ ਹਮਲੇ ਤੋਂ ਬਾਅਦ, ਪਾਕਿਸਤਾਨ ਨੂੰ ਭਾਰਤ ਦੀ ਤਾਕਤ ਤੋਂ ਲਗਾਤਾਰ ਝਟਕੇ ਲੱਗ ਰਹੇ ਹਨ। ਪਾਕਿਸਤਾਨ ਵੱਲੋਂ ਭਾਰਤ ਲਈ ਆਪਣਾ ਹਵਾਈ ਖੇਤਰ ਬੰਦ ਕਰਨ ਤੋਂ ਬਾਅਦ, ਹੁਣ ਦੋ ਵਿਦੇਸ਼ੀ ਏਅਰਲਾਈਨਾਂ ਨੇ ਪਾਕਿਸਤਾਨ ਨੂੰ ਵੱਡਾ ਝਟਕਾ ਦਿੱਤਾ ਹੈ। ਇਨ੍ਹਾਂ ਏਅਰਲਾਈਨਾਂ ਨੇ ਕਿਹਾ ਕਿ ਉਹ ਹੁਣ ਕਿਸੇ ਹੋਰ ਰੂਟ ਰਾਹੀਂ ਉਡਾਣ ਭਰਨਗੀਆਂ ਅਤੇ ਆਪਣੇ ਯਾਤਰੀਆਂ ਨੂੰ ਸੁਰੱਖਿਅਤ ਢੰਗ ਨਾਲ ਉਨ੍ਹਾਂ ਦੀ ਮੰਜ਼ਿਲ 'ਤੇ ਪਹੁੰਚਾਉਣਗੀਆਂ।

ਮੀਡੀਆ ਰਿਪੋਰਟਾਂ ਦੇ ਅਨੁਸਾਰ, ਫਰਾਂਸੀਸੀ ਏਅਰਲਾਈਨਜ਼ ਏਅਰ ਫਰਾਂਸ ਅਤੇ ਜਰਮਨ ਏਅਰਲਾਈਨਜ਼ ਲੁਫਥਾਂਸਾ ਨੇ ਪਾਕਿਸਤਾਨੀ ਹਵਾਈ ਖੇਤਰ ਵਿੱਚੋਂ ਉਡਾਣ ਭਰਨ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਆਪਣੀਆਂ ਸਾਰੀਆਂ ਉਡਾਣਾਂ ਨੂੰ ਮੁਅੱਤਲ ਕਰ ਦਿੱਤਾ ਹੈ।

ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਦਰਅਸਲ, ਵਿਦੇਸ਼ੀ ਏਅਰਲਾਈਨਾਂ ਦਾ ਇਹ ਫੈਸਲਾ ਭਾਰਤ ਅਤੇ ਪਾਕਿਸਤਾਨ ਵਿਚਕਾਰ ਵਧਦੇ ਤਣਾਅ ਦੇ ਵਿਚਕਾਰ ਆਇਆ ਹੈ। ਰਿਪੋਰਟਾਂ ਅਨੁਸਾਰ, ਅੰਤਰਰਾਸ਼ਟਰੀ ਏਅਰਲਾਈਨਾਂ ਪਾਕਿਸਤਾਨੀ ਹਵਾਈ ਖੇਤਰ ਤੋਂ ਬਚ ਰਹੀਆਂ ਹਨ। ਦੱਸਿਆ ਜਾ ਰਿਹਾ ਹੈ ਕਿ ਪਾਕਿਸਤਾਨ ਦੇ ਹਵਾਈ ਖੇਤਰ ਦੇ ਬੰਦ ਹੋਣ ਕਾਰਨ, ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਇਸਨੂੰ ਹਰ ਰੋਜ਼ 3 ਲੱਖ ਅਮਰੀਕੀ ਡਾਲਰ ਦਾ ਨੁਕਸਾਨ ਹੋਵੇਗਾ।

ਅੰਤਰਰਾਸ਼ਟਰੀ ਏਅਰਲਾਈਨਾਂ ਨੇ ਕੀ ਕਿਹਾ ?

ਏਅਰ ਫਰਾਂਸ ਨੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਵਿਚਾਲੇ ਤਣਾਅ ਦੇ ਕਾਰਨ, ਏਅਰਲਾਈਨ ਨੇ ਅਗਲੇ ਨੋਟਿਸ ਤੱਕ ਪਾਕਿਸਤਾਨ ਤੋਂ ਉਡਾਣਾਂ ਮੁਅੱਤਲ ਕਰ ਦਿੱਤੀਆਂ ਹਨ। ਇਸ ਦੌਰਾਨ, ਲੁਫਥਾਂਸਾ ਨੇ ਇੱਕ ਬਿਆਨ ਵਿੱਚ ਕਿਹਾ ਕਿ ਉਸਦੇ ਜਹਾਜ਼ ਅਗਲੇ ਨੋਟਿਸ ਤੱਕ ਪਾਕਿਸਤਾਨੀ ਹਵਾਈ ਖੇਤਰ ਤੋਂ ਬਚ ਰਹੇ ਹਨ।

# ਪਾਕਿਸਤਾਨ ਅਰਥਵਿਵਸਥਾ ਨੂੰ ਲੱਗੇਗਾ ਝਟਕਾ, ਭਾਰਤ 'ਤੇ ਨਹੀਂ ਹੋਵੇਗਾ ਅਸਰ

ਨਵੀਂ ਦਿੱਲੀ : ਪਹਿਲਗਾਮ 'ਚ ਅੱਤਵਾਦੀ ਹਮਲੇ ਦੇ ਬਾਅਦ ਤੋਂ ਭਾਰਤ ਅਤੇ ਪਾਕਿਸਤਾਨ ਵਿਚਾਲੇ ਤਣਾਅ ਇਕ ਵਾਰ ਫਿਰ ਤੋਂ ਵਧ ਗਿਆ ਹੈ। ਇਸ ਨੂੰ ਲੈ ਕੇ ਮੂਡੀਜ਼ ਇਨਵੈਸਟਰਜ਼ ਸਰਵਿਸ ਨੇ ਚਿਤਾਵਨੀ ਦਿੱਤੀ ਹੈ ਕਿ ਇਹ ਤਣਾਅ ਪਾਕਿਸਤਾਨ ਦੀ ਕਮਜ਼ੋਰ ਅਰਥਵਿਵਸਥਾ ਨੂੰ ਹੋਰ ਮੁਸ਼ਕਿਲ 'ਚ ਪਾ ਸਕਦਾ ਹੈ। ਉੱਥੇ ਹੀ ਭਾਰਤ 'ਤੇ ਇਸ ਦਾ ਅਸਰ ਘੱਟ ਰਹੇਗਾ ਪਰ ਲੰਬਾ ਖਿੱਚੇ ਜਾਣ 'ਤੇ ਕੁਝ ਦਿੱਕਤਾਂ ਹੋ ਸਕਦੀਆਂ ਹਨ।

ਮੂਡੀਜ਼ ਦੀ ਨਵੀਂ ਰਿਪੋਰਟ 'ਚ ਕਿਹਾ ਗਿਆ ਹੈ ਕਿ ਭਾਰਤ ਨਾਲ ਵਧਦਾ ਤਣਾਅ ਪਾਕਿਸਤਾਨ ਦੀ ਆਰਥਿਕ ਸਥਿਰਤਾ ਲਈ ਵੱਡਾ ਖ਼ਤਰਾ ਹੈ। ਪਾਕਿਸਤਾਨ ਦੀ ਅਰਥਵਿਵਸਥਾ ਹਾਲ ਦੇ ਦਿਨਾਂ 'ਚ ਥੋੜ੍ਹੀ ਸੁਧਰੀ ਸੀ, ਖ਼ਾਸ ਕਰ ਕੇ ਅੰਤਰਰਾਸ਼ਟਰੀ ਮੁਦਰਾ ਫੰਡ (ਆਈ. ਐੱਮ. ਐੱਫ.) ਦੇ ਪ੍ਰੋਗਰਾਮ ਦੀ ਮਦਦ ਨਾਲ, ਪਰ ਜੇਕਰ ਇਹ ਤਣਾਅ ਲੰਬਾ ਚੱਲਿਆ, ਤਾਂ ਪਾਕਿਸਤਾਨ ਨੂੰ ਵਿਦੇਸ਼ੀ ਫੰਡਿੰਗ ਜੁਟਾਉਣ 'ਚ ਮੁਸ਼ਕਿਲ ਹੋਵੇਗੀ।

ਰਿਪੋਰਟ 'ਚ ਚਿਤਾਵਨੀ ਦਿੱਤੀ ਗਈ ਹੈ ਕਿ ਤਣਾਅ ਵਧਣ ਨਾਲ ਪਾਕਿਸਤਾਨ ਦੇ ਵਿਦੇਸ਼ੀ ਕਰੰਸੀ ਭੰਡਾਰ 'ਤੇ ਦਬਾਅ ਪਵੇਗਾ, ਜੋ ਪਹਿਲਾਂ ਹੀ ਜ਼ਰੂਰਤ ਨਾਲੋਂ ਕਾਫ਼ੀ ਘੱਟ ਹੈ। ਅਗਲੇ ਕੁਝ ਸਾਲਾਂ 'ਚ ਪਾਕਿਸਤਾਨ ਨੂੰ ਭਾਰੀ ਵਿਦੇਸ਼ੀ ਕਰਜ਼ੇ ਦਾ ਭੁਗਤਾਨ ਕਰਨਾ ਹੈ ਅਤੇ ਜੇਕਰ ਫੰਡਿੰਗ ਰੁਕ ਗਈ ਤਾਂ ਪਾਕਿਸਤਾਨ ਦੇ ਹਾਲਾਤ ਹੋਰ ਵਿਗੜ ਸਕਦੇ ਹਨ। ਮੂਡੀਜ਼ ਨੇ ਇਹ ਵੀ ਕਿਹਾ ਕਿ ਤਣਾਅ ਕਾਰਨ ਪਾਕਿਸਤਾਨ ਸਰਕਾਰ ਦਾ ਵਿੱਤੀ ਸੁਧਾਰਾਂ 'ਤੇ ਧਿਆਨ ਘੱਟ ਹੋ ਸਕਦਾ ਹੈ, ਜਿਸ ਨਾਲ ਆਰਥਿਕ ਸੁਧਾਰਾਂ ਨੂੰ ਝਟਕਾ ਲੱਗੇਗਾ।

**ਭਾਰਤ ਦੀ ਅਰਥਵਿਵਸਥਾ ਇਸ ਤਣਾਅ ਨੂੰ ਝੱਲਣ 'ਚ ਸਮਰੱਥ :** ਭਾਰਤ ਦੀ ਗੱਲ ਕਰੀਏ ਤਾਂ ਮੂਡੀਜ਼ ਦਾ ਮੰਨਣਾ ਹੈ ਕਿ ਇਸ ਤਣਾਅ ਦਾ ਭਾਰਤ ਦੀ ਅਰਥਵਿਵਸਥਾ 'ਤੇ ਜ਼ਿਆਦਾ ਅਸਰ ਨਹੀਂ ਪਵੇਗਾ। ਇਸ ਦਾ ਵੱਡਾ ਕਾਰਨ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਾਲੇ ਵਪਾਰ ਬਹੁਤ ਘੱਟ ਹੈ। 2024 'ਚ ਪਾਕਿਸਤਾਨ ਨੂੰ ਭਾਰਤ ਦੀ ਕੁੱਲ ਬਰਾਮਦ ਦਾ 0.5 ਫੀਸਦੀ ਤੋਂ ਵੀ ਘੱਟ ਹਿੱਸਾ ਗਿਆ ਸੀ। ਭਾਵ, ਵਪਾਰਕ ਰਿਸ਼ਤੇ ਇੰਨੇ ਮਾਮੂਲੀ ਹਨ ਕਿ ਤਣਾਅ ਨਾਲ ਭਾਰਤ ਨੂੰ ਕੋਈ ਵੱਡਾ ਝਟਕਾ ਨਹੀਂ ਲੱਗੇਗਾ।

ਹਾਲਾਂਕਿ, ਮੂਡੀਜ਼ ਨੇ ਸਾਵਧਾਨ ਕੀਤਾ ਹੈ ਕਿ ਜੇਕਰ ਇਹ ਤਣਾਅ ਲੰਬੇ ਸਮੇਂ ਤੱਕ ਰਿਹਾ, ਤਾਂ ਭਾਰਤ ਨੂੰ ਵੀ ਕੁਝ ਦਿੱਕਤਾਂ ਹੋ ਸਕਦੀਆਂ ਹਨ। ਜਿਵੇਂ ਕਿ ਰੱਖਿਆ ਖਰਚਾ ਵਧ ਸਕਦਾ ਹੈ, ਜਿਸ ਨਾਲ ਸਰਕਾਰ ਦਾ ਬਜਟ ਪ੍ਰਭਾਵਿਤ ਹੋਵੇਗਾ ਅਤੇ ਵਿੱਤੀ ਸੁਧਾਰਾਂ ਦੀ ਰਫਤਾਰ ਮੱਠੀ ਪੈ ਸਕਦੀ ਹੈ। ਫਿਰ ਵੀ ਮੂਡੀਜ਼ ਨੂੰ ਲੱਗਦਾ ਹੈ ਕਿ ਭਾਰਤ ਦੀ ਅਰਥਵਿਵਸਥਾ ਇਸ ਤਣਾਅ ਨੂੰ ਝੱਲਣ 'ਚ ਸਮਰੱਥ ਹੈ।

**ਮੂਡੀਜ਼ ਦੀ ਰੇਟਿੰਗ ਅਤੇ ਭਵਿੱਖ ਦਾ ਅੰਦਾਜ਼ਾ :** ਮੂਡੀਜ਼ ਨੇ ਪਾਕਿਸਤਾਨ ਨੂੰ ਸੀ. ਏ. ਏ.-2 ਰੇਟਿੰਗ ਦਿੱਤੀ ਹੈ ਪਰ ਉਸ ਦਾ ਆਊਟਲੁਕ ਪਾਜ਼ੇਟਿਵ ਹੈ। ਉੱਥੇ ਹੀ, ਭਾਰਤ ਨੂੰ ਬੀ. ਏ. ਏ.-3 ਰੇਟਿੰਗ ਮਿਲੀ ਹੈ, ਜਿਸ ਦਾ ਆਊਟਲੁਕ ਸਥਿਰ ਹੈ। ਮੂਡੀਜ਼ ਦਾ ਕਹਿਣਾ ਹੈ ਕਿ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਦਾ ਲੰਬਾ ਇਤਿਹਾਸ ਰਿਹਾ ਹੈ ਅਤੇ ਸਮੇਂ-ਸਮੇਂ 'ਤੇ ਛੋਟੇ-ਮੋਟੇ ਟਕਰਾਅ ਹੁੰਦੇ ਰਹਿੰਦੇ ਹਨ ਪਰ ਉਨ੍ਹਾਂ ਦਾ ਅੰਦਾਜ਼ਾ ਹੈ ਕਿ ਇਹ ਤਣਾਅ ਪੂਰੀ ਤਰ੍ਹਾਂ ਲੜਾਈ 'ਚ ਨਹੀਂ ਬਦਲੇਗਾ।

**ਕੀ ਹੈ ਅਸਲ ਚਿੰਤਾ ?**

ਪਾਕਿਸਤਾਨ ਲਈ ਚਿੰਤਾ ਦੀ ਗੱਲ ਇਹ ਹੈ ਕਿ ਉਹ ਪਹਿਲਾਂ ਤੋਂ ਹੀ ਭਾਰੀ ਕਰਜ਼ੇ ਦੇ ਬੋਝ ਹੇਠ ਦਬਿਆ ਹੈ। ਆਈ. ਐੱਮ. ਐੱਫ. ਦੀ ਮਦਦ ਅਤੇ ਕਰਜ਼ਾ ਰਾਹਤ ਦੀਆਂ ਕੋਸ਼ਿਸ਼ਾਂ ਚੱਲ ਰਹੀਆਂ ਹਨ ਪਰ ਤਣਾਅ ਵਧਣ ਨਾਲ ਇਹ ਸਾਰੀਆਂ ਕੋਸ਼ਿਸ਼ਾਂ ਲੀਹ ਤੋਂ ਲੱਥ ਸਕਦੀਆਂ ਹਨ। ਭਾਰਤ ਲਈ ਤਣਾਅ ਦਾ ਅਸਰ ਸੀਮਿਤ ਹੈ ਪਰ ਲੰਬੇ ਸਮੇਂ ਤੱਕ ਰੱਖਿਆ ਖਰਚਾ ਵਧਣ ਨਾਲ ਬਜਟ 'ਤੇ ਦਬਾਅ ਪੈ ਸਕਦਾ ਹੈ।





# ਸੂਫੀ ਸੰਤ ਅੱਤਾਰ ਦਾ ਅੰਤ !



ਇਸਲਾਮਿਕ ਤਵਾਰੀਖ ਵਿਚ ਸ਼ੇਖ ਫਰੀਦੁਦੀਨ ਅੱਤਾਰ ਨਾਮ ਦੇ ਇਕ ਦਰਵੇਸ਼ ਹੋਏ ਹਨ ਜੋ ਕਿ ਪਹਿਲਾਂ ਆਪਣੇ ਸਮਿਆਂ ਦੇ ਇਕ ਵੱਡੇ ਦੁਆਖਾਨੇ ਦੇ ਮਾਲਕ ਸਨ ਪਰ ਇਕ ਫੱਕਰ ਦੇ ਮਿਲਾਪ ਸਮੇਂ ਇਨ੍ਹਾਂ ਦੇ ਦਿਲ 'ਤੇ ਐਸਾ ਅਸਰ ਹੋਇਆ ਕਿ ਇਹ ਦੁਨੀ ਵਲੋਂ ਮੋਹ ਤੋੜ ਕੇ ਦੀਨ ਦੇ ਹੀ ਹੋ ਕੇ ਰਹਿ ਗਏ। ਆਪ ਨੇ ਇਕ ਦਰਜਨ ਦੇ ਕਰੀਬ ਰੂਹਾਨੀਅਤ ਬਾਰੇ ਕਿਤਾਬਾਂ ਲਿਖੀਆਂ। ਕਹਿੰਦੇ ਇਕ ਵੇਰ ਇਨ੍ਹਾਂ ਨੂੰ ਤਾਤਾਰ ਦੇਸ ਦੇ ਇਕ ਤਾਤਾਰੀ ਸਿਪਾਹੀ ਨੇ ਫੜ ਲਿਆ। ਗ੍ਰਿਫਤਾਰ ਹੋਏ ਮੁਰਸ਼ਦ ਨੂੰ ਸਿਪਾਹੀ ਨਾਲ ਤੁਰੇ ਜਾਂਦਿਆਂ ਦੇਖ ਕੇ ਇਨ੍ਹਾਂ ਦੇ ਇਕ ਅਮੀਰ ਪੈਰੋਕਾਰ ਨੇ ਸਿਪਾਹੀ ਨੂੰ ਪੇਸ਼ਕਸ਼ ਕੀਤੀ ਕਿ ਇਸ ਪੀਰ ਮਰਦ ਨੂੰ ਛੱਡ ਦਿਉ ਮੈਂ ਤੈਨੂੰ ਦਸ ਹਜ਼ਾਰ ਅਸ਼ਰਫ਼ੀਆਂ ਨਕਦ ਦੇ ਦਿੰਦਾ ਹਾਂ!

ਇਹ ਸੁਣਦਿਆਂ ਸ਼ੇਖ ਸਾਹਬ ਬੋਲੇ- 'ਖਬਰਦਾਰ! ਇੰਨੇ ਸਸਤੇ ਵਿਚ ਨਾ ਵੇਚੀਂ ਮੈਨੂੰ, ਮੈਂ ਇਸ ਨਾਲੋਂ ਵੀ ਵਧੇਰੇ ਕੀਮਤੀ ਹਾਂ!!'

ਸਿਪਾਹੀ ਬੜਾ ਖੁਸ਼ ਹੋਇਆ ਕਿ ਮੈਨੂੰ ਵਧੇਰੇ ਦੌਲਤ ਮਿਲੇਗੀ। ਦੋਵੇਂ ਅੱਗੇ ਤੁਰਦੇ ਗਏ ਤਾਂ ਸ਼ੇਖ ਸਾਹਬ ਦਾ ਇਕ ਹੋਰ ਪ੍ਰਸੰਸ਼ਕ ਮਿਲ ਪਿਆ ਜੋ ਵਿਚਾਰਾ ਗਰੀਬ ਘਾਹੀ ਹੋਵੇਗਾ। ਉਹ ਸਿਪਾਹੀ ਨੂੰ ਕਹਿੰਦਾ ਕਿ ਇਸ ਬਜ਼ੁਰਗ ਨੂੰ ਮੇਰੇ ਹਵਾਲੇ ਕਰਦੇ, ਬਦਲੇ ਵਿਚ ਮੈਂ ਤੈਨੂੰ ਘਾਹ ਦੀ ਪੰਡ ਦੇ ਦਿਆਂਗਾ! ਸ਼ੇਖ ਸਾਹਬ ਝੱਟ ਬੋਲੇ- 'ਹਾਂ ਦੇ ਦਿਉ !...... ਵੈਸੇ ਮੇਰੀ ਕੀਮਤ ਤਾਂ ਇਸਤੋਂ ਵੀ ਕਿਤੇ ਘੱਟ ਹੈ !'



ਤਰਲੋਚਨ ਸਿੰਘ ਦੁਪਾਲ ਪੁਰ
tsdupalpuri@yahoo.com
78146-92724


ਇਹ ਸੁਣ ਕੇ ਸਿਪਾਹੀ ਸੜ ਬਲ ਉੱਠਿਆ ਕਿ ਮੇਰੇ ਹੱਥੋਂ ਤਾਂ ਦਸ ਹਜ਼ਾਰ ਅਸ਼ਰਫ਼ੀਆਂ ਵੀ ਨਿਕਲ ਗਈਆਂ! ਉਸਨੇ ਕ੍ਰੋਧ ਵਿਚ ਆ ਕੇ ਸ਼ੇਖ ਸਾਹਿਬ ਦਾ ਸਿਰ ਕਲਮ ਕਰ ਦਿੱਤਾ!

ਇਹ ਸੀ ਆਜਿਜ਼ ਤੇ ਰੂਹਾਨੀ ਮੰਜ਼ਿਲਾਂ ਦੀਆਂ ਸਿਖਰਾਂ 'ਤੇ ਪਹੁੰਚੇ ਹੋਏ ਇਕ ਸੂਫੀ ਸੰਤ ਦਾ ਅੰਤ!

# ਪੰਜਾਬ 'ਚ ਮੀਂਹ ਮੰਡੀਆਂ 'ਚ ਕਣਕ ਭਿੱਜੀ

## ਗੁਰਦਾਸਪੁਰ ਵਿੱਚ ਸਭ ਤੋਂ ਵੱਧ 44.2 ਮਿਲੀਮੀਟਰ ਮੀਂਹ ਦਰਜ

ਚੰਡੀਗੜ੍ਹ/ਸ਼ਿਮਲਾ : ਪੰਜਾਬ ਅਤੇ ਹਰਿਆਣਾ ਦੇ ਕਈ ਹਿੱਸਿਆਂ ਵਿੱਚ ਰਾਤ ਭਰ ਤੇਜ਼ ਹਵਾਵਾਂ ਦੇ ਨਾਲ ਮੀਂਹ ਪੈਣ ਕਾਰਨ ਦੋਵਾਂ ਸੂਬਿਆਂ ਦੇ ਤਾਪਮਾਨ ਵਿੱਚ ਥੋੜ੍ਹੀ ਗਿਰਾਵਟ ਆਈ ਹੈ। ਉਧਰ ਮੀਂਹ ਕਾਰਨ ਕਿਸਾਨਾਂ ਨੂੰ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਜਾਣਕਾਰੀ ਅਨੁਸਾਰ ਲੁਧਿਆਣਾ, ਪਟਿਆਲਾ, ਮਾਨਸਾ ਅਤੇ ਸ਼ਹਿਣਾ ਸਮੇਤ ਕਈ ਥਾਈਂ ਦਾਣਾ ਮੰਡੀਆਂ ਵਿੱਚ ਪਈ ਕਿਸਾਨਾਂ ਦੀ ਕਣਕ ਭਿੱਜ ਗਈ, ਜਿਸ ਕਾਰਨ ਮੰਡੀਆਂ ਵਿੱਚ ਤੁਲਾਈ ਦੇ ਨਾਲ-ਨਾਲ ਲਦਾਈ ਦਾ ਕਾਰਜ ਵੀ ਠੱਪ ਹੋ ਕੇ ਰਹਿ ਗਿਆ।

ਸਥਾਨਕ ਮੌਸਮ ਵਿਭਾਗ ਨੇ ਦੱਸਿਆ ਕਿ ਹਰਿਆਣਾ ਦੇ ਹਿਸਾਰ ਅਤੇ ਫਰੀਦਾਬਾਦ, ਜਦਕਿ ਪੰਜਾਬ ਦੇ ਗੁਰਦਾਸਪੁਰ ਵਿੱਚ ਸਭ ਤੋਂ ਵੱਧ ਮੀਂਹ ਪਿਆ। ਮੌਸਮ ਵਿਭਾਗ ਅਨੁਸਾਰ ਗੁਰਦਾਸਪੁਰ ਵਿੱਚ 44.2 ਮਿਲੀਮੀਟਰ, ਬਠਿੰਡਾ ਵਿੱਚ 29 ਮਿਲੀਮੀਟਰ, ਅੰਮ੍ਰਿਤਸਰ ਵਿੱਚ 24.8, ਫਰੀਦਕੋਟ ਵਿੱਚ 14.6, ਫਿਰੋਜ਼ਪੁਰ ਵਿੱਚ 13.5, ਪਟਿਆਲਾ ਵਿੱਚ 13, ਪਠਾਨਕੋਟ ਵਿੱਚ 3.5 ਅਤੇ ਲੁਧਿਆਣਾ ਵਿੱਚ 1 ਮਿਲੀਮੀਟਰ ਮੀਂਹ ਪਿਆ। ਇਸੇ ਤਰ੍ਹਾਂ ਹਿਸਾਰ ਵਿੱਚ 40.6 ਮਿਲੀਮੀਟਰ, ਫਰੀਦਾਬਾਦ ਵਿੱਚ 29, ਗੁਰੂਗ੍ਰਾਮ ਵਿੱਚ 26.5,



ਰੋਹਤਕ ਵਿੱਚ 16.2, ਭਿਵਾਨੀ ਵਿੱਚ 10.8, ਕਰਨਾਲ ਵਿੱਚ 9 ਮਿਲੀਮੀਟਰ ਅਤੇ ਅੰਬਾਲਾ ਵਿੱਚ 4.2 ਮਿਲੀਮੀਟਰ ਮੀਂਹ ਪਿਆ। ਦੋਵਾਂ ਸੂਬਿਆਂ ਦੀ ਰਾਜਧਾਨੀ ਚੰਡੀਗੜ੍ਹ ਵਿੱਚ 12.9 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ।

ਹਿਮਾਚਲ ਪ੍ਰਦੇਸ਼ ਦੀ ਰਾਜਧਾਨੀ ਸ਼ਿਮਲਾ ਅਤੇ ਨੇੜਲੇ ਜੁਬਰਹੱਟੀ ਵਿੱਚ ਅੱਜ ਗੜੇ, ਜਦਕਿ ਸੂਬੇ ਵਿੱਚ ਕਈ ਥਾਈਂ ਮੀਂਹ ਪਿਆ। ਮੌਸਮ ਵਿਭਾਗ ਅਨੁਸਾਰ ਬੀਤੀ ਸ਼ਾਮ ਤੋਂ ਸੋਲਨ ਵਿੱਚ 39 ਮਿਲੀਮੀਟਰ, ਰਾਏਪੁਰ ਮੈਦਾਨ ਵਿੱਚ 26.6 ਮਿਲੀਮੀਟਰ, ਬਿਲਾਸਪੁਰ 'ਚ 26, ਰਾਜਗੜ੍ਹ 'ਚ 25, ਕੁਫ਼ਰੀ ਵਿੱਚ 17 ਤੇ ਸ਼ਿਮਲਾ ਵਿੱਚ 11 ਮਿਲੀਮੀਟਰ ਮੀਂਹ ਪਿਆ। ਮੌਸਮ ਵਿਭਾਗ ਨੇ ਸੂਬੇ ਦੇ ਵੱਖ-ਵੱਖ ਥਾਵਾਂ 'ਤੇ ਗੜਿਆਂ ਲਈ 'ਓਰੇਂਜ ਅਲਰਟ' ਜਾਰੀ ਕੀਤਾ ਹੈ। ਜਾਣਕਾਰੀ ਅਨੁਸਾਰ ਸੂਬੇ ਵਿੱਚ ਕਈ ਥਾਵਾਂ 'ਤੇ ਘੱਟੋ-ਘੱਟ ਤਾਪਮਾਨ ਦੋ ਤੋਂ ਪੰਜ ਡਿਗਰੀ ਸੈਲਸੀਅਸ ਤੱਕ ਡਿੱਗ ਗਿਆ। ਲਾਹੌਲ ਤੇ ਸਪਿਤੀ ਦੇ ਤਾਬੋ ਵਿੱਚ ਘੱਟੋ-ਘੱਟ ਤਾਪਮਾਨ 5.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

# ਕਿਸਾਨ ਆਗੂ ਰਾਕੇਸ਼ ਟਿਕੈਤ 'ਤੇ ਹਮਲਾ, ਹੰਗਾਮੇ ਦੌਰਾਨ ਪੱਗ ਉਤਰੀ, ਸਿਰ 'ਤੇ ਮਾਰੀ ਡਾਂਗ

ਨਵੀਂ ਦਿੱਲੀ : ਭਾਰਤੀ ਕਿਸਾਨ ਯੂਨੀਅਨ (ਬੀਕੇਯੂ) ਦੇ ਨੇਤਾ ਰਾਕੇਸ਼ ਟਿਕੈਤ ਨੂੰ ਉੱਤਰ ਪ੍ਰਦੇਸ਼ ਦੇ ਮੁਜ਼ੱਫਰਨਗਰ ਵਿੱਚ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ। ਇਸ ਦੌਰਾਨ ਕਿਸਾਨ ਆਗੂ ਰਾਕੇਸ਼ ਟਿਕੈਤ ਨਾਲ ਝੜਪ ਹੋ ਗਈ ਅਤੇ ਉਨ੍ਹਾਂ ਦੀ ਪੱਗ ਵੀ ਸਿਰ ਤੋਂ ਡਿੱਗ ਗਈ। ਇੰਨਾ ਹੀ ਨਹੀਂ, ਰਾਕੇਸ਼ ਟਿਕੈਤ ਦੇ ਸਿਰ 'ਤੇ ਡਾਂਗ ਨਾਲ ਮਾਰਨ ਦਾ ਵੀ ਦੋਸ਼ ਹੈ, ਇਸ ਹੰਗਾਮੇ ਦੌਰਾਨ ਪੁਲਿਸ ਨੇ ਰਾਕੇਸ਼ ਟਿਕੈਤ ਨੂੰ ਸੁਰੱਖਿਅਤ ਬਚਾ ਲਿਆ।

ਕਿਸਾਨ ਆਗੂ ਰਾਕੇਸ਼ ਟਿਕੈਤ ਖ਼ਿਲਾਫ਼ ਇਹ ਵਿਰੋਧ ਪ੍ਰਦਰਸ਼ਨ ਉਸ ਸਮੇਂ ਹੋਇਆ ਹੈ ਜਦੋਂ ਰਾਕੇਸ਼ ਟਿਕੈਤ ਨੇ ਪਹਿਲਗਾਮ ਹਮਲੇ ਸਬੰਧੀ ਬਿਆਨ ਦਿੱਤਾ ਸੀ। ਉਨ੍ਹਾਂ ਦੇ ਬਿਆਨ ਦਾ ਬਹੁਤ ਵਿਰੋਧ ਹੋਇਆ ਅਤੇ ਹਿੰਦੂ ਸੰਗਠਨ ਇਸ ਬਿਆਨ ਤੋਂ ਬਹੁਤ ਨਾਰਾਜ਼ ਸਨ।

ਇਹ ਪ੍ਰੋਗਰਾਮ ਮੁਜ਼ੱਫਰਨਗਰ ਦੇ ਸਿਟੀ ਕੋਤਵਾਲੀ ਇਲਾਕੇ ਦੇ ਟਾਊਨ ਹਾਲ ਵਿੱਚ ਆਯੋਜਿਤ ਕੀਤਾ ਗਿਆ ਸੀ। ਪਾਕਿਸਤਾਨ ਵਿਰੁੱਧ ਇੱਕ ਵਿਸ਼ਾਲ ਜਨਤਕ ਰੋਸ ਰੈਲੀ ਦਾ ਆਯੋਜਨ ਕੀਤਾ ਗਿਆ ਸੀ ਅਤੇ ਇੱਥੇ ਹਿੰਦੂਆਂ ਦੀ ਇੱਕ ਵੱਡੀ ਭੀੜ ਪਾਕਿਸਤਾਨ ਵਿਰੁੱਧ ਇਕੱਠੀ ਹੋਈ ਸੀ। ਇਸ ਪ੍ਰੋਗਰਾਮ ਵਿੱਚ ਜ਼ਿਲ੍ਹੇ ਦੇ ਵਸਨੀਕਾਂ ਦੇ ਨਾਲ-ਨਾਲ ਵੱਡੀ ਗਿਣਤੀ ਵਿੱਚ ਹਿੰਦੂ ਸੰਗਠਨਾਂ ਦੇ ਲੋਕਾਂ ਨੇ ਵੀ ਹਿੱਸਾ



ਲਿਆ। ਇਸ ਜਨਤਕ ਰੋਸ ਰੈਲੀ ਦੌਰਾਨ, ਬੀਕੇਯੂ ਆਗੂ ਰਾਕੇਸ਼ ਟਿਕੈਤ ਦਾ ਸਖ਼ਤ ਵਿਰੋਧ ਹੋਇਆ ਅਤੇ ਕਿਸਾਨ ਆਗੂ ਰਾਕੇਸ਼ ਟਿਕੈਤ ਨਾਲ ਹੱਥੋਪਾਈ ਵੀ ਹੋਈ। ਇਸ ਦੇ ਨਾਲ ਹੀ, ਜਨਤਕ ਰੋਸ ਰੈਲੀ ਦੌਰਾਨ ਹੋਈ ਝੜਪ ਤੋਂ ਬਾਅਦ ਭਾਰੀ ਪੁਲਿਸ ਫੋਰਸ ਤਾਇਨਾਤ ਰਹੀ।

ਇਹ ਧਿਆਨ ਦੇਣ ਯੋਗ ਹੈ ਕਿ ਪਹਿਲਗਾਮ ਅੱਤਵਾਦੀ ਹਮਲੇ ਨੂੰ ਲੈ ਕੇ ਪਾਕਿਸਤਾਨ ਵਿਰੁੱਧ ਸ਼ੁੱਕਰਵਾਰ ਨੂੰ ਮੁਜ਼ੱਫਰਨਗਰ ਵਿੱਚ ਇੱਕ ਵਿਸ਼ਾਲ ਜਨਤਕ ਰੋਸ ਰੈਲੀ ਕੱਢੀ ਗਈ ਸੀ। ਇਸ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਸਥਾਨਕ ਲੋਕਾਂ ਨੇ ਹਿੱਸਾ ਲਿਆ। ਇਸ ਪ੍ਰੋਗਰਾਮ ਵਿੱਚ ਜ਼ਿਲ੍ਹੇ ਦੇ ਵਸਨੀਕਾਂ ਦੇ ਨਾਲ-ਨਾਲ ਵੱਡੀ ਗਿਣਤੀ ਵਿੱਚ ਹਿੰਦੂ ਸੰਗਠਨਾਂ ਦੇ ਲੋਕ ਵੀ ਮੌਜੂਦ ਸਨ। ਇਸ ਰੈਲੀ ਦੌਰਾਨ ਬੀਕੇਯੂ ਆਗੂ ਰਾਕੇਸ਼ ਟਿਕੈਤ ਨੂੰ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪਿਆ। ਰਾਕੇਸ਼ ਟਿਕੈਤ ਦੇ ਸਾਹਮਣੇ ਹੱਥੋਪਾਈ ਦੇ ਕਈ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੇ ਹਨ। ਵਿਰੋਧ ਪ੍ਰਦਰਸ਼ਨ ਦੌਰਾਨ ਕਿਸੇ ਨੇ ਰਾਕੇਸ਼ ਟਿਕੈਤ ਦੇ ਸਿਰ 'ਤੇ ਝੰਡੇ ਨਾਲ ਵਾਰ ਕੀਤਾ, ਜਿਸ ਕਾਰਨ ਉਸਦੀ ਪੱਗ ਡਿੱਗ ਗਈ। ਇਹ ਰੈਲੀ ਮੁਜ਼ੱਫਰਨਗਰ ਪੁਲਿਸ ਸਟੇਸ਼ਨ ਸਿਵਲ ਲਾਈਨਜ਼ ਖੇਤਰ ਦੇ ਟਾਊਨ ਹਾਲ ਵਿੱਚ ਆਯੋਜਿਤ ਕੀਤੀ ਗਈ ਸੀ।

# ਜੰਮੂ ਕੱਟੜਾ ਹਾਈਵੇ ਦੇ ਕਬਜ਼ੇ ਨੂੰ ਲੈ ਕੇ ਕਿਸਾਨ ਅਤੇ ਪੁਲਿਸ ਪ੍ਰਸ਼ਾਸਨ ਆਹਮੋ ਸਾਹਮਣੇ




ਸ੍ਰੀ ਹਰਗੋਬਿੰਦਪੁਰ ਸਾਹਿਬ : ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਨਜ਼ਦੀਕੀ ਪਿੰਡ ਚੀਮਾਂ ਖੁੱਡੀ ਵਿਖੇ ਜੰਮੂ ਕੱਟੜਾ ਹਾਈਵੇ ਦੇ ਕਬਜ਼ੇ ਨੂੰ ਲੈ ਕੇ ਕਿਸਾਨ ਅਤੇ ਪੁਲਿਸ ਪ੍ਰਸ਼ਾਸਨ ਆਹਮੋ ਸਾਹਮਣੇ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ।

ਇੱਥੇ ਇਹ ਜ਼ਿਕਰ ਕਰਨਾ ਬਣਦਾ ਹੈ ਕਿ ਜਦੋਂ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਐਕਵਾਇਰ ਕੀਤੀਆਂ ਜ਼ਮੀਨਾਂ ਕਬਜ਼ਾ ਲੈਣ ਪਹੁੰਚੇ ਤਾਂ ਕਿਸਾਨਾਂ ਨੇ ਇਸ ਡਟ ਕੇ ਵਿਰੋਧ ਕੀਤਾ। ਇਸ ਦੌਰਾਨ ਨਾਲ ਆਏ ਡੀ ਸੀ ਗੁਰਦਾਸਪੁਰ ਸਮੇਤ ਐਸ ਡੀ ਐਮ ਡੇਰਾ ਬਾਬਾ ਨਾਨਕ, ਐਸ.ਪੀ ਗੁਰਪ੍ਰਤਾਪ ਸਿੰਘ ਸਹੋਤਾ ਨੇ ਕਿਹਾ ਕਿ ਜਿਸ ਜ਼ਮੀਨ ਦੇ ਪੈਸੇ ਦਿਤੇ ਗਏ ਹਨ ਉਨ੍ਹਾਂ ਉੱਪਰ ਹੀ ਕਬਜ਼ਾ ਲਿਆ ਜਾ ਰਿਹਾ ਹੈ, ਪਰ ਕਿਸਾਨਾਂ ਵੱਲੋਂ ਲਗਾਤਾਰ ਵਿਰੋਧ ਕਰਨ 'ਤੇ ਪੁਲਿਸ ਪ੍ਰਸ਼ਾਸਨ ਵੱਲੋਂ ਕਿਸਾਨ ਆਗੂ ਹਰਵਿੰਦਰ ਸਿੰਘ ਮਸਾਣੀਆਂ ਅਤੇ ਦੋ ਦਰਜਨ ਤੋਂ ਵੱਧ ਕਿਸਾਨ ਆਗੂਆਂ ਅਤੇ ਬੀਬੀਆਂ ਨੂੰ ਡਿਟੇਨ ਕੀਤਾ ਗਿਆ ਹੈ।

ਇਥੇ ਇਹ ਦੱਸਦੇ ਚੱਲੀਏ ਕਿ ਜਿਸ ਬੱਸ ਵਿੱਚ ਸੂਬਾ ਆਗੂ ਹਰਵਿੰਦਰ ਸਿੰਘ ਮਸਾਣੀਆਂ ਨੂੰ ਪੁਲਿਸ ਲੈ ਕੇ ਜਾ ਰਹੀ ਸੀ, ਉਸ ਨੂੰ ਕਿਸਾਨਾਂ ਨੇ ਰਸਤੇ ਵਿੱਚ ਟਰੈਕਟਰ ਟਰਾਲੀਆਂ ਲਗਾ ਕੇ ਰੋਕਿਆ ਤੇ ਨਾਅਰੇਬਾਜ਼ੀ ਕੀਤੀ ਅਤੇ ਮਸਾਣੀਆਂ ਸਮੇਤ ਦਰਜਨ ਤੋ ਵੱਧ ਕਿਸਾਨਾਂ ਨੂੰ ਛੁਡਵਾ ਲਿਆ ਗਿਆ। ਪ੍ਰੈਸ ਨਾਲ ਗੱਲਬਾਤ ਕਰਦਿਆਂ ਹਰਵਿੰਦਰ ਸਿੰਘ ਮਸਾਣੀਆਂ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਾਧਾ ਖਿਲਾਫੀ ਕੀਤੀ ਜਾ ਰਹੀ ਹੈ ਅਤੇ ਪੰਜਾਬ ਸਰਕਾਰ ਵੱਲੋਂ ਧੱਕੇ ਨਾਲ ਕਿਸਾਨਾਂ ਦੀਆਂ ਜਮੀਨਾਂ ਉਪਰ ਕਬਜ਼ਾ ਕਰ ਕੇ ਕਿਸਾਨਾਂ ਉੱਪਰ ਜਬਰ ਕੀਤਾ ਜਾ ਰਿਹਾ ਹੈ ਜਿਸਦਾ ਆਉਣ ਵਾਲੇ ਸਮੇਂ ਵਿੱਚ ਪੰਜਾਬ ਸਰਕਾਰ ਨੂੰ ਖਮਿਆਜ਼ਾ ਭੁਗਤਣਾ ਪਵੇਗਾ।

# ਕਿਸਾਨਾਂ ਨੂੰ ਰੋਕਣ ਲਈ ਪੁਲਿਸ ਛਾਉਣੀ ਬਣਿਆ ਬਨੂੜ ਬੈਰੀਅਰ

ਬਨੂੜ : ਕਿਸਾਨ-ਮਜ਼ਦੂਰ ਮੋਰਚਾ ਅਤੇ ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਿਕ) ਵੱਲੋਂ ਅੱਜ ਸ਼ੰਭੂ ਥਾਣੇ ਦੇ ਘਿਰਾਓ ਦੇ ਸੱਦੇ ਤਹਿਤ ਕਿਸਾਨਾਂ ਨੂੰ ਸ਼ੰਭੂ-ਤੇਪਲਾ ਵੱਲ ਜਾਣ ਤੋਂ ਰੋਕਣ ਲਈ ਪੁਲਿਸ ਵੱਲੋਂ ਬਨੂੜ ਬੈਰੀਅਰ ਉੱਤੇ ਸਾਰਾ ਦਿਨ ਨਾਕੇਬੰਦੀ ਕੀਤੀ ਗਈ। ਨਾਕੇ ਉੱਤੇ ਐਸਪੀ ਟਰੈਫ਼ਿਕ ਪਟਿਆਲਾ ਕ੍ਰਿਸ਼ਨ ਕੁਮਾਰ ਪੈਂਥੇ, ਥਾਣਾ ਬਨੂੜ ਦੇ ਮੁਖੀ ਇੰਸਪੈਕਟਰ ਗੁਰਸੇਵਕ ਸਿੰਘ ਅਤੇ ਟਰੈਫ਼ਿਕ ਪੁਲੀਸ ਬਨੂੜ ਦੇ ਇੰਚਾਰਜ ਮਨਜੀਤ ਸਿੰਘ ਦੀ ਅਗਵਾਈ ਹੇਠ ਤਾਇਨਾਤ 100 ਤੋਂ ਵੱਧ ਪੁਲੀਸ ਕਰਮਚਾਰੀ ਇੱਥੋਂ ਤੇਪਲਾ-ਸ਼ੰਭੂ ਵੱਲ ਜਾਣ ਵਾਲੇ ਹਰ ਵਾਹਨ ਦੀ ਤਲਾਸ਼ੀ ਲੈਂਦੇ ਰਹੇ। ਪੁਲਿਸ ਵੱਲੋਂ ਕੀਤੀ ਸਖ਼ਤ ਨਾਕਾਬੰਦੀ ਦੇ ਨਾਲ ਨਾਲ ਇੱਥੇ ਅੱਧੀ ਦਰਜਨ ਤੋਂ ਵੱਧ ਮਿੱਟੀ ਨਾਲ ਭਰੇ ਹੋਏ ਟਿੱਪਰ ਅਤੇ ਕੰਟੇਨਰ ਵੀ ਖੜ੍ਹਾਏ ਹੋਏ ਸਨ ਤਾਂ ਕਿ ਕਿਸਾਨਾਂ ਦਾ ਰਾਹ ਰੋਕਿਆ ਜਾ ਸਕੇ। ਪੁਲੀਸ ਦੀ ਸਖ਼ਤੀ ਕਾਰਨ ਇਸ ਨਾਕੇ ਤੋਂ ਕੋਈ ਵੀ ਧਰਨਾਕਾਰੀ ਕਿਸਾਨ ਸ਼ੰਭੂ ਵੱਲ ਨਾ ਜਾ ਸਕਿਆ। ਇਸ ਖੇਤਰ ਦੇ ਕੱਲ ਤੋਂ ਰੂਪੋਸ਼ ਹੋਏ ਕਿਸਾਨ ਜਥੇਬੰਦੀਆਂ ਦੇ ਕੁੱਝ ਆਗੂ ਹਰਿਆਣਾ ਦੇ ਗੁਰਦੁਆਰਾ ਮੰਜੀ ਸਾਹਿਬ ਪਹੁੰਚਣ ਵਿਚ ਸਫ਼ਲ ਤਾਂ ਹੋ ਗਏ ਪਰ ਉਨ੍ਹਾਂ ਵਿੱਚੋਂ ਕੋਈ ਵੀ ਸ਼ੰਭੂ ਨਹੀਂ ਪਹੁੰਚ ਸਕਿਆ।



ਨਾਕੇ ਉੱਤੇ ਮੌਜੂਦ ਥਾਣਾ ਬਨੂੜ ਦੇ ਮੁਖੀ ਇੰਸਪੈਕਟਰ ਗੁਰਸੇਵਕ ਸਿੰਘ ਨੇ ਦੱਸਿਆ ਕਿ ਸੂਬਾ ਸਰਕਾਰ ਅਤੇ ਪੁਲਿਸ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਹੁਕਮਾਂ ਉੱਤੇ ਬਨੂੜ ਬੈਰੀਅਰ ਤੇ ਵਿਸ਼ੇਸ਼ ਨਾਕਾ ਲਗਾਇਆ ਗਿਆ ਸੀ। ਉਨ੍ਹਾਂ ਦੱਸਿਆ ਕਿ ਕੋਈ ਵੀ ਕਿਸਾਨ ਆਗੂ ਜਾਂ ਧਰਨਾਕਾਰੀ ਨਾਕੇ ਉੱਤੇ ਨਹੀਂ ਪਹੁੰਚਿਆ ਅਤੇ ਸਾਰਾ ਦਿਨ ਮਾਹੌਲ ਸ਼ਾਂਤ ਰਿਹਾ। ਪੁਲਿਸ ਵੱਲੋਂ ਵੱਖ-ਵੱਖ ਪਿੰਡਾਂ ਨੂੰ ਹੋ ਕੇ ਸ਼ੰਭੂ ਵੱਲ ਜਾਂਦੀਆਂ ਪੇਂਡੂ ਸੰਪਰਕ ਸੜਕਾਂ ਉੱਤੇ ਵੀ ਸਾਰਾ ਦਿਨ ਨਿਗਰਾਨੀ ਕੀਤੀ ਜਾਂਦੀ ਰਹੀ। ਸ਼ੰਭੂ ਥਾਣੇ ਦੇ ਘਿਰਾਓ ਵਿਚ ਸ਼ਮੂਲੀਅਤ ਕਰਨ ਵਾਲੀਆਂ ਕਿਸਾਨ ਜਥੇਬੰਦੀਆਂ ਦੇ ਇਸ ਖੇਤਰ ਦੇ ਜ਼ਿਆਦਾਤਰ ਆਗੂਆਂ ਦੇ ਮੋਬਾਈਲ ਫੋਨ ਅੱਜ ਸਾਰਾ ਦਿਨ ਸਵਿੱਚ ਆਫ਼ ਹੀ ਰਹੇ।

# ਵਿਧਾਨ ਸਭਾ ਵਲੋਂ ਹਰਿਆਣਾ ਨੂੰ ਵਾਧੂ ਪਾਣੀ ਨਾ ਦੇਣ ਦਾ ਮਤਾ ਪਾਸ

## ਹਰਿਆਣਾ ਨੂੰ 20 ਮਈ ਤੱਕ ਹੋਰ ਕੋਈ ਵਾਧੂ ਪਾਣੀ ਨਹੀਂ ਦਿੱਤਾ ਜਾਵੇਗਾ : ਭਗਵੰਤ ਮਾਨ



ਚੰਡੀਗੜ੍ਹ : ਪੰਜਾਬ ਵਿਧਾਨ ਸਭਾ ਵਲੋਂ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀ. ਬੀ. ਐਮ. ਬੀ.) ਵਲੋਂ ਹਰਿਆਣਾ ਨੂੰ ਹਿੱਸੇ ਤੋਂ ਵੱਧ ਪਾਣੀ ਦੇਣ ਦੇ ਫੈਸਲੇ ਨੂੰ ਵਿਚਾਰਨ ਲਈ ਰੱਖੇ ਗਏ ਵਿਸ਼ੇਸ਼ ਇਜਲਾਸ ਵਲੋਂ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਕੇਂਦਰ ਵਲੋਂ 2021 ਵਿਚ ਪਾਸ ਕੀਤੇ ਗਏ 'ਡੈਮ ਸੇਫ਼ਟੀ ਐਕਟ' ਨੂੰ ਰਾਜਾਂ ਦੇ ਅਧਿਕਾਰਾਂ ਵਿਚ ਦਖ਼ਲ ਅਤੇ ਸੰਘੀ ਢਾਂਚੇ ਵਿਰੁੱਧ ਕਰਾਰ ਦਿੰਦਿਆਂ ਤੁਰੰਤ ਵਾਪਸ ਲਏ ਜਾਣ ਦੀ ਮੰਗ ਉਠਾਈ ਅਤੇ ਭਾਖੜਾ ਬਿਆਸ ਪ੍ਰਬੰਧਨ ਬੋਰਡ ਨੂੰ ਕੇਂਦਰ ਤੇ ਭਾਜਪਾ ਦੀ ਕਠਪੁੱਤਲੀ ਕਰਾਰ ਦਿੰਦਿਆਂ ਇਸ ਨੂੰ ਤੁਰੰਤ ਭੰਗ ਕਰਕੇ ਇਸ ਦੇ ਪੁਨਰਗਠਨ ਦੀ ਮੰਗ ਵੀ ਚੁੱਕੀ ਗਈ। ਮਤੇ ਵਿਚ ਸਪਸ਼ਟ ਕੀਤਾ ਗਿਆ ਕਿ ਪਾਣੀ ਦੀ ਉਪਲਬਧਤਾ ਦੇ ਘਟਣ ਕਾਰਨ ਪੰਜਾਬ ਕੋਲ ਆਪਣੀਆਂ ਲੋੜਾਂ ਲਈ ਵੀ ਪਾਣੀ ਨਹੀਂ ਰਹਿ ਗਿਆ ਅਤੇ ਹੁਣ ਹਰਿਆਣਾ ਨੂੰ ਬਣਦੇ ਹਿੱਸੇ ਤੋਂ ਵੱਧ ਪਾਣੀ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਮਤੇ ਵਿਚ ਕਿਹਾ ਗਿਆ ਕਿ ਪੰਜਾਬ ਇਸ ਵੇਲੇ ਆਪਣੇ ਹਿੱਸੇ ਦਾ 4000 ਕਿਊਸਿਕ ਪਾਣੀ ਹਰਿਆਣਾ ਨੂੰ ਪੀਣ ਅਤੇ ਸਨਅਤੀ ਲੋੜਾਂ ਲਈ ਦੇ ਰਿਹਾ ਹੈ ਪਰ ਹੁਣ ਜਬਰੀ ਪੰਜਾਬ ਤੋਂ 8500 ਕਿਊਸਿਕ ਪਾਣੀ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਦਨ ਵਿਚ ਹਾਜ਼ਰ ਸਾਰੀਆਂ ਪਾਰਟੀਆਂ ਵਲੋਂ ਸਰਬਸੰਮਤੀ ਨਾਲ ਮਤਾ ਪਾਸ ਕਰ ਦਿੱਤਾ। ਸਿੰਜਾਈ ਮੰਤਰੀ ਬਰਿੰਦਰ ਕੁਮਾਰ ਗੋਇਲ ਜਿਨ੍ਹਾਂ ਮਤਾ ਪੇਸ਼ ਕੀਤਾ, ਨੇ ਦੋਸ਼ ਲਗਾਇਆ ਕਿ ਪੰਜਾਬ ਦੇ ਪਾਣੀਆਂ ਨੂੰ ਰਾਜ ਤੋਂ ਜ਼ਬਰੀ ਖੋਹਣ ਲਈ ਕਿਸੇ ਕਾਇਦੇ ਕਾਨੂੰਨ ਦੀ ਪ੍ਰਵਾਹ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਜਦੋਂ ਅਸੀਂ 3 ਸਾਲ ਪਹਿਲਾਂ ਸੱਤਾ ਵਿਚ ਆਏ ਤਾਂ ਸੂਬੇ ਦਾ 22 ਪ੍ਰਤੀਸ਼ਤ ਖੇਤਰ ਨਹਿਰੀ ਪਾਣੀ ਲੈ ਰਿਹਾ ਸੀ ਜਿਸ ਨੂੰ ਹੁਣ ਅਸੀਂ 60 ਪ੍ਰਤੀਸ਼ਤ ਤਕ ਪਹੁੰਚਾ ਦਿੱਤਾ ਹੈ। ਇਸ ਨਾਲ ਧਰਤੀ ਹੇਠਲੇ ਪਾਣੀ ਦੀ ਲੋੜ ਘਟੇਗੀ, ਜਿਸ ਨੂੰ ਬਚਾਉਣਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਨਹਿਰੀ ਨੈਟਵਰਕ 'ਤੇ ਅਸੀਂ 3 ਸਾਲ 'ਚ 4557 ਕਰੋੜ ਖ਼ਰਚਿਆ ਤੇ ਅਗਲੇ ਸਾਲ ਤਕ 3264 ਕਰੋੜ ਹੋਰ ਖ਼ਰਚੇ ਜਾ ਰਹੇ ਹਨ। ਉਨ੍ਹਾਂ ਬੀ.ਬੀ.ਐਮ.ਬੀ. 'ਚੋਂ ਪੰਜਾਬ ਦੇ ਅਧਿਕਾਰੀਆਂ ਨੂੰ ਹਟਾਏ ਜਾਣ 'ਤੇ ਵੀ ਸਖ਼ਤ ਇਤਰਾਜ਼ ਕੀਤਾ ਤੇ ਕਿਹਾ ਕਿ ਇਸ ਦਾ 60 ਪ੍ਰਤੀਸ਼ਤ ਖਰਚਾ ਇਕੱਲਾ ਪੰਜਾਬ ਤੇ 40 ਪ੍ਰਤੀਸ਼ਤ ਹਰਿਆਣਾ, ਰਾਜਸਥਾਨ, ਹਿਮਾਚਲ ਆਦਿ ਦਿੰਦੇ ਹਨ, ਪਰ ਸਾਡੀ ਵੋਟ ਕੇਵਲ ਇਕ ਹੈ। ਮੁੱਖ ਮੰਤਰੀ ਨੇ ਮਤੇ 'ਤੇ ਬੋਲਦਿਆਂ ਕਿਹਾ ਕਿ 20 ਮਈ ਤਕ ਹਰਿਆਣਾ ਨੂੰ 4000 ਕਿਊਸਿਕ ਤੋਂ ਵੱਧ ਪਾਣੀ ਪੰਜਾਬ ਦੇ ਹਿੱਸੇ ਵਿਚੋਂ ਨਹੀਂ ਦਿੱਤਾ ਜਾਵੇਗਾ ਅਤੇ ਹਰਿਆਣਾ ਸਾਡੇ ਵਾਂਗ ਪਾਣੀ ਦੀ ਬਿਹਤਰ ਵਰਤੋਂ ਸਿੱਖੇ। ਉਨ੍ਹਾਂ ਕਿਹਾ ਕਿ ਅਸੀਂ ਨਹਿਰੀ ਪਾਣੀ ਲਈ ਪੁਰਾਣੀਆਂ ਬੰਦ ਪਈਆਂ ਸਾਰੀਆਂ ਕੱਸੀਆਂ, ਖਾਲੇ ਤੇ ਡਰੇਨਾਂ ਦੀ ਮੁਰੰਮਤ ਕਰਵਾ ਕੇ ਉਨ੍ਹਾਂ ਨੂੰ ਦੁਬਾਰਾ ਚਾਲੂ ਕਰਵਾ ਕੇ ਹਰ ਥਾਂ ਟੇਲਾਂ ਤੱਕ ਪਾਣੀ ਪਹੁੰਚਾਉਣਾ ਸ਼ੁਰੂ ਕੀਤਾ ਹੈ, ਜਿਸ ਨਾਲ ਸਾਡੀ ਪਾਣੀ ਦੀ ਖ਼ਪਤ ਵਧੀ ਹੈ ਅਤੇ ਇਸ ਵੇਲੇਂ ਅਸੀਂ ਹਿੱਸੇ ਦਾ 91 ਪ੍ਰਤੀਸ਼ਤ ਪਾਣੀ ਵਰਤ ਚੁੱਕੇ ਹਾਂ। ਉਨ੍ਹਾਂ ਕਿਹਾ ਕਿ ਸਾਰੇ ਸੂਬੇ ਵਿਚ ਜ਼ਮੀਨ ਹੇਠਾਂ ਪਾਈਪ ਦਾ ਕੰਮ ਵੀ ਜਾਰੀ ਹੈ ਅਤੇ ਨਵੇਂ ਮੋਘੇ ਵੀ ਬਣ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਦਾ ਨਾਂਅ ਲਏ ਬਿਨਾ ਉਨ੍ਹਾਂ ਕਿਹਾ ਕਿ ਪੰਜਾਬ ਦੇ ਪਾਣੀਆਂ ਦੇ ਰਾਖੇ ਹੁਣ ਭਾਜਪਾ ਵਿਚ ਜਾ ਬੈਠੇ ਹਨ। ਉਨ੍ਹਾਂ ਕਿਹਾ ਕਿ ਬੀ.ਬੀ.ਐਮ.ਬੀ. ਦੀਆਂ ਜੋ ਮੀਟਿੰਗਾਂ ਨਿਰਧਾਰਿਤ ਨਿਯਮਾਂ ਅਨੁਸਾਰ ਨਹੀਂ ਹੋਈਆਂ, ਉਨ੍ਹਾਂ ਦੇ ਫ਼ੈਸਲੇ ਵੀ ਗੈਰ-ਵਿਧਾਨਕ ਹਨ। ਉਨ੍ਹਾਂ ਕਿਹਾ ਕਿ ਅੱਜ ਵੀ ਹਿਮਾਚਲ ਦੇ ਇਕ ਅਧਿਕਾਰੀ ਰਾਹੀਂ ਹਰਿਆਣਾ ਨੂੰ ਵਾਧੂ ਪਾਣੀ ਛੱਡਣ ਦੀ ਕੋਸ਼ਿਸ਼ ਕੀਤੀ ਗਈ। ਉਨ੍ਹਾਂ ਕਿਹਾ ਕਿ ਭਾਜਪਾ ਦੀ ਗੁੰਡਾਗਰਦੀ ਦੀ ਭਾਸ਼ਾ ਪੰਜਾਬੀਆਂ ਨੂੰ ਪ੍ਰਵਾਨ ਨਹੀਂ। ਉਨ੍ਹਾਂ ਕਿਹਾ ਕਿ ਇਸ ਵੇਲੇ ਪਾਕਿਸਤਾਨ ਨੂੰ ਕੋਈ ਪਾਣੀ ਨਹੀਂ ਜਾ ਰਿਹਾ। ਉਨ੍ਹਾਂ ਕਿਹਾ ਕਿ ਮੈਂ ਪੰਜਾਬੀਆਂ ਨੂੰ ਭਰੋਸਾ ਦਿੰਦਾ ਹਾਂ ਕਿ ਮੈਂ ਮੌਜੂਦਾ ਸਟੈਂਡ 'ਤੇ ਕਾਇਮ ਰਹਾਗਾਂ ਅਤੇ ਇਸ ਮੁੱਦੇ 'ਤੇ ਕੋਈ ਸਮਝੌਤਾ ਨਹੀਂ ਹੋਵੇਗਾ। ਪਰ ਮੁੱਖ ਮੰਤਰੀ ਵਲੋਂ ਮਗਰਲੇ ਸਮੇਂ ਦੌਰਾਨ ਕਾਂਗਰਸ ਵਲੋਂ ਪੰਜਾਬ ਦਾ ਪਾਣੀ ਦੂਜੇ ਰਾਜਾਂ ਨੂੰ ਦੇਣ ਤੇ ਅਕਾਲੀ ਸਰਕਾਰਾਂ ਦੌਰਾਨ ਐਸ.ਵਾਈ.ਐਲ. ਨਹਿਰ ਲਈ ਪੈਸਾ ਲੈਣ ਤੇ ਨਹਿਰ ਬਣਾਉਣ ਦੀ ਵੀ ਤਿੱਖੀ ਨੁਕਤਾਚੀਨੀ ਕੀਤੀ ਗਈ। ਕਾਂਗਰਸ ਦੇ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਵਲੋਂ ਕਿਹਾ ਗਿਆ ਕਿ ਕੇਵਲ ਮਤਾ ਪਾਸ ਕਰਨ ਦਾ ਕੇਂਦਰ ਸਰਕਾਰ 'ਤੇ ਅਸਰ ਨਹੀਂ ਹੋਵੇਗਾ, ਇਸ ਲਈ ਰਾਜ ਸਰਕਾਰ ਨੂੰ ਡੈਮ ਸੇਫ਼ਟੀ ਬਾਰੇ ਆਪਣਾ ਕਾਨੂੰਨ ਵੀ ਬਣਾਉਣਾ ਪਵੇਗਾ ਤਾਂ ਇਸ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਇਸ ਲਈ ਕੰਮ ਕਰ ਰਹੀ ਹੈ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਬਹਿਸ ਵਿਚ ਹਿੱਸਾ ਲੈਂਦਿਆਂ ਕਿਹਾ ਕਿ ਦੇਸ਼ ਦੀ ਆਜ਼ਾਦੀ ਵਿਚ ਕੁਰਬਾਨੀ ਪੰਜਾਬੀਆਂ ਤੇ ਬੰਗਾਲੀਆਂ ਦੀ ਹੈ ਪਰ ਇਨ੍ਹਾਂ ਖੇਤਰਾਂ ਦੀ ਅੱਜ ਕੋਈ ਆਵਾਜ਼ ਜਾਂ ਪੁੱਛ ਹੀ ਨਹੀਂ ਰਹਿ ਗਈ। ਉਨ੍ਹਾਂ ਕਿਹਾ ਕਿ ਕੇਂਦਰ ਦੇ ਅਜਿਹੇ ਵਰਤਾਰੇ ਕਾਰਨ ਸਾਡੇ ਨੌਜਵਾਨ ਵਿਦੇਸ਼ਾਂ ਵੱਲ ਦੌੜ ਰਹੇ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਪੰਜਾਬ ਯੂਨੀਵਰਸਿਟੀ ਸਾਡੀ ਹੈ ਪਰ ਉਸ ਦੇ ਉਪ ਕੁਲਪਤੀ ਹੁਣ ਆਰ.ਐਸ.ਐਸ. ਲਗਾ ਰਹੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਦੇ ਇਤਿਹਾਸ ਨੂੰ ਵੀ ਬਦਲਿਆ ਜਾ ਰਿਹਾ ਹੈ ਅਤੇ ਹੁਣ ਦੇਸ਼ ਭਗਤ ਉਹ ਬਣਾਏ ਜਾ ਰਹੇ ਹਨ ਜਿਨ੍ਹਾਂ ਦਾ ਕਦੀ ਕੋਈ ਨਾਂਅ ਹੀ ਨਹੀਂ ਸੀ। ਉਨ੍ਹਾਂ ਬੀ.ਬੀ.ਐਮ.ਬੀ. ਐਕਟ ਨੂੰ ਰੱਦ ਕਰਵਾਉਣ ਦੀ ਮੰਗ ਕੀਤੀ ਅਤੇ ਕਿਹਾ ਕਿ ਦਰਿਆਈ ਪਾਣੀ ਸੂਬਿਆਂ ਦੇ ਹਨ ਅਤੇ ਸੂਬਾ ਸਰਕਾਰ ਨੂੰ ਡੈਮ ਸੇਫ਼ਟੀ ਐਕਟ ਵੀ ਰੱਦ ਕਰਵਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਧਰਤੀ ਹੇਠਲਾ ਪਾਣੀ ਬਚਾਉਣ ਲਈ ਨਹਿਰੀ ਪਾਣੀ ਦੀ ਵਰਤੋਂ ਵਧਾਉਣੀ ਪਵੇਗੀ, ਨਹੀਂ ਤਾਂ ਪੰਜਾਬ ਰੇਗਿਸਤਾਨ ਬਣ ਜਾਵੇਗਾ। ਬਾਜਵਾ ਨੇ ਕਿਹਾ ਕਿ ਸਾਡੀ ਪਾਰਟੀ ਪਾਣੀਆਂ ਦੀ ਰਾਖੀ ਲਈ ਸਰਕਾਰ ਦੇ ਨਾਲ ਹੈ।

**ਮੁੱਖ ਮੰਤਰੀ ਤੇ ਬਾਜਵਾ 'ਚ ਨੋਕ-ਝੋਕ**

ਮੁੱਖ ਮੰਤਰੀ ਅਤੇ ਪ੍ਰਤਾਪ ਸਿੰਘ ਬਾਜਵਾ ਦਰਮਿਆਨ ਵੀ ਤਿੱਖੀ ਨੋਕ-ਝੋਕ ਹੁੰਦੀ ਰਹੀ। ਮੁੱਖ ਮੰਤਰੀ ਨੇ ਜਦੋਂ ਕਿਹਾ ਕਿ ਸੂਬੇ ਦੇ ਪਾਣੀਆਂ ਨੂੰ ਮਗਰਲੇ ਸਮੇਂ ਦੌਰਾਨ ਲੁਟਾਉਣ ਲਈ ਬਾਜਵਾ ਵੀ ਅੱਜ ਜਨਤਕ ਮਾਫ਼ੀ ਮੰਗਣ। ਪਰ ਬਾਜਵਾ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਹਰਿਆਣਾ ਰੈਲੀਆਂ ਦੌਰਾਨ ਜਨਤਕ ਤੌਰ 'ਤੇ ਹਰਿਆਣਾ ਨੂੰ ਹੋਰ ਪਾਣੀ ਦਿਵਾਉਣ ਦੇ ਭਰੋਸੇ ਦਿੰਦੇ ਰਹੇ, ਜੇ ਉਹ ਮੁਆਫ਼ੀ ਮੰਗਣ ਤਾਂ ਮੈਂ ਵੀ ਸੋਚ ਲਵਾਂਗਾ। ਪਰ ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਦੀ ਸਰਕਾਰ ਨੇ ਤਾਂ ਕਾਨੂੰਨ ਬਣਾ ਕੇ ਇਤਰਾਜ਼ਯੋਗ ਸਾਰੇ ਸਮਝੌਤੇ ਹੀ ਰੱਦ ਕਰ ਦਿੱਤੇ ਸਨ। 'ਆਪ' ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਸਦਨ ਵਿਚ ਦੱਸਿਆ ਕਿ 1981 ਵਿਚ ਜਦੋਂ ਪਾਣੀਆਂ ਦੀ ਵੰਡ ਹੋਈ ਉਸ ਸਮੇਂ ਉਪਲਬਧ ਪਾਣੀ 17.17 ਐਮ.ਏ.ਐਫ. ਦਰਸਾਇਆ ਗਿਆ ਪਰ ਹੁਣ ਉਪਲਬਧ ਪਾਣੀ 12.91 ਐਮ.ਏ.ਐਫ. ਹੈ, ਪਰ ਹਰਿਆਣਾ ਪੁਰਾਣੀ ਵੰਡ ਅਨੁਸਾਰ ਪਾਣੀ ਮੰਗ ਰਿਹਾ ਹੈ। ਉਨ੍ਹਾਂ ਕਿਹਾ ਕਿ 1966 ਵਿਚ ਗੈਰ ਰਾਇਪੇਰੀਅਨ ਰਾਜ ਨੂੰ ਵੀ ਪਾਣੀ ਦਾ ਬਰਾਬਰ 50 ਪ੍ਰਤੀਸ਼ਤ ਹਿੱਸਾ ਦੇ ਦਿੱਤਾ ਗਿਆ ਜੋ ਸਰਾਸਰ ਗੈਰ ਵਿਧਾਨਿਕ ਸੀ। ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਮਤੇ 'ਤੇ ਬੋਲਦਿਆਂ ਕਿਹਾ ਕਿ ਭਾਰਤ ਦੀਆਂ ਸਰਕਾਰਾਂ ਪੰਜਾਬੀਆਂ ਨੂੰ ਸਨਮਾਨਯੋਗ ਜੀਵਨ ਦੇਣ ਦੇ ਵਾਅਦਿਆਂ ਤੋਂ ਮੁਨਕਰ ਹੋ ਗਈਆਂ ਹਨ।

ਉਨ੍ਹਾਂ ਕਿਹਾ ਕਿ 1947 ਵਿਚ ਸਿੱਖਾਂ ਦੀ 40 ਪ੍ਰਤੀਸ਼ਤ ਵਸੋਂ ਦਾ ਉਜਾੜਾ ਹੋਇਆ ਅਤੇ ਢਾਈ ਪ੍ਰਤੀਸ਼ਤ ਮਾਰੀ ਗਈ ਸੀ। ਬੀਕਾਨੇਰ ਦਾ ਰਾਜਾ ਪੰਜਾਬ ਦੇ ਪਾਣੀਆਂ ਦੀ ਜੋ ਰਾਇਲਟੀ ਦਿੰਦਾ ਸੀ ਆਜ਼ਾਦ ਭਾਰਤ ਨੇ ਉਹ ਬੰਦ ਕਰ ਦਿੱਤੀ ਤੇ ਗੁਆਂਢੀ ਲਈ ਪਾਣੀ ਮੁਫ਼ਤ ਹੋ ਗਿਆ। ਉਨ੍ਹਾਂ ਕਿਹਾ ਕਿ ਜਿਸ ਕੌਮ ਨੇ ਦੇਸ਼ ਦੀ ਆਜ਼ਾਦੀ ਲਈ 90 ਪ੍ਰਤੀਸ਼ਤ ਕੁਰਬਾਨੀਆਂ ਦਿੱਤੀਆਂ, ਉਸ ਕੋਲ ਆਪਣੇ ਸੂਬੇ ਦੀ ਅੱਜ ਰਾਜਧਾਨੀ ਵੀ ਨਹੀਂ। ਉਨ੍ਹਾਂ 1966 ਦੇ ਪੁਨਰਗਠਨ ਐਕਟ ਦੀ ਧਾਰਾ 78-79-80 ਨੂੰ ਰੱਦ ਕੀਤੇ ਜਾਣ ਦੀ ਮੰਗ ਕੀਤੀ ਤੇ ਇਸ ਨੂੰ ਗੈਰ ਸੰਵਿਧਾਨਕ ਦੱਸਿਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਦਰਿਆਈ ਪਾਣੀਆਂ 'ਚੋਂ ਪੰਜਾਬ ਨੂੰ ਕੇਵਲ 24 ਪ੍ਰਤੀਸ਼ਤ ਪਾਣੀ ਮਿਲ ਰਿਹਾ ਹੈ ਜਦੋਂ ਕਿ 50 ਪ੍ਰਤੀਸ਼ਤ ਰਾਜਸਥਾਨ, 20.30 ਪ੍ਰਤੀਸ਼ਤ ਹਰਿਆਣਾ, 3.80 ਜੰਮੂ ਤੇ 1. 16 ਪ੍ਰਤੀਸ਼ਤ ਦਿੱਲੀ ਨੂੰ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਇਕ ਕਿਊਸਿਕ ਪਾਣੀ ਦਾ ਮੁੱਲ ਸਵਾ ਕਰੋੜ ਰੁਪਇਆ ਹੈ। ਉਨ੍ਹਾਂ ਮਗਰਲੀਆਂ ਕਾਂਗਰਸ ਸਰਕਾਰਾਂ ਦੀ ਪਾਣੀ ਲੁਟਾਉਣ ਲਈ ਤਿੱਖੀ ਨੁਕਤਾਚੀਨੀ ਕੀਤੀ। ਕਾਂਗਰਸ ਦੇ ਸੁਖਪਾਲ ਸਿੰਘ ਖਹਿਰਾ ਜਿਨ੍ਹਾਂ ਨੂੰ ਵਿਰੋਧੀ ਧਿਰ ਦੇ ਨੇਤਾ ਨੇ ਸਖ਼ਤ ਸਟੈਂਡ ਲੈ ਕੇ ਸਮਾਂ ਦਿਵਾਇਆ ਪਰ ਉਨ੍ਹਾਂ ਨੂੰ ਬਹੁਤੀ ਗੱਲ ਕਹਿਣ ਦਾ ਮੌਕਾ ਨਹੀਂ ਦਿੱਤਾ ਗਿਆ ਅਤੇ ਸਪੀਕਰ ਵਲੋਂ ਰਾਣਾ ਗੁਰਜੀਤ ਸਿੰਘ ਨੂੰ ਸਮਾਂ ਦੇ ਦਿੱਤਾ ਗਿਆ। ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੋਸ਼ ਲਗਾਏ ਕਿ ਬੀ.ਬੀ.ਐਮ.ਬੀ. ਵਲੋਂ ਪੰਜਾਬ ਦੇ ਸੈਂਕੜੇ ਏਕੜ ਜ਼ਮੀਨ 'ਤੇ ਨਾਜਾਇਜ਼ ਕਬਜ਼ੇ ਕੀਤੇ ਹੋਏ ਹਨ। ਉਨ੍ਹਾਂ ਕਿਹਾ ਕਿ ਰੋਪੜ ਤੇ ਨੰਗਲ ਦੇ ਖੇਤਰ ਨੂੰ ਪਹਿਲੀ ਵਾਰ ਹੁਣ ਨਹਿਰੀ ਪਾਣੀ ਮਿਲਣਾ ਸ਼ੁਰੂ ਹੋਇਆ ਹੈ। ਪਰ ਉਥੇ ਡੈਮ ਮੌਜੂਦ ਹੋਣ ਦੇ ਬਾਵਜੂਦ ਪਹਿਲਾਂ ਇਸ ਖੇਤਰ ਨੂੰ ਨਹਿਰੀ ਪਾਣੀ ਨਹੀਂ ਮਿਲਿਆ ਸੀ। ਬੈਂਸ ਜਿਨ੍ਹਾਂ ਖੁਦ ਵਰਕਰਾਂ ਨਾਲ ਨੰਗਲ ਡੈਮ 'ਤੇ ਧਰਨਾ ਲਗਾ ਰੱਖਿਆ ਹੈ, ਨੇ ਕਿਹਾ ਕਿ ਅਸੀਂ ਹਰਿਆਣਾ ਨੂੰ ਇਕ ਬੂੰਦ ਪਾਣੀ ਪੰਜਾਬ ਦਾ ਨਹੀਂ ਜਾਣ ਦੇਵਾਂਗੇ। ਅਕਾਲੀ ਦਲ ਦੇ ਮਨਪ੍ਰੀਤ ਸਿੰਘ ਇਯਾਲੀ ਨੇ ਵੀ ਮਤੇ ਦਾ ਸਮਰਥਨ ਕੀਤਾ ਤੇ ਮੰਗ ਕੀਤੀ ਕਿ ਪਾਣੀਆਂ ਦੇ ਮੁੱਦੇ 'ਤੇ ਮਗਰਲੀਆਂ ਸਰਕਾਰਾਂ ਦੀ ਜੋ ਕਾਰਗੁਜ਼ਾਰੀ ਰਹੀ ਹੈ ਉਸ 'ਤੇ ਵੀ ਬਹਿਸ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪਾਣੀਆਂ ਦੀ ਲੁੱਟ ਲਈ ਕਾਂਗਰਸ ਸਰਕਾਰਾਂ ਸਿੱਧੀਆਂ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਪੰਜਾਬ ਨਾਲ ਧੱਕਾ ਕਰਨ ਵਾਲੇ ਕਾਨੂੰਨਾਂ ਨੂੰ ਰੱਦ ਕਰਨ ਤੋਂ ਬਿਨਾਂ ਪੰਜਾਬ ਨਾਲ ਇਨਸਾਫ਼ ਨਹੀਂ ਹੋ ਸਕੇਗਾ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਨੇ 2016 ਵਿਚ ਐਸ.ਵਾਈ.ਐਲ. ਦੀ ਜ਼ਮੀਨ ਕਿਸਾਨਾਂ ਨੂੰ ਵਾਪਿਸ ਕਰਨ ਅਤੇ ਰਾਜਸਥਾਨ ਤੋਂ ਪਾਣੀ ਦਾ ਮੁੱਲ ਲੈਣ ਲਈ ਵੀ ਮਤੇ ਕੀਤੇ ਸਨ। ਭਾਜਪਾ ਦੇ ਅਸ਼ਵਨੀ ਕੁਮਾਰ ਨੇ ਵੀ ਐਲਾਨ ਕੀਤਾ ਕਿ ਪੰਜਾਬ ਭਾਜਪਾ ਪਾਣੀਆਂ ਦੇ ਮੁੱਦੇ 'ਤੇ ਸਰਕਾਰ ਨਾਲ ਚਟਾਨ ਵਾਂਗ ਖੜੀ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਮਗਰਲੇ ਤਿੰਨ ਸਾਲ ਹਰਿਆਣਾ ਨੂੰ ਵੱਧ ਪਾਣੀ ਮਿਲਿਆ। ਉਨ੍ਹਾਂ ਪਾਣੀ ਨੂੰ ਸੁਚੱਜੇ ਢੰਗ ਨਾਲ ਵਰਤਣ ਤੇ ਬਚਾਉਣ ਲਈ ਕਿਹਾ। ਮਤੇ 'ਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਆਜ਼ਾਦ ਮੈਂਬਰ ਰਾਣਾ ਇੰਦਰ ਪ੍ਰਤਾਪ ਸਿੰਘ, ਨਰਿੰਦਰ ਪਾਲ ਸਿੰਘ ਸਵਨਾਂ (ਆਪ) ਕੈਬਨਿਟ ਮੰਤਰੀ ਬਲਜੀਤ ਕੌਰ, ਪ੍ਰਿੰਸੀਪਲ ਬੁੱਧ ਰਾਮ, ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਵੀ ਵਿਚਾਰ ਰੱਖੇ। ਕਾਂਗਰਸ ਦੇ ਪਰਗਟ ਸਿੰਘ ਦਾ ਕਹਿਣਾ ਸੀ ਕਿ ਜੇਕਰ ਸਿੰਧੂ ਜਲ ਸੰਧੀ ਰੱਦ ਹੋ ਸਕਦੀ ਹੈ ਤਾਂ ਪੰਜਾਬ ਦੇ ਪਾਣੀਆਂ ਸੰਬੰਧੀ ਹੋਏ ਸਮਝੌਤੇ ਕਿਉਂ ਨਹੀਂ ਰੱਦ ਹੋ ਸਕਦੇ। ਉਨ੍ਹਾਂ ਕਿਹਾ ਕਿ ਜੇ ਪਾਣੀ ਸਭ ਦਾ ਸਾਂਝਾ ਹੈ ਤਾਂ ਫਿਰ ਦੇਸ਼ ਵਿਚਲੇ ਦੂਜੇ ਸਾਰੇ ਕੁਦਰਤੀ ਸਰੋਤਾਂ ਪੈਟਰੋਲ, ਕੋਲਾ ਆਦਿ ਵਿਚ ਪੰਜਾਬ ਦਾ ਹਿੱਸਾ ਕਿਉਂ ਨਹੀਂ।

# ਇਤਿਹਾਸ ਖੰਘਾਲਣ ਦੀ ਥਾਂ ਮਸਲੇ ਨੂੰ ਗੰਭੀਰਤਾ ਨਾਲ ਲਵੇ ਸਰਕਾਰ : ਬਾਜਵਾ

## ਸਰਕਾਰ ਨੂੰ ਸਮਰਥਨ ਪਰ ਅਸੀਂ ਨਜ਼ਰ ਰੱਖਾਂਗੇ : ਰਾਜਾ ਵੜਿੰਗ

ਚੰਡੀਗੜ੍ਹ : ਪੰਜਾਬ ਤੇ ਹਰਿਆਣਾ ਵਿਚਾਲੇ ਪਾਣੀ ਦੇ ਵਿਵਾਦ ਨੂੰ ਲੈ ਕੇ ਸੱਦੇ ਗਏ ਵਿਸ਼ੇਸ਼ ਇਜਲਾਸ ਤੋਂ ਬਾਅਦ ਸਦਨ ਤੋਂ ਬਾਹਰ ਆ ਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਪੰਜਾਬ ਦੇ ਪਾਣੀ ਅਤੇ ਪੰਜਾਬੀਆਂ ਦੇ ਹੱਕ ਨੂੰ ਲੈ ਕੇ ਸਰਕਾਰ ਨੂੰ ਪੂਰਨ ਸਮਰਥਨ ਦਿੱਤਾ ਪਰ ਜਿਸ ਤਰ੍ਹਾਂ ਮੁੱਖ ਮੰਤਰੀ ਨੇ ਪੁਰਾਣਾ ਇਤਿਹਾਸ ਖੰਘਾਲ ਕੇ ਹੋਰ ਪਾਰਟੀਆਂ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਕੋਸ਼ਿਸ਼ ਕੀਤੀ ਉਹ ਸਹੀ ਨਹੀਂ। ਉਨ੍ਹਾਂ ਕਿਹਾ ਕਿ ਇਹ ਗੰਭੀਰ ਮਸਲਾ ਹੈ ਇਸ ਲਈ ਸਰਕਾਰ ਇਤਿਹਾਸ ਖੰਘਾਲਣ ਦੀ ਥਾਂ ਮਸਲੇ ਨੂੰ ਗੰਭੀਰਤਾ ਨਾਲ ਹੱਲ ਕਰਨ ਵਾਲੇ ਪਾਸੇ ਜਾਵੇ ਤਾਂ ਚੰਗਾ ਹੋਵੇਗਾ। ਬਾਜਵਾ ਨੇ ਕਿਹਾ ਕਿ ਇਹ ਕੋਈ ਰਾਜਨੀਤਿਕ ਮੁੱਦਾ ਨਹੀਂ ਹੈ, ਸਗੋਂ ਸੂਬੇ ਦੇ ਲੋਕਾਂ, ਖੇਤੀਬਾੜੀ ਅਤੇ ਭਵਿੱਖ ਦੇ ਬਚਾਅ ਦਾ ਮਾਮਲਾ ਹੈ, ਉਨ੍ਹਾਂ ਪੰਜਾਬ ਦੀ ਜੀਵਨ ਰੇਖਾ ਪਾਣੀ ਦੀ ਰੱਖਿਆ ਲਈ ਸਾਰੀਆਂ ਪਾਰਟੀਆਂ ਦੇ ਸਾਂਝੇ ਮੋਰਚੇ ਦਾ ਸੱਦਾ ਦਿੱਤਾ। ਉਨ੍ਹਾਂ



ਕਿਹਾ ਕਿ ਪੰਜਾਬ ਟਰਮੀਨੇਸ਼ਨ ਆਫ਼ ਐਗਰੀਮੈਂਟਸ ਐਕਟ, 2004 ਤੋਂ ਪ੍ਰੇਰਨਾ ਲੈ ਕੇ, ਜੋ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਅਧੀਨ ਪੰਜਾਬ ਦੇ ਦਰਿਆਈ ਪਾਣੀਆਂ 'ਤੇ ਅਧਿਕਾਰ ਜਤਾਉਣ ਲਈ ਲਾਗੂ ਕੀਤਾ ਗਿਆ ਸੀ, 'ਆਪ' ਸਰਕਾਰ ਨੂੰ ਵੀ ਇਸੇ ਤਰ੍ਹਾਂ ਦਾ ਦ੍ਰਿੜ ਰੁਖ਼ ਅਪਣਾਉਣਾ ਚਾਹੀਦਾ ਹੈ। ਇਜਲਾਸ ਦੀ ਕਾਰਵਾਈ ਦੇਖਣ ਪੁੱਜੇ ਲੋਕ ਸਭਾ ਮੈਂਬਰ ਤੇ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਗੱਲਬਾਤ ਕਰਦਿਆਂ ਕਿਹਾ ਕਿ ਕਾਂਗਰਸ ਵਲੋਂ ਇਸ ਮੁੱਦੇ 'ਤੇ ਸਰਕਾਰ ਨੂੰ ਪੰਜਾਬ ਦੇ ਪਾਣੀ ਦੀ ਰਾਖੀ ਲਈ ਪੂਰਨ ਸਮਰਥਨ ਦਿੱਤਾ ਗਿਆ ਹੈ ਪਰ ਉਹ ਇਸ ਗੱਲ ਨੂੰ ਵੀ ਯਕੀਨੀ ਬਣਾਉਣਗੇ ਕਿ ਕਿਤੇ ਸਰਕਾਰ ਦੁਸ਼ਮਣਾਂ ਨਾਲ ਨਾ ਰਲ ਜਾਵੇ, ਇਸ ਲਈ ਕਾਂਗਰਸ ਇਸ ਗੱਲ ਉੱਤੇ ਵੀ ਨਜ਼ਰ ਰੱਖੇਗੀ। ਵਿਧਾਇਕ ਸੰਦੀਪ ਜਾਖੜ ਨੇ ਕਿਹਾ ਕਿ ਪੰਜਾਬ ਦੇ ਹਿੱਤਾਂ ਅਤੇ ਪਾਣੀ ਦੀ ਰਾਖੀ ਲਈ ਪੁਖਤਾ ਠੋਸ ਕਦਮ ਚੁੱਕਣੇ ਚਾਹੀਦੇ ਹਨ ਤੇ ਸਰਕਾਰ ਨੂੰ ਦੱਸਣਾ ਚਾਹੀਦਾ ਹੈ ਕਿ ਉਹ ਅੱਗੇ ਕੀ ਕਰਨ ਜਾ ਰਹੀ ਹੈ।

# ਸਿਆਸੀ ਤਾਰੀਆਂ : ਅੰਨ ਪਾਣੀ ਸਾਡਾ, ਹੁਕਮ ਤੁਹਾਡਾ.. !

## ਬੀਬੀਐੱਮਬੀ ਦਾ ਖ਼ਰਚਾ ਸੂਬੇ ਚੁੱਕ ਰਹੇ ਨੇ ਪਰ ਕੇਂਦਰ ਦਾ ਵਧ ਰਿਹੈ ਕੰਟਰੋਲ; ਬੀਬੀਐੱਮਬੀ ਦੇ ਕੁੱਲ ਬਜਟ ਦਾ 60 ਫ਼ੀਸਦੀ ਪੰਜਾਬ ਨੂੰ ਤਾਰਨਾ ਪੈ ਰਿਹੈ

ਚੰਡੀਗੜ੍ਹ : ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀਬੀਐੱਮਬੀ) ਦਹਾਕਿਆਂ ਤੋਂ ਅੰਨ-ਪਾਣੀ ਤਾਂ ਸੂਬਿਆਂ ਦਾ ਛਕ ਰਿਹਾ ਹੈ ਪ੍ਰੰਤੂ ਉਸ ’ਤੇ ਹੁਕਮ ਇੱਕ ਤਰੀਕੇ ਨਾਲ ਕੇਂਦਰ ਸਰਕਾਰ ਦਾ ਚੱਲਦਾ ਹੈ। ਕੇਂਦਰ ਸਰਕਾਰ ਵੱਲੋਂ ਬੀਬੀਐੱਮਬੀ ’ਤੇ ਕੋਈ ਪੈਸਾ ਖ਼ਰਚ ਨਹੀਂ ਕੀਤਾ ਜਾਂਦਾ ਹੈ ਪਰ ਦਖ਼ਲ ਦੇਣ ਦੇ ਮਾਮਲੇ ’ਚ ਕੇਂਦਰ ਕੋਈ ਕਸਰ ਬਾਕੀ ਨਹੀਂ ਛੱਡਦਾ ਹੈ। ਬੀਬੀਐੱਮਬੀ ਦਾ ਸਮੁੱਚਾ ਖ਼ਰਚਾ ਪੰਜਾਬ, ਹਰਿਆਣਾ ਅਤੇ ਰਾਜਸਥਾਨ ਚੁੱਕਦੇ ਹਨ। ਸਭ ਤੋਂ ਵੱਡਾ ਭਾਰ ਪੰਜਾਬ ਚੁੱਕਦਾ ਹੈ ਜੋ ਬੀਬੀਐੱਮਬੀ ਦੇ ਕੁੱਲ ਬਜਟ ਦਾ 60 ਫ਼ੀਸਦੀ ਤਾਰਦਾ ਹੈ ਜਦੋਂ ਕਿ ਹਰਿਆਣਾ ਅਤੇ ਰਾਜਸਥਾਨ 40 ਫ਼ੀਸਦੀ ਹਿੱਸੇਦਾਰੀ ਪਾਉਂਦੇ ਹਨ। ਇੱਥੋਂ ਤੱਕ ਕਿ ਬੀਬੀਐੱਮਬੀ ਦੇ ਚੇਅਰਮੈਨ ਦੀ ਤਨਖ਼ਾਹ ਵੀ ਸੂਬੇ ਤਾਰਦੇ ਹਨ ਜਿਸ ’ਚ 60 ਫ਼ੀਸਦੀ ਯੋਗਦਾਨ ਪੰਜਾਬ ਦਾ ਹੁੰਦਾ ਹੈ। ਚੇਤੇ ਰਹੇ ਕਿ ਬੀਬੀਐੱਮਬੀ ਨੇ 30 ਅਪਰੈਲ ਨੂੰ ਪੰਜਾਬ ਦੇ ਵਿਰੋਧ ਦੇ ਬਾਵਜੂਦ ਹਰਿਆਣਾ ਨੂੰ ਵਾਧੂ ਪਾਣੀ ਦੇਣ ਦੇ ਹੁਕਮ ਦਿੱਤੇ ਸਨ ਜਿਸ ਕਾਰਨ ਪੰਜਾਬ ਅਤੇ ਹਰਿਆਣਾ ’ਚ ਸਿਆਸੀ ਉਬਾਲ ਆ ਗਿਆ ਹੈ। ਬੀਬੀਐੱਮਬੀ ’ਤੇ ਵੀ ਹੁਣ ਸਿੱਧੀ ਉਂਗਲ ਉੱਠ ਰਹੀ ਹੈ ਅਤੇ ਅਦਾਰੇ ਦੀ ਨਿਰਪੱਖਤਾ ਵੀ ਸੁਆਲਾਂ ਦੇ ਘੇਰੇ ਵਿੱਚ ਆ ਗਈ ਹੈ। ਬੀਬੀਐੱਮਬੀ ਦੇ ਬੀਤੇ ਸੱਤ ਵਰ੍ਹਿਆਂ ਦੇ ਬਜਟ ’ਤੇ ਨਜ਼ਰ ਮਾਰੀਏ ਤਾਂ ਔਸਤਨ ਕਰੀਬ 1200 ਕਰੋੜ ਰੁਪਏ ਸਾਲਾਨਾ ਬਣਦਾ ਹੈ ਜਿਸ ’ਚੋਂ ਕਰੀਬ 700 ਕਰੋੜ ਤੋਂ ਵੱਧ ਖ਼ਰਚਾ ਇਕੱਲਾ ਪੰਜਾਬ ਤਾਰਦਾ ਹੈ ਜੋ ਪੰਜਾਬ ਦੇ ਜਲ ਸਰੋਤ ਵਿਭਾਗ ਤੇ ਬਿਜਲੀ ਵਿਭਾਗ ਵੱਲੋਂ ਤਾਰਿਆ ਜਾਂਦਾ ਹੈ। ਮਿਸਾਲ ਵਜੋਂ ਸਾਲ 2023-24 ਵਿੱਚ ਪੰਜਾਬ ਦੇ ਬਿਜਲੀ ਵਿਭਾਗ ਤਰਫ਼ੋਂ 585 ਕਰੋੜ ਅਤੇ ਜਲ ਸਰੋਤ ਵਿਭਾਗ ਨੇ 153 ਕਰੋੜ ਰੁਪਏ ਤਾਰੇ ਜੋ ਬੀਬੀਐੱਮਬੀ ਦਾ ਬਜਟ ਐਸਟੀਮੇਟ ਸੀ।

ਦੂਜੇ ਪਾਸੇ ਤੱਥ ਗਵਾਹ ਹਨ ਕਿ ਕੇਂਦਰ ਹੌਲੀ-ਹੌਲੀ ਬੀਬੀਐੱਮਬੀ ’ਤੇ ਆਪਣਾ ਗ਼ਲਬਾ ਵਧਾ ਰਿਹਾ ਹੈ ਅਤੇ ਸੂਬਿਆਂ ਨੂੰ ਵੀ ਇਸ ਦੇ ਕੇਂਦਰੀ ਪ੍ਰਾਜੈਕਟ ਹੋਣ ਦਾ ਹੁਣ ਵਧੇਰੇ ਝਾਉਲਾ ਪੈਣ ਲੱਗ ਪਿਆ ਹੈ ਜਦੋਂ ਕਿ ਇਹ ਅਦਾਰਾ ਭਾਗੀਦਾਰ ਸੂਬਿਆਂ ਲਈ ਹੋਂਦ ਵਿੱਚ ਆਇਆ ਸੀ। ਡੈਮ ਸੇਫ਼ਟੀ ਐਕਟ 2021 ਜ਼ਰੀਏ ਕੇਂਦਰ ਨੇ ਡੈਮਾਂ ’ਤੇ ਨਿਗਰਾਨੀ, ਨਿਰੀਖਣ ਅਤੇ ਰੱਖ-ਰਖਾਅ ਦਾ ਕੰਮ ਆਪਣੇ ਹੱਥਾਂ ਵਿੱਚ ਲੈ ਲਿਆ। ਇਸੇ ਤਰ੍ਹਾਂ ਬੀਬੀਐੱਮਬੀ ਰੂਲਜ਼ 1974 ਵਿੱਚ 23 ਫਰਵਰੀ, 2022 ਨੂੰ ਸੋਧ ਕਰਕੇ ਕੇਂਦਰ ਨੇ ਪੰਜਾਬ ਅਤੇ ਹਰਿਆਣਾ ਤੋਂ ਬੀਬੀਐੱਮਬੀ ’ਚੋਂ ਸਥਾਈ ਪ੍ਰਤੀਨਿਧਤਾ ਵੀ ਖੋਹ ਲਈ। ਬੀਬੀਐੱਮਬੀ ’ਚ ਸ਼ੁਰੂ ਤੋਂ ਮੈਂਬਰ (ਪਾਵਰ) ਪੰਜਾਬ ਤੋਂ ਅਤੇ ਮੈਂਬਰ (ਸਿੰਜਾਈ) ਦੀ ਤਾਇਨਾਤੀ ਹਰਿਆਣਾ ’ਚੋਂ ਹੁੰਦੀ ਰਹੀ ਹੈ। ਇਹ ਰਵਾਇਤ ਰਹੀ ਹੈ ਕਿ ਬੀਬੀਐੱਮਬੀ ਦਾ ਚੇਅਰਮੈਨ ਕਦੇ ਵੀ ਹਿੱਸੇਦਾਰ ਸੂਬਿਆਂ ’ਚੋਂ ਨਹੀਂ ਲੱਗਦਾ ਕਿਉਂਕਿ ਮਾਮਲਾ ਨਿਰਪੱਖਤਾ ਨਾਲ ਜੁੜਿਆ ਹੋਇਆ ਹੈ। ਕੇਂਦਰ ਸਰਕਾਰ ਨੇ ਹੁਣ ਚੇਅਰਮੈਨ ਭਾਗੀਦਾਰ ਸੂਬਿਆਂ ’ਚੋਂ ਵੀ ਲਾਉਣ ਦੀ ਖੁੱਲ੍ਹ ਦੇ ਦਿੱਤੀ ਹੈ ਜਿਸ ਦੇ ਨਤੀਜੇ ਵਜੋਂ ਪਿਛਲੇ ਸਮੇਂ ਦੌਰਾਨ ਤਾਇਨਾਤ ਰਿਹਾ ਬੀਬੀਐੱਮਬੀ ਦਾ ਚੇਅਰਮੈਨ ਹਿਮਾਚਲ ਪ੍ਰਦੇਸ਼ ਤੋਂ ਸੀ ਜਿਸ ਦੀ ਨੇੜਤਾ ਭਾਜਪਾ ਨਾਲ ਦੱਸੀ ਜਾ ਰਹੀ ਸੀ। ਜਦੋਂ ਕੇਂਦਰ ਸਰਕਾਰ ਨੇ ਬੀਬੀਐੱਮਬੀ ਰੂਲਜ਼ 1974 ਵਿਚ ਸੋਧ ਕੀਤੀ ਤਾਂ ਪੰਜਾਬ ਵਿਧਾਨ ਸਭਾ ਨੇ 1 ਅਪਰੈਲ, 2022 ਨੂੰ ਇਸ ਖ਼ਿਲਾਫ਼ ਮਤਾ ਪਾਸ ਕੀਤਾ ਸੀ ਅਤੇ ਮੁੱਖ ਮੰਤਰੀ ਨੇ 29 ਅਪਰੈਲ, 2022 ਨੂੰ ਪ੍ਰਧਾਨ ਮੰਤਰੀ ਨੂੰ ਪੱਤਰ ਵੀ ਲਿਖਿਆ ਸੀ। ਵੇਰਵਿਆਂ ਅਨੁਸਾਰ ਬੀਬੀਐੱਮਬੀ ’ਚ ਇਸ ਵੇਲੇ 12,072 ਪ੍ਰਵਾਨਿਤ ਅਸਾਮੀਆਂ ਹਨ ਜਿਨ੍ਹਾਂ ’ਚੋਂ 5035 ਅਸਾਮੀਆਂ ਭਰੀਆਂ ਹਨ ਜੋ 41.70 ਫ਼ੀਸਦੀ ਬਣਦੀਆਂ ਹਨ। ਇਨ੍ਹਾਂ ’ਚੋਂ 60 ਫ਼ੀਸਦੀ ਅਸਾਮੀਆਂ ਤਾਂ ਪੰਜਾਬ ਡੈਪੂਟੇਸ਼ਨ ਜ਼ਰੀਏ ਭਰਦਾ ਹੈ ਜਦੋਂ ਕਿ 40 ਫ਼ੀਸਦੀ ਅਸਾਮੀਆਂ ਡੈਪੂਟੇਸ਼ਨ ’ਤੇ ਹਰਿਆਣਾ ਤੇ ਰਾਜਸਥਾਨ ਭਰਦੇ ਹਨ। ਬੀਬੀਐੱਮਬੀ ’ਚ ਪੰਜਾਬ ਦੀਆਂ ਪ੍ਰਵਾਨਿਤ ਅਸਾਮੀਆਂ 4866 ਹਨ ਜਿਨ੍ਹਾਂ ’ਚੋਂ 1701 ਭਰੀਆਂ ਹੋਈਆਂ ਹਨ ਜੋ 34.95 ਫ਼ੀਸਦੀ ਬਣਦੀਆਂ ਹਨ। ਹਰਿਆਣਾ ਦੀਆਂ ਪ੍ਰਵਾਨਿਤ ਅਸਾਮੀਆਂ 3227 ਹਨ ਜਿਨ੍ਹਾਂ ’ਚੋਂ 417 (12.92 ਫ਼ੀਸਦੀ) ਭਰੀਆਂ ਹਨ। ਰਾਜਸਥਾਨ ਦੀਆਂ ਕੁੱਲ 534 ਪ੍ਰਵਾਨਿਤ ਅਸਾਮੀਆਂ ’ਚੋਂ 143 (26.77 ਫ਼ੀਸਦੀ) ਭਰੀਆਂ ਹੋਈਆਂ ਹਨ। ਬੀਬੀਐੱਮਬੀ ਦੀਆਂ ਆਪਣੀਆਂ ਕੁੱਲ ਪ੍ਰਵਾਨਿਤ ਅਸਾਮੀਆਂ 3445 ਹਨ ਜਿਨ੍ਹਾਂ ’ਚੋਂ 2774 (80.52 ਫ਼ੀਸਦੀ) ਭਰੀਆਂ ਹੋਈਆਂ ਹਨ। ਬਹੁਤੇ ਅਧਿਕਾਰੀ ਅਤੇ ਮੁਲਾਜ਼ਮ ਬੀਬੀਐੱਮਬੀ ਦੇ ਪ੍ਰਾਜੈਕਟਾਂ ’ਤੇ ਡੈਪੂਟੇਸ਼ਨ ਨੂੰ ‘ਕਾਲੇ ਪਾਣੀ’ ਵਾਂਗ ਸਮਝਦੇ ਹਨ। ਬਿਜਲੀ ਮਹਿਕਮੇ ਦੀਆਂ ਸਿਖਰਲੀਆਂ ਅਸਾਮੀਆਂ ਤਾਂ ਭਰੀਆਂ ਹੋਈਆਂ ਹਨ ਜਦੋਂ ਕਿ ਹੇਠਲੀਆਂ ਅਸਾਮੀਆਂ ’ਤੇ ਕੋਈ ਜਾਣ ਨੂੰ ਤਿਆਰ ਨਹੀਂ ਹੁੰਦਾ ਹੈ। ਹਾਲਾਂਕਿ ਬੀਬੀਐੱਮਬੀ ’ਚ ਵਾਧੂ ਇੰਕਰੀਮੈਂਟ ਅਤੇ ਹੋਰ ਸਹੂਲਤਾਂ ਵੀ ਮਿਲਦੀਆਂ ਹਨ।

### ਕਦੋਂ ਹੋਂਦ ’ਚ ਆਇਆ ਸੀ ਬੀਬੀਐੱਮਬੀ

1960 ਦੀ ਸਿੰਧ ਜਲ ਸੰਧੀ ਤਹਿਤ ਤਿੰਨ ਪੂਰਬੀ ਦਰਿਆ ਸਤਲੁਜ, ਬਿਆਸ ਅਤੇ ਰਾਵੀ ਦੇ ਪਾਣੀ ਭਾਰਤ ਦੇ ਹਿੱਸੇ ਆਏ। ਸਿੰਜਾਈ, ਬਿਜਲੀ ਉਤਪਾਦਨ ਅਤੇ ਹੜ੍ਹ ਕੰਟਰੋਲ ਲਈ ਇੱਕ ਮਾਸਟਰ ਪਲਾਨ ਤਿਆਰ ਹੋਇਆ ਸੀ ਜਿਸ ਤਹਿਤ ਭਾਖੜਾ ਅਤੇ ਬਿਆਸ ਪ੍ਰਾਜੈਕਟ ਯੋਜਨਾ ਦਾ ਮੁੱਖ ਹਿੱਸਾ ਹਨ। ਪੰਜਾਬ ਪੁਨਰਗਠਨ ਐਕਟ, 1966 ਦੀ ਧਾਰਾ 79 ਤਹਿਤ 1 ਨਵੰਬਰ, 1966 ਨੂੰ ਭਾਖੜਾ ਮੈਨੇਜਮੈਂਟ ਬੋਰਡ ਦਾ ਗਠਨ ਕੀਤਾ ਗਿਆ। ਪਹਿਲਾਂ ਭਾਖੜਾ ਨੰਗਲ ਪ੍ਰਾਜੈਕਟ ਇਸ ਬੋਰਡ ਨੂੰ ਸੌਂਪਿਆ ਗਿਆ ਅਤੇ ਬਾਅਦ ਵਿੱਚ ਬਿਆਸ ਪ੍ਰਾਜੈਕਟ ਵੀ ਸੌਂਪ ਦਿੱਤਾ ਗਿਆ। ਭਾਖੜਾ ਮੈਨੇਜਮੈਂਟ ਬੋਰਡ ਦਾ ਨਾਮ 15 ਮਈ, 1976 ਤੋਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਰੱਖ ਦਿੱਤਾ ਗਿਆ ਸੀ। ਉਸ ਸਮੇਂ ਤੋਂ ਬੀਬੀਐੱਮਬੀ ਹਿੱਸੇਦਾਰ ਸੂਬਿਆਂ ਨੂੰ ਬਿਜਲੀ ਅਤੇ ਪਾਣੀ ਦੀ ਸਪਲਾਈ ਦਾ ਪ੍ਰਬੰਧਨ ਕਰ ਰਿਹਾ ਹੈ।



### ਸਭ ਤੋਂ ਵੱਧ ਪੰਜਾਬ ਦੇ ਹਿਤਾਂ ਦੀ ਰਾਖੀ ਸ਼੍ਰੋਮਣੀ ਅਕਾਲੀ ਦਲ ਨੇ ਕੀਤੀ : ਇਯਾਲੀ



ਚੰਡੀਗੜ੍ਹ : ਪੰਜਾਬ ਵਿਧਾਨ ਸਭਾ ’ਚ ਪਾਣੀ ਦੇ ਮਸਲੇ ਨੂੰ ਲੈ ਕੇ ਹੋਏ ਇਕ ਦਿਨ ਵਿਸ਼ੇਸ਼ ਇਜਲਾਸ ਮਗਰੋਂ ਸਦਨ ਤੋਂ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਕਾਲੀ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਕਿਹਾ ਕਿ ਸਭ ਤੋਂ ਵੱਧ ਪੰਜਾਬ ਦੇ ਹਿੱਤਾਂ ਦੀ ਰਾਖੀ ਸ਼੍ਰੋਮਣੀ ਅਕਾਲੀ ਦਲ ਨੇ ਕੀਤੀ ਹੈ। ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਹੇਠ ਆਈ ਜ਼ਮੀਨ ਕਿਸਾਨਾਂ ਨੂੰ ਵਾਪਸ ਕੀਤੀ ਸੀ ਤੇ 1955 ਤੋਂ ਪਾਣੀ ਦੀ ਕੀਮਤ ਜੋ ਬਕਾਇਆ ਰਹਿੰਦੀ ਹੈ, ਉਸ ਨੂੰ ਉਗਰਾਹੁਣ ਲਈ ਵੀ ਉਪਰਾਲੇ ਸ਼ੁਰੂ ਕੀਤੇ ਸਨ, ਉਸ ਨੂੰ ਅੱਗੇ ਵਧਾਇਆ ਜਾਵੇ। ਇਯਾਲੀ ਨੇ ਪਾਣੀਆਂ ਦੀ ਰਾਖੀ ਲਈ ਸੂਬਾ ਸਰਕਾਰ ਤੋਂ ਮੰਗ ਕੀਤੀ ਕਿ ਦੋ ਕਾਨੂੰਨਾਂ ਦੇ ਚਾਰ ਗੈਰ ਸੰਵਿਧਾਨਿਕ ਆਰਟੀਕਲ ਨੂੰ ਰੱਦ ਕੀਤਾ ਜਾਵੇ ਤਾਂ ਜੋ ਪੰਜਾਬ ਦੇ ਪਾਣੀਆਂ ਦੀ ਰਾਖੀ ਮਜ਼ਬੂਤੀ ਨਾਲ ਹੋ ਸਕੇ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਸੰਸਦ ਦਾ ਵਿਸ਼ੇਸ਼ ਇਜਲਾਸ ਬੁਲਾ ਕੇ ਕੇਂਦਰ ਸਰਕਾਰ ਇਹ ਕਾਨੂੰਨ ਅਤੇ ਆਰਟੀਕਲ ਰੱਦ ਕਰੇ ਜਾਂ ਫਿਰ ਰਾਸ਼ਟਰਪਤੀ ਦੇ ਮਾਰਫ਼ਤ ਸੁਪਰੀਮ ਕੋਰਟ ਜ਼ਰੀਏ ਰੱਦ ਕਰਵਾਏ ਜਾਣ।

## ਐਸਵਾਈਐਲ ਵਿਵਾਦ: ਸੁਪਰੀਮ ਕੋਰਟ ਨੇ ਪੰਜਾਬ ਹਰਿਆਣਾ ਨੂੰ ਕੇਂਦਰ ਨਾਲ ਸਹਿਯੋਗ ਕਰਨ ਦਾ ਨਿਰਦੇਸ਼ ਦਿੱਤਾ

### ’ਜੇਕਰ ਉਦੋਂ ਤੱਕ ਇਸ ਦਾ ਹੱਲ ਨਹੀਂ ਹੁੰਦਾ ਤਾਂ ਉਹ 13 ਅਗਸਤ ਨੂੰ ਮਾਮਲੇ ਦੀ ਸੁਣਵਾਈ ਕੀਤੀ ਜਾਵੇਗੀ’: ਬੈਂਚ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਪੰਜਾਬ ਅਤੇ ਹਰਿਆਣਾ ਦੀਆਂ ਸਰਕਾਰਾਂ ਨੂੰ ਸਤਲੁਜ-ਯਮੁਨਾ ਲਿੰਕ (ਐੱਸਵਾਈਐੱਲ) ਨਹਿਰ ਵਿਵਾਦ ਨੂੰ ਹੱਲ ਕਰਨ ਲਈ ਕੇਂਦਰ ਨਾਲ ਸਹਿਯੋਗ ਕਰਨ ਦਾ ਨਿਰਦੇਸ਼ ਦਿੱਤਾ ਹੈ। ਜਸਟਿਸ ਬੀਆਰ ਗਵਈ ਅਤੇ ਜਸਟਿਸ ਅਗਸਟੀਨ ਜਾਰਜ ਮਸੀਹ ਦੇ ਬੈਂਚ ਨੂੰ ਕੇਂਦਰ ਨੇ ਸੂਚਿਤ ਕੀਤਾ ਕਿ ਇਸ ਮੁੱਦੇ ਨੂੰ ਸੁਚਾਰੂ ਢੰਗ ਨਾਲ ਹੱਲ ਕਰਨ ਲਈ ਉਸ ਨੇ ਪਹਿਲਾਂ ਹੀ ਪ੍ਰਭਾਵਸ਼ਾਲੀ ਕਦਮ ਚੁੱਕੇ ਹਨ। ਬੈਂਚ ਨੇ ਕਿਹਾ, “ਅਸੀਂ ਦੋਵਾਂ ਸੂਬਿਆਂ ਨੂੰ ਇਕ ਸੁਚਾਰੂ ਹੱਲ ’ਤੇ ਪਹੁੰਚਣ ਲਈ ਕੇਂਦਰ ਨਾਲ ਸਹਿਯੋਗ ਕਰਨ ਦਾ ਨਿਰਦੇਸ਼ ਦਿੰਦੇ ਹਾਂ।”

ਬੈਂਚ ਨੇ ਕਿਹਾ ਕਿ ਜੇਕਰ ਉਦੋਂ ਤੱਕ ਇਸ ਦਾ ਹੱਲ ਨਹੀਂ ਹੁੰਦਾ ਤਾਂ ਉਹ 13 ਅਗਸਤ ਨੂੰ ਮਾਮਲੇ ਦੀ ਸੁਣਵਾਈ ਕਰੇਗਾ। ਕੇਂਦਰ ਵੱਲੋਂ ਪੇਸ਼ ਹੋਏ ਵਧੀਕ ਸੌਲਿਸਟਰ ਜਨਰਲ ਐਸ਼ਵਰਿਆ ਭਾਟੀ ਨੇ ਬੈਂਚ ਨੂੰ ਦੱਸਿਆ, “ਅਸੀਂ ਵਿਚੋਲਗੀ ਲਈ ਯਤਨ ਕੀਤੇ ਹਨ, ਪਰ ਸੂਬਿਆਂ ਨੂੰ ਕੇਂਦਰ ਦੀ ਤਜਵੀਜ਼ ਮੁਤਾਬਕ ਚੱਲਣਾ ਪਵੇਗਾ।” ਐੱਸਵਾਈਐੱਲ ਨਹਿਰ ਦੀ ਕਲਪਨਾ (conceptualized) ਰਾਵੀ ਅਤੇ ਬਿਆਸ ਦਰਿਆਵਾਂ ਤੋਂ ਪਾਣੀ ਦੀ ਪ੍ਰਭਾਵਸ਼ਾਲੀ ਵੰਡ ਲਈ ਕੀਤੀ ਗਈ ਸੀ।



ਇਸ ਪ੍ਰੋਜੈਕਟ ਵਿਚ 214 ਕਿਲੋਮੀਟਰ ਲੰਬੀ ਨਹਿਰ ਦੀ ਕਲਪਨਾ ਕੀਤੀ ਗਈ ਸੀ, ਜਿਸ ਵਿਚੋਂ 122 ਕਿਲੋਮੀਟਰ ਪੰਜਾਬ ਵਿਚ ਅਤੇ 92 ਕਿਲੋਮੀਟਰ ਹਰਿਆਣਾ ਵਿਚ ਬਣਾਈ ਜਾਣੀ ਸੀ। ਹਰਿਆਣਾ ਨੇ ਆਪਣੇ ਖੇਤਰ ਵਿਚ ਇਹ ਪ੍ਰੋਜੈਕਟ ਪੂਰਾ ਕਰ ਲਿਆ ਹੈ ਪਰ ਪੰਜਾਬ, ਜਿਸ ਨੇ 1982 ਵਿੱਚ ਉਸਾਰੀ ਦਾ ਕੰਮ ਸ਼ੁਰੂ ਕੀਤਾ ਸੀ, ਨੇ ਬਾਅਦ ਵਿੱਚ ਇਸ ਨੂੰ ਟਾਲ ਦਿੱਤਾ। ਦੋਵਾਂ ਸੂਬਿਆਂ ਵਿਚਕਾਰ ਇਹ ਵਿਵਾਦ ਦਹਾਕਿਆਂ ਤੋਂ ਚੱਲ ਰਿਹਾ ਹੈ। ਜ਼ਿਕਰਯੋਗ ਹੈ ਕਿ ਸਿਖਰਲੀ ਅਦਾਲਤ ਨੇ 15 ਜਨਵਰੀ 2002 ਨੂੰ 1996 ਵਿਚ ਹਰਿਆਣਾ ਦੁਆਰਾ ਦਾਇਰ ਕੀਤੇ ਗਏ ਇਕ ਮੁਕੱਦਮੇ ਵਿੱਚ ਹਰਿਆਣਾ ਦੇ ਹੱਕ ਵਿੱਚ ਫੈਸਲਾ ਸੁਣਾਇਆ ਸੀ ਅਤੇ ਪੰਜਾਬ ਸਰਕਾਰ ਨੂੰ ਐੱਸਵਾਈਐੱਲ ਨਹਿਰ ਦੇ ਆਪਣੇ ਹਿੱਸੇ ਦੀ ਉਸਾਰੀ ਕਰਨ ਦਾ ਨਿਰਦੇਸ਼ ਦਿੱਤਾ ਸੀ।

## ਪਾਣੀ ਦੇ ਨਾਇਕ: ਜਿਨ੍ਹਾਂ ਪੰਜਾਬ ਦੀ ਪਿੱਠ ਨਾ ਲੱਗਣ ਦਿੱਤੀ

### ਕ੍ਰਿਸ਼ਨ ਕੁਮਾਰ ਦੀਆਂ ਦਲੀਲਾਂ ਨੇ ਲਾਜਵਾਬ ਕੀਤੇ ਬੀਬੀਐੱਮਬੀ ਦੇ ਮੈਂਬਰ; ਵਾਧੂ ਪਾਣੀ ਛੱਡਣ ਤੋਂ ਇਨਕਾਰੀ ਰਹੇ ਅਫਸਰ

ਚੰਡੀਗੜ੍ਹ : ਪੰਜਾਬ-ਹਰਿਆਣਾ ਦਰਮਿਆਨ ਵਾਧੂ ਪਾਣੀ ਨੂੰ ਲੈ ਕੇ ਛਿੜੀ ਜੰਗ ’ਚ ਪੰਜਾਬ ਦੇ ਅਫ਼ਸਰ ਨਾਇਕ ਵਜੋਂ ਉੱਭਰੇ ਹਨ। ਜਲ ਸਰੋਤ ਵਿਭਾਗ ਦਾ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਔਖ ਦੀ ਘੜੀ ’ਚ ਆਪਣੀ ਕਰਮ ਭੂਮੀ ਦੀ ਪਿੱਠ ’ਤੇ ਡਟਿਆ ਰਿਹਾ। ਬੀਬੀਐੱਮਬੀ ਦੀ ਬੋਰਡ ਮੀਟਿੰਗ ’ਚ ਕੁੱਲ ਨੌਂ ਮੈਂਬਰਾਂ ’ਚੋਂ ਅੱਠ ਮੈਂਬਰ ਪੰਜਾਬ ਖ਼ਿਲਾਫ਼ ਡਟ ਗਏ ਤਾਂ ਕ੍ਰਿਸ਼ਨ ਕੁਮਾਰ ਨੇ ਮੈਦਾਨ ਨਾ ਛੱਡਿਆ। ਬੋਰਡ ਨੇ ਹਾਲਾਂਕਿ ਹਰਿਆਣਾ ਨੂੰ ਵਾਧੂ ਪਾਣੀ ਦੇਣ ਦਾ ਫ਼ੈਸਲਾ ਕਰ ਲਿਆ ਸੀ ਪਰ ਇਸ ਅਧਿਕਾਰੀ ਨੇ ਅੱਧੇ ਘੰਟੇ ’ਚ ਖ਼ਤਮ ਹੋਣ ਵਾਲੀ ਮੀਟਿੰਗ ਨੂੰ ਕਰੀਬ ਸਾਢੇ ਪੰਜ ਘੰਟੇ ਤੱਕ ਖਿੱਚ ਕੇ ਬਾਕੀ ਮੈਂਬਰਾਂ ਦੇ ਪੈਰ ਨਾ ਲੱਗਣ ਦਿੱਤੇ।

ਭਾਜਪਾ ਸ਼ਾਸਿਤ ਸੂਬਿਆਂ ਤੇ ਕੇਂਦਰੀ ਪ੍ਰਤੀਨਿਧਾਂ ਨੇ ਜਦੋਂ ਪੰਜਾਬ ਖ਼ਿਲਾਫ਼ ਵੋਟ ਪਾਈ ਤਾਂ ਇਸ ਅਧਿਕਾਰੀ ਦੇ ਤੱਥਾਂ ਨੇ ਉਨ੍ਹਾਂ ਨੂੰ ਨਿਰਉੱਤਰ ਕਰ ਦਿੱਤਾ। ਬੀਬੀਐੱਮਬੀ ਦੇ ਚੇਅਰਮੈਨ ਮਨੋਜ ਤ੍ਰਿਪਾਠੀ ਨੇ ਮੀਟਿੰਗ ’ਚ ਕਿਹਾ ਕਿ ਉਹ ਪੰਜਾਬ ਨੂੰ ਮੀਟਿੰਗ ਦੇ ਮਿੰਟਸ ਭੇਜ ਦੇਣਗੇ ਅਤੇ ਪੰਜਾਬ ਈ-ਮੇਲ ਜ਼ਰੀਏ ਇਤਰਾਜ਼ ਦਾਇਰ ਕਰ ਦੇਵੇ। ਕ੍ਰਿਸ਼ਨ ਕੁਮਾਰ ਨੇ ਮੀਟਿੰਗ ’ਚ ਖ਼ੁਦ ਹੀ ਟਾਈਪ ਕਰਕੇ ਪੰਜਾਬ ਦੇ ਇਤਰਾਜ਼ ਲਿਖੇ। ਮੀਟਿੰਗ ਦੀ ਸਮੁੱਚੀ ਕਾਰਵਾਈ ਦਾ ਡੇਢ ਪੰਨਾ ਸੀ ਜਦਕਿ ਇਸ ਅਧਿਕਾਰੀ ਵੱਲੋਂ ਇਤਰਾਜ਼ ਤਿੰਨ ਪੰਨਿਆਂ ਦਾ ਦਿੱਤਾ ਗਿਆ। ਇਸ ਅਧਿਕਾਰੀ ਦੇ ਜ਼ਿਆਦਾ ਬੋਲੇ ਜਾਣ ’ਤੇ ਹਰਿਆਣਾ ਇਤਰਾਜ਼ ਵੀ ਕਰਦਾ ਰਿਹਾ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇਸ ਪ੍ਰਮੁੱਖ ਸਕੱਤਰ ਨੂੰ ਥਾਪੜਾ ਦਿੱਤਾ ਹੋਇਆ ਹੈ ਅਤੇ ਮੁੱਖ ਮੰਤਰੀ ਦੀ ਨੰਗਲ ਫੇਰੀ ਨੇ ਵੀ ਜਲ ਸਰੋਤ ਵਿਭਾਗ ਦੇ ਅਫ਼ਸਰਾਂ ਦੇ ਹੌਸਲੇ ਵਧਾ ਦਿੱਤੇ ਹਨ। ਪੰਜਾਬ ਭਲੀ ਭਾਂਤ ਜਾਣੂ ਹੈ ਕਿ ਟੇਲਾਂ ’ਤੇ ਪਾਣੀ ਪੁੱਜਦਾ ਕਰਨ ’ਚ ਇਸ ਅਧਿਕਾਰੀ ਦਾ ਵੱਡਾ ਹੱਥ ਹੈ।



ਕ੍ਰਿਸ਼ਨ ਕੁਮਾਰ



ਆਕਾਸ਼ਦੀਪ ਸਿੰਘ



ਚਰਨਪ੍ਰੀਤ ਸਿੰਘ

ਇਸ ਜੰਗ ’ਚ ਦੂਜਾ ਨਾਇਕ ਭਾਖੜਾ ਡੈਮ ਦਾ ਮੁੱਖ ਇੰਜਨੀਅਰ ਚਰਨਪ੍ਰੀਤ ਸਿੰਘ ਹੈ, ਜਿਸ ਨੇ ਬੀਬੀਐੱਮਬੀ ਵੱਲੋਂ ਹਰਿਆਣਾ ਦੇ ਨਵੇਂ ਤਾਇਨਾਤ ਕੀਤੇ ਡਾਇਰੈਕਟਰ (ਵਾਟਰ ਰੈਗੂਲੇਸ਼ਨ) ਸੰਜੀਵ ਕੁਮਾਰ ’ਤੇ ਇਤਰਾਜ਼ ਕੀਤਾ ਕਿ ਉਸ ਕੋਲ ਇਸ ਅਹੁਦੇ ਦਾ ਕੋਈ ਤਜਰਬਾ ਨਹੀਂ ਹੈ। ਚਰਨਪ੍ਰੀਤ ਸਿੰਘ ਨੇ ਡੈਮ ਦੇ ਗੇਟ ਖੋਲ੍ਹਣ ਲਈ ਸੰਜੀਵ ਕੁਮਾਰ ਵੱਲੋਂ ਦਿੱਤੇ ਹੁਕਮ ਇਹ ਆਖ ਕੇ ਠੁਕਰਾ ਦਿੱਤੇ ਕਿ ਸੰਜੀਵ ਕੁਮਾਰ ਨੇ ਤਾਂ ਉਨ੍ਹਾਂ ਕੋਲ ਢੁੱਕਵੀਂ ਪ੍ਰਕਿਰਿਆ ਤਹਿਤ ਜੁਆਇਨ ਹੀ ਨਹੀਂ ਕੀਤਾ। ਇਸ ਰੌਅ ਮਗਰੋਂ ਬੀਬੀਐੱਮਬੀ ਨੇ ਆਪਣੇ ਹੁਕਮ ਹੀ ਬਾਈਪਾਸ ਕਰ ਦਿੱਤੇ।

ਤੀਜਾ ਨਾਇਕ ਭਾਖੜਾ ਡੈਮ ਦਾ ਡਾਇਰੈਕਟਰ (ਵਾਟਰ ਰੈਗੂਲੇਸ਼ਨ) ਆਕਾਸ਼ਦੀਪ ਸਿੰਘ ਹੈ ਜਿਸ ਨੇ ਜਦੋਂ ਡੈਮ ਦੇ ਗੇਟ ਖੋਲ੍ਹਣ ਤੋਂ ਨਾਂਹ ਕਰ ਦਿੱਤੀ ਤਾਂ ਰਾਤ ਨੂੰ ਹੀ ਬੀਬੀਐੱਮਬੀ ਨੇ ਉਸ ਦਾ ਤਬਾਦਲਾ ਕਰ ਦਿੱਤਾ। ਆਕਾਸ਼ਦੀਪ ਸਿੰਘ ਨੇ ਕਿਹਾ ਕਿ ਜੇ ਪੰਜਾਬ ਵਾਧੂ ਪਾਣੀ ਲਈ ਇਨਡੈਂਟ ਦੇਵੇਗਾ ਤਾਂ ਹੀ ਉਹ ਪਾਣੀ ਛੱਡੇਗਾ। ਬੀਬੀਐੱਮਬੀ ਨੇ ਤਰਕ ਦਿੱਤਾ ਸੀ ਕਿ ਆਕਾਸ਼ਦੀਪ ਸਿੰਘ ਦੀ ਬੇਨਤੀ ਦੇ ਆਧਾਰ ’ਤੇ ਉਸ ਦਾ ਤਬਾਦਲਾ ਕੀਤਾ ਗਿਆ ਪਰ ਆਕਾਸ਼ਦੀਪ ਸਿੰਘ ਨੇ ਰਾਤ ਨੂੰ ਪੌਣੇ ਬਾਰਾਂ ਵਜੇ ਈ-ਮੇਲ ਕਰਕੇ ਇਨਕਾਰ ਕੀਤਾ ਕਿ ਉਸ ਨੇ ਬੀਬੀਐੱਮਬੀ ਨੂੰ ਅਜਿਹੀ ਕੋਈ ਬੇਨਤੀ ਕੀਤੀ ਹੀ ਨਹੀਂ । ਆਕਾਸ਼ਦੀਪ ਦੇ ਤਬਾਦਲੇ ਮਗਰੋਂ ਹੀ ਪੰਜਾਬ ਦੇ ਆਮ ਲੋਕਾਂ ’ਚ ਰੋਸ ਭਰ ਗਿਆ ਸੀ, ਜਦੋਂ 50 ਘੰਟਿਆਂ ਮਗਰੋਂ ਵੀ ਹਰਿਆਣਾ ਨੂੰ ਵਾਧੂ ਪਾਣੀ ਨਹੀਂ ਛੱਡਿਆ ਜਾ ਸਕਿਆ ਤਾਂ ਬੀਬੀਐੱਮਬੀ ਨੇ ਭਾਖੜਾ ਡੈਮ ’ਤੇ ਤਾਇਨਾਤ ਪੰਜਾਬ ਦੇ ਐਕਸੀਅਨ ਅਮਿਤ ਸਹੋਤਾ ਨੂੰ ਦਬਕੇ ਮਾਰਨੇ ਸ਼ੁਰੂ ਕਰ ਦਿੱਤੇ। ਅਮਿਤ ਸਹੋਤਾ ਅੱਜ ਪੂਰਾ ਦਿਨ ਅੜਿਆ ਰਿਹਾ ਤੇ ਉਸ ਨੇ ਡੈਮ ਦੇ ਗੇਟ ਖੋਲ੍ਹਣ ਦਾ ਇਨਕਾਰ ਕਰ ਦਿੱਤਾ। ਇਹ ਤਿੰਨੋਂ ਅਧਿਕਾਰੀ ਡੈਪੂਟੇਸ਼ਨ ’ਤੇ ਹਨ।

### ਜੂਨ 1984 ਦਾ ਹਮਲਾ ਅਤੇ ਨਵੰਬਰ 1984 ਸਿੱਖ ਨਸਲਕੁਸ਼ੀ

# ਕਾਂਗਰਸ ਦੀਆਂ ਵੱਡੀਆਂ ਗਲਤੀਆਂ : ਰਾਹੁਲ ਗਾਂਧੀ

## ਕਾਂਗਰਸ ਦੀ ਹਰ ਗਲਤੀ ਦੀ ਜ਼ਿੰਮੇਵਾਰ ਲੈਣ ਲਈ ਤਿਆਰ ਹਾਂ

ਬੋਸਟਨ (ਅਮਰੀਕਾ) : ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਮੰਨਿਆ ਹੈ ਕਿ ਜੂਨ 1984 ਦਾ ਸ੍ਰੀ ਦਰਬਾਰ ਸਾਹਿਬ ਉਪਰ ਹਮਲਾ ਅਤੇ ਨਵੰਬਰ 1984 ਦਾ ਸਿੱਖ ਕਤਲੇਆਮ ਕਾਂਗਰਸ ਦੀ ਵੱਡੀ ਗਲਤੀ ਸੀ। ਉਨ੍ਹਾਂ ਕਿਹਾ ਕਿ ਕਾਂਗਰਸ ਤੋਂ 80 ਦੇ ਦਹਾਕਿਆਂ ਵਿਚ ਜੋ ਵੀ ਗਲਤੀਆਂ ਹੋਈਆਂ, ਮੈਂ ਉਨ੍ਹਾਂ ਦੀ ਜ਼ਿੰਮੇਵਾਰੀ ਲੈਣ ਲਈ ਤਿਆਰ ਹਾਂ। ਰਾਹੁਲ ਗਾਂਧੀ ਨੇ ਇਹ ਟਿੱਪਣੀ ਅਮਰੀਕਾ ਦੀ ਬ੍ਰਾਊਨ ਯੂਨੀਵਰਸਿਟੀ ਵਿਚ ਇਕ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨਾਲ ਗੱਲ ਕਰਦੇ ਹੋਏ ਕੀਤੀ। ਇਸ ਸਬੰਧੀ ਇਕ ਵੀਡੀਓ ਵਾਇਰਲ ਹੋਇਆ ਹੈ, ਜਿਸ ਵਿਚ ਸਮਾਗਮ ਦੌਰਾਨ ਇਕ ਸਿੱਖ ਵਿਦਿਆਰਥੀ ਰਾਹੁਲ ਗਾਂਧੀ ਤੋਂ ਜੂਨ 1984 ਦੇ ਸ੍ਰੀ ਦਰਬਾਰ ਸਾਹਿਬ ਉਪਰ ਹਮਲੇ ਅਤੇ ਨਵੰਬਰ 1984 ਦੇ ਦਿੱਲੀ ਕਤਲੇਆਮ ਅਤੇ ਸਿੱਖ ਮੁੱਦਿਆਂ ’ਤੇ ਕੁਝ ਸਵਾਲ ਵੀ ਪੁੱਛੇ। ਵਿਦਿਆਰਥੀ ਨੇ ਰਾਹੁਲ ਗਾਂਧੀ ਨੂੰ ਪੁੱਛਿਆ ਕਿ ਤੁਸੀਂ ਕਿਹਾ ਸੀ ਕਿ ਰਾਜਨੀਤੀ ਨਿੱਡਰ ਹੋਣੀ ਚਾਹੀਦੀ ਹੈ, ਡਰਨ ਵਾਲੀ ਕੋਈ ਗੱਲ ਨਹੀਂ ਹੋਣੀ ਚਾਹੀਦੀ, ਪਰ ਅਸੀਂ ਸਿਰਫ਼ ਕੜਾ ਨਹੀਂ ਪਹਿਨਣਾ ਚਾਹੁੰਦੇ, ਅਸੀਂ ਸਿਰਫ਼ ਪੱਗ ਨਹੀਂ ਬੰਨ੍ਹਣਾ ਚਾਹੁੰਦੇ, ਅਸੀਂ ਪ੍ਰਗਟਾਵੇ ਦੀ ਅਜ਼ਾਦੀ ਚਹੁੰਦੇ ਹਾਂ, ਜਿਸ ਦੀ ਕਾਂਗਰਸ ਪਾਰਟੀ ਦੇ ਸ਼ਾਸਨ ਦੌਰਾਨ ਇਜਾਜ਼ਤ ਨਹੀਂ ਸੀ। ਵਿਦਿਆਰਥੀ ਨੇ ਕਾਂਗਰਸ ’ਤੇ ਸਿੱਖ ਆਵਾਜ਼ਾਂ ਨੂੰ ਨਜ਼ਰ-ਅੰਦਾਜ਼ ਕਰਨ ਤੇ 1984 ਦੇ ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਵਰਗੇ ਲੋਕਾਂ ਨੂੰ ਬਚਾਉਣ ਦਾ ਦੋਸ਼ ਵੀ ਲਗਾਇਆ। ਸਿੱਖ ਵਿਦਿਆਰਥੀ ਨੇ ਰਾਹੁਲ ਗਾਂਧੀ ਨੂੰ ਇਹ ਵੀ ਕਿਹਾ ਕਿ ਤੁਸੀਂ ਸਿੱਖਾਂ ਦੀ ਕਰਦੇ ਹੋਏ ਹੋ ਪਰ ਖ਼ੁਦ ਵੀ ਸਿੱਖਾਂ ਵਿਚ ਡਰ ਪੈਦਾ ਕਰਦੇ ਹੋ ਕਿ ਬੀਜੇਪੀ ਸਿੱਖਾਂ ਨਾਲ ਕੀ ਕਰੇਗੀ। ਨੌਜਵਾਨ ਨੇ ਅੱਗੇ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਦਾ ਮਤਾ ਹਰ ਇਕ ਦੇ ਹੱਕ ਦੀ ਗੱਲ ਕਰਦਾ ਹੈ, ਦੇਸ਼ ਦੇ ਸੂਬਿਆਂ ਨੂੰ ਮਜਬੂਤ ਬਣਾਉਣ ਦੀ ਗੱਲ ਕਰਦਾ ਹੈ ਪਰ ਤੁਹਾਡੀ ਕਾਂਗਰਸ ਉਸ ਅਨੰਦਪੁਰ ਸਾਹਿਬ ਦੇ ਮਤੇ ਨੂੰ ਵੱਖਵਾਦੀ ਕਰਾਰ ਦਿੰਦੀ ਹੈ। ਇਸ ’ਤੇ ਰਾਹੁਲ ਗਾਂਧੀ ਨੇ ਕਿਹਾ ਕਿ ਪਾਰਟੀ ਦੀਆਂ ਬਹੁਤ ਸਾਰੀਆਂ ਗਲਤੀਆਂ ਉਦੋਂ ਹੋਈਆਂ ਜਦੋਂ ਉਹ ਨਹੀਂ ਸਨ। ਉਨ੍ਹਾਂ ਕਿਹਾ ਕਿ ਉਹ ਕਾਂਗਰਸ ਪਾਰਟੀ ਦੇ ਇਤਿਹਾਸ ਵਿਚ ਹੋਈ ਹਰ ਗਲਤੀ ਦੀ ਜ਼ਿੰਮੇਵਾਰੀ ਲੈਣ ਲਈ ਤਿਆਰ ਹਨ। ਰਾਹੁਲ ਗਾਂਧੀ ਨੇ ਅੱਗੇ ਕਿਹਾ ਕਿ ਮੈਂ ਜਨਤਕ ਤੌਰ ’ਤੇ ਕਿਹਾ ਹੈ ਕਿ 80 ਦੇ ਦਹਾਕੇ ਵਿਚ ਜੋ ਹੋਇਆ ਉਹ ਗਲਤ ਸੀ। ਮੈਂ ਕਈ ਵਾਰ ਸ੍ਰੀ ਹਰਿਮੰਦਰ ਸਾਹਿਬ ਗਿਆ ਹਾਂ। ਮੇਰੇ ਭਾਰਤ ਵਿਚ ਸਿੱਖ ਭਾਈਚਾਰੇ ਨਾਲ ਬਹੁਤ ਚੰਗੇ ਸਬੰਧ ਹਨ। ਰਾਹੁਲ ਗਾਂਧੀ ਨੇ ਇਹ ਵੀ ਕਿਹਾ ਕਿ ਮੈਨੂੰ ਨਹੀਂ ਲੱਗਦਾ ਕਿ ਸਿੱਖ ਕਿਸੇ ਵੀ ਚੀਜ਼ ਤੋਂ ਡਰਦੇ ਹਨ। ਜ਼ਿਕਰਯੋਗ ਹੈ ਕਿ 1980 ਦੇ ਦਹਾਕਿਆਂ ਵਿਚ ਉਸ ਸਮੇਂ ਦੀ ਕਾਂਗਰਸ ਦੀ ਇੰਦਰਾ ਗਾਂਧੀ ਸਰਕਾਰ ਨੇ ਆਪਣੇ ਹੱਕਾਂ ਲਈ ਸੰਘਰਸ਼ ਕਰ ਰਹੇ ਸਿੱਖਾਂ ਨੂੰ ਕੁਚਲਣ ਲਈ ਸੂਬੇ ਦਾ ਮਾਹੌਲ ਖਰਾਬ ਕੀਤਾ ਅਤੇ ਇਸ ਦੌਰਾਨ ਸਰਕਾਰੀ ਅੱਤਵਾਦ ਪੈਦਾ ਕਰਕੇ ਪੰਜਾਬ ਵਿਚ ਹਜ਼ਾਰਾਂ ਲੋਕਾਂ ਦਾ ਕਤਲੇਆਮ ਕੀਤਾ। ਸਿੱਖ ਸੰਘਰਸ਼ ਦੀ ਅਗਵਾਈ ਕਰ ਰਹੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੂੰ ਖਤਮ ਕਰਨ



ਲਈ ਸ੍ਰੀ ਦਰਬਾਰ ਸਾਹਿਬ ਉਪਰ ਹਮਲਾ ਕੀਤਾ ਅਤੇ ਇਸ ਦੌਰਾਨ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ-ਢੇਰੀ ਕੀਤਾ। ਇਸ ਦੌਰਾਨ ਵੀ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਹੋਇਆ। ਇਸ ਹਮਲੇ ਦਾ ਬਦਲਾ ਲੈਣ ਲਈ ਸਿੱਖਾਂ ਨੇ 1984 ਵਿਚ ਹੀ ਇੰਦਰਾ ਗਾਂਧੀ ਦਾ ਕਤਲ ਕੀਤਾ ਤਾਂ ਕਾਂਗਰਸ ਨੇ ਇਸ ਕਤਲ ਦਾ ਬਦਲਾ ਲੈਣ ਲਈ ਦਿੱਲੀ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਸਰਕਾਰੀ ਤਾਕਤ ਦੀ ਵਰਤੋਂ ਕਰਕੇ ਸਿੱਖਾਂ ਦਾ ਕਤਲੇਆਮ ਕੀਤਾ, ਜਿਸ ਦੌਰਾਨ ਵੀ ਤਿੰਨ ਹਜ਼ਾਰ ਤੋਂ ਵੱਧ ਸਿੱਖ ਦਿੱਲੀ ਅਤੇ ਹੋਰ ਸੂਬਿਆਂ ਵਿਚ ਮਾਰੇ ਗਏ ਸਨ।

## ਰਾਹੁਲ ਗਾਂਧੀ ਵੱਲੋਂ ਕਰਵਾਏ ਗਏ 1984 ਦੇ ਸਿੱਖ ਕਤਲੇਆਮ ਲਈ ਮਾਫ਼ੀ ਨਾ ਮੰਗਣਾ ਬੇਹੱਦ ਨਿੰਦਣਯੋਗ : ਹਰਸਿਮਰਤ ਬਾਦਲ

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਬਠਿੰਡਾ ਦੇ ਐਮ ਪੀ ਸਰਦਾਰਨੀ ਹਰਸਿਮਰਤ ਕੌਰ ਬਾਦਲ ਨੇ ਅੱਜ ਸ੍ਰੀ ਦਰਬਾਰ ਸਾਹਿਬ ’ਤੇ ਹੋਏ ਹਮਲੇ ਅਤੇ ਕਾਂਗਰਸ ਵੱਲੋਂ ਕਰਵਾਏ 1984 ਦੇ ਸਿੱਖ ਕਤਲੇਆਮ ਦੀ ਮਾਫ਼ੀ ਨਾ ਮੰਗਣ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ।



ਇਥੇ ਜਾਰੀ ਕੀਤੇ ਇਕ ਬਿਆਨ ਵਿਚ ਸਰਦਾਰਨੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਇਹ ਜਾਣਦੇ ਹੋਏ ਵੀ ਕਿ ਉਹਨਾਂ ਦੀ ਦਾਦੀ ਨੇ 1984 ਵਿਚ ਸ੍ਰੀ ਦਰਬਾਰ ਸਾਹਿਬ ’ਤੇ ਹਮਲੇ ਦੇ ਹੁਕਮ ਦਿੱਤੇ ਅਤੇ ਉਹਨਾਂ ਦੇ ਪਿਤਾ ਦੇ ਚੇਲਿਆਂ ਨੇ ਦਿੱਲੀ ਦੀਆਂ ਸੜਕਾਂ ’ਤੇ ਸਿੱਖਾਂ ਦਾ ਕਤਲੇਆਮ ਕਰਨ ਤੇ ਉਹਨਾਂ ਨੂੰ ਜਿਉਂਦਿਆਂ ਸਾੜਨ ਵਰਗੇ ਕਤਲੇਆਮ ਦੀ ਅਗਵਾਈ ਕੀਤੀ, ਰਾਹੁਲ ਗਾਂਧੀ ਨੇ ਉਸ ਸਵਾਲ ਨੂੰ ਪਲਟਣ ਦੀ ਕੋਸ਼ਿਸ਼ ਕੀਤੀ ਸੀ ਜਿਸ ਵਿਚ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ 3 ਹਜ਼ਾਰ ਸਿੱਖਾਂ ਦਾ ਕਤਲੇਆਮ ਕਰਨ ਵਾਲੀ ਭੀੜ ਵਿਚ ਕਾਂਗਰਸ ਪਾਰਟੀ ਦੀ ਭੂਮਿਕਾ ’ਤੇ ਸਵਾਲ ਚੁੱਕੇ ਗਏ ਸਨ। ਬੀਬਾ ਬਾਦਲ ਨੇ ਕਿਹਾ ਕਿ ਜਦੋਂ ਉਹਨਾਂ ਨੂੰ ਅਮਰੀਕਾ ਦੀ ਬਰਾਊਨ ਯੂਨੀਵਰਸਿਟੀ ਵਿਚ ਇਸ ਸਵਾਲ ਦਾ ਜਵਾਬ ਦੇਣ ਲਈ ਮਜਬੂਰ ਕੀਤਾ ਗਿਆ ਤਾਂ ਕਾਂਗਰਸੀ ਆਗੂ ਨੇ ਆਪਣੀ ਦਾਦੀ ਤੇ ਪਿਤਾ ਵੱਲੋਂ ਕੀਤੇ ਗੁਨਾਹਾਂ ਦੀ ਮੁਆਫੀ ਨਹੀਂ ਮੰਗੀ ਬਲਕਿ ਇਹ ਕਹਿ ਕੇ ਟਲਣ ਦੀ ਕੋਸ਼ਿਸ਼ ਕੀਤੀ ਕਿ ਇਹ ਦੋਵੇਂ ਮਾਮਲੇ ਕਈ ਸਾਲ ਪਹਿਲਾਂ ਵਾਪਰੇ ਸਨ। ਬਾਦਲ ਨੇ ਕਿਹਾ ਕਿ ਜਵਾਬ ਟਾਲਣ ਤੋਂ ਹੀ ਪਤਾ ਚਲਦਾ ਹੈ ਕਿ ਰਾਹੁਲ ਗਾਂਧੀ ਦੇ ਮਨ ਵਿਚ ਸਿੱਖ ਭਾਈਚਾਰੇ ਪ੍ਰਤੀ ਕਿੰਨੀ ‘ਪੀੜਾ’ ਹੈ। ਉਹਨਾਂ ਕਿਹਾ ਕਿ ਬਜਾਏ ਕਿ ਸਿੱਖਾਂ ਦੀ ਇਸ ਗੱਲ ਲਈ ਸ਼ਲਾਘਾ ਕਰਨ ਦੇ ਕਿ ਸਿੱਖਾਂ ਨੇ ਉਹਨਾਂ ਨੂੰ ਸ੍ਰੀ ਦਰਬਾਰ ਸਾਹਿਬ ਵਿਚ ਦਾਖਲ ਹੋਣ ਤੋਂ ਨਹੀਂ ਰੋਕਿਆ, ਰਾਹੁਲ ਗਾਂਧੀ ਨੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਕਿ ਸ੍ਰੀ ਦਰਬਾਰ ਸਾਹਿਬ ਵਿਚ ਉਹਨਾਂ ਦਾ ਆਉਣਾ ਉਹਨਾਂ ਅਤੇ ਕਾਂਗਰਸ ਪਰਿਵਾਰ ਲਈ ਕਲੀਨ ਚਿੱਟ ਹੈ ਜਦੋਂ ਕਿ ਇਹ ਤੱਥ ਸੱਚਾਈ ਤੋਂ ਕੋਹਾਂ ਦੂਰ ਹੈ। ਉਹਨਾਂ ਕਿਹਾ ਕਿ ਸਾਡੇ ਗੁਰੂ ਘਰ ਸਾਰਿਆਂ ਲਈ ਖੁੱਲ੍ਹੇ ਹਨ। ਰਾਹੁਲ ਗਾਂਧੀ ਨੂੰ ਇਹ ਗੱਲ ਸਮਝਣੀ ਚਾਹੀਦੀ ਹੈ ਅਤੇ ਰਾਹੁਲ ਗਾਂਧੀ ਨੂੰ ਇਹ ਸਮਝਣਾ ਚਾਹੀਦਾ ਹੈ ਅਤੇ ਗੁਰੂ ਘਰ ਆਉਣ ਸਮੇਂ ਆਪਣੇ ਪਰਿਵਾਰ ਦੇ ਕੀਤੇ ਕਾਰਿਆਂ ਲਈ ਮੁਆਫੀ ਮੰਗਣੀ ਚਾਹੀਦੀ ਹੈ ਨਾ ਕਿ ਆਪਣੇ ਆਪ ਨੂੰ ਪਾਕ ਸਾਫ ਦੱਸਣਾ ਚਾਹੀਦਾ ਹੈ।

ਐੱਮਪੀ ਬਾਦਲ ਨੇ ਕਿਹਾ ਕਿ ਇਹ ਵੀ ਬਹੁਤ ਸ਼ਰਮ ਵਾਲੀ ਗੱਲ ਹੈ ਕਿ ਬਜਾਏ ਆਪਣੇ ਗੁਨਾਹ ਮੰਨਣ ਦੇ ਗਾਂਧੀ ਪਰਿਵਾਰ ਨੇ ਇਕ ਸਿੱਖ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੋਂ 1984 ਦੀ ਮਾਫ਼ੀ ਮੰਗਵਾਈ। ਉਹਨਾਂ ਨੇ ਰਾਹੁਲ ਗਾਂਧੀ ਨੂੰ ਸਵਾਲ ਕੀਤਾ ਕਿ ਉਹ ਦੱਸਣ ਕਿ ਉਹਨਾਂ ਨੇ ਵਿਦੇਸ਼ ਵਿਚ ਦਿੱਤੇ ਆਪਣੇ ਬਿਆਨ ਵਿਚ ਕਿਸਨੂੰ ‘ਮੰਦਭਾਗਾ’ ਕਰਾਰ ਦਿੱਤਾ। ਉਹਨਾਂ ਕਿਹਾ ਕਿ ਕੀ ਉਹ ਸਮਝਦੇ ਹਨ ਕਿ ਸ੍ਰੀ ਦਰਬਾਰ ਸਾਹਿਬ ’ਤੇ ਹਮਲਾ ਮੰਦਭਾਗਾ ਹੈ ਜਾਂ ਇਸ ਮਗਰੋਂ ਕਾਂਗਰਸ ਪਾਰਟੀ ਵੱਲੋਂ ਕੀਤਾ ਗਿਆ ਕਤਲੇਆਮ ਅਤੇ ਪੰਜਾਬ ਵਿਚ ਅਤਿਵਾਦ ਦੇ ਪਸਾਰ ਵਿਚ ਕਾਂਗਰਸ ਪਾਰਟੀ ਦੀ ਭੂਮਿਕਾ ਮੰਦਭਾਗੀ ਹੈ।

ਉਹਨਾਂ ਕਿਹਾ ਕਿ ਸੱਚਾਈ ਇਹ ਹੈ ਕਿ ਗਾਂਧੀ ਪਰਿਵਾਰ ਦੇ ਨਾਲ-ਨਾਲ ਕਾਂਗਰਸ ਪਾਰਟੀ ਨੂੰ ਸ੍ਰੀ ਦਰਬਾਰ ਸਾਹਿਬ ’ਤੇ ਕੀਤੇ ਹਮਲੇ ਅਤੇ 1984 ਵਿਚ ਹੋਏ ਸਿੱਖ ਕਤਲੇਆਮ ਦਾ ਕੋਈ ਅਫਸੋਸ ਨਹੀਂ ਹੈ। ਦੋਵੇਂ ਲਗਾਤਾਰ ਜਗਦੀਸ਼ ਟਾਈਟਲਰ, ਸੱਜਣ ਕੁਮਾਰ ਤੇ ਕਮਲਨਾਥ ਵਰਗੇ ਦੋਸ਼ੀਆਂ ਦੀ ਲਗਾਤਾਰ ਪੁਸ਼ਤਪਨਾਹੀ ਕਰਦੇ ਰਹੇ ਹਨ ਤੇ ਉਹਨਾਂ ਨੂੰ ਤਰੱਕੀਆਂ ਦਿੰਦੇ ਰਹੇ ਹਨ। ਉਹਨਾਂ ਕਿਹਾ ਕਿ ‘ਮਾਫ਼ੀ’ ਸ਼ਬਦ ਤਾਂ ਹਾਲੇ ਤੱਕ ਰਾਹੁਲ ਗਾਂਧੀ ਦੇ ਮੂੰਹ ’ਤੇ ਨਹੀਂ ਆਇਆ। ਇਸ ਤੋਂ ਸਾਬਤ ਹੁੰਦਾ ਹੈ ਕਿ ਰਾਹੁਲ ਗਾਂਧੀ ਹਾਲੇ ਵੀ ਟਾਈਟਲਰ ਤੇ ਸੱਜਣ ਕੁਮਾਰ ਵਰਗਿਆਂ ਨੂੰ ਪਸੰਦ ਕਰਦੇ ਹਨ ਨਾ ਕਿ ਸਿੱਖ ਕੌਮ ਨੂੰ ਕਰਦੇ ਹਨ।

## ਜਨਰਲ ਡਾਇਰ ਦਾ ਸਨਮਾਨ ਕਰਨ ਵਾਲੇ ਪੂਰਵਜਾਂ ਨੂੰ ਯਾਦ ਕਰੋ : ਰਾਜਾ ਵੜਿੰਗ

ਚੰਡੀਗੜ੍ਹ : ਕਾਂਗਰਸੀ ਆਗੂ ਰਾਹੁਲ ਗਾਂਧੀ ’ਤੇ ਕੀਤੀ ਇਕ ਟਿੱਪਣੀ ਨੂੰ ਲੈ ਕੇ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਅਕਾਲੀ ਦਲ ਦੀ ਸੰਸਦ ਮੈਂਬਰ ਬੀਬਾ ਹਰਸਿਮਰਤ ਕੌਰ ਬਾਦਲ ਵਲੋਂ ਆਹਮੋ-ਸਾਹਮਣੇ ਆ ਗਏ ਹਨ। ਰਾਜਾ ਵੜਿੰਗ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ’ਤੇ ਰਾਹੁਲ ਗਾਂਧੀ ਵਲੋਂ ਮੁਆਫ਼ੀ ਮੰਗਣ ’ਤੇ ਹਰਸਿਮਰਤ ਕੌਰ ਬਾਦਲ ਦੁਆਰਾ ਟਿੱਪਣੀ ਕਰਨ ਦੀ ਨਿੰਦਾ ਕੀਤੀ। ਵੜਿੰਗ ਨੇ ਟਵੀਟ ਕਰਦੇ ਹੋਏ ਬੀਬੀ ਬਾਦਲ ਨੂੰ ਯਾਦ ਦਿਵਾਇਆ ਕਿ ਇਸੇ ਮਿਆਰ ਤੋਂ ਉਨ੍ਹਾਂ ਨੂੰ ਆਪਣੇ ਪੜ੍ਹਦਾਦਾ ਸੁਰਿੰਦਰ ਸਿੰਘ ਮਜੀਠੀਆ ਲਈ ਵੀ ਮੁਆਫ਼ੀ ਮੰਗਣੀ ਚਾਹੀਦੀ ਹੈ ਜਿਨ੍ਹਾਂ ਨੇ ਉਸੇ ਸ਼ਾਮ ਜਲ੍ਹਿਆਂਵਾਲਾ ਬਾਗ਼ ਵਿਚ ਸੈਂਕੜੇ ਨਿਰਦੋਸ਼ ਲੋਕਾਂ ਨੂੰ ਮਾਰਨ ਤੋਂ ਬਾਅਦ ਜਨਰਲ ਡਾਇਰ ਦਾ ਸਨਮਾਨ ਕੀਤਾ ਸੀ। ਉਨ੍ਹਾਂ ਹਰਸਿਮਰਤ ਕੌਰ ਬਾਦਲ ਨੂੰ ਪੁੱਛਿਆ ਤੁਹਾਡੇ ਪੁਰਖਿਆਂ ਨੇ ਡਾਇਰ ਦੇ ਸਨਮਾਨ ਵਿਚ ਰਾਤ ਦੇ ਖਾਣੇ ਦੀ ਮੇਜ਼ਬਾਨੀ ਕੀਤੀ ਸੀ। ਕੀ ਤੁਹਾਨੂੰ ਇਸ ਲਈ ਮੁਆਫ਼ੀ ਨਹੀਂ ਮੰਗਣੀ ਚਾਹੀਦੀ? ਵਿਰੋਧੀ ਧਿਰ ਦੇ ਨੇਤਾ ਸ.ਪ੍ਰਤਾਪ ਸਿੰਘ ਬਾਜਵਾ ਨੇ ਵੀ ਇਸ ਮਾਮਲੇ ’ਚ ਟਵੀਟ ਕਰਦੇ ਹੋਏ ਬੀਬੀ ਹਰਸਿਮਰਤ ਕੌਰ ਬਾਦਲ ਨੂੰ ਘੇਰਿਆ ਹੈ।



## ਸਿੱਖ ਕੌਮ ਬਾਰੇ ਗੱਲ ਕਰਨ ਤੋਂ ਪਹਿਲਾਂ ਸਿੱਖਾਂ ਦੇ ਕਾਤਲਾਂ ਨੂੰ ਪਾਰਟੀ ’ਚੋਂ ਬਾਹਰ ਕਰੋ : ਸੁਖਬੀਰ

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਕਾਂਗਰਸੀ ਆਗੂ ਰਾਹੁਲ ਗਾਂਧੀ ਦੀ ਜ਼ੋਰਦਾਰ ਨਿਖੇਧੀ ਕੀਤੀ ਅਤੇ ਉਨ੍ਹਾਂ ਨੂੰ ਉਨ੍ਹਾਂ ਦੀ ਪਾਰਟੀ ਵਲੋਂ ਦਲੇਰ, ਬਹਾਦਰ ਤੇ ਦੇਸ਼ ਭਗਤ ਸਿੱਖ ਕੌਮ ਖਿਲਾਫ ਕੀਤੇ ਗੁਨਾਹਾਂ ਬਦਲੇ ਝੂਠੇ ਤੇ ਆਧਾਰਹੀਣ’ ਸ਼ਬਦਾਂ ਦੀ ਵਰਤੋਂ ਕਰਨ ’ਤੇ ਅਨੇਕਾਂ ਸਵਾਲ ਕੀਤੇ। ਰਾਹੁਲ ਗਾਂਧੀ ਵਲੋਂ ਉਨ੍ਹਾਂ ਨੂੰ ਉਨ੍ਹਾਂ ਦੀ ਪਾਰਟੀ ਤੇ ਉਨ੍ਹਾਂ ਦੇ ਪੁਰਿਖ਼ਆਂ ਵਲੋਂ ਸਿੱਖਾਂ ਖਿਲਾਫ਼ ਚਲਾਈ ‘ਅਪਰਾਧ ਭਰੀ ਨਫਰਤੀ ਮੁਹਿੰਮ’ ਬਾਰੇ ਪੁੱਛੇ ਸਵਾਲਾਂ ਦੇ ਦਿੱਤੇ ਜਵਾਬਾਂ ’ਤੇ ਤਿੱਖਾ ਪ੍ਰਤੀਕਰਮ ਪ੍ਰਗਟ ਕਰਦਿਆਂ ਸ. ਬਾਦਲ ਨੇ ਕਿਹਾ ਕਿ ਕਾਂਗਰਸੀ ਆਗੂ ਨੇ ਜੋ ਸ਼ਬਦਾਵਲੀ ਵਰਤੀ, ਉਹ ਸਿੱਖਾਂ ਦੀਆਂ ਭਾਵਨਾਵਾਂ ਪ੍ਰਤੀ ਉਨ੍ਹਾਂ ਦੇ ਗੈਰ ਗੰਭੀਰ ਰਵੱਈਏ ਦਾ ਝਲਕਾਰਾ ਹੈ। ਸ. ਬਾਦਲ ਨੇ ਰਾਹੁਲ ਗਾਂਧੀ ਨੂੰ ਆਖਿਆ ਕਿ ਉਹ ਆਪਣੇ ਪੁਰਿਖ਼ਆਂ ਅਤੇ ਪਾਰਟੀ ਦੇ ਮੌਜੂਦਾ ਸਾਥੀਆਂ ਵਲੋਂ ਨਿਰਦੋਸ਼ ਸਿੱਖਾਂ ’ਤੇ ਢਾਹੇ ਜ਼ੁਲਮਾਂ ਬਾਰੇ ਆਪਣੀ ਅੰਤਰ ਆਤਮਾ ਦੀ ਗੱਲ ਕਰਨ ਤੋਂ ਪਹਿਲਾਂ ਆਪਣੀ ਸਾਖ਼ ਬਣਾਉਣ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਪਹਿਲਾਂ ਸੱਜਣ ਕੁਮਾਰ, ਕਮਲਨਾਥ ਅਤੇ ਜਗਦੀਸ਼ ਟਾਈਟਲਰ ਨੂੰ ਆਪਣੀ ਪਾਰਟੀ ਵਿਚੋਂ ਬਾਹਰ ਕੱਢਣ।



## ਸਿੱਖਾਂ ਦੇ ਕਾਤਲਾਂ ਨੂੰ ਪਾਰਟੀ ’ਚੋਂ ਬਾਹਰ ਕੱਢੇ ਗਾਂਧੀ ਪਰਿਵਾਰ: ਪੀਰਮੁਹੰਮਦ

ਮਖੂ : ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਰਨਲ ਸਕੱਤਰ ਅਤੇ ਬੁਲਾਰੇ ਕਰਨੈਲ ਸਿੰਘ ਪੀਰਮੁਹੰਮਦ ਸਰਪ੍ਰਸਤ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਕਿਹਾ ਕਿ ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਗਾਧੀ ਨੇ ਅਮਰੀਕਾ ’ਚ ਸਿੱਖ ਕੌਮ ਪ੍ਰਤੀ ਆਪਣਾ ਬਿਆਨ ਦਿੱਤਾ ਹੈ ਕਿ 1980 ਦੇ ਦਹਾਕੇ ਵਿੱਚ ਜੋ ਹੋਇਆ ਉਹ ਗਲਤ ਸੀ, ਉਨ੍ਹਾਂ ਕਿਹਾ ਕਿ ਜੇ ਰਾਹੁਲ ਗਾਂਧੀ ਇਹ ਗਲਤੀ ਖੁੱਲ੍ਹੇ ਮਨ ਨਾਲ ਮੰਨਦੇ ਹਨ ਤਾਂ ਉਹ ਬਿਨਾਂ ਕਿਸੇ ਦੇਰੀ ਦੇ ਸਿੱਖਾਂ ਦੇ ਕਾਤਲਾਂ ਨੂੰ ਆਪਣੀ ਪਾਰਟੀ ’ਚੋਂ ਬਾਹਰ ਕੱਢਣ। ਉਨ੍ਹਾਂ ਕਿਹਾ ਕਿ ਅਸਲ ਵਿੱਚ ਇਹ ਬਿਆਨ ਸ਼੍ਰੋਮਣੀ ਅਕਾਲੀ ਦਲ ਦਾ ਆਉਣ ਵਾਲੇ ਵਕਤ ਵਿੱਚ ਕਾਂਗਰਸ ਨਾਲ ਗੱਠਜੋੜ ਕਰਨ ਦੀਆਂ ਸੰਭਾਵਨਾਵਾਂ ਦੀ ਕੜੀ ਵਜੋਂ ਲਿਖੀ ਜਾ ਰਹੀ ਸਕ੍ਰਿਪਟ ਦਾ ਹੀ ਹਿੱਸਾ ਹੈ।

ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਜਦੋਂ ਤੋਂ ਅਕਾਲੀ ਦਲ ਦਾ ਭਾਜਪਾ ਨਾਲੋਂ ਗੱਠਜੋੜ ਟੁੱਟਿਆ ਹੈ, ਉਦੋਂ ਤੋਂ ਦਿੱਲੀ ਅੰਦਰ ਕਾਂਗਰਸ ਨਾਲ ਗੂੜੀ ਸਾਂਝ ਰੱਖਣ ਵਾਲੀ ਸਿੱਖ ਲੀਡਰਸ਼ਿਪ ਨੇ ਕਾਂਗਰਸ ਅਕਾਲੀ ਗੱਠਜੋੜ ਲਈ ਲਾਬਿੰਗ ਸ਼ੁਰੂ ਕੀਤੀ ਹੋਈ ਹੈ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਅਤੇ ਸੁਖਬੀਰ ਸਿੰਘ ਬਾਦਲ ਦੀਆਂ ਮੁਹਾਲੀ ਏਅਰਪੋਰਟ ਤੋਂ ਇਕੱਠੀਆਂ ਤਸਵੀਰਾਂ ਸਾਂਝੀਆਂ ਕਰਵਾਉਣਾ ਕੋਈ ਅਚਨਚੇਤ ਵਾਪਰੀ ਘਟਨਾ ਨਹੀਂ ਸੀ ਬਲਕਿ ਭਵਿੱਖ ਦੇ ਸਿਆਸੀ ਗੱਠਜੋੜ ਵਾਸਤੇ ਇੱਕ ਵੱਡਾ ਸੁਨੇਹਾ ਸੀ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਦਾ ਤਿੰਨ ਦਿਨ ਲਗਾਤਾਰ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਦੇ ਦਰਸ਼ਨ ਕਰਨ ਦਾ ਪ੍ਰੋਗਰਾਮ ਵੀ ਇਸੇ ਕੜੀ ਦਾ ਹਿੱਸਾ ਸੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਬਾਦਲ ਦੀ ਲੀਡਰਸ਼ਿਪ ਇਸ ਵਕਤ ਇਸ ਗੱਠਜੋੜ ਨੂੰ ਜਲਦੀ ਤੋਂ ਜਲਦੀ ਪੰਜਾਬ ਵਿੱਚ ਲਾਗੂ ਕਰਨ ਲਈ ਉਤਾਵਲੀ ਹੋਈ ਬੈਠੀ ਹੈ।



### ਪਾਕਿਸਤਾਨ ਦਾ ਸੁੱਕਣ ਲੱਗਾ ਹਲਕ

# ਸਿੰਧੂ-ਚਿਨਾਬ ਦਾ ਪਾਣੀ ਬੰਦ ਕਰਦੇ ਹੀ ਤੜਫਣ ਲੱਗਾ ਪਾਕਿਸਤਾਨ



ਨਵੀਂ ਦਿੱਲੀ : ਭਾਰਤ ਵੱਲੋਂ ਪਾਣੀ ਦੀ ਸਪਲਾਈ ਬੰਦ ਕਰਨ ਤੋਂ ਬਾਅਦ ਹੁਣ ਇਸਦਾ ਪ੍ਰਭਾਵ ਪਾਕਿਸਤਾਨ ਵਿੱਚ ਦਿਖਾਈ ਦੇ ਰਿਹਾ ਹੈ। ਸਿੰਧੂ ਅਤੇ ਚਿਨਾਬ ਦਰਿਆਵਾਂ ਦੇ ਪਾਣੀ ਨੂੰ ਰੋਕਣ ਕਾਰਨ ਪਾਕਿਸਤਾਨ ਦੇ ਖੇਤਾਂ ਨੂੰ ਸੋਕਾ ਪੈਣਾ ਸ਼ੁਰੂ ਹੋ ਗਿਆ ਹੈ। ਪਾਕਿਸਤਾਨ ਦੀ ਸਿੰਧੂ ਨਦੀ ਪ੍ਰਣਾਲੀ ਅਥਾਰਟੀ (IRSA) ਨੇ ਸੋਮਵਾਰ ਨੂੰ ਕਿਹਾ ਕਿ ਚਿਨਾਬ ਨਦੀ ਵਿੱਚ ਪਾਣੀ ਦਾ ਵਹਾਅ ਬੰਦ ਹੋ ਗਿਆ ਹੈ ਅਤੇ ਹੁਣ ਉੱਥੇ ਪਾਣੀ ਦੀ ਘਾਟ ਹੈ। ਜੇਕਰ ਇਹੀ ਸਥਿਤੀ ਜਾਰੀ ਰਹੀ ਤਾਂ ਪਾਕਿਸਤਾਨ ਵਿੱਚ ਸਾਉਣੀ ਦੀਆਂ ਫਸਲਾਂ ਦੀ ਬਿਜਾਈ ਵਿੱਚ ਮੁਸ਼ਕਲਾਂ ਆ ਸਕਦੀਆਂ ਹਨ।

**ਚੌਲਾਂ ਅਤੇ ਹੋਰ ਫਸਲਾਂ ਨੂੰ ਹੋਵੇਗਾ ਨੁਕਸਾਨ**

ਚਿਨਾਬ ਨਦੀ ਦੇ ਪਾਣੀ ਦੀ ਕਮੀ ਦਾ ਅਸਰ ਚੌਲਾਂ, ਕਪਾਹ, ਗੰਨਾ, ਮੱਕੀ, ਦਾਲਾਂ ਅਤੇ ਤੇਲ ਬੀਜਾਂ ਵਰਗੀਆਂ ਫਸਲਾਂ ਦੇ ਉਤਪਾਦਨ 'ਤੇ ਪਵੇਗਾ। ਇਹ ਫਸਲਾਂ ਪਾਕਿਸਤਾਨ ਦੇ ਪੰਜਾਬ ਅਤੇ ਸਿੰਧ ਖੇਤਰਾਂ ਵਿੱਚ ਉਗਾਈਆਂ ਜਾਂਦੀਆਂ ਹਨ ਅਤੇ ਇਹ ਖੇਤਰ ਪਾਕਿਸਤਾਨ ਦੀ ਖੁਰਾਕ ਸਪਲਾਈ ਦਾ ਇੱਕ ਵੱਡਾ ਹਿੱਸਾ ਬਣਦਾ ਹੈ। ਪਾਣੀ ਦੀ ਕਮੀ ਕਾਰਨ ਇਨ੍ਹਾਂ ਫਸਲਾਂ ਦੇ ਉਤਪਾਦਨ ਵਿੱਚ ਕਮੀ ਆਉਣ ਨਾਲ ਪਾਕਿਸਤਾਨ ਵਿੱਚ ਅਨਾਜ ਦੀ ਕਮੀ ਹੋ ਸਕਦੀ ਹੈ।

**ਆਰਥਿਕ ਅਤੇ ਸਮਾਜਿਕ ਪ੍ਰਭਾਵ :** ਪਾਕਿਸਤਾਨ ਪਹਿਲਾਂ ਹੀ ਪਾਣੀ ਦੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ ਅਤੇ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨ ਕਾਰਨ ਸਥਿਤੀ ਹੋਰ ਵੀ ਵਿਗੜ ਗਈ ਹੈ। ਪਾਕਿਸਤਾਨ ਦੇ ਖੇਤੀਬਾੜੀ ਅਤੇ ਪਣ-ਬਿਜਲੀ ਪ੍ਰੋਜੈਕਟ ਇਸ ਸਮਝੌਤੇ 'ਤੇ ਨਿਰਭਰ ਕਰਦੇ ਹਨ। ਜੇਕਰ ਇਨ੍ਹਾਂ ਦਰਿਆਵਾਂ ਦੀ ਪਾਣੀ ਦੀ ਸਪਲਾਈ ਪੂਰੀ ਤਰ੍ਹਾਂ ਬੰਦ ਕਰ ਦਿੱਤੀ ਜਾਂਦੀ ਹੈ ਤਾਂ ਪਾਕਿਸਤਾਨ ਲਈ ਭੋਜਨ ਅਤੇ ਹੋਰ ਜ਼ਰੂਰੀ ਵਸਤੂਆਂ ਦੀ ਖਰੀਦ ਕਰਨਾ ਮੁਸ਼ਕਲ ਹੋ ਸਕਦਾ ਹੈ। ਇਸ ਤੋਂ ਇਲਾਵਾ ਪਾਕਿਸਤਾਨ ਦੇ ਕਿਸਾਨਾਂ ਅਤੇ ਪਿੰਡ ਵਾਸੀਆਂ ਦੀ ਰੋਜ਼ੀ-ਰੋਟੀ ਵੀ ਇਸ ਪਾਣੀ 'ਤੇ ਨਿਰਭਰ ਕਰਦੀ ਹੈ, ਜਿਸ ਕਾਰਨ ਸਮਾਜਿਕ ਅਸ਼ਾਂਤੀ ਅਤੇ ਵਿਰੋਧ ਪ੍ਰਦਰਸ਼ਨ ਹੋ ਸਕਦੇ ਹਨ।

**ਮਹਿੰਗਾਈ ਦਾ ਖ਼ਤਰਾ :** ਪਾਣੀ ਦੀ ਕਮੀ ਕਾਰਨ ਫਸਲਾਂ ਦੇ ਉਤਪਾਦਨ ਵਿੱਚ ਕਮੀ ਆਉਣ ਕਾਰਨ, ਪਾਕਿਸਤਾਨ ਵਿੱਚ ਖਾਣ-ਪੀਣ ਦੀਆਂ ਵਸਤਾਂ ਦੀਆਂ ਕੀਮਤਾਂ ਵਧ ਸਕਦੀਆਂ ਹਨ, ਜਿਸ ਨਾਲ ਮਹਿੰਗਾਈ ਹੋਰ ਵਧੇਗੀ। ਕਿਸਾਨਾਂ ਅਤੇ ਪੇਂਡੂ ਭਾਈਚਾਰਿਆਂ ਵਿੱਚ ਅਸੰਤੁਸ਼ਟੀ ਵਧ ਸਕਦੀ ਹੈ, ਜਿਸਦਾ ਦੇਸ਼ ਦੀ ਆਰਥਿਕਤਾ 'ਤੇ ਮਾੜਾ ਪ੍ਰਭਾਵ ਪੈ ਸਕਦਾ ਹੈ।

# ਹੁਣ ਜੇਹਲਮ ਨਦੀ ਤੋਂ ਪਾਣੀ ਰੋਕਣ ਦੀ ਯੋਜਨਾ



ਇਸਲਾਮਾਬਾਦ/ਨਵੀਂ ਦਿੱਲੀ : ਭਾਰਤ ਵੱਲੋਂ ਜੰਮੂ-ਕਸ਼ਮੀਰ ਦੇ ਰਾਮਬਨ ਜ਼ਿਲ੍ਹੇ ਵਿੱਚ ਬਗਲੀਹਾਰ ਡੈਮ ਤੋਂ ਚਨਾਬ ਨਦੀ ਦੇ ਵਹਾਅ ਨੂੰ ਰੋਕਣ ਨਾਲ ਪਾਕਿਸਤਾਨ ਦੇ ਪੰਜਾਬ ਦੇ ਹੈੱਡ ਮਰਾਲਾ ਵਿਖੇ ਚਨਾਬ ਦੇ ਪਾਣੀ ਦੇ ਪੱਧਰ ਵਿੱਚ ਕਾਫ਼ੀ ਗਿਰਾਵਟ ਆਈ ਹੈ। ਪਾਣੀ ਦਾ ਪੱਧਰ 4,300 ਕਿਊਸਿਕ ਤੱਕ ਡਿੱਗ ਗਿਆ ਹੈ, ਜੋ ਕਿ ਦੋ ਦਿਨ ਪਹਿਲਾਂ 87,000 ਕਿਊਸਿਕ ਤੋਂ ਬਹੁਤ ਘੱਟ ਹੈ। ਦੁਨੀਆ ਨਿਊਜ਼ ਦੀ ਰਿਪੋਰਟ ਅਨੁਸਾਰ ਇਸ ਬਿੰਦੂ 'ਤੇ ਆਮ ਪ੍ਰਵਾਹ ਆਮ ਤੌਰ 'ਤੇ 25,000 ਤੋਂ 30,000 ਕਿਊਸਿਕ ਵਿਚਕਾਰ ਹੁੰਦਾ ਹੈ। ਭਾਰਤ ਕਿਸ਼ਨਗੰਗਾ ਪ੍ਰੋਜੈਕਟ ਰਾਹੀਂ ਜੇਹਲਮ ਨਦੀ ਤੋਂ ਪਾਣੀ ਰੋਕਣ ਦੀ ਵੀ ਯੋਜਨਾ ਬਣਾ ਰਿਹਾ ਹੈ। 22 ਅਪ੍ਰੈਲ ਨੂੰ ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਨੇ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨ ਤੋਂ ਬਾਅਦ ਪਾਕਿਸਤਾਨ ਦੀ ਪਾਣੀ ਸਪਲਾਈ 'ਤੇ ਸਿੱਧੇ ਹਮਲੇ ਵਿੱਚ ਬਗਲੀਹਾਰ ਡੈਮ ਤੋਂ ਚਨਾਬ ਨਦੀ ਦੇ ਵਹਾਅ ਨੂੰ ਰੋਕ ਦਿੱਤਾ ਹੈ। ਭਾਵੇਂ ਇਹ ਕਦਮ ਇੱਕ ਅਸਥਾਈ ਉਪਾਅ ਹੈ, ਪਰ ਇਹ ਇੱਕ ਸਪੱਸ਼ਟ ਚੇਤਾਵਨੀ ਸੰਕੇਤ ਹੈ। ਇਹ ਕਾਰਵਾਈ ਭਾਰਤ ਦੇ ਸਖ਼ਤ ਰਵੱਈਏ ਵੱਲ ਇਸ਼ਾਰਾ ਕਰਦਾ ਹੈ, ਜਿਸ ਵਿੱਚ ਪਾਕਿਸਤਾਨ ਨਾਲ ਜੁੜੇ ਅੱਤਵਾਦੀਆਂ ਨੇ 26 ਸੈਲਾਨੀਆਂ ਨੂੰ ਗੋਲੀ ਮਾਰ ਦਿੱਤੀ ਸੀ।

ਭਾਰਤੀ ਅਧਿਕਾਰੀਆਂ ਅਨੁਸਾਰ ਇਹ ਕਦਮ ਜ਼ਰੂਰੀ ਸੀ ਕਿਉਂਕਿ ਬਗਲੀਹਾਰ ਡੈਮ ਸਿਰਫ਼ ਇੱਕ ਖਾਸ ਉਚਾਈ ਤੱਕ ਪਾਣੀ ਰੋਕ ਸਕਦਾ ਹੈ। ਭਾਰਤ ਨੇ ਬਗਲੀਹਾਰ ਡੈਮ ਵਿੱਚ ਗਾਰ ਕੱਢਣ ਦੀਆਂ ਕਾਰਵਾਈਆਂ ਸ਼ੁਰੂ ਕੀਤੀਆਂ ਅਤੇ ਸਲੂਇਸ ਗੇਟਾਂ ਨੂੰ ਘਟਾ ਦਿੱਤਾ, ਜਿਸ ਨਾਲ ਪਾਕਿਸਤਾਨ ਵੱਲ ਜਾਣ ਵਾਲੇ ਵਹਾਅ ਵਿੱਚ 90% ਤੱਕ ਦੀ ਕਮੀ ਆਈ ਅਤੇ ਕਿਸ਼ਨਗੰਗਾ ਡੈਮ ਲਈ ਵੀ ਇਸੇ ਤਰ੍ਹਾਂ ਦੇ ਕਾਰਜਾਂ ਦੀ ਯੋਜਨਾ ਬਣਾਈ ਗਈ ਹੈ। ਇਸ ਤੋਂ ਇਲਾਵਾ ਰਾਵੀ ਨਦੀ ਵਿੱਚ ਪਾਣੀ ਦਾ ਪ੍ਰਵਾਹ ਹੋਰ ਘੱਟ ਗਿਆ ਹੈ। ਭਾਰਤ ਨੇ 2001 ਤੋਂ ਰਾਵੀ 'ਤੇ ਤਿੰਨ ਡੈਮ ਬਣਾਏ ਸਨ, ਜਿਸ ਨਾਲ ਪਾਕਿਸਤਾਨ ਦੇ ਪਾਣੀ ਦੇ ਹਿੱਸੇ ਵਿੱਚ ਲਗਭਗ 75% ਦੀ ਕਮੀ ਆਈ ਹੈ।

# ਭਾਰਤ ਵੱਲੋਂ ਹਮਲਾ ਕਰਨ ਜਾਂ ਪਾਣੀ ਰੋਕਣ 'ਤੇ ਪਾਕਿ ਨੇ ਦਿੱਤੀ ਪਰਮਾਣੂ ਹਮਲੇ ਦੀ ਧਮਕੀ



ਮਾਸਕੋ : ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਨਵੀਂ ਦਿੱਲੀ ਅਤੇ ਇਸਲਾਮਾਬਾਦ ਵਿਚਕਾਰ ਤਣਾਅ ਦੇ ਦੌਰਾਨ ਪਾਕਿਸਤਾਨ ਦੇ ਰੂਸ ਵਿਚਲੇ ਰਾਜਦੂਤ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਭਾਰਤ ਨੇ ਉਨ੍ਹਾਂ ਦੇ ਮੁਲਕ ਉਤੇ ਹਮਲਾ ਕੀਤਾ ਜਾਂ ਇਸ ਦੇ ਅਹਿਮ ਪਾਣੀ ਦੇ ਵਹਾਅ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਪਾਕਿਸਤਾਨ 'ਪੂਰੀ ਤਾਕਤ' ਨਾਲ ਜਵਾਬ ਦੇਵੇਗਾ, ਜਿਸ ਵਿੱਚ ਪਰਮਾਣੂ ਹਮਲਾ ਵੀ ਸ਼ਾਮਲ ਹੈ।

ਰੂਸ ਵਿਚ ਪਾਕਿਸਤਾਨੀ ਰਾਜਦੂਤ ਮੁਹੰਮਦ ਖਾਲਿਦ ਜਮਾਲੀ ਨੇ ਐਤਵਾਰ ਨੂੰ ਰੂਸ ਦੀ ਸਰਕਾਰੀ ਖ਼ਬਰ ਏਜੰਸੀ TASS ਨੂੰ ਦਿੱਤੀ ਇੱਕ ਇੰਟਰਵਿਊ ਦੌਰਾਨ ਇਹ ਟਿੱਪਣੀਆਂ ਕੀਤੀਆਂ ਹਨ।

ਇਹ ਚੇਤਾਵਨੀ ਦਿੰਦਿਆਂ ਕਿ ਪਾਕਿਸਤਾਨ ਕਿਸੇ ਵੀ ਹਮਲੇ ਦਾ ਜਵਾਬ ਦੇਣ ਲਈ ਤਿਆਰ ਹੈ, ਰਾਜਦੂਤ ਨੇ ਕਿਹਾ, "ਅਸੀਂ ਪਾਕਿਸਤਾਨ ਵਿੱਚ ਤਾਕਤ ਦੇ ਪੂਰੇ ਸਪੈਕਟ੍ਰਮ ਦੀ ਵਰਤੋਂ ਕਰਾਂਗੇ, ਰਵਾਇਤੀ ਅਤੇ ਪਰਮਾਣੂ ਦੋਵੇਂ ਤਰੀਕਿਆਂ ਨਾਲ।" ਗੌਰਤਲਬ ਹੈ ਕਿ ਬੀਤੀ 22 ਅਪਰੈਲ ਨੂੰ ਜੰਮੂ-ਕਸ਼ਮੀਰ ਵਿੱਚ ਪਹਿਲਗਾਮ ਵਿਚ ਸੈਲਾਨੀਆਂ ਉੱਤੇ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਦੇ ਆਪਸੀ ਰਿਸ਼ਤੇ ਬੁਰੀ ਤਰ੍ਹਾਂ ਵਿਗੜ ਗਏ ਸਨ।

ਇਸ ਹਮਲੇ ਵਿੱਚ 26 ਲੋਕ ਮਾਰੇ ਗਏ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਭਾਰਤ ਦੇ ਵੱਖ-ਵੱਖ ਹਿੱਸਿਆਂ ਤੋਂ ਉੱਥੇ ਘੁੰਮਣ ਗਏ ਸੈਲਾਨੀ ਸਨ।

ਜਮਾਲੀ ਨੇ ਇਸ ਮੌਕੇ ਸਿੰਧ ਜਲ ਸੰਧੀ ਬਾਰੇ ਇਸਲਾਮਾਬਾਦ ਦੀ ਸਥਿਤੀ ਨੂੰ ਦੁਹਰਾਇਆ। ਗ਼ੌਰਤਲਬ ਹੈ ਕਿ ਇਹ ਦਰਿਆਵਾਂ ਦੇ ਪਾਣੀਆਂ ਦੀ ਵੰਡ ਬਾਰੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਇੱਕ ਅਹਿਮ ਸਮਝੌਤਾ ਹੈ, ਜਿਸ ਨੂੰ ਨਵੀਂ ਦਿੱਲੀ ਨੇ ਪਿਛਲੇ ਹਫ਼ਤੇ ਅੱਤਵਾਦੀ ਹਮਲੇ ਪ੍ਰਤੀ ਆਪਣੇ ਸਫ਼ਾਰਤੀ ਜਵਾਬ ਦੇ ਹਿੱਸੇ ਵਜੋਂ ਮੁਅੱਤਲ ਕਰ ਦਿੱਤਾ ਸੀ।

ਜਮਾਲੀ ਨੇ ਕਿਹਾ, "ਹੇਠਲੇ ਰਿਪੇਰੀਅਨ ਦੇ ਪਾਣੀ ਨੂੰ ਹੜੱਪਣ, ਜਾਂ ਇਸਨੂੰ ਰੋਕਣ, ਜਾਂ ਇਸਨੂੰ ਮੋੜਨ ਦੀ ਕੋਈ ਵੀ ਕੋਸ਼ਿਸ਼ ਪਾਕਿਸਤਾਨ ਵਿਰੁੱਧ ਜੰਗ ਦੀ ਕਾਰਵਾਈ ਮੰਨੀ ਜਾਵੇਗੀ ਅਤੇ ਇਸਦਾ ਜਵਾਬ ਪੂਰੀ ਤਾਕਤ ਨਾਲ ਦਿੱਤਾ ਜਾਵੇਗਾ, ਜਿਸ ਵਿੱਚ ਪਰਮਾਣੂ ਵੀ ਸ਼ਾਮਲ ਹੈ।

ਉਂਝ ਨਾਲ ਹੀ ਰਾਜਦੂਤ ਨੇ ਤਣਾਅ ਘਟਾਉਣ ਦੀ ਅਪੀਲ ਕੀਤੀ, ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਕੋਲ ਪਰਮਾਣੂ ਹਥਿਆਰ ਹੋਣ ਦੇ ਸੰਭਾਵੀ ਖ਼ਤਰੇ ਨੂੰ ਧਿਆਨ ਵਿੱਚ ਰੱਖਦਿਆਂ ਤਣਾਅ ਘਟਾਇਆ ਜਾਣਾ ਚਾਹੀਦਾ ਹੈ।

ਪਾਕਿਸਤਾਨ ਨੇ ਪਹਿਲਾਂ ਪਹਿਲਗਾਮ ਹਮਲੇ ਦੀ "ਨਿਰਪੱਖ ਅਤੇ ਭਰੋਸੇਯੋਗ ਜਾਂਚ" ਦੀ ਮੰਗ ਕੀਤੀ ਸੀ। ਉਨ੍ਹਾਂ ਕਿਹਾ, "ਮੈਨੂੰ ਲੱਗਦਾ ਹੈ ਕਿ ਆਲਮੀ ਭਾਈਚਾਰੇ ਦੀ ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਇਸ ਸਬੰਧ ਵਿੱਚ ਅਸੀਂ ਉਮੀਦ ਕਰਦੇ ਹਾਂ ਕਿ ਚੀਨ ਅਤੇ ਰੂਸ ਵਰਗੀਆਂ ਤਾਕਤਾਂ ਉਨ੍ਹਾਂ ਜਾਂਚਾਂ ਵਿੱਚ ਹਿੱਸਾ ਲੈ ਸਕਦੀਆਂ ਹਨ।"

# 'ਬੱਚਿਆਂ ਦੇ ਨਾਲ ਹੀ ਪਾਕਿ ਜਾਣਾ ਹੈ'



ਅਟਾਰੀ ਸਰਹੱਦ 'ਤੇ ਬੱਚਿਆਂ ਨਾਲ ਬੈਠੀ ਭਾਰਤੀ ਮੂਲ ਦੀ ਪਾਕਿਸਤਾਨੀ ਔਰਤ ਦਿਖਾਈ ਦਿੰਦੀ ਹੋਈ।

ਅਟਾਰੀ (ਅੰਮ੍ਰਿਤਸਰ) : ਭਾਰਤ ਤੋਂ ਪਾਕਿਸਤਾਨ ਜਾ ਕੇ ਵਿਆਹ ਕਰਵਾਉਣ ਵਾਲੀ ਭਾਰਤੀ ਔਰਤ ਨੇ ਅਟਾਰੀ ਸਰਹੱਦ 'ਤੇ ਬੀ.ਐੱਸ.ਐੱਫ. ਦੇ ਜਵਾਨਾਂ ਨਾਲ ਜੰਮ ਕੇ ਤੂੰ-ਤੂੰ ਮੈਂ-ਮੈਂ ਕੀਤੀ ਤੇ ਕਿਹਾ ਕਿ ਉਹ ਆਪਣੇ ਬੱਚਿਆਂ ਸਮੇਤ ਪਾਕਿਸਤਾਨ ਜਾਣਾ ਚਾਹੁੰਦੀ ਹੈ, ਕਿਉਂਕਿ ਔਰਤ ਕੋਲ ਭਾਰਤੀ ਪਾਸਪੋਰਟ ਹੈ, ਜਿਸ 'ਤੇ ਭਾਰਤ ਸਰਕਾਰ ਵਲੋਂ ਭਾਰਤੀ ਪਾਸਪੋਰਟ ਵਾਲੇ ਨਾਗਰਿਕਾਂ ਨੂੰ ਪਾਕਿਸਤਾਨ ਜਾਣ ਦੀ ਮਨਾਹੀ ਹੈ ਅਤੇ ਉਨ੍ਹਾਂ ਲਈ ਅਟਾਰੀ ਸਰਹੱਦ ਦਾ ਰਸਤਾ ਬੰਦ ਕੀਤਾ ਗਿਆ ਹੈ। ਇਸ ਮੌਕੇ ਫ਼ਰਹਾਦ ਸੁਲਤਾਨਾ ਵਾਸੀ ਦਿੱਲੀ ਨੇ ਦੱਸਿਆ ਕਿ ਉਸ ਨੇ ਲਾਹੌਰ ਵਿਖੇ ਰਹਿੰਦੇ ਰਿਸ਼ਤੇਦਾਰਾਂ ਵਿਚ ਸੱਤ ਸਾਲ ਪਹਿਲਾਂ ਵਿਆਹ ਕਰਵਾਇਆ ਸੀ ਤੇ ਉਹ ਪਹਿਲਗਾਮ ਹਮਲੇ ਤੋਂ ਕੁਝ ਦਿਨ ਪਹਿਲਾਂ ਹੀ ਦਿੱਲੀ ਵਿਖੇ ਰਹਿੰਦੇ ਆਪਣੇ ਮਾਤਾ-ਪਿਤਾ ਨੂੰ ਮਿਲਣ ਲਈ ਆਪਣੇ ਤਿੰਨ ਬੱਚਿਆਂ ਨਾਲ ਜਿਨ੍ਹਾਂ ਕੋਲ ਪਾਕਿਸਤਾਨੀ ਪਾਸਪੋਰਟ ਹਨ, ਨਾਲ ਲੈ ਕੇ ਆਈ ਸੀ। ਉਸ ਵਲੋਂ ਭਾਰਤ ਵਿਖੇ ਰਹਿੰਦਿਆਂ ਆਪਣਾ ਭਾਰਤੀ ਪਾਸਪੋਰਟ ਵੀ ਦਿੱਲੀ ਵਿਖੇ ਰੀਨਿਊ ਕਰਵਾਇਆ ਹੈ। ਉਸ ਨੇ ਦੱਸਿਆ ਕਿ ਉਹ ਅੱਜ ਲਾਹੌਰ ਸਹੁਰੇ ਘਰ ਜਾਣ ਲਈ ਆਪਣੇ ਬੱਚਿਆਂ ਸਮੇਤ ਅਟਾਰੀ ਸਰਹੱਦ 'ਤੇ ਪੁੱਜੀ ਸੀ ਤੇ ਉਸ ਦੇ ਬੱਚਿਆਂ ਨੂੰ ਪਾਕਿਸਤਾਨ ਜਾਣ ਦੀ ਇਜਾਜ਼ਤ ਇਸ ਕਰਕੇ ਦਿੱਤੀ ਜਾ ਰਹੀ ਹੈ ਕਿ ਉਨ੍ਹਾਂ ਕੋਲ ਪਾਕਿਸਤਾਨੀ ਪਾਸਪੋਰਟ ਹਨ। ਉਸ ਨੇ ਕਿਹਾ ਕਿ ਉਹ ਆਪਣੇ ਬੱਚਿਆਂ ਸਮੇਤ ਹੀ ਪਾਕਿਸਤਾਨ ਜਾਣਾ ਚਾਹੁੰਦੀ ਹੈ, ਨਹੀਂ ਤਾਂ ਉਹ ਆਪਣੇ ਬੱਚੇ ਵੀ ਪਾਕਿਸਤਾਨ ਨਹੀਂ ਭੇਜੇਗੀ। ਇਸੇ ਤਰ੍ਹਾਂ ਹੀ ਜ਼ਰੀਆ ਯਾਦਵ ਜਿਸ ਨੇ ਪਾਕਿਸਤਾਨ ਤੋਂ ਵੀ ਦਿੱਲੀ ਵਿਖੇ ਵਿਆਹ ਕਰਵਾਇਆ ਹੈ, ਉਸ ਦੇ ਬੱਚੇ ਭਾਰਤੀ ਪਾਸਪੋਰਟ ਵਾਲੇ ਹਨ ਉਨ੍ਹਾਂ ਨੂੰ ਵੀ ਅਟਾਰੀ ਸਰਹੱਦ 'ਤੇ ਪਾਕਿਸਤਾਨ ਜਾਣ ਤੋਂ ਰੋਕਿਆ ਗਿਆ ਹੈ, ਦੋਵੇਂ ਪਰਿਵਾਰ ਸ਼ਾਮ ਤੱਕ ਅਟਾਰੀ ਸਰਹੱਦ 'ਤੇ ਹੀ ਬੱਚਿਆਂ ਸਮੇਤ ਰੁਕੇ ਹੋਏ ਸਨ।

# ਭਾਰਤ ਤੋਂ 25 ਪਾਕਿ ਹਿੰਦੂ ਵਤਨ ਮੁੜੇ

## ਬਜ਼ੁਰਗਾਂ ਦੀਆਂ ਅਸਥੀਆਂ ਜਲ ਪ੍ਰਵਾਹ ਕਰਨ ਆਏ ਸਨ ਭਾਰਤ

ਅਟਾਰੀ (ਅੰਮ੍ਰਿਤਸਰ) : ਪਾਕਿਸਤਾਨ ਤੋਂ 45 ਦਿਨ ਪਹਿਲਾਂ ਅਟਾਰੀ ਵਾਹਗਾ ਸਰਹੱਦ ਰਸਤੇ ਭਾਰਤ ਆਏ ਤਿੰਨ ਪਾਕਿਸਤਾਨੀ ਹਿੰਦੂ ਪਰਿਵਾਰਾਂ ਦੇ 25 ਮੈਂਬਰ ਭਾਰਤ-ਪਾਕਿਸਤਾਨ ਦੇਸ਼ਾਂ ਦਰਮਿਆਨ ਵਧੇ ਤਣਾਅ ਨੂੰ ਵੇਖਦਿਆਂ ਇਸੇ ਰਸਤੇ ਆਪਣੇ ਵਤਨ ਪਾਕਿਸਤਾਨ ਪਰਤ ਗਏ। 23 ਅਪ੍ਰੈਲ ਦੀ ਸ਼ਾਮ ਤੋਂ ਅਟਾਰੀ ਸਰਹੱਦ ਭਾਰਤ ਸਰਕਾਰ ਵਲੋਂ ਬੰਦ ਕੀਤੇ ਜਾਣ ਮਗਰੋਂ ਪਾਕਿਸਤਾਨ ਸਰਕਾਰ ਨੇ ਆਪਣੇ ਪਾਕਿਸਤਾਨੀ ਪਾਸਪੋਰਟ ਵਾਲੇ ਨਾਗਰਿਕਾਂ ਜੋ ਭਾਰਤ ਵਿਖੇ ਰੁਕੇ ਹੋਏ ਹਨ, ਉਨ੍ਹਾਂ ਲਈ ਇਹ ਰਸਤਾ ਵਤਨ ਆਉਣ ਲਈ ਖੁੱਲ੍ਹਾ ਰੱਖਿਆ ਗਿਆ ਹੈ। ਪਾਕਿਸਤਾਨੀ ਹਿੰਦੂ ਪਰਿਵਾਰਾਂ ਦੇ ਆਗੂ ਸਦਾਨੰਦ ਵਾਸੀ ਪਾਕਿਸਤਾਨੀ ਸਿੰਧ ਦੇ ਸ਼ਹਿਰ ਰਹਿਮਾਨ ਯਾਰ ਖਾਨ ਨੇ ਆਪਣੇ ਵਤਨ ਜਾਂਦਿਆਂ ਦੱਸਿਆ ਕਿ ਉਹ ਪਾਕਿਸਤਾਨ ਤੋਂ 45 ਦਿਨ ਪਹਿਲਾਂ ਅਟਾਰੀ ਵਾਹਗਾ ਸਰਹੱਦ ਰਸਤੇ ਭਾਰਤ ਆਏ ਸਨ। ਉਹ ਆਪਣੇ ਬਜ਼ੁਰਗਾਂ ਦੀਆਂ ਅਸਥੀਆਂ ਹਰਿਦੁਆਰ ਵਿਖੇ ਜਲ ਪ੍ਰਵਾਹ ਕਰਨ ਲਈ ਆਏ ਸਨ। ਉਨ੍ਹਾਂ ਦੱਸਿਆ ਕਿ ਪਾਕਿਸਤਾਨ ਤੋਂ ਭਾਰਤ ਆਉਣ ਸਮੇਂ ਉਨ੍ਹਾਂ ਵਲੋਂ ਫ਼ੈਸਲਾ ਲਿਆ ਗਿਆ ਸੀ ਕਿ ਉਹ ਪੱਕੇ ਤੌਰ 'ਤੇ ਭਾਰਤ ਵਿਖੇ ਹੀ ਰਹਿਣਗੇ ਤੇ ਭਾਰਤ ਸਰਕਾਰ ਤੋਂ ਨਾਗਰਿਕਤਾ ਹਾਸਿਲ ਕਰਨਗੇ, ਮਗਰ ਪਹਿਲਗਾਮ ਹਮਲੇ ਤੋਂ ਬਾਅਦ ਦੋਵੇਂ ਦੇਸ਼ਾਂ ਵਲੋਂ ਆਪਣੀਆਂ ਸਰਹੱਦਾਂ ਨੂੰ ਬੰਦ ਕੀਤੇ ਜਾਣ ਤੋਂ ਬਾਅਦ ਉਨ੍ਹਾਂ ਨੇ ਫ਼ੈਸਲਾ ਲਿਆ ਕਿ ਉਹ ਬਾਕੀ ਪਾਕਿਸਤਾਨ ਰਹਿੰਦੇ ਪਰਿਵਾਰਕ ਮੈਂਬਰਾਂ ਦੇ ਕੋਲ ਜਾ ਕੇ ਹੀ ਆਪਣਾ ਸਮਾਂ ਬਤੀਤ ਕਰਨਗੇ।

# ਭਾਰਤ ਦਾ ਆਪ੍ਰੇਸ਼ਨ ਸਿੰਦੂਰ ਹਵਾਈ ਹਮਲਾ, ਪਾਕਿਸਤਾਨ 'ਤੇ 9 ਅੱਤਵਾਦੀ ਟਿਕਾਣੇ ਤਬਾਹ




ਨਵੀਂ ਦਿੱਲੀ : ਪਹਿਲਗਾਮ ਦਹਿਸ਼ਤੀ ਹਮਲੇ ਦਾ ਬਦਲਾ ਲੈਂਦਿਆਂ ਭਾਰਤੀ ਹਥਿਆਰਬੰਦ ਬਲਾਂ ਨੇ ਬੁੱਧਵਾਰ ਤੜਕੇ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ ਵਿੱਚ ਨੌਂ ਦਹਿਸ਼ਤੀ ਟਿਕਾਣਿਆਂ 'ਤੇ ਮਿਜ਼ਾਈਲ ਹਮਲੇ ਕੀਤੇ ਹਨ। ਇਨ੍ਹਾਂ ਵਿੱਚ ਬਹਾਵਲਪੁਰ ਵੀ ਸ਼ਾਮਲ ਹੈ ਜੋ ਦਹਿਸ਼ਤੀ ਸੰਗਠਨ ਜੈਸ਼-ਏ-ਮੁਹੰਮਦ ਦਾ ਗੜ੍ਹ ਹੈ। ਭਾਰਤੀ ਫੌਜ ਨੇ ਵੱਡੇ ਤੜਕੇ 1.44 ਵਜੇ ਜਾਰੀ ਕੀਤੇ ਇੱਕ ਬਿਆਨ ਵਿੱਚ ਕਿਹਾ ਕਿ ਫੌਜੀ ਹਮਲੇ 'ਆਪ੍ਰੇਸ਼ਨ ਸਿੰਦੂਰ' ਤਹਿਤ ਕੀਤੇ ਗਏ ਹਨ।

ਫੌਜ ਨੇ ਕਿਹਾ, "ਥੋੜ੍ਹਾ ਸਮਾਂ ਪਹਿਲਾਂ, ਭਾਰਤੀ ਹਥਿਆਰਬੰਦ ਬਲਾਂ ਨੇ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ ਵਿੱਚ ਦਹਿਸ਼ਤੀ ਢਾਂਚੇ ਨੂੰ ਨਿਸ਼ਾਨਾ ਬਣਾਉਂਦੇ ਹੋਏ 'ਆਪ੍ਰੇਸ਼ਨ ਸਿੰਦੂਰ' ਸ਼ੁਰੂ ਕੀਤਾ ਸੀ, ਜਿੱਥੋਂ ਭਾਰਤ ਵਿਰੁੱਧ ਦਹਿਸ਼ਤੀ ਹਮਲਿਆਂ ਦੀ ਯੋਜਨਾ ਅਤੇ ਨਿਰਦੇਸ਼ਨ ਕੀਤਾ ਗਿਆ ਸੀ।" ਬਿਆਨ ਵਿੱਚ ਕਿਹਾ ਗਿਆ ਹੈ ਕਿ ਭਾਰਤੀ ਹਥਿਆਰਬੰਦ ਬਲਾਂ ਦੀਆਂ ਕਾਰਵਾਈਆਂ 'ਕੇਂਦਰਤ ਤੇ ਨਪੀਆਂ ਤੁਲੀਆਂ' ਰਹੀਆਂ ਹਨ।

ਭਾਰਤੀ ਫੌਜ ਨੇ ਕਿਹਾ, "ਕਿਸੇ ਵੀ ਪਾਕਿਸਤਾਨੀ ਫੌਜੀ ਟਿਕਾਣੇ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ ਹੈ। ਭਾਰਤ ਨੇ ਟੀਚਿਆਂ ਦੀ ਚੋਣ ਅਤੇ ਹਮਲਿਆਂ ਨੂੰ ਅੰਜਾਮ ਦੇਣ ਵਿਚ ਕਾਫ਼ੀ ਸੰਜਮ ਨਾਲ ਕੰਮ ਲਿਆ ਹੈ।" ਪਾਕਿਸਤਾਨ ਫੌਜ ਦੇ ਬੁਲਾਰੇ ਲੈਫਟੀਨੈਂਟ ਜਨਰਲ ਅਹਿਮਦ ਸ਼ਰੀਫ ਚੌਧਰੀ ਨੇ ਕਿਹਾ ਕਿ ਭਾਰਤ ਵੱਲੋਂ ਮਕਬੂਜ਼ਾ ਕਸ਼ਮੀਰ (ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ) ਦੇ ਕੋਟਲੀ ਅਤੇ ਮੁਜ਼ੱਫਰਾਬਾਦ ਅਤੇ ਪੰਜਾਬ ਦੇ ਬਹਾਵਲਪੁਰ ਵਿੱਚ ਮਿਜ਼ਾਈਲ ਹਮਲੇ ਕੀਤੇ ਗਏ। ਉਨ੍ਹਾਂ ਏਆਰਵਾਈ ਨਿਊਜ਼ ਚੈਨਲ ਨੂੰ ਦੱਸਿਆ ਕਿ ਕੁਝ ਸਮਾਂ ਪਹਿਲਾਂ, ਭਾਰਤ ਨੇ ਬਹਾਵਲਪੁਰ ਦੇ ਅਹਿਮਦ ਪੂਰਬੀ ਖੇਤਰ, ਕੋਟਲੀ ਅਤੇ ਮੁਜ਼ੱਫਰਾਬਾਦ ਵਿੱਚ ਤਿੰਨ ਥਾਵਾਂ 'ਤੇ ਹਵਾਈ ਹਮਲੇ ਕੀਤੇ ਸਨ।

ਚੌਧਰੀ ਨੇ ਕਿਹਾ, "ਇਹ ਬੁਜ਼ਦਿਲਾਨਾ ਅਤੇ ਸ਼ਰਮਨਾਕ ਹਮਲਾ ਭਾਰਤ ਦੇ ਹਵਾਈ ਖੇਤਰ ਦੇ ਅੰਦਰੋਂ ਕੀਤਾ ਗਿਆ ਹੈ। ਉਨ੍ਹਾਂ ਨੂੰ ਕਦੇ ਵੀ ਪਾਕਿਸਤਾਨ ਦੇ ਖੇਤਰ ਵਿੱਚ ਆਉਣ ਅਤੇ ਘੁਸਪੈਠ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ।" ਚੌਧਰੀ ਨੇ ਅੱਗੇ ਕਿਹਾ, "ਮੈਂ ਇਹ ਸਪੱਸ਼ਟ ਤੌਰ 'ਤੇ ਕਹਿਣਾ ਚਾਹੁੰਦਾ ਹਾਂ: ਪਾਕਿਸਤਾਨ ਆਪਣੀ ਪਸੰਦ ਦੇ ਸਮੇਂ ਅਤੇ ਸਥਾਨ 'ਤੇ ਇਸ ਦਾ ਜਵਾਬ ਦੇਵੇਗਾ। ਇਹ ਘਿਨਾਉਣੀ ਭੜਕਾਹਟ ਦਾ ਜਵਾਬ ਦਿੱਤਾ ਜਾਵੇਗਾ।"

ਭਾਰਤ ਨੇ ਇਹ ਹਮਲੇ ਪਹਿਲਗਾਮ ਦਹਿਸ਼ਤੀ ਹਮਲੇ ਤੋਂ ਦੋ ਹਫ਼ਤੇ ਬਾਅਦ ਕੀਤੇ ਹਨ। ਇਨ੍ਹਾਂ ਹਮਲਿਆਂ ਨੂੰ ਲੈ ਕੇ ਭਾਰਤ ਅਤੇ ਵਿਦੇਸ਼ਾਂ ਵਿੱਚ ਵਿਆਪਕ ਰੋਸ ਸੀ।

ਭਾਰਤੀ ਫੌਜ ਨੇ ਬਿਆਨ ਵਿੱਚ ਕਿਹਾ, "ਇਹ ਕਦਮ ਪਹਿਲਗਾਮ ਦਹਿਸ਼ਤੀ ਹਮਲੇ ਦੇ ਮੱਦੇਨਜ਼ਰ ਚੁੱਕਿਆ ਗਿਆ ਹੈ, ਜਿਸ ਵਿੱਚ 25 ਭਾਰਤੀਆਂ ਅਤੇ ਇੱਕ ਨੇਪਾਲੀ ਨਾਗਰਿਕ ਦੀ ਹੱਤਿਆ ਕਰ ਦਿੱਤੀ ਗਈ ਸੀ।" ਬਿਆਨ ਵਿਚ ਕਿਹਾ ਗਿਆ, "ਅਸੀਂ ਇਸ ਵਚਨਬੱਧਤਾ 'ਤੇ ਖਰੇ ਉਤਰ ਰਹੇ ਹਾਂ ਕਿ ਇਸ ਹਮਲੇ ਲਈ ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਠਹਿਰਾਇਆ ਜਾਵੇਗਾ।" ਇਸ ਮਾਮਲੇ ਤੋਂ ਜਾਣੂ ਲੋਕਾਂ ਨੇ ਕਿਹਾ ਕਿ ਭਾਰਤ ਦੇ ਉੱਚ ਫੌਜੀ ਅਧਿਕਾਰੀ ਇਸ ਕਾਰਵਾਈ 'ਤੇ ਨੇੜਿਓਂ ਨਜ਼ਰ ਰੱਖ ਰਹੇ ਸਨ।

ਕਾਬਿਲੇਗੌਰ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 29 ਅਪਰੈਲ ਨੂੰ ਸਿਖਰਲੇ ਰੱਖਿਆ ਅਧਿਕਾਰੀਆਂ ਨਾਲ ਇੱਕ ਉੱਚ ਪੱਧਰੀ ਮੀਟਿੰਗ ਵਿੱਚ ਭਾਰਤੀ ਹਥਿਆਰਬੰਦ ਬਲਾਂ ਨੂੰ ਪਹਿਲਗਾਮ ਦਹਿਸ਼ਤੀ ਹਮਲੇ ਦੇ ਜਵਾਬ ਦੇ ਢੰਗ, ਟੀਚਿਆਂ ਅਤੇ ਸਮੇਂ ਬਾਰੇ ਫੈਸਲਾ ਲੈਣ ਲਈ ਪੂਰੀ ਖੁੱਲ੍ਹ ਦਿੱਤੀ ਸੀ। ਸ੍ਰੀ ਮੋਦੀ ਨੇ 'ਅਤਿਵਾਦ ਨੂੰ ਕਰਾਰਾ ਝਟਕਾ' ਦੇਣ ਦੇ ਕੌਮੀ ਅਹਿਦ 'ਤੇ ਵੀ ਜ਼ੋਰ ਦਿੱਤਾ।

## ਸਿਆਸਤਦਾਨਾਂ ਵੱਲੋਂ ਪਾਕਿਸਤਾਨ 'ਤੇ 'ਆਪ੍ਰੇਸ਼ਨ ਸਿੰਦੂਰ' ਦੀ ਸ਼ਲਾਘਾ

ਨਵੀਂ ਦਿੱਲੀ : ਭਾਰਤੀ ਹਥਿਆਰਬੰਦ ਬਲਾਂ ਵੱਲੋਂ 'ਆਪ੍ਰੇਸ਼ਨ ਸਿੰਦੂਰ' ਤਹਿਤ ਪਾਕਿਸਤਾਨ ਵਿਚ ਨੌਂ ਅਤਿਵਾਦੀ ਟਿਕਾਣਿਆਂ 'ਤੇ ਕੀਤੇ ਗਏ ਮਿਜ਼ਾਈਲ ਹਮਲਿਆਂ ਦੀ ਸ਼ਲਾਘਾ ਕਰਨ ਲਈ ਪਾਰਟੀਆਂ ਤੋਂ ਵੱਖ-ਵੱਖ ਸਿਆਸਤਦਾਨਾਂ ਨੇ ਇਕੱਠੇ ਹੋ ਕੇ ਆਪਣੇ ਸੋਸ਼ਲ ਮੀਡੀਆ ਹੈਂਡਲਾਂ 'ਤੇ 'Bharat Mata Ki Jai' ਅਤੇ 'Jai Hind' ਦੇ ਦੇਸ਼ ਭਗਤੀ ਦੇ ਨਾਅਰੇ ਪੋਸਟ ਕੀਤੇ।

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ, "ਭਾਰਤ ਮਾਤਾ ਕੀ ਜੈ" ਜਦੋਂ ਕਿ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਆਪ੍ਰੇਸ਼ਨ ਸਿੰਦੂਰ ਦਾ ਸਵਾਗਤ "ਜੈ ਹਿੰਦ" ਅਤੇ "ਜੈ ਹਿੰਦ ਕੀ ਸੈਨਾ" ਨਾਲ ਕੀਤਾ। ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਤੇ ਸ਼ਿਵ ਸੈਨਾ ਨੇਤਾ ਏਕਨਾਥ ਸ਼ਿੰਦੇ ਨੇ X 'ਤੇ ਪੋਸਟ ਕੀਤਾ, "ਜੈ ਹਿੰਦ। ਆਪ੍ਰੇਸ਼ਨ ਸਿੰਦੂਰ।" ਕਾਂਗਰਸੀ ਆਗੂ ਰਣਦੀਪ ਸੁਰਜੇਵਾਲਾ ਨੇ "ਜੈ ਹਿੰਦ" ਪੋਸਟ ਕੀਤਾ। ਐੱਲਜੇਪੀ (ਰਾਮ ਵਿਲਾਸ) ਨੇਤਾ ਅਤੇ ਕੇਂਦਰੀ ਮੰਤਰੀ ਚਿਰਾਗ ਪਾਸਵਾਨ ਨੇ ਕਿਹਾ, "ਸੱਤਿਆਮੇਵ ਜਯਤੇ। ਜੈ ਹਿੰਦ ਕੀ ਸੈਨਾ।"

ਅਧਿਕਾਰੀਆਂ ਨੇ ਬੁੱਧਵਾਰ ਨੂੰ ਇੱਥੇ ਦੱਸਿਆ ਕਿ ਪਾਬੰਦੀਸ਼ੁਦਾ ਜੈਸ਼-ਏ-ਮੁਹੰਮਦ, ਲਸ਼ਕਰ-ਏ-ਤਇਬਾ ਅਤੇ ਹਿਜ਼ਬੁਲ ਮੁਜਾਹਿਦੀਨ ਦੇ ਅਤਿਵਾਦੀ ਹੈੱਡਕੁਆਰਟਰ ਨੂੰ 'ਆਪ੍ਰੇਸ਼ਨ ਸਿੰਦੂਰ' ਦੇ ਤਹਿਤ ਨਿਸ਼ਾਨਾ ਬਣਾਇਆ ਗਿਆ ਸੀ, ਜਿਸ ਵਿਚ ਭਾਰਤੀ ਹਵਾਈ ਫੌਜ ਨੇ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ ਵਿਚ ਸਥਿਤ ਨੌਂ ਛੁਪਣਗਾਹਾਂ 'ਤੇ ਹਵਾਈ ਹਮਲੇ ਕੀਤੇ। ਇਕ ਸਟੀਕ ਕਾਰਵਾਈ ਵਿਚ ਜਿਨ੍ਹਾਂ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ ਉਨ੍ਹਾਂ ਵਿਚ ਬਹਾਵਲਪੁਰ ਵਿਖੇ ਮਰਕਜ਼ ਸੁਭਾਨ ਅੱਲ੍ਹਾ, ਤੇਹਰਾ ਕਲਾਂ ਵਿਖੇ ਸਰਜਲ, ਕੋਟਲੀ ਵਿਚ ਮਰਕਜ਼ ਅੱਬਾਸ ਅਤੇ ਮੁਜ਼ੱਫਰਾਬਾਦ ਵਿਚ ਸਯਦਨਾ ਬਿਲਾਲ ਕੈਂਪ (ਸਾਰੇ ਪਾਬੰਦੀਸ਼ੁਦਾ ਜੈਸ਼-ਏ-ਮੁਹੰਮਦ ਅੱਤਵਾਦੀ ਸਮੂਹ ਦੇ) ਸ਼ਾਮਲ ਸਨ।

## ਪੁਣਛ ਵਿਖੇ ਗੁਰਦੁਆਰਾ ਸਾਹਿਬ 'ਤੇ ਹਮਲਾ, ਰਾਗੀ ਸਿੰਘ ਸਮੇਤ ਤਿੰਨ ਦੀ ਮੌਤ






ਜੰਮੂ-ਕਸ਼ਮੀਰ : ਭਾਰਤ ਦੇ ਹਵਾਈ ਹਮਲੇ ਤੋਂ ਬਾਅਦ ਪਾਕਿਸਤਾਨ ਵਲੋਂ ਪੁਣਛ ਵਿਚ ਜਵਾਬੀ ਕਾਰਵਾਈ ਕੀਤੀ ਗਈ। ਇਸ ਵਿਚ ਉਨ੍ਹਾਂ ਵਲੋਂ ਗੁਰਦੁਆਰਾ ਸਿੰਘ ਸਭਾ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਸ ਹਮਲੇ ਵਿਚ ਗੁਰਦੁਆਰਾ ਸਾਹਿਬ ਦੇ ਰਾਗੀ ਸਿੰਘ ਸਮੇਤ ਤਿੰਨ ਦੀ ਮੌਤ ਹੋ ਗਈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਭਾਰਤ ਤੇ ਪਾਕਿਸਤਾਨ ਵਿਚਕਾਰ ਪੈਦਾ ਹੋਈ ਤਲਖ਼ੀ ਅਤੇ ਇੱਕ ਦੂਜੇ ਉੱਤੇ ਕੀਤੇ ਗਏ ਹਮਲਿਆਂ ਦੌਰਾਨ ਕਸ਼ਮੀਰ ਦੇ ਪੁਣਛ ਖੇਤਰ ਵਿੱਚ ਮਾਰੇ ਗਏ ਸਿੱਖਾਂ ਤੇ ਹੋਰ ਲੋਕਾਂ ਅਤੇ ਗੁਰਦੁਆਰਾ ਸਾਹਿਬ ਉੱਤੇ ਕੀਤੇ ਗਏ ਹਮਲੇ ਦੀ ਕਾਰਵਾਈ ਦੀ ਕਰੜੀ ਨਿੰਦਾ ਕੀਤੀ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਭਾਰਤ ਵੱਲੋਂ ਕੀਤੇ ਗਏ ਆਪ੍ਰੇਸ਼ਨ ਸਿੰਦੂਰ ਦੇ ਜਵਾਬੀ ਹਮਲੇ ਵਿੱਚ ਪਾਕਿਸਤਾਨ ਵੱਲੋਂ ਪੁਣਛ ਵਿਖੇ ਕੀਤੀ ਗਈ ਗੋਲਾਬਾਰੀ ਵਿੱਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕੇਂਦਰੀ ਉੱਤੇ ਹਮਲਾ ਕੀਤਾ ਗਿਆ ਹੈ, ਇਸ ਦੌਰਾਨ ਤਿੰਨ ਗੁਰਸਿੱਖ ਭਾਈ ਅਮਰੀਕ ਸਿੰਘ ਰਾਗੀ, ਭਾਈ ਅਮਰਜੀਤ ਸਿੰਘ ਸਾਬਕਾ ਫੌਜੀ ਅਤੇ ਭਾਈ ਰਣਜੀਤ ਸਿੰਘ ਸਥਾਨਕ ਦੁਕਾਨਦਾਰ ਮਾਰੇ ਗਏ ਹਨ।

ਇਸ ਤੋਂ ਇਲਾਵਾ ਮਾਨਕੋਟ ਖੇਤਰ ਵਿੱਚ ਇੱਕ ਸਿੱਖ ਬੀਬੀ ਰੂਬੀ ਕੌਰ ਦੇ ਮਾਰੇ ਜਾਣ ਦੀ ਖ਼ਬਰ ਵੀ ਸਾਹਮਣੇ ਆ ਰਹੀ ਹੈ। ਇਸ ਦੌਰਾਨ ਪੁਣਛ ਵਿਖੇ ਹੋਰ ਲੋਕਾਂ ਦੇ ਮਾਰੇ ਜਾਣ ਦੀ ਗੱਲ ਵੀ ਸਾਹਮਣੇ ਆਈ ਹੈ। ਜਥੇਦਾਰ ਗੜਗੱਜ ਨੇ ਪੁਣਛ ਵਿਖੇ ਮਾਰੇ ਗਏ ਲੋਕਾਂ ਦੀ ਆਤਮਿਕ ਸ਼ਾਂਤੀ ਅਤੇ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ ਲਈ ਅਰਦਾਸ ਵੀ ਕੀਤੀ।

## ਪ੍ਰਧਾਨ ਮੰਤਰੀ ਮੋਦੀ ਨੇ ਰਾਸ਼ਟਰਪਤੀ ਮੁਰਮੂ ਨੂੰ 'ਅਪ੍ਰੇਸ਼ਨ ਸਿੰਦੂਰ' ਬਾਰੇ ਦਿੱਤੀ ਜਾਣਕਾਰੀ, ਪਾਕਿ 'ਚ ਹਮਲੇ ਲਈ ਫ਼ੌਜਾਂ ਦੀ ਕੀਤੀ ਸ਼ਲਾਘਾ



ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਨੂੰ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ (ਮਕਬੂਜ਼ਾ) ਕਸ਼ਮੀਰ (POK) ਵਿੱਚ ਅੱਤਵਾਦੀ ਟਿਕਾਣਿਆਂ 'ਤੇ ਭਾਰਤੀ ਹਥਿਆਰਬੰਦ ਬਲਾਂ ਦੇ ਸਟੀਕ ਹਮਲਿਆਂ ਬਾਰੇ ਜਾਣਕਾਰੀ ਦਿੱਤੀ।

ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਪਰੇਸ਼ਨ ਸਿੰਦੂਰ ਤੋਂ ਬਾਅਦ ਸੁਰੱਖਿਆ ਬਾਰੇ ਕੈਬਨਿਟ ਕਮੇਟੀ (CCS) ਤੇ ਫਿਰ ਕੇਂਦਰੀ ਕੈਬਨਿਟ ਦੀਆਂ ਮੀਟਿੰਗਾਂ ਦੀ ਪ੍ਰਧਾਨਗੀ ਕੀਤੀ। ਕੈਬਨਿਟ ਮੀਟਿੰਗ ਵਿਚ ਅਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਮੋਦੀ ਨੇ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ ਵਿੱਚ ਅੱਤਵਾਦੀ ਢਾਂਚਿਆਂ ਵਿਰੁੱਧ 'ਗੈਰ-ਵਧਾਊ ਅਤੇ ਗੈਰ-ਫੌਜੀ' ਹਮਲੇ ਲਈ ਭਾਰਤੀ ਹਥਿਆਰਬੰਦ ਬਲਾਂ ਦੀ ਸ਼ਲਾਘਾ ਕੀਤੀ।

ਬੁੱਧਵਾਰ ਸਵੇਰੇ ਹੋਏ ਹਮਲਿਆਂ ਵਿੱਚ "ਅਪ੍ਰੇਸ਼ਨ ਸਿੰਦੂਰ" ਤਹਿਤ ਪਾਕਿਸਤਾਨ ਸਥਿਤ ਦਹਿਸ਼ਤੀ ਜਥੇਬੰਦੀਆਂ ਲਸ਼ਕਰ-ਏ-ਤਇਬਾ (LeT) ਅਤੇ ਜੈਸ਼-ਏ-ਮੁਹੰਮਦ (JeM) ਦੇ ਹੈੱਡਕੁਆਰਟਰਾਂ ਅਤੇ ਸਿਖਲਾਈ ਕੇਂਦਰਾਂ ਸਮੇਤ ਨੌਂ ਥਾਵਾਂ ਨੂੰ ਨਿਸ਼ਾਨਾ ਬਣਾਇਆ ਗਿਆ, ਜਿੱਥੋਂ ਭਾਰਤ ਵਿਰੁੱਧ ਅੱਤਵਾਦੀ ਹਮਲਿਆਂ ਦੀ ਸਾਜ਼ਿਸ਼ ਘੜੀ ਗਈ ਸੀ ਅਤੇ ਨਿਰਦੇਸ਼ਿਤ ਕੀਤਾ ਗਿਆ ਸੀ।

ਰਾਸ਼ਟਰਪਤੀ ਦਫ਼ਤਰ ਨੇ ਐਕਸ X 'ਤੇ ਇੱਕ ਪੋਸਟ ਵਿੱਚ ਕਿਹਾ, "ਪ੍ਰਧਾਨ ਮੰਤਰੀ ਸ੍ਰੀ @narendramodi ਨੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਆਪ੍ਰੇਸ਼ਨ ਸਿੰਦੂਰ ਬਾਰੇ ਜਾਣਕਾਰੀ ਦਿੱਤੀ।

ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਵੱਲੋਂ ਕੇਂਦਰੀ ਕੈਬਨਿਟ ਦੀ ਮੀਟਿੰਗ ਦੌਰਾਨ ਅਪ੍ਰੇਸ਼ਨ ਸਿੰਦੂਰ ਦੇ ਵੇਰਵੇ ਸਾਂਝੇ ਕੀਤੇ ਜਾਣ ਤੋਂ ਬਾਅਦ ਕੈਬਨਿਟ ਨੇ ਉਨ੍ਹਾਂ ਦੀ ਅਗਵਾਈ ਦੀ ਸ਼ਲਾਘਾ ਕੀਤੀ। ਇਹ ਭਾਰਤੀ ਹਮਲਿਆਂ ਤੋਂ ਬਾਅਦ ਹੋਈ ਕੈਬਨਿਟ ਦੀ ਪਹਿਲੀ ਮੀਟਿੰਗ ਸੀ।

ਪ੍ਰਧਾਨ ਮੰਤਰੀ ਮੋਦੀ ਨੇ 22 ਅਪਰੈਲ ਨੂੰ ਹੋਏ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਕੌਮੀ ਫੌਜੀ ਪ੍ਰਤੀਕਿਰਿਆ ਦੇ ਟੀਚਿਆਂ, ਢੰਗ ਅਤੇ ਸਮਾਂ ਤੈਅ ਕਰਨ ਲਈ ਹਥਿਆਰਬੰਦ ਬਲਾਂ ਨੂੰ ਪਹਿਲਾਂ ਹੀ ਪੂਰੀ ਸੰਚਾਲਨ ਖੁੱਲ੍ਹ ਦੇ ਦਿੱਤੀ ਸੀ। ਇਸ ਦੌਰਾਨ, ਸਰਕਾਰ ਨੇ ਵੀਰਵਾਰ ਨੂੰ ਇਸ ਮੁੱਦੇ 'ਤੇ ਇੱਕ ਸਰਬ-ਪਾਰਟੀ ਮੀਟਿੰਗ ਸੱਦਣ ਦਾ ਵੀ ਫ਼ੈਸਲਾ ਕੀਤਾ ਹੈ।

ਕੈਬਨਿਟ ਮੀਟਿੰਗ ਤੋਂ ਪਹਿਲਾਂ ਮੋਦੀ ਨੇ ਸੁਰੱਖਿਆ ਬਾਰੇ ਕੈਬਨਿਟ ਕਮੇਟੀ (CCS) ਦੇ ਇੱਕ ਸੈਸ਼ਨ ਦੀ ਪ੍ਰਧਾਨਗੀ ਕੀਤੀ। ਇਹ ਕਸ਼ਮੀਰ ਵਿੱਚ 22 ਅਪਰੈਲ ਨੂੰ ਹੋਏ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਅਜਿਹੀ ਤੀਜੀ ਮੀਟਿੰਗ ਹੈ।

ਭਾਰਤ ਵੱਲੋਂ ਅਪ੍ਰੇਸ਼ਨ ਸਿੰਦੂਰ ਸ਼ੁਰੂ ਕਰਨ ਤੋਂ ਬਾਅਦ ਇਹ ਕੇਂਦਰੀ ਕੈਬਨਿਟ ਅਤੇ ਸੁਰੱਖਿਆ ਬਾਰੇ ਕੈਬਨਿਟ ਕਮੇਟੀ ਦੀ ਪਹਿਲੀ ਮੀਟਿੰਗ ਹੈ, ਜਿਸ ਵਿੱਚ ਪਾਕਿਸਤਾਨ ਅਤੇ ਪਾਕਿਸਤਾਨ-ਕਬਜ਼ੇ ਵਾਲੇ (ਮਕਬੂਜ਼ਾ) ਕਸ਼ਮੀਰ (POK) ਵਿੱਚ ਨੌਂ ਅੱਤਵਾਦੀ ਸਿਖਲਾਈ ਕੇਂਦਰਾਂ ਨੂੰ ਨਿਸ਼ਾਨਾ ਬਣਾਇਆ ਗਿਆ। ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਇਸ ਕਾਰਵਾਈ ਨੂੰ "ਅਨੁਪਾਤਕ, ਗੈਰ-ਫੌਜੀ ਅਤੇ ਗੈਰ-ਵਧਾਊ "ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਹਿਲਗਾਮ ਵਿੱਚ ਭਾਰਤੀ ਸੈਲਾਨੀਆਂ 'ਤੇ ਹੋਏ ਵਹਿਸ਼ੀ ਅਤੇ ਬੇਰਹਿਮ ਹਮਲੇ ਤੋਂ ਬਾਅਦ ਅਜਿਹਾ ਕਰਨਾ ਜ਼ਰੂਰੀ ਸੀ।

# ਭਾਰਤ ਨੇ ਨੌਂ ਦਹਿਸ਼ਤੀ ਕੈਂਪਾਂ ਨੂੰ ਤਰਜੀਹ ਕਿਉਂ ਦਿੱਤੀ?

## ਭਾਰਤੀ ਹਵਾਈ ਸੈਨਾ ਨੇ ਬਹਾਵਲਪੁਰ, ਮੁਰੀਦਕੇ, ਗੁਲਪੁਰ, ਸਵਾਈ, ਬਿਲਾਲ, ਕੋਟਲੀ, ਬਰਨਾਲਾ ਤੇ ਸਰਜਲ ਤੇ ਮਹਿਮੂਨਾ ਕੈਂਪਾਂ ਨੂੰ ਬਣਾਇਆ ਨਿਸ਼ਾਨਾ




ਨਵੀਂ ਦਿੱਲੀ : ਭਾਰਤ ਨੇ ਸਰਹੱਦ ਪਾਰ ਅਤਿਵਾਦ ਅਤੇ ਹਾਲੀਆ ਪਹਿਲਗਾਮ ਦਹਿਸ਼ਤੀ ਹਮਲੇ, ਜਿਸ ਵਿੱਚ 26 ਸੈਲਾਨੀ ਮਾਰੇ ਗਏ ਸਨ, ਦੇ ਜਵਾਬ ਵਿੱਚ ਦਲੇਰਾਨਾ ਅਤੇ ਗਿਣਿਆ-ਮਿਥਿਆ ਕਦਮ ਚੁੱਕਦੇ ਹੋਏ, ਅਪਰੇਸ਼ਨ ਸਿੰਦੂਰ ਤਹਿਤ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ (ਪੀਓਕੇ) ਵਿੱਚ ਨੌਂ ਦਹਿਸ਼ਤੀ ਕੈਂਪਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਸਟੀਕ ਹਵਾਈ ਹਮਲੇ ਕੀਤੇ ਹਨ।

ਅਧਿਕਾਰਤ ਸੂਤਰਾਂ ਮੁਤਾਬਕ ਇਨ੍ਹਾਂ ਨੌਂ ਟਿਕਾਣਿਆਂ ਵਿਚ ਬਹਾਵਲਪੁਰ ਵਿੱਚ ਜੈਸ਼-ਏ-ਮੁਹੰਮਦ (ਜੇਈਐਮ) ਦਾ ਮੁੱਖ ਦਫਤਰ ਵੀ ਸ਼ਾਮਲ ਹੈ, ਜੋ ਕੌਮਾਂਤਰੀ ਸਰਹੱਦ ਤੋਂ ਕਰੀਬ 100 ਕਿਲੋਮੀਟਰ ਦੂਰ ਇੱਕ ਡੂੰਘਾ ਪ੍ਰਤੀਕਾਤਮਕ ਨਿਸ਼ਾਨਾ ਸੀ। ਇਹ ਟਿਕਾਣਾ ਕਥਿਤ ਭਾਰਤੀ ਵਿਰੁੱਧ ਵੱਡੇ ਪੱਧਰ ’ਤੇ ਹਮਲਿਆਂ ਦੀ ਯੋਜਨਾ ਬਣਾਉਣ ਦਾ ਕੇਂਦਰ ਸੀ। ਇੱਕ ਹੋਰ ਵੱਡਾ ਹਮਲਾ ਸਾਂਬਾ ਦੇ ਸਾਹਮਣੇ ਸਰਹੱਦ ਤੋਂ ਸਿਰਫ਼ 30 ਕਿਲੋਮੀਟਰ ਦੂਰ ਮੁਰੀਦਕੇ ਵਿੱਚ ਲਸ਼ਕਰ-ਏ-ਤਇਬਾ (LeT) ਦੇ ਸਿਖਲਾਈ ਕੈਂਪ ’ਤੇ ਕੀਤਾ ਗਿਆ। 26/11 ਮੁੰਬਈ ਹਮਲੇ ਨੂੰ ਅੰਜਾਮ ਦੇਣ ਵਾਲੇ ਦਹਿਸ਼ਤਗਰਦਾਂ ਨੂੰ ਸਿਖਲਾਈ ਦੇਣ ਲਈ ਬਦਨਾਮ ਇਹ ਕੈਂਪ ਸਰਹੱਦ ਪਾਰੋਂ ਅਤਿਵਾਦ ਨੂੰ ਸਰਪ੍ਰਸਤੀ ਦੇ ਸਥਾਈ ਖ਼ਤਰੇ ਦੀ ਭਿਆਨਕ ਯਾਦ ਦਿਵਾਉਂਦਾ ਸੀ।

ਭਾਰਤੀ ਹਥਿਆਰਬੰਦ ਦਸਤਿਆਂ ਨੇ ਕੰਟਰੋਲ ਰੇਖਾ ਨੇੜੇ ਖਸਤਾ ਹਾਲਤ ਵਿੱਚ, ਪੁਣਛ-ਰਾਜੌਰੀ ਸੈਕਟਰ ਵਿੱਚ ਗੁਲਪੁਰ ਕੈਂਪ ਨੂੰ ਨਿਸ਼ਾਨਾ ਬਣਾਇਆ ਹੈ। ਇਸ ਟਿਕਾਣੇ ਨੂੰ 20 ਅਪਰੈਲ, 2023 ਨੂੰ ਪੁਣਛ ਵਿੱਚ ਹੋਏ ਘਾਤਕ ਹਮਲੇ ਦੇ ਨਾਲ ਜੂਨ 2024 ਵਿੱਚ ਸ਼ਰਧਾਲੂਆਂ ਨੂੰ ਲੈ ਕੇ ਜਾ ਰਹੀ ਇੱਕ ਬੱਸ ’ਤੇ ਹਮਲੇ ਲਈ ਲਾਂਚਪੈਡ ਮੰਨਿਆ ਜਾਂਦਾ ਸੀ।

ਭਾਰਤੀ ਲੜਾਕੂ ਜਹਾਜ਼ਾਂ ਨੇ ਹੋਰ ਉੱਤਰ ਵੱਲ ਪੀਓਕੇ ਦੇ ਤੰਗਧਾਰ ਸੈਕਟਰ ਅੰਦਰ ਲਸ਼ਕਰ-ਏ-ਤਇਬਾ ਵੱਲੋਂ ਚਲਾਏ ਜਾ ਰਹੇ ਸਵਾਈ ਕੈਂਪ ਨੂੰ ਨਿਸ਼ਾਨਾ ਬਣਾਇਆ। ਖ਼ੁਫ਼ੀਆ ਏਜੰਸੀਆਂ ਨੇ ਇਸ ਟਿਕਾਣੇ ਨੂੰ ਕਈ ਹਾਈ-ਪ੍ਰੋਫਾਈਲ ਹਮਲਿਆਂ 20 ਅਕਤੂਬਰ, 2024 ਨੂੰ ਸੋਨਮਰਗ, 24 ਅਕਤੂਬਰ ਨੂੰ ਗੁਲਮਰਗ ਅਤੇ 22 ਅਪਰੈਲ, 2025 ਨੂੰ ਪਹਿਲਗਾਮ ਨਾਲ ਜੋੜਿਆ ਹੈ। ਇਕ ਸੂਤਰ ਨੇ ਕਿਹਾ, “ਕੈਂਪ ਦੇ ਦੂਰ-ਦੁਰਾਡੇ ਸਥਾਨ ਨੇ ਇਸ ਨੂੰ ਕਸ਼ਮੀਰ ਭਰ ਵਿੱਚ ਹਮਲਿਆਂ ਲਈ ਅਤਿਵਾਦੀਆਂ ਨੂੰ ਸਿਖਲਾਈ ਦੇਣ ਅਤੇ ਲਾਮਬੰਦ ਕਰਨ ਲਈ ਇੱਕ ਪਸੰਦੀਦਾ ਸਥਾਨ ਬਣਾਇਆ।”

ਜੈਸ਼-ਏ-ਮੁਹੰਮਦ ਦੇ ਇਕ ਹੋਰ ਲਾਂਚਪੈਡ ਬਿਲਾਲ ਕੈਂਪ ਨੂੰ ਹਵਾਈ ਹਮਲਿਆਂ ਦੀ ਮਾਰ ਹੇਠ ਲਿਆਂਦਾ ਗਿਆ ਹੈ। ਘੁਸਪੈਠ ਦੀਆਂ ਕੋਸ਼ਿਸ਼ਾਂ ਤੋਂ ਪਹਿਲਾਂ ਇਹ ਅਤਿਵਾਦੀਆਂ ਲਈ ਇੱਕ ਮੁੱਖ ਪੜਾਅ ਖੇਤਰ ਵਜੋਂ ਜਾਣਿਆ ਜਾਂਦਾ ਸੀ, ਜੋ ਭਾਰਤੀ ਖੇਤਰ ਵਿੱਚ ਦਾਖਲ ਹੋਣ ਤੋਂ ਪਹਿਲਾਂ ਇੱਕ ਅੰਤਮ ਆਵਾਜਾਈ ਬਿੰਦੂ ਵਜੋਂ ਕੰਮ ਕਰਦਾ ਸੀ।

ਮੰਨਿਆ ਜਾਂਦਾ ਹੈ ਕਿ ਕੋਟਲੀ ਕੈਂਪ, ਜੋ ਰਾਜੌਰੀ ਦੇ ਸਾਹਮਣੇ ਲਸ਼ਕਰ-ਏ-ਤਇਬਾ ਦਾ ਟਿਕਾਣਾ ਹੈ, ਵਿੱਚ ਇੱਕ ਸਮੇਂ ਕਰੀਬ 50 ਕਾਰਕੁਨ ਰਹਿੰਦੇ ਸਨ, ਜੋ ਸਮਰਪਿਤ ਆਤਮਘਾਤੀ ਹਮਲਾਵਰ ਸਿਖਲਾਈ ਕੇਂਦਰ ਵਜੋਂ ਕੰਮ ਕਰਦੇ ਸਨ। ਇਸ ਦੇ ਨਾਲ ਹੀ ਕੰਟਰੋਲ ਰੇਖਾ ਤੋਂ ਸਿਰਫ਼ 10 ਕਿਲੋਮੀਟਰ ਦੂਰ ਬਰਨਾਲਾ ਕੈਂਪ ਨੂੰ ਵੀ ਤਬਾਹ ਕੀਤਾ ਗਿਆ ਹੈ, ਜੋ ਜੰਮੂ ਅਤੇ ਰਾਜੌਰੀ ਵਿੱਚ ਜਾਣ ਵਾਲੇ ਅਤਿਵਾਦੀਆਂ ਲਈ ਇੱਕ ਲੌਜਿਸਟਿਕ ਅਤੇ ਮੁੜ ਸੰਗਠਨ ਕੇਂਦਰ ਵਜੋਂ ਕੰਮ ਕਰਦਾ ਸੀ।

ਕੌਮਾਂਤਰੀ ਸਰਹੱਦ ਨੇੜੇ ਸਰਜਲ ਕੈਂਪ, ਜੋ ਸਾਂਬਾ-ਕਠੂਆ ਤੋਂ ਕਰੀਬ 8 ਕਿਲੋਮੀਟਰ ਦੂਰ ਜੈਸ਼-ਏ-ਮੁਹੰਮਦ ਦਾ ਇਕ ਹੋਰ ਟਿਕਾਣਾ ਹੈ, ਨੂੰ ਛੋਟੀ ਦੂਰੀ ਦੀ ਘੁਸਪੈਠ ਅਤੇ ਤੇਜ਼-ਹਮਲੇ ਦੇ ਮਿਸ਼ਨਾਂ ਵਿੱਚ ਭੂਮਿਕਾ ਲਈ ਨਿਸ਼ਾਨਾ ਬਣਾਇਆ ਗਿਆ। ਅਤੇ ਅਖੀਰ ਵਿਚ ਭਾਰਤੀ ਜਹਾਜ਼ਾਂ ਨੇ ਸਿਆਲਕੋਟ ਨੇੜੇ ਮਹਿਮੂਨਾ ਕੈਂਪ ’ਤੇ ਹਮਲਾ ਕੀਤਾ, ਜੋ ਕਿ ਸਰਹੱਦ ਤੋਂ ਸਿਰਫ 15 ਕਿਲੋਮੀਟਰ ਦੂਰ ਹਿਜ਼ਬੁਲ ਮੁਜਾਹਿਦੀਨ ਦਾ ਸਿਖਲਾਈ ਕੇਂਦਰ ਹੈ। ਇਸ ਨਾਲ ਕਸ਼ਮੀਰ ਘਾਟੀ ਵਿੱਚ ਕੰਮ ਕਰ ਰਹੇ ਸਭ ਤੋਂ ਪੁਰਾਣੇ ਬਾਗ਼ੀ ਸੰਗਠਨਾਂ ਵਿੱਚੋਂ ਇੱਕ ਨੂੰ ਝਟਕਾ ਲੱਗਾ ਹੈ।

## ਲੋਕਾਂ ਨੂੰ ਪਤਾ ਸੀ ਕਿ ਅਜਿਹਾ ਕੁਝ ਹੋਣ ਵਾਲਾ ਹੈ: ਟਰੰਪ

ਨਿਊਯਾਰਕ/ਵਾਸ਼ਿੰਗਟਨ : ਭਾਰਤ ਵੱਲੋਂ ਪਾਕਿਸਤਾਨ ਤੇ ਮਕਬੂਜ਼ਾ ਕਸ਼ਮੀਰ ਵਿਚਲੇ ਦਹਿਸ਼ਤੀ ਟਿਕਾਣਿਆਂ ’ਤੇ ਬੁੱਧਵਾਰ ਤੜਕੇ ਕੀਤੇ ਫੌਜੀ ਹਮਲੇ ਮਗਰੋਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ



ਕਿ ਇਹ ਦੁਸ਼ਮਣੀ/ਟਕਰਾਅ “ਬਹੁਤ ਜਲਦੀ” ਖਤਮ ਹੋ ਜਾਵੇਗਾ। ਟਰੰਪ ਨੇ ਕਿਹਾ ਕਿ ਲੋਕਾਂ ਨੂੰ ਪਤਾ ਸੀ ਕਿ ਕੁਝ ਹੋਣ ਵਾਲਾ ਹੈ। ਪਾਕਿਸਤਾਨ ‘ਤੇ ਭਾਰਤੀ ਹਮਲੇ ‘ਤੇ ਟਰੰਪ ਨੇ ਕਿਹਾ, “ਸਾਨੂੰ ਇਸ ਬਾਰੇ ਹੁਣੇ ਪਤਾ ਲੱਗਾ ਹੈ। ਅਸੀਂ ਇਸ ਬਾਰੇ ਓਵਲ (ਦਫ਼ਤਰ) ਦੇ ਦਰਵਾਜ਼ਿਆਂ ‘ਤੇ ਤੁਰਦੇ ਹੋਏ ਸੁਣਿਆ। ਮੈਨੂੰ ਲੱਗਦਾ ਹੈ ਕਿ ਲੋਕ ਜਾਣਦੇ ਸਨ ਕਿ ਅਜਿਹਾ ਕੁਝ ਹੋਣ ਵਾਲਾ ਹੈ। ਉਹ (ਭਾਰਤ ਤੇ ਪਾਕਿ) ਲੰਬੇ ਸਮੇਂ ਤੋਂ ਲੜ ਰਹੇ ਹਨ। ਉਹ ਕਈ, ਕਈ ਦਹਾਕਿਆਂ ਅਤੇ ਸਦੀਆਂ ਤੋਂ ਲੜ ਰਹੇ ਹਨ।”

# ਲਹਿੰਦੇ ਪੰਜਾਬ ’ਤੇ 54 ਸਾਲਾਂ ’ਚ ਪਹਿਲਾ ਫੌਜੀ ਹਮਲਾ

ਨਵੀਂ ਦਿੱਲੀ : ਭਾਰਤੀ ਫੌਜ ਨੇ ਅੱਜ ਵੱਡੇ ਤੜਕੇ ਪਾਕਿਸਤਾਨ ਤੇ ਮਕਬੂਜ਼ਾ ਕਸ਼ਮੀਰ ਵਿਚ 9 ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਹੈ, ਜਿਸ ਵਿਚ ਲਹਿੰਦੇ ਪੰਜਾਬ ਦਾ ਇਕ ਹਿੱਸਾ ਵੀ ਸ਼ਾਮਲ ਹੈ, ਜੋ 1971 ਦੀ ਜੰਗ ਤੋਂ ਬਾਅਦ ਭਾਵ 54 ਸਾਲ ਵਿਚ ਪਾਕਿਸਤਾਨੀ ਪੰਜਾਬ ਉੱਤੇ ਪਹਿਲਾ ਫੌਜੀ ਹਮਲਾ ਹੈ।



ਇਹ ਇੱਕ ਮਹੱਤਵਪੂਰਨ ਕਦਮ ਹੈ, ਕਿਉਂਕਿ ਇਸ ਤੋਂ ਪਹਿਲਾਂ ਹੋਏ ਹਮਲਿਆਂ ਜਾਂ ਝੜਪਾਂ, ਜਿਨ੍ਹਾਂ ਵਿੱਚ ਕਾਰਗਿਲ ਜੰਗ ਵੀ ਸ਼ਾਮਲ ਹੈ, ਦੌਰਾਨ ਪੰਜਾਬ ਦੇ ਪਾਕਿਸਤਾਨੀ ਪਾਸੇ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਗਿਆ। ਪਾਕਿਸਤਾਨੀ ਫੌਜ ਤੇ ਮੁਲਕ ਦਾ ਹਾਕਮ ਵਰਗ ਮੁੱਖ ਤੌਰ ’ਤੇ ਲਹਿੰਦੇ ਪੰਜਾਬ ਤੋਂ ਹੈ। 1999 ਵਿੱਚ ਕਾਰਗਿਲ ਜੰਗ ਮੁੱਖ ਤੌਰ ’ਤੇ 168 ਕਿਲੋਮੀਟਰ ਦੇ ਧੁਰੇ ਦੇ ਆਲੇ-ਦੁਆਲੇ ਲੱਦਾਖ ਖੇਤਰ ਤੱਕ ਸੀਮਤ ਸੀ।

ਇਸ ਤੋਂ ਇਲਾਵਾ, ਜਦੋਂ 2001 ਵਿੱਚ ਸੰਸਦ ’ਤੇ ਹਮਲੇ ਤੋਂ ਬਾਅਦ ‘ਆਪ੍ਰੇਸ਼ਨ ਪਰਾਕ੍ਰਮ’ ਸ਼ੁਰੂ ਕੀਤਾ ਗਿਆ ਸੀ, ਤਾਂ ਭਾਰਤੀ ਫੌਜ ਪੂਰੀ ਤਰ੍ਹਾਂ ਲਾਮਬੰਦ ਹੋ ਗਈ ਸੀ ਅਤੇ ਭਾਰਤੀ ਹਵਾਈ ਫੌਜ ਨੂੰ ਅਲਰਟ ’ਤੇ ਰੱਖਿਆ ਗਿਆ ਸੀ। ਹਾਲਾਂਕਿ, ਕੋਈ ਹਮਲਾ ਨਹੀਂ ਹੋਇਆ। ਫਿਰ 2016 ਵਿੱਚ ਉੜੀ ਅਤਿਵਾਦੀ ਹਮਲੇ ਤੋਂ ਬਾਅਦ ਕੀਤੇ ਗਏ ਸਰਜੀਕਲ ਸਟਰਾਈਕ ਵੀ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿੱਚ ਸਨ। ਉਨ੍ਹਾਂ ਵਿੱਚੋਂ ਕੋਈ ਵੀ ਪੰਜਾਬ ਵਿੱਚ ਨਹੀਂ ਸੀ। 2019 ਵਿੱਚ ਪੁਲਵਾਮਾ ਵਿੱਚ ਹੋਏ ਅਤਿਵਾਦੀ ਹਮਲੇ ਤੋਂ ਬਾਅਦ, ਹਵਾਈ ਹਮਲਾ ਬਾਲਾਕੋਟ ਵਿੱਚ ਕੀਤਾ ਗਿਆ ਸੀ, ਜੋ ਕਿ ਖੈਬਰ ਪਖਤੂਨਖਵਾ ਵਿੱਚ ਹੈ, ਨਾ ਕਿ ਪੰਜਾਬ ਦੇ ਪਾਕਿਸਤਾਨੀ ਪਾਸੇ। ਇਸ ਲਈ ਅੱਜ ਤੜਕੇ ਕੀਤੇ ਗਏ ਹਮਲੇ ਨੇ 54 ਸਾਲਾਂ ਬਾਅਦ ਪਾਕਿਸਤਾਨ ਦੇ ਦਿਲ ਨੂੰ ਸੱਟ ਮਾਰੀ ਹੈ।

# ਆਪ੍ਰੇਸ਼ਨ ਸਿੰਦੂਰ: ਭਾਰਤ ਨੇ ਮਸੂਦ ਅਜ਼ਹਰ ਦੀ ਅੱਤਵਾਦੀ ਫੈਕਟਰੀ ਕੀਤੀ ਤਬਾਹ

ਨਵੀਂ ਦਿੱਲੀ/ਪਾਕਿਸਤਾਨ- ਭਾਰਤ ਨੇ ਪਹਿਲਗਾਮ ਅੱਤਵਾਦੀ ਹਮਲੇ ਦੇ ਲਈ ਬਦਲੇ ਲਈ ਆਪ੍ਰੇਸ਼ਨ ਸਿੰਦੂਰ ਚਲਾਇਆ। ਆਪ੍ਰੇਸ਼ਨ ਸਿੰਦੂਰ ਤਹਿਤ ਭਾਰਤ ਨੇ ਪਾਕਿਸਤਾਨ ਦੇ ਪੰਜਾਬ ਸੂਬੇ ਵਿੱਚ ਅੱਤਵਾਦੀ ਫੈਕਟਰੀ ਬਹਾਵਲਪੁਰ ਵਿੱਚ ਸਜਰੀਕਲ ਸਟਰਾਈਕ ਕੀਤੀ। ਇਹ ਸ਼ਹਿਰ ਜੋ ਕਿ ਜੈਸ਼-ਏ-ਮੁਹੰਮਦ ਮੁਖੀ ਮਸੂਦ ਅਜ਼ਹਰ ਦਾ ਜੱਦੀ ਸ਼ਹਿਰ ਹੈ ਅਤੇ ਲਸ਼ਕਰ-ਏ-ਤਾਇਬਾ ਮੁਖੀ ਹਾਫਿਜ਼ ਸਈਦ ਲਈ ਸੁਰੱਖਿਅਤ ਪਨਾਹਗਾਹ ਸੀ।

ਭਾਰਤੀ ਫੌਜ, ਜਲ ਸੈਨਾ ਅਤੇ ਹਵਾਈ ਸੈਨਾ ਆਪ੍ਰੇਸ਼ਨ ਸਿੰਦੂਰ ਵਿੱਚ ਸ਼ਾਮਲ ਸਨ, ਜਿਸ ਵਿੱਚ ਬੁੱਧਵਾਰ (7 ਮਈ) ਨੂੰ ਭਾਰਤ ਦੇ ਸਮੇਂ ਅਨੁਸਾਰ ਸਵੇਰੇ 2 ਵਜੇ ਦੇ ਕਰੀਬ ਸਟੀਕ ਮਿਜ਼ਾਈਲਾਂ ਅਤੇ ਸੰਭਾਵਤ ਤੌਰ ’ਤੇ ਡਰੋਨ ਦੀ ਵਰਤੋਂ ਕੀਤੀ ਗਈ ਸੀ।

ਨੌਂ ਅੱਤਵਾਦੀ ਨਿਸ਼ਾਨੇ ਪਾਕਿਸਤਾਨ ਅਤੇ ਪਾਕਿਸਤਾਨ-ਕਬਜ਼ੇ ਵਾਲੇ ਕਸ਼ਮੀਰ ਵਿੱਚ ਸਥਿਤ ਸਨ। ਉਹ ਪਾਕਿਸਤਾਨ-ਕਬਜ਼ੇ ਵਾਲੇ ਕਸ਼ਮੀਰ ਵਿੱਚ ਮੁਜ਼ੱਫਰਾਬਾਦ, ਕੋਟਲੀ ਅਤੇ ਬਾਗ ਅਤੇ ਪੰਜਾਬ ਦੇ ਬਹਾਵਲਪੁਰ ਵਿੱਚ ਮੁਰੀਦਕੇ ਅਤੇ ਅਹਿਮਦਪੁਰਾ ਸ਼ਰਕੀਆ ਵਿੱਚ ਸਨ।

**ਬਹਾਵਲਪੁਰ : ਜੈਸ਼-ਏ-ਮੁਹੰਮਦ ਅੱਤਵਾਦੀਆਂ ਦਾ ਅੱਡਾ** : ਬਹਾਵਲਪੁਰ ਦੋ ਕਾਰਨਾਂ ਕਰਕੇ ਮਹੱਤਵਪੂਰਨ ਹੈ। ਇਹ ਇੱਕ ਸੁਨੇਹਾ ਹੈ ਕਿ ਭਾਰਤ ਦਾ ਜਵਾਬ ਸਿਰਫ਼ ਸਰਹੱਦ ਪਾਰ ਹੀ ਸੀਮਤ ਨਹੀਂ ਹੋਵੇਗਾ, ਸਗੋਂ ਪਾਕਿਸਤਾਨੀ ਖੇਤਰ ਵਿੱਚ ਵੀ ਡੂੰਘੀ ਮਾਰ ਕਰੇਗਾ ਜੇਕਰ ਇਹ ਅੱਤਵਾਦੀ ਪਨਾਹਗਾਹਾਂ ਰੱਖਦਾ ਹੈ। ਬਹਾਵਲਪੁਰ, ਜੋ ਕਿ ਪੰਜਾਬ ਸੂਬੇ ਵਿੱਚ ਸਥਿਤ ਹੈ, ਜੈਸ਼-ਏ-ਮੁਹੰਮਦ ਦੇ ਅੱਤਵਾਦੀ ਮੁਖੀ ਮੌਲਾਨਾ ਮਸੂਦ ਅਜ਼ਹਰ ਦਾ ਜੱਦੀ ਸ਼ਹਿਰ ਹੈ। ਉਹ ਖੁੱਲ੍ਹੇਆਮ ਇਸ ਖੇਤਰ ਵਿੱਚ ਘੁੰਮਦਾ ਹੈ ਅਤੇ ਸ਼ੁੱਕਰਵਾਰ ਦੀ ਨਮਾਜ਼ ਦਾ ਉਪਦੇਸ਼ ਦਿੰਦਾ ਹੈ, ਜਦੋਂ ਉਹ ਪਾਕਿਸਤਾਨ ਦੁਆਰਾ ਲੁਕਿਆ ਨਹੀਂ ਹੁੰਦਾ ਜਾਂ ਘਰ ਵਿੱਚ ਨਜ਼ਰਬੰਦ ਨਹੀਂ ਹੁੰਦਾ।



ਅਜ਼ਹਰ ਉਨ੍ਹਾਂ ਅੱਤਵਾਦੀਆਂ ਵਿੱਚੋਂ ਇੱਕ ਹੈ ਜਿਨ੍ਹਾਂ ਨੂੰ ਭਾਰਤ ਨੇ 1999 ਵਿੱਚ ਏਅਰ ਇੰਡੀਆ ਦੇ ਜਹਾਜ਼ ਹਾਈਜੈਕ ਦੌਰਾਨ ਅਫਗਾਨਿਸਤਾਨ ਦੇ ਕੰਧਾਰ ਵਿੱਚ ਭਾਰਤੀ ਯਾਤਰੀਆਂ ਦੀ ਵਾਪਸੀ ਲਈ ਆਦਾਨ-ਪ੍ਰਦਾਨ ਕੀਤਾ ਸੀ।

ਬਹਾਵਲਪੁਰ ਲਸ਼ਕਰ-ਏ-ਤਾਇਬਾ ਦੇ ਅੱਤਵਾਦੀ ਮੁਖੀ ਹਾਫਿਜ਼ ਸਈਦ ਦਾ ਜਾਣਿਆ-ਪਛਾਣਿਆ ਗੜ੍ਹ ਵੀ ਹੈ।

ਲਸ਼ਕਰ-ਏ-ਤਾਇਬਾ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦਾ ਮੁੱਖ ਦੋਸ਼ੀ ਹੈ, ਜਿਸ ਵਿੱਚ 26 ਲੋਕ ਮਾਰੇ ਗਏ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਭਾਰਤੀ ਸੈਲਾਨੀ ਸਨ।

ਭਾਰਤ ਨੇ ਆਪ੍ਰੇਸ਼ਨ ਸਿੰਦੂਰ ਕਿਵੇਂ ਚਲਾਇਆ

ਭਾਰਤ ਸਰਕਾਰ ਨੇ ਇੱਕ ਬਿਆਨ ਵਿੱਚ ਕਿਹਾ, ‘ਭਾਰਤੀ ਹਥਿਆਰਬੰਦ ਬਲਾਂ ਨੇ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਜੰਮੂ-ਕਸ਼ਮੀਰ ਵਿੱਚ ਅੱਤਵਾਦੀ ਢਾਂਚੇ ਨੂੰ ਨਿਸ਼ਾਨਾ ਬਣਾਉਂਦੇ ਹੋਏ ‘ਆਪ੍ਰੇਸ਼ਨ ਸਿੰਦੂਰ’ ਸ਼ੁਰੂ ਕੀਤਾ ਸੀ ਜਿੱਥੋਂ ਭਾਰਤ ਵਿਰੁੱਧ ਅੱਤਵਾਦੀ ਹਮਲੇ ਦੀ ਯੋਜਨਾ ਅਤੇ ਨਿਰਦੇਸ਼ਨ ਕੀਤਾ ਜਾਂਦਾ ਹੈ।’

ਰਿਲੀਜ਼ ਵਿੱਚ ਕਿਹਾ ਗਿਆ ਹੈ ਕਿ ਭਾਰਤ ਦੀ ਕਾਰਵਾਈ ‘ਕੇਂਦ੍ਰਿਤ, ਮਾਪੀ ਗਈ ਅਤੇ ਪ੍ਰਕਿਰਤੀ ਵਿੱਚ ਗੈਰ-ਵਧਾਊ’ ਸੀ ਅਤੇ ਇਹ ਵੀ ਕਿਹਾ ਗਿਆ ਹੈ ਕਿ ‘ਕਿਸੇ ਵੀ ਪਾਕਿਸਤਾਨੀ ਫੌਜੀ ਟਿਕਾਣਿਆਂ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ ਹੈ’।

‘ਭਾਰਤ ਨੇ ਟੀਚਿਆਂ ਦੀ ਚੋਣ ਅਤੇ ਲਾਗੂ ਦੇ ਢੰਗ ਵਿੱਚ ਕਾਫ਼ੀ ਸੰਜਮ ਦਾ ਪ੍ਰਦਰਸ਼ਨ ਕੀਤਾ ਹੈ।’

**ਏਅਰ ਸਟਰਾਈਕ ’ਚ ਮਾਰੇ ਗਏ ਜੈਸ਼ ਮੁੱਖੀ ਅਜ਼ਹਰ ਦੇ ਪਰਿਵਾਰਕ ਮੈਂਬਰ ਤੇ ਕਰੀਬੀ** : ਭਾਰਤ ਦੀ ਏਅਰ ਸਟਰਾਈਕ ਨੇ ਜੈਸ਼-ਏ-ਮੁਹੰਮਦ ਨੂੰ ਵੱਡਾ ਝਟਕਾ ਦਿੱਤਾ ਹੈ। ਜੈਸ਼-ਏ-ਮੁਹੰਮਦ ਦੇ ਮੁਖੀ ਮੌਲਾਨਾ ਮਸੂਦ ਅਜ਼ਹਰ ਨੇ ਬੁੱਧਵਾਰ ਨੂੰ ਕਬੂਲ ਕੀਤਾ ਕਿ ਬਹਾਵਲਪੁਰ ਵਿੱਚ ਉਸਦੇ ਸੰਗਠਨ ਦੇ ਮੁੱਖ ਦਫਤਰ ’ਤੇ ਭਾਰਤੀ ਮਿਜ਼ਾਈਲ ਹਮਲੇ ਵਿੱਚ ਉਸਦੇ ਪਰਿਵਾਰ ਦੇ 10 ਮੈਂਬਰ ਅਤੇ ਚਾਰ ਨਜ਼ਦੀਕੀ ਸਾਥੀ ਮਾਰੇ ਗਏ ਹਨ। ਇੱਕ ਬਿਆਨ ਵਿੱਚ ਅਜ਼ਹਰ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਬਹਾਵਲਪੁਰ ਵਿੱਚ ਜਾਮੀਆ ਮਸਜਿਦ ਸੁਭਾਨ ਅੱਲ੍ਹਾ ’ਤੇ ਹੋਏ ਹਮਲੇ ਵਿੱਚ ਮਾਰੇ ਗਏ ਲੋਕਾਂ ਵਿੱਚ ਜੈਸ਼ ਮੁਖੀ ਦੀ ਵੱਡੀ ਭੈਣ ਅਤੇ ਉਸਦਾ ਪਤੀ, ਇੱਕ ਭਤੀਜਾ ਅਤੇ ਉਸਦੀ ਪਤਨੀ, ਇੱਕ ਭਤੀਜੀ ਅਤੇ ਪਰਿਵਾਰ ਦੇ ਪੰਜ ਹੋਰ ਬੱਚੇ ਸ਼ਾਮਲ ਹਨ। ਬਿਆਨ ਵਿੱਚ ਕਿਹਾ ਗਿਆ ਹੈ ਕਿ ਅਜ਼ਹਰ ਦੇ ਇੱਕ ਕਰੀਬੀ ਸਾਥੀ, ਉਸਦੀ ਮਾਂ ਅਤੇ ਦੋ ਹੋਰ ਕਰੀਬੀ ਸਾਥੀਆਂ ਦੀ ਵੀ ਹਮਲੇ ਵਿੱਚ ਜਾਨ ਚਲੀ ਗਈ।

ਮਸੂਦ ਆਪਣੇ ਪਰਿਵਾਰਕ ਮੈਂਬਰਾਂ ਦੀ ਮੌਤ ’ਤੇ ਰੋਇਆ ਅਤੇ ਕਿਹਾ ਕਿ ਜੇਕਰ ਉਹ ਵੀ ਮਰ ਜਾਂਦਾ ਤਾਂ ਬਿਹਤਰ ਹੁੰਦਾ। ਜ਼ਿਕਰਯੋਗ ਹੈ ਕਿ ਮਸੂਦ ਅਜ਼ਹਰ ਦੀ ਅਗਵਾਈ ਹੇਠ ਜੈਸ਼-ਏ-ਮੁਹੰਮਦ ਦਾ ਮੁੱਖ ਦਫਤਰ ਪਾਕਿਸਤਾਨ ਦੇ ਦੱਖਣੀ ਪੰਜਾਬ ਦੇ ਬਹਾਵਲਪੁਰ ਵਿੱਚ ਸਥਿਤ ਮਰਕਜ਼ ਸੁਭਾਨੱਲ੍ਹਾ ਤੋਂ ਚਲਦਾ ਹੈ। ਇਸ ਸਮੂਹ ਨੇ ਭਾਰਤ ਵਿੱਚ ਕਈ ਵੱਡੇ ਹਮਲਿਆਂ ਦੀ ਜ਼ਿੰਮੇਵਾਰੀ ਲਈ ਹੈ ਜਾਂ ਇਸਦਾ ਨਾਮ ਉਨ੍ਹਾਂ ਦੀ ਸਾਜ਼ਿਸ਼ ਨਾਲ ਜੋੜਿਆ ਗਿਆ ਹੈ। ਇਸ ਵਿੱਚ 2001 ਦਾ ਸੰਸਦ ਹਮਲਾ ਅਤੇ 2019 ਦਾ ਪੁਲਵਾਮਾ ਹਮਲਾ ਵੀ ਸ਼ਾਮਲ ਹੈ।

# ਤਣਾਅ ਵਿਚਕਾਰ ਭਾਰਤ ਸਰਕਾਰ ਨੇ ਅਟਾਰੀ-ਵਾਹਗਾ ਸਰਹੱਦ ’ਤੇ ਰੀਟਰੀਟ ਸੈਰੇਮਨੀ ਕੀਤੀ ਬੰਦ

ਨਵੀਂ ਦਿੱਲੀ : ਬੀਤੀ ਰਾਤ ਭਾਰਤ ਵਲੋਂ ਪਾਕਿਸਤਾਨ ਖ਼ਿਲਾਫ਼ ਵੱਡੀ ਕਾਰਵਾਈ ਕਰਦਿਆਂ ਪਾਕਿਸਤਾਨ ਵਿਚਲੇ ਇਲਾਕਿਆਂ ’ਚ ਅਤਿਵਾਦੀਆਂ ਦੇ ਟ ?ਰੇਨਿੰਗ ਸੈਂਟਰਾਂ ਨੂੰ ਨਸ਼ਟ ਕਰ ਦਿਤਾ ਤੇ ਇਸ ਹਮਲੇ ਵਿਚ ਅਤਿਵਾਦੀਆਂ ਦੀ ਜਾਨ-ਮਾਲ ਨੂੰ ਕਾਫ਼ੀ ਨੁਕਸਾਨ ਹੋਇਆ। ਸਿੱਟੇ ਵਜੋਂ ਦੋਵਾਂ ਮੁਲਕਾਂ ਵਿਚ ਇਕ ਵਾਰ ਫਿਰ ਤਣਾਅ ਸਾਹਮਣੇ ਆ ਗਿਆ। ਦੋਵੇਂ ਪਾਸੇ ਚੌਕਸੀ ਲਈ ਕਈ ਸਰਹੱਦੀ ਖੇਤਰਾਂ ਵਿਚ ਸਕੂਲ ਕਾਲਜ ਬੰਦ ਕਰ ਦਿੱਤੇ ਗਏ।

ਦੋਵੇਂ ਪਾਸੇ ਫ਼ੌਜ ਨੂੰ ਚੌਕਸ ਕਰ ਦਿੱਤਾ ਗਿਆ ਤੇ ਸਿਵਲ ਪ੍ਰਸ਼ਾਸਨ ਵੀ ਆਪਣੇ ਤੌਰ ਉੱਤੇ ਚੌਕਸ ਹੈ। ਇਸੇ ਦੌਰਾਨ ਇੱਕ ਹੋਰ ਖ਼ਬਰ ਆ ਰਹੀ ਹੈ ਕਿ ਭਾਰਤ ਸਰਕਾਰ ਨੇ ਅਟਾਰੀ-ਵਾਹਗਾ ਸਰਹੱਦ ਉੱਤੇ ਹੁੰਦੀ ਨਿਯਮਤ ਰੀਟਰੀਟ ਸੈਰੇਮਨੀ ਨੂੰ ਬੰਦ ਕਰ ਦਿੱਤਾ ਹੈ। ਅਤੇ ਹੁਕਮ ਅਗਲੇ ਆਦੇਸ਼ਾਂ ਤਕ ਜਾਰੀ ਰਹਿਣਗੇ। ਅੱਜ ਦੇਖਿਆ ਗਿਆ ਕਿ ਬੀਐੱਸਐੱਫ਼ ਨੇ ਰੀਟਰੀਟ ਸੈਰੇਮਨੀ ਦੇਖਣ ਆਏ ਸੈਲਾਨੀਆਂ ਨੂੰ ਅੱਗੇ ਨਹੀਂ ਜਾਣ ਦਿੱਤਾ ਤੇ ਸੈਲਾਨੀ ਮਾਯੂਸ ਹੋ ਕੇ ਮੁੜਦੇ ਦਿਖਾਈ ਦਿੱਤੇ।



# 'ਆਪ੍ਰੇਸ਼ਨ ਸਿੰਧੂਰ' ਤਹਿਤ ਲਸ਼ਕਰ, ਜੈਸ਼ ਅਤੇ ਹਿਜ਼ਬੁਲ ਦੇ ਟਿਕਾਣੇ ਤਬਾਹ

- ਮਸੂਦ ਅਜ਼ਹਰ ਦੇ 10 ਪਰਿਵਾਰਕ ਮੈਂਬਰ ਤੇ 4 ਸਾਥੀ ਮਾਰੇ ਗਏ
- ਪਾਕਿ ਫ਼ੌਜ ਨੇ ਹਮਲੇ ਦੀ ਗੱਲ ਕਬੂਲੀ
- ਜਵਾਬ 'ਚ ਪਾਕਿਸਤਾਨ ਵਲੋਂ ਕੰਟਰੋਲ ਰੇਖਾ 'ਤੇ ਜ਼ਬਰਦਸਤ ਗੋਲਾਬਾਰੀ-14 ਤੋਂ ਵੱਧ ਮੌਤਾਂ
- 9 ਨਿਸ਼ਾਨੇ, 24 ਮਿਜ਼ਾਈਲਾਂ, 25 ਮਿੰਟਾਂ 'ਚ ਕੰਮ ਤਮਾਮ
- ਸੈਂਕੜੇ ਤੋਂ ਵੱਧ ਅੱਤਵਾਦੀ ਤੇ ਉਨ੍ਹਾਂ ਦੇ ਸਾਥੀ ਹਲਾਕ





ਨਵੀਂ ਦਿੱਲੀ/ਅੰਮ੍ਰਿਤਸਰ : ਜੰਮੂ-ਕਸ਼ਮੀਰ ਦੇ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਦਾ ਬਦਲਾ ਲੈਂਦਿਆਂ ਭਾਰਤ ਦੇ ਹਥਿਆਰਬੰਦ ਬਲਾਂ ਨੇ ਬੁੱਧਵਾਰ ਨੂੰ ਵੱਡੇ ਤੜਕੇ 25 ਮਿੰਟਾਂ ਦੇ ਥੋੜ੍ਹੇ ਜਿਹੇ ਸਮੇਂ 'ਚ ਹੀ 24 ਮਿਜ਼ਾਈਲਾਂ ਨਾਲ ਸਟੀਕ ਹਮਲਾ ਕਰ ਕੇ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ 'ਚ ਸਥਿਤ 9 ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ ਗਿਆ। ਇਨ੍ਹਾਂ ਟਿਕਾਣਿਆਂ 'ਚ ਜੈਸ਼-ਏ-ਮੁਹੰਮਦ, ਲਸ਼ਕਰ-ਏ-ਤਾਇਬਾ, ਹਿਜ਼ਬੁਲ ਮੁਜ਼ਾਹਿਦੀਨ ਦੇ ਟਿਕਾਣੇ ਵੀ ਸ਼ਾਮਿਲ ਹਨ, ਜਿਸ ਦੌਰਾਨ 70 ਤੋਂ 100 ਅੱਤਵਾਦੀਆਂ ਦੇ ਮਾਰੇ ਜਾਣ ਦੀ ਖ਼ਬਰ ਹੈ। ਦੂਜੇ ਪਾਸੇ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਰਾਤ ਭਰ ਆਪ੍ਰੇਸ਼ਨ ਦੀ ਨਿਗਰਾਨੀ ਕਰਦੇ ਰਹੇ। ਭਾਰਤ ਵਲੋਂ ਪਹਿਲਗਾਮ ਹਮਲੇ ਲਈ ਪਾਕਿਸਤਾਨ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਅੱਜ ਸਵੇਰੇ ਲਗਭਗ 1.30 ਵਜੇ ਪਾਕਿ ਸਥਿਤ ਅੱਤਵਾਦੀ ਸੰਗਠਨਾਂ ਦੇ ਮੁੱਖ ਟਿਕਾਣਿਆਂ ਨੂੰ ਮਿਜ਼ਾਈਲਾਂ ਤੇ ਸੈਂਟਰਲ ਗਰਿੱਡ ਸਿਸਟਮ ਦੁਆਰਾ ਨਿਸ਼ਾਨਾ ਬਣਾਇਆ ਗਿਆ ਸੀ। ਇਸ ਦੌਰਾਨ ਅੱਤਵਾਦੀ ਸਮੂਹ ਲਸ਼ਕਰ-ਏ-ਤਾਇਬਾ ਤੇ ਜੈਸ਼-ਏ-ਮੁਹੰਮਦ ਦੇ ਕੇਂਦਰ ਮੁੱਖ ਤੌਰ 'ਤੇ ਭਾਰਤੀ ਫ਼ੌਜ ਦੇ ਨਿਸ਼ਾਨੇ 'ਤੇ ਸਨ। ਜੈਸ਼-ਏ-ਮੁਹੰਮਦ ਦੇ ਪ੍ਰਮੁੱਖ ਅੱਤਵਾਦੀ ਮਸੂਦ ਅਜ਼ਹਰ ਕਿ ਬਹਾਵਲਪੁਰ 'ਚ ਭਾਰਤ ਦੇ ਹਵਾਈ ਹਮਲੇ 'ਚ ਉਸ ਦੇ ਪਰਿਵਾਰ ਦੇ 10 ਮੈਂਬਰ ਮਾਰੇ ਗਏ ਹਨ। ਹਾਲਾਂਕਿ ਪਾਕਿਸਤਾਨੀ ਮੀਡੀਆ ਨੇ ਉਸ ਦੇ 14 ਰਿਸ਼ਤੇਦਾਰਾਂ ਦੇ ਮਾਰੇ ਜਾਣ ਦਾ ਦਾਅਵਾ ਕੀਤਾ ਹੈ, ਜਿਨ੍ਹਾਂ ਦੇ ਅੰਤਿਮ ਜਨਾਜ਼ੇ ਦੀ ਨਮਾਜ਼ ਸ਼ਾਮ 4 ਵਜੇ ਬਹਾਵਲਪੁਰ 'ਚ ਪੜ੍ਹੀ ਗਈ, ਜਿਸ 'ਚ ਖ਼ੁਫ਼ੀਆ ਏਜੰਸੀ ਆਈ.ਐੱਸ.ਆਈ. ਤੇ ਪੁਲਿਸ ਦੇ ਆਲਾ ਅਧਿਕਾਰੀ ਹਾਜ਼ਰ ਸਨ। ਭਾਰਤੀ ਹਮਲੇ 'ਚ ਪਾਕਿ ਦੇ ਕੋਟਲੀ ਅੱਤਵਾਦੀ ਕੈਂਪ ਦੇ ਅੱਤਵਾਦੀ ਕਮਾਂਡਰ ਕਾਰੀ ਮੁਹੰਮਦ ਇਕਬਾਲ ਤੇ ਬਿਲਾਲ ਅੱਤਵਾਦੀ ਗਰੁੱਪ ਦੇ ਯਾਕੂਬ ਮੁਗਲ ਸਮੇਤ ਪੀ.ਓ.ਕੇ. 'ਚ ਫਿਲਹਾਲ 13 ਅੱਤਵਾਦੀ ਕਮਾਂਡਰਾਂ ਦੇ ਮਾਰੇ ਜਾਣ ਦੀ ਜਾਣਕਾਰੀ ਸਾਹਮਣੇ ਆਈ ਹੈ। ਭਾਰਤੀ ਫ਼ੌਜ ਨੇ ਇਸ 'ਆਪ੍ਰੇਸ਼ਨ ਸੰਦੂਰ' ਦੌਰਾਨ ਵਿਸ਼ੇਸ਼ ਤੌਰ 'ਤੇ ਪਾਕਿ ਦੇ ਲਹਿੰਦੇ ਪੰਜਾਬ ਤੇ ਮਕਬੂਜ਼ਾ ਕਸ਼ਮੀਰ (ਪੀ.ਓ.ਕੇ.) ਵਿਚਲੇ ਬਹਾਵਲਪੁਰ, ਮੁਰੀਦਕੇ, ਕੋਟਲੀ, ਭਿੰਬਰ, ਬਾਗ ਤੇ ਮੁਜ਼ੱਫਰਾਬਾਦ ਆਦਿ ਸਥਿਤ ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ। ਭਾਰਤ ਵਲੋਂ ਸ਼ੁਰੂਆਤੀ ਤੌਰ 'ਤੇ ਜਿਨ੍ਹਾਂ 9 ਅੱਤਵਾਦੀ ਠਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ, ਉਨ੍ਹਾਂ 'ਚ ਬਹਾਵਲਪੁਰ ਦਾ ਮਰਕਜ਼ ਸੁਭਹਾਨ ਅੱਲ੍ਹਾ, ਸਰਜਲ (ਤੇੜਾ ਕਲਾਂ), ਮੁਰੀਦਕੇ ਦਾ ਮਰਕਜ਼ ਤੋਇਬਾ, ਸਿਆਲਕੋਟ 'ਚ ਮਹਿਮੂਨਾ ਜੋਇਆ ਸਹੂਲਤ, ਭਿੰਬਰ 'ਚ ਮਰਕਜ਼ ਅਹਲੇ ਹਦੀਸ ਬਰਨਾਲਾ, ਕੋਟਲੀ 'ਚ ਮਰਕਜ਼ ਅੱਬਾਸ ਤੇ ਮੁਸਕਰ ਰਹੀਲ ਸ਼ਹੀਦ, ਮੁਜ਼ੱਫ਼ਰਾਬਾਦ 'ਚ ਸ਼ਵਾਈ ਨਾਲਾ ਕੈਮ ਤੇ ਮਰਕਜ਼ ਸਯਦਨਾ ਬਿਲਾਲ ਆਦਿ ਸ਼ਾਮਿਲ ਹਨ। ਪਾਕਿਸਤਾਨੀ ਫ਼ੌਜ ਦੇ ਮੀਡੀਆ ਵਿੰਗ ਇੰਟਰ ਸਰਵਿਸਜ਼ ਪਬਲਿਕ ਰਿਲੇਸ਼ਨ (ਆਈ.ਐੱਸ.ਪੀ.ਆਰ.) ਦੇ ਡਾਇਰੈਕਟਰ ਜਨਰਲ ਲੈਫਟੀਨੈਂਟ ਜਨਰਲ ਅਹਿਮਦ ਸ਼ਰੀਫ਼ ਚੌਧਰੀ ਨੇ ਹਮਲਿਆਂ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਭਾਰਤ ਨੇ ਆਪਣੇ ਹਵਾਈ ਖੇਤਰ ਦੇ ਅੰਦਰੋਂ ਹਮਲੇ ਕੀਤੇ ਹਨ। ਫ਼ੌਜੀ ਬੁਲਾਰੇ ਨੇ ਸਵੇਰੇ 4 ਵਜੇ ਦੇ ਕਰੀਬ ਸਥਿਤੀ ਤੋਂ ਜਾਣੂੰ ਕਰਵਾਉਂਦਿਆਂ ਦੱਸਿਆ ਕਿ ਭਾਰਤੀ ਹਮਲੇ 'ਚ ਬਹੁਤ ਸਾਰੇ ਨਾਗਰਿਕ ਮਾਰੇ ਗਏ ਤੇ ਦਰਜਨਾਂ ਹੋਰ ਜ਼ਖ਼ਮੀ ਹੋਏ ਹਨ। ਚੌਧਰੀ ਨੇ ਕਿਹਾ ਕਿ ਭਾਰਤ ਵਲੋਂ ਬਹਾਵਲਪੁਰ ਦੇ ਅਹਿਮਦਪੁਰ 'ਚ ਮਰਕਜ਼ ਸੁਭਹਾਨ ਅੱਲ੍ਹਾ ਨੂੰ ਨਿਸ਼ਾਨਾ ਬਣਾਉਂਦਿਆਂ ਉੱਥੇ 4 ਹਮਲੇ ਕੀਤੇ ਗਏ ਤੇ 31 ਪਾਕਿਸਤਾਨੀ (ਅੱਤਵਾਦੀ) ਮਾਰੇ ਗਏ। ਉਨ੍ਹਾਂ ਕਿਹਾ ਕਿ ਹਮਲੇ 'ਚ ਮਸਜਿਦ ਤੇ ਮਦਰੱਸੇ ਪੂਰੀ ਤਰ੍ਹਾਂ ਤਬਾਹ ਹੋ ਗਏ। ਇਸੇ ਤਰ੍ਹਾਂ ਮੁਜ਼ੱਫਰਾਬਾਦ ਦੀ ਬਿਲਾਲ ਮਸਜਿਦ ਨੂੰ ਨਿਸ਼ਾਨਾ ਬਣਾਇਆ ਗਿਆ, ਜੋ ਪੂਰੀ ਤਰ੍ਹਾਂ ਜ਼ਮੀਨਦੋਜ਼ ਹੋ ਗਈ। ਕੋਟਲੀ 'ਚ ਅਬਤ ਮਸਜਿਦ ਨੂੰ ਨਿਸ਼ਾਨਾ ਬਣਾਉਣ ਲਈ 5 ਹਮਲੇ ਕੀਤੇ ਗਏ, ਜਿੱਥੇ ਕਈ ਲੋਕ ਮਾਰੇ ਗਏ ਤੇ ਜ਼ਖ਼ਮੀ ਹੋਏ। ਮੁਰੀਦਕੇ 'ਚ ਉਮਲਕੁਰਾ ਮਸਜਿਦ 'ਤੇ 4 ਹਮਲੇ ਹੋਏ। ਇਹ ਮਸਜਿਦ ਵੀ ਤਬਾਹ ਹੋ ਗਈ ਹੈ। ਡੀ.ਜੀ. ਚੌਧਰੀ ਨੇ ਅੱਗੇ ਕਿਹਾ ਕਿ ਸਿਆਲਕੋਟ ਜ਼ਿਲ੍ਹੇ 'ਚ ਕੋਟਲੀ ਲੋਹਾਰਾ ਪਿੰਡ 'ਚ ਦੋ ਹਮਲੇ ਹੋਏ। ਸ਼ਕਰਗੜ੍ਹ ਦੇ ਵੀ ਨੇੜੇ ਵੀ ਦੋ ਹਮਲੇ ਹੋਏ। ਸੂਚਨਾ ਮੰਤਰੀ ਅਤਾਉੱਲਾ ਤਰਾਰ ਨੇ ਦਾਅਵਾ ਕੀਤਾ ਕਿ ਪਾਕਿ ਵਲੋਂ ਭਾਰਤੀ ਹਮਲਿਆਂ ਦੇ ਜਵਾਬ 'ਚ ਤੇਜ਼ ਜਵਾਬੀ ਕਾਰਵਾਈ ਕੀਤੀ ਗਈ ਤੇ ਪਾਕਿਸਤਾਨੀ ਸਮੇਂ ਮੁਤਾਬਿਕ ਸਵੇਰੇ 5 ਵਜੇ ਤੱਕ 4 ਭਾਰਤੀ ਜੈੱਟਾਂ ਸਮੇਤ ਇਕ ਰਾਫ਼ੇਲ ਜਹਾਜ਼ ਨੂੰ ਡੇਗ ਦਿੱਤਾ ਗਿਆ। ਰੱਖਿਆ ਮੰਤਰੀ ਖ਼ਵਾਜਾ ਆਸਿਫ਼ ਨੇ ਦਾਅਵਾ ਕੀਤਾ ਕਿ ਪਾਕਿ ਵਲੋਂ ਭਾਰਤੀ ਬ੍ਰਿਗੇਡ ਹੈੱਡਕੁਆਟਰ ਤੇ ਕੰਟਰੋਲ ਰੇਖਾ ਨਾਲ ਭਾਰਤੀ ਚੈੱਕ ਪੋਸਟ ਨੂੰ ਨਿਸ਼ਾਨਾ ਬਣਾਇਆ ਗਿਆ। ਹਮਲੇ ਦੇ ਮੱਦੇਨਜ਼ਰ ਅੱਜ ਲਹਿੰਦੇ ਪੰਜਾਬ ਦੇ ਸਾਰੇ ਵਿੱਦਿਅਕ ਅਦਾਰੇ ਬੰਦ ਰਹੇ ਤੇ ਕਰਤਾਰਪੁਰ ਲਾਂਘੇ ਨੂੰ ਵੀ ਅਗਲੇ ਆਦੇਸ਼ਾਂ ਤੱਕ ਬੰਦ ਕਰ ਦਿੱਤਾ ਗਿਆ। ਸੂਚਨਾ ਮੰਤਰੀ ਤਰਾਰ ਨੇ ਇਹ ਵੀ ਦਾਅਵਾ ਕੀਤਾ ਕਿ ਪਾਕਿ ਵਲੋਂ ਅੱਤਵਾਦੀਆਂ ਨੂੰ ਆਪਣੀ ਧਰਤੀ ਦੀ ਵਰਤੋਂ ਕਰਨ ਦੀ ਕਦੇ ਆਗਿਆ ਨਹੀਂ ਦਿੱਤੀ ਗਈ। ਇਸ 'ਤੇ ਜਦੋਂ ਪੱਤਰਕਾਰਾਂ ਨੇ ਪਾਕਿਸਤਾਨ 'ਚ ਲੰਬੇ ਸਮੇਂ ਤੱਕ ਲੁੱਕ ਕੇ ਰਹਿੰਦੇ ਰਹੇ ਅੱਤਵਾਦੀ ਸਮੂਹ ਅਲ-ਕਾਇਦਾ ਦੇ ਪ੍ਰਮੁੱਖ ਓਸਾਮਾ ਬਿਨ ਲਾਦੇਨ ਬਾਰੇ ਪੁੱਛਿਆ ਤਾਂ ਤਰਾਰ ਨੇ ਦੋਸ਼ਾਂ ਨੂੰ ਰੱਦ ਕਰਦਿਆਂ ਦੁਹਰਾਇਆ ਕਿ ਪਾਕਿ ਹਰ ਦੂਜੇ ਹਫ਼ਤੇ ਅੱਤਵਾਦੀ ਹਮਲਿਆਂ ਦਾ ਸਾਹਮਣਾ ਕਰ ਰਿਹਾ ਹੈ।



ਬਹਾਵਲਪੁਰ ਵਿੱਚ ਮਦਰੱਸੇ 'ਤੇ ਭਾਰਤੀ ਹਮਲੇ ਕਾਰਨ ਮਾਰੇ ਗਏ ਲੋਕਾਂ ਦੇ ਤਾਬੂਤ।

## 25 ਮਿੰਟ ਤੱਕ ਚੱਲਿਆ ਸੀ 'ਅਪ੍ਰੇਸ਼ਨ ਸਿੰਦੂਰ'

### ਕਰਨਲ ਸੋਫ਼ੀਆ ਕੁਰੈਸ਼ੀ ਨੇ ਦਿੱਤੀ ਜਾਣਕਾਰੀ

- ਰਾਤ 1.05 ਤੋਂ 1.30 ਵਜੇ ਦੇ ਵਿਚਕਾਰ ਹੋਇਆ ਹਮਲਾ
- POK ਦੇ ਟੇਨਿੰਗ ਖੇਤਰ, ਲਾਂਚਪੈਡ 'ਤੇ ਕੀਤਾ ਗਿਆ ਹਮਲਾ
- ਖ਼ੁਫ਼ੀਆ ਸੂਚਨਾ ਦੇ ਆਧਾਰ 'ਤੇ ਚੁਣੇ ਗਏ ਨਿਸ਼ਾਨੇ
- LOC ਤੋਂ ਕਿਲੋਮੀਟਰ ਦੂਰ 9 ਅੱਤਵਾਦੀ ਟਿਕਾਣੇ ਬਣਾਏ ਗਏ ਨਿਸ਼ਾਨੇ
- ਕਿਸੇ ਨਾਗਰਿਕ ਟਿਕਾਣੇ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ
- ਮੁਜੱਫਰਾਬਾਦ ਦੇ ਲਸ਼ਕਰ ਦੇ ਅੱਤਵਾਦੀ ਟਿਕਾਣੇ 'ਤੇ ਹਮਲਾ
- ਸਰਜਲ ਕੈਂਪ ਸਿਆਲਕੋਟ ਨੂੰ ਨਿਸ਼ਾਨਾ ਬਣਾਇਟਾ
- ਬਹਾਵਲਪੁਰ ਮਰਕਜ ਸੁਭਾਨ ਅੱਲਾ ਕੈਂਪ
- ਬਹਾਵਲਪੁਰ 'ਚ ਜੈਸ਼ ਦੇ ਹੈਡਕੁਆਰਟਰ ਨੂੰ ਵੀ ਬਣਾਇਆ ਨਿਸ਼ਾਨਾ
- ਬਰਨਾਲਾ ਕੈਂਪ ਨੂੰ ਨਿਸ਼ਾਨਾ ਬਣਾਇਆ
- ਸਟੀਕ ਨਿਸ਼ਾਨਿਆਂ ਲਈ ਵਿਸ਼ੇਸ਼ ਹਥਿਆਰਾਂ ਦੀ ਕੀਤੀ ਗਈ ਵਰਤੋਂ

## ਭਾਰਤੀ ਫੌਜ ਵੱਲੋਂ ਨਿਸ਼ਾਨਾ ਬਣਾਏ ਨੌਂ 'ਚੋਂ ਚਾਰ ਕੈਂਪ ਸੀ ਲਹਿੰਦੇ ਪੰਜਾਬ 'ਚ

'ਅਪਰੇਸ਼ਨ ਸਿੰਧੂਰ' ਦੌਰਾਨ ਭਾਰਤੀ ਫੌਜ ਵੱਲੋਂ ਪਾਕਿਸਤਾਨ ਤੇ ਮਕਬੂਜ਼ਾ ਕਸ਼ਮੀਰ ਵਿੱਚ ਨਿਸ਼ਾਨਾ ਬਣਾਏ ਗਏ ਨੌਂ ਅਤਿਵਾਦੀ ਕੈਂਪਾਂ 'ਚੋਂ ਚਾਰ ਕੈਂਪ ਪੰਜਾਬ ਵਿੱਚ ਸਨ। ਇਨ੍ਹਾਂ ਵਿੱਚ ਸਰਜਾਲ ਕੈਂਪ, ਸਿਆਲਕੋਟ ਵੀ ਸ਼ਾਮਲ ਸੀ। ਇਹ ਕੈਂਪ ਸਾਂਬਾ-ਕਠੂਆ ਸਾਹਮਣੇ ਕੌਮਾਂਤਰੀ ਸਰਹੱਦ ਤੋਂ ਲਗਪਗ ਛੇ ਕਿਲੋਮੀਟਰ ਦੂਰ ਸਥਿਤ ਸੀ। ਇਸ ਤੋਂ ਇਲਾਵਾ ਮਹਿਮੂਨਾ ਜੋਯਾ ਕੈਂਪ ਵੀ ਸਿਆਲਕੋਟ 'ਚ ਹੀ ਸਥਿਤ ਸੀ। ਇਹ ਸਿਆਲਕੋਟ ਨੇੜੇ ਕੌਮਾਂਤਰੀ ਸਰਹੱਦ ਤੋਂ ਕਰੀਬ 12 ਕਿਲੋਮੀਟਰ ਦੂਰ ਸੀ। ਮਰਕਜ਼ ਤਾਇਬਾ ਕੈਂਪ ਕੌਮਾਂਤਰੀ ਸਰਹੱਦ ਤੋਂ ਲਗਪਗ 25 ਕਿਲੋਮੀਟਰ ਦੂਰ ਸੀ। ਮਰਕਜ਼ ਸੁਭਾਨ ਕੈਂਪ, ਬਹਾਵਲਪੁਰ ਕੌਮਾਂਤਰੀ ਸਰਹੱਦ ਤੋਂ ਲਗਪਗ 100 ਕਿਲੋਮੀਟਰ ਦੂਰ ਸਥਿਤ ਸੀ ਤੇ ਜੈਸ਼-ਏ-ਮੁਹੰਮਦ ਦਾ ਹੈੱਡਕੁਆਰਟਰ ਸੀ। ਇਸ ਕੈਂਪ ਦਾ ਇਸਤੇਮਾਲ ਜੈਸ਼-ਏ-ਮੁਹੰਮਦ ਦੇ ਅਤਿਵਾਦੀਆਂ ਦੀ ਭਰਤੀ ਤੇ ਉਨ੍ਹਾਂ ਨੂੰ ਸਿਖਲਾਈ ਦੇਣ ਲਈ ਕੀਤਾ ਜਾਂਦਾ ਸੀ। ਇਸ ਕੈਂਪ ਵਿੱਚ ਅਕਸਰ ਮਸੂਦ ਅਜ਼ਹਰ ਸਣੇ ਅਤਿਵਾਦੀ ਕਮਾਂਡਰ ਆਉਂਦੇ ਸਨ ਜੋ ਕਿ ਇਸ ਕੈਂਪ ਤੋਂ ਆਪਣੇ ਕੇਡਰ ਨੂੰ ਨਿਰਦੇਸ਼ ਦਿੰਦੇ ਸਨ।

# ਅਤਿਵਾਦੀ ਕੈਂਪਾਂ 'ਤੇ ਸਕੈਲਪ ਮਿਜ਼ਾਈਲਾਂ ਤੇ ਹੈਮਰ ਬੰਬਾਂ ਨਾਲ ਹਮਲਾ



ਚੰਡੀਗੜ੍ਹ : ਮਕਬੂਜ਼ਾ ਕਸ਼ਮੀਰ ਵਿੱਚ ਸਥਿਤ ਨੌਂ ਅਤਿਵਾਦੀ ਕੈਂਪਾਂ 'ਤੇ ਭਾਰਤ ਵਲੋਂ ਅਪਰੇਸ਼ਨ ਸਿੰਧੂਰ ਤਹਿਤ ਕੀਤੀ ਕਾਰਵਾਈ ਬਾਰੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਵਿੰਗ ਕਮਾਂਡਰ ਵਯੋਮਿਕਾ ਸਿੰਘ ਨੇ ਕਿਹਾ ਕਿ ਇਸ ਅਪਰੇਸ਼ਨ ਨੂੰ ਬਹੁਤ ਹੀ ਸਟੀਕ ਅਤੇ ਵਿਸ਼ੇਸ਼ ਤਕਨਾਲੋਜੀ ਤਹਿਤ ਅੰਜਾਮ ਦਿੱਤਾ ਗਿਆ ਸੀ। ਹਮਲੇ ਲਈ ਜੰਗੀ ਹਥਿਆਰਾਂ ਦੀ ਧਿਆਨ ਨਾਲ ਚੋਣ ਕੀਤੀ ਗਈ ਸੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਨਿਰਧਾਰਤ ਥਾਂ ਦੇ ਆਲੇ ਦੁਆਲੇ ਵੱਡਾ ਨੁਕਸਾਨ ਨਾ ਹੋਵੇ। ਹਮਲਾ ਸਬੰਧਤ ਥਾਵਾਂ ਤੇ ਇਮਾਰਤਾਂ ਦੀ ਨਿਸ਼ਾਨਦੇਹੀ ਕਰਕੇ ਕੀਤਾ ਗਿਆ। ਮੀਡੀਆ ਰਿਪੋਰਟਾਂ ਅਨੁਸਾਰ ਇਸ ਹਮਲੇ ਵਿੱਚ ਸਕੈਲਪ (ਲੰਬੀ ਦੂਰੀ ਦੀ ਹਵਾ ਤੋਂ ਮਾਰ ਕਰਨ ਵਾਲੀ ਕਰੂਜ਼ ਮਿਜ਼ਾਈਲ) ਅਤੇ ਹੈਮਰ ਸਮਾਰਟ ਬੰਬ, ਜੋ ਫਰਾਂਸੀਸੀ ਮੂਲ ਦੇ ਹਨ, ਦੀ ਵਰਤੋਂ ਕੀਤੀ ਗਈ। ਇਨ੍ਹਾਂ ਦੋਹਾਂ ਹਥਿਆਰਾਂ ਨੂੰ ਭਾਰਤ ਨੇ ਰਾਫੇਲ ਲੜਾਕੂ ਜਹਾਜ਼ ਲਈ ਖਰੀਦਿਆ ਸੀ। ਰਾਫੇਲ ਨੂੰ ਭਾਰਤੀ ਫੌਜ ਵਿੱਚ 2021 ਵਿੱਚ ਸ਼ਾਮਲ ਕੀਤਾ ਗਿਆ ਸੀ ਅਤੇ ਇਹ ਫਿਲਹਾਲ ਅੰਬਾਲਾ ਅਤੇ ਹਾਸੀਮਾਰਾ ਏਅਰਬੇਸ 'ਤੇ ਤਾਇਨਾਤ ਹਨ।

ਰਾਫੇਲ ਦੇ ਨਾਲ ਨਾਲ ਮਿਗ 29 , ਸੁਖੋਈ 30 ਵਰਗੇ ਲੜਾਕੂ ਜਹਾਜ਼ਾਂ, ਬਿਜਲਈ ਜੰਗੀ ਸਿਸਟਮ, ਨਿਗਰਾਨੀ ਡਰੋਨ ਅਤੇ ਹੋਰਨਾਂ ਜਹਾਜ਼ਾਂ ਨੇ ਵੀ ਇਸ ਅਪਰੇਸ਼ਨ ਵਿੱਚ ਸਹਿਯੋਗ ਦਿੱਤਾ, ਤਾਂ ਜੋ ਪਾਕਿਸਤਾਨੀ ਹਵਾਈ ਫੌਜ ਦੀ ਕਾਰਵਾਈ ਅਤੇ ਨਿਗਰਾਨੀ ਯੋਜਨਾ ਨੂੰ ਅਸਫਲ ਕੀਤਾ ਜਾ ਸਕੇ। ਰਿਪੋਰਟ ਅਨੁਸਾਰ ਭਾਰਤੀ ਜਲ ਸੈਨਾ ਨੇ ਵੀ ਇਸ ਆਪਰੇਸ਼ਨ ਵਿੱਚ ਹਿੱਸਾ ਲਿਆ। ਉਸ ਦੇ ਬੋਇੰਗ ਪੀ-8 ਪੌਸਾਇਡਨ ਨਿਗਰਾਨੀ ਜਹਾਜ਼ ਨੇ ਗਰਾਊਂਡ ਮੈਪਿੰਗ ਅਤੇ ਟਾਰਗੇਟ ਲੋਕੇਸ਼ਨ ਵਿੱਚ ਮਦਦ ਕੀਤੀ। ਇਹ ਜਹਾਜ਼ ਪਹਿਲਾਂ ਚੀਨ ਨਾਲ ਬਣੇ ਜਮੂਦ ਦੌਰਾਨ ਹਿਮਾਲਿਆਈ ਖੇਤਰਾਂ ਵਿੱਚ ਵੀ ਤਾਇਨਾਤ ਕੀਤੇ ਗਏ ਸਨ। ਸਕੈਲਪ ਇਕ 'ਫਾਇਰ ਐਂਡ ਫਾਰਗੈਟ' ਕਿਸਮ ਦੀ ਲੰਬੀ ਦੂਰੀ ਦੀ ਮਿਜ਼ਾਈਲ ਹੈ ਜਿਸ ਨੂੰ ਲਾਂਚ ਕਰਨ ਬਾਅਦ ਕੰਟਰੋਲ ਨਹੀਂ ਕੀਤਾ ਜਾ ਸਕਦਾ। ਇਹ ਜੀਪੀਐਸ ਅਤੇ ਟੈਰੇਨ ਮੈਪਿੰਗ ਸੈਂਸਰ ਦੀ ਮਦਦ ਨਾਲ ਆਪਣੇ ਆਪ ਟੀਚੇ ਤਕ ਪਹੁੰਚ ਜਾਂਦੀ ਹੈ। ਇਸ ਦਾ ਵਜ਼ਨ 1300 ਕਿਲੋਗ੍ਰਾਮ ਹੈ ਅਤੇ ਇਸ ਵਿੱਚ 450 ਕਿਲੋ ਵਾਰਹੈੱਡ ਹੁੰਦਾ ਹੈ। ਇਹ 250 ਕਿਲੋਮੀਟਰ ਤਕ ਸਟੀਕ ਨਿਸ਼ਾਨਾ ਲਾ ਸਕਦੀ ਹੈ। ਇਸ ਨੂੰ ਕਮਾਂਡ ਸੈਂਟਰ, ਏਅਬੇਸ, ਬੰਦਰਗਾਹ ਅਤੇ ਗੋਦਾਮਾਂ ਵਰਗੇ ਰਣਨੀਤਕ ਟਿਕਾਣਿਆਂ 'ਤੇ ਹਮਲੇ ਲਈ ਡਿਜ਼ਾਈਨ ਕੀਤਾ ਗਿਆ ਹੈ। ਹੈਮਰ (ਹਾਇਲੀ ਏਜਾਈਲ ਮਾਡੂਲਰ ਮਿਊਨਿਸ਼ਨ ਐਕਸਟੈਂਡੇਡ ਰੇਂਜ) ਇਕ ਆਲ ਵੈਦਰ ਹਵਾ ਤੋਂ ਜ਼ਮੀਨ ਵਿੱਚ ਮਾਰ ਕਰਨ ਵਾਲਾ ਹਥਿਆਰ ਹੈ। ਜੋ 70 ਕਿਲੋਮੀਟਰ ਤਕ ਟੀਚੇ ਨੂੰ ਫੁੰਡ ਸਕਦਾ ਹੈ। ਇਸ ਵਿੱਚ 125 ਤੋਂ ਲੈ ਕੇ 1000 ਕਿਲੋ ਤਕ ਬੰਬ ਦੇ ਬਦਲ ਮੌਜੂਦ ਹਨ। ਇਹ ਰਾਕੇਟ ਬੂਸਟਰ ਨਾਲ ਸਟੀਕ ਨਿਸ਼ਾਨਾ ਫੁੰਡ ਸਕਦਾ ਹੈ।

# ਪ੍ਰਧਾਨ ਮੰਤਰੀ ਨੇ ਖੁਦ ਦਿੱਤਾ ਅਪਰੇਸ਼ਨ ਨੂੰ ਨਾਮ

ਚੰਡੀਗੜ੍ਹ : ਭਾਰਤੀ ਹਥਿਆਰਬੰਦ ਬਲਾਂ ਵੱਲੋਂ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ 'ਚ ਕੀਤੇ ਗਏ ਮਿਜ਼ਾਈਲ ਹਮਲਿਆਂ ਨੂੰ ਦਿੱਤਾ ਗਿਆ ਨਾਮ 'ਅਪਰੇਸ਼ਨ ਸਿੰਧੂਰ' ਕੋਈ ਆਮ ਨਾਮ ਨਹੀਂ ਸੀ। ਸਰਕਾਰੀ ਸੂਤਰਾਂ ਅਨੁਸਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੁਦ ਇਸ ਅਪਰੇਸ਼ਨ ਦਾ ਨਾਮ ਚੁਣਿਆ।



ਜ਼ਿਕਰਯੋਗ ਹੈ ਕਿ 22 ਅਪਰੈਲ ਨੂੰ ਪਹਿਲਗਾਮ ਦੀ ਬੈਸਰਨ ਘਾਟੀ ਵਿਚ ਹੋਏ ਭਿਆਨਕ ਅਤਿਵਾਦੀ ਹਮਲੇ ਵਿਚ 26 ਬੇਗੁਨਾਹ ਨਾਗਰਿਕ ਮਾਰੇ ਗਏ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਸੈਲਾਨੀ ਸਨ। ਇਸ ਹਮਲੇ ਤੋਂ ਬਾਅਦ ਦੇਸ਼ ਭਰ ਵਿਚ ਸੋਗ ਦੀ ਲਹਿਰ ਫੈਲ ਗਈ ਸੀ। ਇਹ ਹਮਲਾ ਉਨ੍ਹਾਂ ਔਰਤਾਂ ਲਈ ਸਭ ਤੋਂ ਵੱਧ ਦਰਦ ਭਰਿਆ ਸੀ ਜਿਨ੍ਹਾਂ ਦੇ ਸੁਹਾਗ ਵਿਛੜ ਗਏ ਹਨ। ਇਸੇ ਤ੍ਰਾਸਦੀ ਅਤੇ ਭਾਵਨਾਤਮਕ ਦਰਦ ਨੂੰ ਧਿਆਨ ਵਿਚ ਰੱਖਦਿਆਂ ਪ੍ਰਧਾਨ ਮੰਤਰੀ ਨੇ ਫੌਜੀ ਕਾਰਵਾਈ ਦਾ ਨਾਮ 'ਅਪਰੇਸ਼ਨ ਸਿੰਧੂਰ' ਰੱਖਣ ਦਾ ਫ਼ੈਸਲਾ ਲਿਆ। ਇਹ ਨਾਮ ਉਨ੍ਹਾਂ ਔਰਤਾਂ ਦੇ ਦੁੱਖ ਦਾ ਪ੍ਰਤੀਕ ਹੈ, ਜਿਨ੍ਹਾਂ ਦਾ ਸਿੰਧੂਰ ਮਿਟਾ ਦਿੱਤਾ ਗਿਆ ਸੀ। ਭਾਰਤੀ ਫੌਜ ਨੇ ਅੱਜ ਵੱਡੇ ਤੜਕੇ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ 'ਚ 9 ਦਹਿਸ਼ਤੀ ਟਿਕਾਣਿਆਂ 'ਤੇ ਹਮਲੇ ਕਰਕੇ ਸਿੰਧੂਰ ਦੇ ਸਨਮਾਨ ਅਤੇ ਸ਼ਹਾਦਤ ਦਾ ਜਵਾਬ ਦਿੱਤਾ।

ਸੂਤਰਾਂ ਨੇ ਕਿਹਾ ਕਿ ਬੈਸਰਨ ਘਾਟੀ ਹਮਲੇ ਦਾ ਮਕਸਦ ਕਸ਼ਮੀਰ ਵਾਦੀ ਵਿਚ ਧਾਰਮਿਕ ਤਣਾਅ ਪੈਦਾ ਕਰਨਾ ਅਤੇ ਔਰਤਾਂ ਨੂੰ ਵਿਧਵਾ ਬਣਾ ਕੇ ਡਰ ਦਾ ਮਾਹੌਲ ਬਣਾਉਣਾ ਸੀ। ਇਹ ਇੱਕ ਯੋਜਨਾਬੱਧ ਕੋਸ਼ਿਸ਼ ਸੀ ਜੋ ਹਿੰਦੂ ਪਰਿਵਾਰਾਂ ਨੂੰ ਤੋੜਨ ਲਈ ਕੀਤੀ ਗਈ ਸੀ। ਭਾਰਤੀ ਸੱਭਿਆਚਾਰ ਵਿਚ 'ਸਿੰਧੂਰ' ਸੁਹਾਗ ਅਤੇ ਵਿਸ਼ਵਾਸ ਦਾ ਪ੍ਰਤੀਕ ਹੈ। ਬੈਸਰਨ ਘਾਟੀ ਵਿਚ ਜਦੋਂ ਨਵੇ ਵਿਆਹੇ ਜੋੜੇ ਘੁੰਮਣ ਲਈ ਆਏ ਸਨ ਤਾਂ ਅਤਿਵਾਦੀਆਂ ਨੇ ਨਵ-ਵਿਆਹੀਆਂ ਔਰਤਾਂ ਦੇ ਸਾਹਮਣੇ ਉਨ੍ਹਾਂ ਦੇ ਪਤੀਆਂ ਨੂੰ ਗੋਲੀਆਂ ਮਾਰ ਦਿੱਤੀਆਂ ਸਨ। ਇਸ ਘਟਨਾ ਦੌਰਾਨ ਸਾਹਮਣੇ ਆਈ ਇਕ ਨਵਵਿਆਹੁਤਾ ਦੀ ਤਸਵੀਰ, ਜੋ ਆਪਣੇ ਪਤੀ ਦੀ ਲਾਸ਼ ਕੋਲ ਬੈਠੀ ਸੀ, ਨੇ ਪੂਰੇ ਦੇਸ਼ ਨੂੰ ਭਾਵੁਕ ਕਰ ਦਿੱਤਾ ਸੀ। ਪ੍ਰਧਾਨ ਮੰਤਰੀ ਮੋਦੀ ਨੇ ਹਮਲੇ ਤੋਂ ਬਾਅਦ ਸਪੱਸ਼ਟ ਸ਼ਬਦਾਂ 'ਚ ਆਖਿਆ ਸੀ, "ਅਤਿਵਾਦੀਆਂ ਨੂੰ ਕਿਸੇ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ।" ਹੁਣ, ਭਾਰਤ ਨੇ ਉਸ ਵਾਅਦੇ ਨੂੰ 'ਅਪਰੇਸ਼ਨ ਸਿੰਧੂਰ' ਰਾਹੀਂ ਪੂਰਾ ਕਰ ਦਿੱਤਾ ਹੈ। ਹਮਲੇ ਰਾਹੀਂ ਅਤਿਵਾਦੀਆਂ ਨੂੰ ਸੁਨੇਹਾ ਦਿੱਤਾ ਗਿਆ ਹੈ ਕਿ ਉਹ ਜਿਥੇ ਮਰਜ਼ੀ ਲੁਕ ਜਾਣ, ਉਹ ਬਚਣਗੇ ਨਹੀਂ। ਭਾਰਤ ਨੇ ਇਸ ਹਮਲੇ ਰਾਹੀਂ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਜੋ ਵੀ ਦੇਸ਼ ਦੀਆਂ ਧੀਆਂ ਦਾ ਸਿੰਧੂਰ ਉਜਾੜਨ ਦੀ ਕੋਸ਼ਿਸ਼ ਕਰੇਗਾ, ਉਸ ਨੂੰ ਮਿਟਾ ਦਿੱਤਾ ਜਾਵੇਗਾ। ਭਾਰਤੀ ਫੌਜ ਦੀ ਇਹ ਕਾਰਵਾਈ ਸਿਰਫ਼ ਇਕ ਜਵਾਬ ਨਹੀਂ, ਸਗੋਂ ਇੱਕ ਸਖ਼ਤ ਚਿਤਾਵਨੀ ਵੀ ਹੈ।

# ਆਲਮੀ ਆਗੂਆਂ ਨੇ ਭਾਰਤ ਅਤੇ ਪਾਕਿਸਤਾਨ ਨੂੰ ਸੰਜਮ ਵਰਤਣ ਲਈ ਆਖਿਆ

## ਦੱਖਣੀ ਏਸ਼ੀਆ 'ਚ ਸ਼ਾਂਤੀ ਅਤੇ ਸਥਿਰਤਾ ਲਈ ਵਾਰਤਾ 'ਤੇ ਦਿੱਤਾ ਜ਼ੋਰ






ਵਾਸ਼ਿੰਗਟਨ/ਮਾਸਕੋ/ਲੰਡਨ : ਸੰਯੁਕਤ ਰਾਸ਼ਟਰ ਦੇ ਮੁਖੀ ਅੰਤੋਨੀਓ ਗੁਟੇਰੇਜ਼ ਅਤੇ ਅਮਰੀਕੀ ਰਾਸ਼ਟਰਪਤੀ ਸਮੇਤ ਆਲਮੀ ਆਗੂਆਂ ਨੇ ਭਾਰਤ ਅਤੇ ਪਾਕਿਸਤਾਨ ਨੂੰ ਸੰਜਮ ਵਰਤਣ ਦਾ ਸੱਦਾ ਦਿੰਦਿਆਂ ਆਸ ਜਤਾਈ ਕਿ ਖ਼ਿੱਤੇ 'ਚ ਹਮਲਾਵਰ ਰਵੱਈਏ ਨੂੰ ਬਹੁਤ ਛੇਤੀ ਠੱਲ੍ਹ ਪਵੇਗੀ। ਗੁਟੇਰੇਜ਼ ਨੇ ਭਾਰਤ ਅਤੇ ਪਾਕਿਸਤਾਨ ਨੂੰ ਵੱਧ ਤੋਂ ਵੱਧ ਸੰਜਮ ਰੱਖਣ ਦਾ ਸੱਦਾ ਦਿੰਦਿਆਂ ਕਿਹਾ ਕਿ ਦੁਨੀਆ ਦੋਵੇਂ ਮੁਲਕਾਂ ਵਿਚਕਾਰ ਇਕ ਹੋਰ ਫੌਜੀ ਟਕਰਾਅ ਨੂੰ ਸਹਿਣ ਨਹੀਂ ਕਰ ਸਕਦੀ ਹੈ। ਅਮਰੀਕੀ ਰਾਸ਼ਟਰਪਤੀ ਟਰੰਪ ਨੇ ਕਿਹਾ, "ਇਹ ਸ਼ਰਮਨਾਕ ਹੈ। ਮੈਂ ਜਦੋਂ ਓਵਲ ਦਫ਼ਤਰ ਵੱਲ ਜਾ ਰਿਹਾ ਹਾਂ ਤਾਂ ਮੈਨੂੰ ਹਮਲੇ ਦਾ ਪਤਾ ਲੱਗਾ। ਮੈਨੂੰ ਜਾਪਦਾ ਹੈ ਕਿ ਲੋਕ ਜਾਣਦੇ ਸਨ ਕਿ ਬੀਤੇ ਦੀਆਂ ਘਟਨਾਵਾਂ ਨੂੰ ਦੇਖਦਿਆਂ ਕੁਝ ਹੋਣ ਜਾ ਰਿਹਾ ਹੈ। ਦੋਵੇਂ ਮੁਲਕ ਲੰਬੇ ਸਮੇਂ ਤੋਂ ਲੜ ਰਹੇ ਹਨ। ਉਹ ਕਈ ਦਹਾਕਿਆਂ ਅਤੇ ਸਦੀਆਂ ਤੋਂ ਲੜ ਰਹੇ ਹਨ।" ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਕਿਹਾ ਕਿ ਉਹ ਭਾਰਤ ਅਤੇ ਪਾਕਿਸਤਾਨ ਵਿਚਾਲੇ ਹਾਲਾਤ 'ਤੇ ਨੇੜਿਉਂ ਨਜ਼ਰ ਰੱਖ ਰਹੇ ਹਨ। ਉਨ੍ਹਾਂ ਆਸ ਜਤਾਈ ਕਿ ਬਹੁਤ ਛੇਤੀ ਹੀ ਤਣਾਅ ਖ਼ਤਮ ਹੋ ਜਾਵੇਗਾ। ਰੂਸ ਨੇ ਵੀ ਦੋਵੇਂ ਮੁਲਕਾਂ ਵਿਚਕਾਰ ਫੌਜੀ ਟਕਰਾਅ ਵਧਣ 'ਤੇ ਡੂੰਘੀ ਚਿੰਤਾ ਜਤਾਈ ਹੈ। ਰੂਸੀ ਵਿਦੇਸ਼ ਮੰਤਰਾਲੇ ਦੀ ਤਰਜਮਾਨ ਮਾਰੀਆ ਜ਼ਖਾਰੋਵਾ ਨੇ ਕਿਹਾ ਕਿ ਪਹਿਲਗਾਮ 'ਚ ਦਹਿਸ਼ਤੀ ਹਮਲੇ ਮਗਰੋਂ ਭਾਰਤ ਅਤੇ ਪਾਕਿਸਤਾਨ ਵਿਚਾਲੇ ਫੌਜੀ ਟਕਰਾਅ ਨੂੰ ਲੈ ਕੇ ਮੁਲਕ ਚਿੰਤਾ 'ਚ ਹੈ। ਉਨ੍ਹਾਂ ਕਿਹਾ, "ਅਸੀਂ ਆਸ ਕਰਦੇ ਹਾਂ ਕਿ ਨਵੀਂ ਦਿੱਲੀ ਅਤੇ ਇਸਲਾਮਾਬਾਦ ਵਿਚਕਾਰ ਮਤਭੇਦ 1972 ਦੇ ਸ਼ਿਮਲਾ ਸਮਝੌਤੇ ਅਤੇ 1999 ਦੇ ਲਾਹੌਰ ਐਲਾਨਨਾਮੇ ਮੁਤਾਬਕ ਸ਼ਾਂਤੀਪੂਰਵਕ, ਸਿਆਸੀ ਅਤੇ ਕੂਟਨੀਤਕ ਢੰਗ ਨਾਲ ਸੁਲਝਾ ਲਏ ਜਾਣਗੇ।" ਚੀਨ ਨੇ ਭਾਰਤ ਅਤੇ ਪਾਕਿਸਤਾਨ ਨੂੰ ਖ਼ਿੱਤੇ 'ਚ ਸ਼ਾਂਤੀ ਅਤੇ ਸਥਿਰਤਾ ਦੇ ਵਡੇਰੇ ਹਿੱਤਾਂ ਖ਼ਾਤਰ ਵੱਧ ਤੋਂ ਵੱਧ ਸੰਜਮ ਵਰਤਣ ਦਾ ਸੱਦਾ ਦਿੱਤਾ ਹੈ। ਚੀਨੀ ਵਿਦੇਸ਼ ਮੰਤਰਾਲੇ ਨੇ ਇਕ ਬਿਆਨ 'ਚ ਕਿਹਾ, "ਅਸੀਂ ਮੌਜੂਦਾ ਹਾਲਾਤ ਬਾਰੇ ਫਿਕਰਮੰਦ ਹਾਂ। ਭਾਰਤ ਅਤੇ ਪਾਕਿਸਤਾਨ ਇਕ-ਦੂਜੇ ਦੇ ਗੁਆਂਢੀ ਹਨ। ਉਹ ਸਾਡੇ ਵੀ ਗੁਆਂਢੀ ਹਨ। ਅਸੀਂ ਦੋਵੇਂ ਮੁਲਕਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਹਾਲਾਤ ਨੂੰ ਹੋਰ ਗੁੰਝਲਦਾਰ ਬਣਾਉਣ ਲਈ ਕਾਰਵਾਈਆਂ ਤੋਂ ਗੁਰੇਜ਼ ਕਰਨ।" ਵਿਦੇਸ਼ ਮੰਤਰੀ ਡੇਵਿਡ ਲੈਮੀ ਨੇ ਕਿਹਾ ਕਿ ਦੋਵੇਂ ਮੁਲਕਾਂ ਵਿਚਕਾਰ ਤਣਾਅ ਵਧਣਾ ਗੰਭੀਰ ਚਿੰਤਾ ਦਾ ਵਿਸ਼ਾ ਹੈ ਅਤੇ ਉਨ੍ਹਾਂ ਅਪੀਲ ਕੀਤੀ ਕਿ ਭਾਰਤ ਤੇ ਪਾਕਿਸਤਾਨ ਸੰਜਮ ਦਿਖਾਉਂਦਿਆਂ ਸਿੱਧੀ ਵਾਰਤਾ ਕਰਨ। ਬਰਤਾਨੀਆ ਦੇ ਸਾਬਕਾ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੇ ਕਿਹਾ ਕਿ ਦਹਿਸ਼ਤੀ ਢਾਂਚਿਆਂ 'ਤੇ ਭਾਰਤ ਵੱਲੋਂ ਕੀਤੇ ਗਏ ਹਮਲੇ ਜਾਇਜ਼ ਹਨ। ਉਨ੍ਹਾਂ ਕਿਹਾ ਕਿ ਅਤਿਵਾਦੀਆਂ ਨੂੰ ਬਖ਼ਸ਼ਿਆ ਨਹੀਂ ਜਾ ਸਕਦਾ ਹੈ। ਉਨ੍ਹਾਂ 'ਐਕਸ' 'ਤੇ ਕਿਹਾ, "ਕੋਈ ਵੀ ਮੁਲਕ ਆਪਣੇ ਕਬਜ਼ੇ ਵਾਲੇ ਇਲਾਕੇ 'ਤੇ ਦਹਿਸ਼ਤੀ ਹਮਲਿਆਂ ਨੂੰ ਸਵੀਕਾਰ ਨਹੀਂ ਕਰ ਸਕਦਾ ਹੈ।" ਸਕੌਟਲੈਂਡ ਦੇ ਮੰਤਰੀ ਜੌਹਨ ਸਵਿਨੀ ਨੇ ਕਿਹਾ ਕਿ ਦੋਵੇਂ ਮੁਲਕਾਂ ਨੂੰ ਸ਼ਾਂਤ ਰਹਿ ਕੇ ਵਾਰਤਾ ਰਾਹੀਂ ਟਕਰਾਅ ਨੂੰ ਟਾਲਣਾ ਚਾਹੀਦਾ ਹੈ। ਜਰਮਨੀ ਦੇ ਵਿਦੇਸ਼ ਮੰਤਰਾਲੇ ਨੇ 'ਐਕਸ' 'ਤੇ ਕਿਹਾ ਕਿ ਆਮ ਨਾਗਰਿਕਾਂ ਦੀ ਰੱਖਿਆ ਕਰਦਿਆਂ ਤਣਾਅ ਨੂੰ ਹੋਰ ਵਧਣ ਤੋਂ ਰੋਕਣ ਦੇ ਉਪਰਾਲੇ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਉਹ ਭਾਰਤ ਅਤੇ ਪਾਕਿਸਤਾਨ ਦੇ ਸੰਪਰਕ 'ਚ ਹਨ। ਸੰਯੁਕਤ ਅਰਬ ਅਮੀਰਾਤ ਦੇ ਉਪ ਪ੍ਰਧਾਨ ਮੰਤਰੀ ਸ਼ੇਖ਼ ਅਬਦੁੱਲਾ ਬਿਨ ਜ਼ਾਏਦ ਅਲ ਨਾਹਯਾਨ ਵੱਲੋਂ ਜਾਰੀ ਬਿਆਨ ਮੁਤਾਬਕ ਉਨ੍ਹਾਂ ਦੇ ਮੁਲਕ ਨੇ ਭਾਰਤ ਅਤੇ ਪਾਕਿਸਤਾਨ ਨੂੰ ਸੰਜਮ ਵਰਤਣ ਅਤੇ ਤਣਾਅ ਘਟਾਉਣ ਲਈ ਆਖਿਆ ਹੈ ਤਾਂ ਜੋ ਖੇਤਰੀ ਅਤੇ ਕੌਮਾਂਤਰੀ ਸ਼ਾਂਤੀ ਨੂੰ ਖ਼ਤਰਾ ਪੈਦਾ ਨਾ ਹੋਵੇ। ਬੰਗਲਾਦੇਸ਼ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਉਹ ਭਾਰਤ ਅਤੇ ਪਾਕਿਸਤਾਨ ਦੇ ਹਾਲਾਤ 'ਤੇ ਨਜ਼ਰ ਰੱਖ ਰਹੇ ਹਨ।

# ਭਾਰਤ ਟਕਰਾਅ ਘਟਾਏ ਤਾਂ ਪਾਕਿ ਤਣਾਅ ਖ਼ਤਮ ਕਰਨ ਲਈ ਤਿਆਰ: ਪਾਕਿ ਰੱਖਿਆ ਮੰਤਰੀ ਆਸਿਫ਼

ਇਸਲਾਮਾਬਾਦ : ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ਼ ਨੇ ਕਿਹਾ ਕਿ ਪਾਕਿਸਤਾਨ ਭਾਰਤ ਨਾਲ ਤਣਾਅ ਨੂੰ ਖਤਮ ਲਈ ਤਿਆਰ ਹੈ, ਜੇ ਨਵੀਂ ਦਿੱਲੀ ਟਕਰਾਅ ਨੂੰ ਘੱਟ ਕਰਦਾ ਹੈ। ਉਨ੍ਹਾਂ ਦੀ ਇਹ ਟਿੱਪਣੀ ਭਾਰਤ ਵੱਲੋਂ ਪਾਕਿਸਤਾਨ ਅਤੇ ਪੀਓਕੇ ਵਿਚ ਅਤਿਵਾਦੀ ਟਿਕਾਣਿਆਂ 'ਤੇ ਫੌਜੀ ਹਮਲੇ ਕਰਨ ਤੋਂ ਕੁਝ ਘੰਟੇ ਬਾਅਦ ਸਾਹਮਣੇ ਆਈ ਹੈ। ਬਲੂਮਬਰਗ ਟੈਲੀਵਿਜ਼ਨ ਵੱਲੋਂ ਆਸਿਫ਼ ਦੇ ਇਹ ਕਹਿਣ ਦੀ ਰਿਪੋਰਟ ਦਿੱਤੀ ਗਈ ਸੀ ਕਿ ਪਾਕਿਸਤਾਨ ਸਿਰਫ਼ ਹਮਲਾ ਹੋਣ 'ਤੇ ਹੀ ਜਵਾਬ ਦੇਵੇਗਾ।



ਉਨ੍ਹਾਂ ਕਿਹਾ, "ਅਸੀਂ ਪਿਛਲੇ ਪੰਦਰਵਾੜੇ ਤੋਂ ਕਹਿੰਦੇ ਆ ਰਹੇ ਹਾਂ ਕਿ ਅਸੀਂ ਕਦੇ ਵੀ ਭਾਰਤ ਪ੍ਰਤੀ ਦੁਸ਼ਮਣੀ ਵਾਲੀ ਕੋਈ ਗੱਲ ਨਹੀਂ ਸ਼ੁਰੂ ਕਰਾਂਗੇ। ਪਰ ਜੇ ਸਾਡੇ 'ਤੇ ਹਮਲਾ ਕੀਤਾ ਜਾਂਦਾ ਹੈ, ਤਾਂ ਅਸੀਂ ਜਵਾਬ ਦੇਵਾਂਗੇ। ਜੇ ਭਾਰਤ ਪਿੱਛੇ ਹਟਦਾ ਹੈ, ਤਾਂ ਅਸੀਂ ਇਸ ਤਣਾਅ ਨੂੰ ਯਕੀਨੀ ਤੌਰ 'ਤੇ ਖਤਮ ਕਰਾਂਗੇ।" ਗੱਲਬਾਤ ਦੀ ਸੰਭਾਵਨਾ ਬਾਰੇ ਮੰਤਰੀ ਨੇ ਕਿਹਾ ਕਿ ਉਹ ਅਜਿਹੇ ਕਿਸੇ ਵੀ ਸੰਭਾਵੀ ਸਬੰਧਾਂ ਬਾਰੇ ਜਾਣੂ ਨਹੀਂ ਸਨ।

ਪਾਕਿਸਤਾਨੀ ਫੌਜ ਦੇ ਬੁਲਾਰੇ ਲੈਫਟੀਨੈਂਟ ਜਨਰਲ ਅਹਿਮਦ ਸ਼ਰੀਫ ਚੌਧਰੀ ਨੇ ਇਕ ਮੀਡੀਆ ਗੱਲਬਾਤ ਵਿਚ ਕਿਹਾ ਕਿ ਭਾਰਤ ਵੱਲੋਂ ਕੀਤੇ ਗਏ ਮਿਜ਼ਾਈਲ ਹਮਲਿਆਂ ਵਿਚ ਘੱਟੋ-ਘੱਟ 26 ਲੋਕ ਮਾਰੇ ਗਏ ਅਤੇ 46 ਜ਼ਖਮੀ ਹੋਏ। ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਕਿਹਾ ਕਿ ਉਨ੍ਹਾਂ ਦੀਆਂ ਹਥਿਆਰਬੰਦ ਫੌਜਾਂ ਚੰਗੀ ਤਰ੍ਹਾਂ ਜਾਣਦੀਆਂ ਹਨ ਕਿ ਦੁਸ਼ਮਣ ਨਾਲ ਕਿਵੇਂ ਨਜਿੱਠਣਾ ਹੈ। ਉਨ੍ਹਾਂ ਕਿਹਾ, "ਪਾਕਿਸਤਾਨ ਨੂੰ ਭਾਰਤ ਵੱਲੋਂ ਥੋਪੇ ਗਏ ਇਸ ਯੁੱਧ ਦੇ ਜਵਾਬ ਵਿਚ ਢੁਕਵਾਂ ਜਵਾਬ ਦੇਣ ਦਾ ਪੂਰਾ ਅਧਿਕਾਰ ਹੈ ਅਤੇ ਸੱਚਮੁੱਚ ਸਖ਼ਤ ਜਵਾਬ ਦਿੱਤਾ ਜਾ ਰਿਹਾ ਹੈ।" ਉਨ੍ਹਾਂ ਹੋਰ ਕਿਹਾ, "ਅਸੀਂ ਦੁਸ਼ਮਣ ਨੂੰ ਕਦੇ ਵੀ ਆਪਣੇ ਨਾਪਾਕ ਉਦੇਸ਼ਾਂ ਵਿਚ ਸਫਲ ਨਹੀਂ ਹੋਣ ਦੇਵਾਂਗੇ।"

# ਭਾਰਤੀ ਫ਼ੌਜ ਅਤੇ ਸਾਡੇ ਬਹਾਦਰ ਫੌਜੀਆਂ 'ਤੇ ਮਾਣ: ਕੇਜਰੀਵਾਲ

## 'ਆਪ' ਦੇ ਕੌਮੀ ਕਨਵੀਨਰ ਨੇ 'ਅਪਰੇਸ਼ਨ ਸਿੰਧੂਰ' ਦੀ ਸਫ਼ਲਤਾ 'ਤੇ ਫੌਜ ਨੂੰ ਦਿੱਤੀ ਵਧਾਈ

ਨਵੀਂ ਦਿੱਲੀ : ਆਮ ਆਦਮੀ ਪਾਰਟੀ ਨੇ 'ਆਪ੍ਰੇਸ਼ਨ ਸਿੰਧੂਰ' ਦੀ ਸਫਲਤਾ 'ਤੇ ਭਾਰਤੀ ਫੌਜ ਨੂੰ ਵਧਾਈ ਦਿੱਤੀ ਹੈ। ਪਹਿਲਗਾਮ ਹਮਲੇ ਦੇ ਜਵਾਬ ਵਿੱਚ, ਭਾਰਤੀ ਫੌਜ ਨੇ ਮੰਗਲਵਾਰ ਅੱਧੀ ਰਾਤ ਨੂੰ ਆਪ੍ਰੇਸ਼ਨ ਸਿੰਧੂਰ ਨੂੰ ਸਫਲਤਾਪੂਰਵਕ ਅੰਜਾਮ ਦੇ ਕੇ ਆਪਣੀ ਬਹਾਦਰੀ ਦਾ ਪ੍ਰਦਰਸ਼ਨ ਕੀਤਾ ਅਤੇ ਪਾਕਿਸਤਾਨ ਵਿੱਚ ਚੱਲ ਰਹੇ ਕਈ ਅਤਿਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ। ਇਸ ਸਫਲਤਾ 'ਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਸੌਰਭ ਭਾਰਦਵਾਜ ਅਤੇ ਆਤਿਸ਼ੀ ਨੇ ਭਾਰਤੀ ਫੌਜ ਅਤੇ ਬਹਾਦਰ ਫੌਜੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੀ ਬਹਾਦਰੀ ਨੂੰ ਸ਼ਰਧਾਂਜਲੀ ਦਿੱਤੀ।



ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ 'ਆਪ੍ਰੇਸ਼ਨ ਸਿੰਧੂਰ' ਦੀ ਸਫਲਤਾ ਲਈ ਭਾਰਤੀ ਫੌਜ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਸਾਨੂੰ ਭਾਰਤੀ ਫੌਜ ਅਤੇ ਸਾਡੇ ਬਹਾਦਰ ਸੈਨਿਕਾਂ 'ਤੇ ਮਾਣ ਹੈ। ਅਤਿਵਾਦ ਵਿਰੁੱਧ ਇਸ ਲੜਾਈ ਵਿੱਚ 140 ਕਰੋੜ ਭਾਰਤੀ ਭਾਰਤੀ ਫੌਜ ਦੇ ਨਾਲ ਖੜ੍ਹੇ ਹਨ। ਭਾਰਤੀ ਫੌਜ ਦੀ ਹਿੰਮਤ ਦੇਸ਼ ਦੇ ਹਰ ਨਾਗਰਿਕ ਦਾ ਵਿਸ਼ਵਾਸ ਹੈ। ਅਸੀਂ ਸਾਰੇ ਇਕੱਠੇ ਹਾਂ। ਅਸੀਂ ਅਤਿਵਾਦ ਵਿਰੁੱਧ ਇੱਕਜੁੱਟ ਹਾਂ।

ਪੰਜਾਬ ਇੰਚਾਰਜ ਮਨੀਸ਼ ਸਿਸੋਧੀਆ ਨੇ ਕਿਹਾ ਕਿ ਭਾਰਤੀ ਫੌਜ ਅਤੇ ਸਾਡੇ ਬਹਾਦਰ ਸੈਨਿਕਾਂ ਨੇ ਇੱਕ ਵਾਰ ਫਿਰ ਸਾਨੂੰ ਮਾਣ ਨਾਲ ਭਰ ਦਿੱਤਾ ਹੈ। ਰਾਜ ਸਭਾ ਮੈਂਬਰ ਸੰਜੈ ਸਿੰਘ ਨੇ ਕਿਹਾ ਕਿ 140 ਕਰੋੜ ਭਾਰਤੀਆਂ ਦੀਆਂ ਸ਼ੁਭਕਾਮਨਾਵਾਂ ਭਾਰਤੀ ਫੌਜ ਦੇ ਨਾਲ ਹਨ। ਦਿੱਲੀ ਪ੍ਰਦੇਸ਼ ਪ੍ਰਧਾਨ ਸੌਰਭ ਭਾਰਦਵਾਜ ਨੇ ਕਿਹਾ ਕਿ ਉਨ੍ਹਾਂ ਨੂੰ ਭਾਰਤੀ ਫੌਜ, ਹਵਾਈ ਫੌਜ ਅਤੇ ਜਲ ਸੈਨਾ 'ਤੇ ਬਹੁਤ ਮਾਣ ਹੈ। ਦਿੱਲੀ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੀ ਨੇਤਾ ਆਤਿਸ਼ੀ ਨੇ ਐਕਸ 'ਤੇ ਕਿਹਾ ਕਿ ਜੈ ਹਿੰਦ ਕੀ ਸੈਨਾ। ਆਪ੍ਰੇਸ਼ਨ ਸਿੰਦੂਰ ਦੀ ਸਫਲਤਾ 'ਤੇ ਭਾਰਤੀ ਫੌਜ ਨੂੰ ਵਧਾਈਆਂ। ਅਤਿਵਾਦ ਵਿਰੁੱਧ ਇਸ ਲੜਾਈ ਵਿੱਚ ਪੂਰਾ ਦੇਸ਼ ਭਾਰਤੀ ਫੌਜ ਦੇ ਨਾਲ ਖੜ੍ਹਾ ਹੈ।

**ਪਿਛਲੇ 70 ਸਾਲ ਤੋਂ ਪਾਕਿਸਤਾਨ ਵਲੋਂ ਕਸ਼ਮੀਰ ਨੂੰ ਲੈਣ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਚਲਾਏ ਜਾ ਰਹੇ ਅੱਤਵਾਦੀ ਅੱਡਿਆਂ ਨੂੰ ਮੋਦੀ ਸਰਕਾਰ ਨੇ ਇਜ਼ਰਾਇਲ ਦੀ ਤਰਜ 'ਤੇ ਗਾਜਾ ਵਾਂਗ ਰਵਲ ਵਿਚ ਬਦਲ ਦਿੱਤਾ। ਜਿਸ ਵਿਚ 100 ਤੋਂ ਵੱਧ ਦਹਿਸ਼ਤਗਰਦ ਮਾਰੇ ਗਏ ਅਤੇ ਪਾਕਿਸਤਾਨ 'ਚ ਭਾਰਤ ਦਾ 'ਸਿੰਦੂਰ ਅਪ੍ਰੇਸ਼ਨ' ਹਾਲੇ ਵੀ ਜਾਰੀ ਹੈ।**


















ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ



ਅਮਰੀਕਾ ਦੀ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ

## ਸੰਤ ਬਾਬਾ ਮਾਨ ਸਿੰਘ ਜੀ (ਪਿਹੋਵਾ ਵਾਲੇ) ਦੀ

# ਸਲਾਨਾ ਦੂਜੀ ਬਰਸੀ

## ਗੁਰਦੁਆਰਾ ਸਾਹਿਬ ਸੱਚਖੰਡ ਈਸ਼ਰ ਦਰਬਾਰ

ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ 16, 17, 18 ਮਈ 2025 ਨੂੰ ਮਨਾਈ ਜਾਵੇਗੀ।

ਅਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ : ਸ਼ੁੱਕਰਵਾਰ 16 ਮਈ ਸਵੇਰੇ 10 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ : ਐਤਵਾਰ 18 ਮਈ ਸਵੇਰੇ 10 ਵਜੇ
ਉਪਰੰਤ ਕਥਾ ਕੀਰਤਨ, ਢਾਡੀ ਵਾਰਾਂ ਹੋਣਗੀਆਂ।
ਆਪ ਸਮੇਤ ਪਰਿਵਾਰ ਗੁਰੂ ਘਰ ਹਾਜ਼ਰੀ ਭਰ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ

ਤਿੰਨ ਦਿਨ ਗੁਰੂ ਕੇ ਲੰਗਰ ਦੀ ਸੇਵਾ ਅਟੁੱਟ ਵਰਤੇਗੀ

ਬੇਨਤੀ ਕਰਤਾ

## ਸੰਤ ਬਾਬਾ ਮੋਹਨ ਸਿੰਘ ਜੀ ਪਿਹੋਵਾ ਵਾਲੇ

ਅਤੇ ਅਮਰੀਕਾ ਦੀ ਸਮੂਹ ਸੰਗਤ

## ਗੁਰਦੁਆਰਾ ਸਾਹਿਬ ਸੱਚਖੰਡ ਈਸ਼ਰ ਦਰਬਾਰ

7616 Rangeview Road, Sacramento,CA 95828
(916) 913-9013



# ਸਵਾਮੀ ਮੋਹਨ ਗਿਰੀ ਜੀ ਦੀ 31ਵੀਂ ਬਰਸੀ ਮਨਾਈ ਗਈ : ਸਵਾਮੀ ਕਮਲੇਸ਼ ਪੁਰੀ







ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਜੇਜੋਂ ਦੋਆਬਾ ਦੇ ਪ੍ਰਾਚੀਨ ਮੰਦਿਰ ਜਵਾਲਾ ਪੁਰੀ ਵਿਖੇ ਡੇਰਾ ਮੁਖੀ ਸਵਾਮੀ ਕਮਲੇਸ਼ ਗਿਰੀ ਜੀ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ, ਸਵਾਮੀ ਮੋਹਨ ਗਿਰੀ ਜੀ ਦੀ 31ਵੀਂ ਬਰਸੀ ਬਹੁਤ ਪਿਆਰ ਅਤੇ ਸ਼ਰਧਾ ਨਾਲ ਮਨਾਈ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੇਰਾ ਮੁਖੀ ਸਵਾਮੀ ਕਮਲੇਸ਼ ਪੁਰੀ ਨੇ ਦੱਸਿਆ ਕਿ ਇਸ ਮੌਕੇ ਪਹਿਲਾਂ ਸਵਾਮੀ ਜੀ ਦੀ ਮੂਰਤੀ ਦੀ ਪੂਜਾ ਕੀਤੀ ਗਈ ਅਤੇ ਹਵਨ ਕੀਤਾ ਗਿਆ, ਜਿਸ ਤੋਂ ਬਾਅਦ ਸਵਾਮੀ ਯਸ਼ ਗਿਰੀ ਜੀ ਸਲੋਹ ਕੁਟੀਆ ਊਨਾ ਵੱਲੋਂ ਸ੍ਰੀ ਸੁੰਦਰ ਕਾਂਡ ਦਾ ਪਾਠ ਕੀਤਾ ਗਿਆ। ਇਸ ਪ੍ਰੋਗਰਾਮ ਦੇ ਯਜਮਾਨ ਦੀਪ ਸ਼ਰਮਾ, ਭਗਤ ਰਾਮ ਸ਼ਰਮਾ, ਭਜਨ ਗਾਇਕ ਜਸਵਿੰਦਰ ਸ਼ਰਮਾ, ਰਾਜੀਵ ਸ਼ਰਮਾ, ਜੋਤੀ ਸ਼ਰਮਾ, ਨੇਹਾ ਸ਼ਰਮਾ, ਨੀਲਮ ਸ਼ਰਮਾ, ਕਰਮਜੀਤ ਕੌਰ, ਐਡੀਸ਼ਨਲ ਸੈਸ਼ਨ ਜੱਜ ਯੂਪੀ ਨੀਰੂ ਸ਼ਰਮਾ, ਆਸ਼ੂਤੋਸ਼ ਸ਼ਰਮਾ, ਜਸਵੰਤ ਸਿੰਘ ਆਦਿ ਇਸ ਮੌਕੇ ਮੌਜੂਦ ਸਨ। ਇਸ ਮੌਕੇ ਭਜਨ ਮੰਡਲੀਆਂ ਦੁਆਰਾ ਭਗਵਾਨ ਦੀ ਮਹਿਮਾ ਦਾ ਗੁਣਗਾਨ ਕੀਤਾ ਗਿਆ ਅਤੇ ਬਾਬਾ ਜੀ ਦਾ ਭੰਡਾਰਾ ਸੰਗਤਾਂ ਨੂੰ ਨਿਰੰਤਰ ਵੰਡਿਆ ਗਿਆ।

## ਸਿਵਲ ਹਸਪਤਾਲ ਮਾਹਿਲਪੁਰ ਵਿਖੇ ਪੇਟ, ਛਾਤੀ ਦੀਆਂ ਰਸੋਲੀਆਂ ਦੇ ਹੋ ਰਹੇ ਨੇ ਸਫਲ ਆਪ੍ਰੇਸ਼ਨ

### ਗਰੀਬ ਲੋਕਾਂ ਲਈ ਮਸੀਹਾਂ ਸਾਬਤ ਹੋ ਰਿਹਾ ਡਾ. ਬਲਜਿੰਦਰ ਕੁਮਾਰ/ਐਸ.ਐਮ.ਓ ਡਾ. ਜਸਵੰਤ ਸਿੰਘ ਥਿੰਦ





ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਸਿਵਲ ਹਸਪਤਾਲ ਮਾਹਿਲਪੁਰ ਵਿਖੇ ਪਿਛਲੇ ਲੰਬੇ ਸਮੇ ਤੋਂ ਬੇਸ਼ੱਕ ਡਾਕਟਰਾਂ ਦੀ ਘਾਟ ਚਲ ਰਹੀ ਪਰ ਪਿਛਲੇ ਤਕਰੀਬਨ ਇੱਕ ਸਾਲ ਤੋਂ ਹਸਪਤਾਲ ਵਿੱਚ ਸੇਵਾ ਨਿਭਾ ਰਹੇ ਡਾ. ਬਲਜਿੰਦਰ ਕੁਮਾਰ ਐਮ.ਐਸ (ਜਨਰਲ ਸਰਜਨ) ਵਲੋਂ ਪੇਟ ਦੀਆਂ ਬਿਮਾਰੀਆਂ ਜਿਵੇਂ ਪੇਟ ਤੇ ਪਿੱਤੇ ਦਾ ਅਪ੍ਰੇਸ਼ਨ, ਬੱਚੇਦਾਨੀ ਦੀ ਰਸੋਲੀ, ਪੇਟ ਦੀਆਂ ਹਰਨੀਆਂ, ਅਪੈਂਡਿਕਸ, ਇੰਜੋਨਾਲ ਹਰਨੀਆਂ, ਲਿੰਗ ਤੇ ਪਤਾਲੂ ਦੇ ਅਪ੍ਰੇਸ਼ਨ, ਗੁਦੂਦਾ ਦੇ ਅਪ੍ਰੇਸ਼ਨ ਜਿਵੇਂ ਬਵਾਸੀਰ, ਭਗੰਦਰ, ਫਿਸਰੀ ਦਾ ਅਪ੍ਰੇਸ਼ਨ, ਹਰ ਹਫ਼ਤੇ ਮੰਗਲਵਾਰ ਤੇ ਸ਼ੁੱਕਰਵਾਰ ਅਪ੍ਰੇਸ਼ਨ ਕਰਕੇ ਗਰੀਬਾਂ ਲਈ ਮਸੀਹਾ ਸਾਬਤ ਹੋ ਰਹੇ ਹਨ। ਐਸ.ਐਮ.ਓ. ਡਾ. ਜਸਵੰਤ ਸਿੰਘ ਥਿੰਦ ਨੇ ਦੱਸਿਆ ਕਿ ਡਾ. ਬਲਜਿੰਦਰ ਕੁਮਾਰ ਵਲੋਂ ਉਹ ਹੁਣ ਤੱਕ 600 ਤੋਂ ਵੱਧ ਛੋਟੇ ਤੇ 113 ਤੇ ਵੱਧ ਵੱਡੇ ਅਪ੍ਰੇਸ਼ਨ ਕੀਤੇ ਹਨ ਜੋ ਕਿ ਕਾਮਯਾਬ ਰਹੇ ਹਨ ਅਤੇ ਮਰੀਜ਼ਾਂ ਨੂੰ ਕਿਸੇ ਵੀ ਤਰਾਂ ਵੀ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪੈ ਰਿਹਾ। ਉਨ੍ਹਾਂ ਦੱਸਿਆ ਕਿ ਸਿਵਲ ਹਸਪਤਾਲ ਵਿੱਚ ਆਪ੍ਰੇਸ਼ਨ ਆਯੁਸ਼ਮਾਨ ਕਾਰਡ ’ਤੇ ਮੁਫ਼ਤ ਕੀਤੇ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਡਾ. ਬਲਜਿੰਦਰ ਕੁਮਾਰ ਦੇ ਕੀਤੇ ਕੰਮਾਂ ਨੂੰ ਦੇਖਦੇ ਹੋਏ ਸਿਹਤ ਵਿਭਾਗ ਚੰਡੀਗੜ੍ਹ ਵਲੋਂ ਫੋਨ ’ਤੇ ਉਸ ਦੀ ਪ੍ਰਸ਼ੰਸਾ ਵੀ ਕੀਤੀ ਜਾ ਚੁੱਕੀ ਹੈ। ਡਾ. ਬਲਜਿੰਦਰ ਨੇ ਦੱਸਿਆ ਕਿ ਵੱਡੇ ਪੱਧਰ ’ਤੇ ਮਰੀਜ਼ਾਂ ਦੀਆਂ ਬਿਮਾਰੀਆਂ ਨੂੰ ਲੈ ਕੇ ਵੀ ਹੁਣ ਨਵੀਆਂ-ਨਵੀਆਂ ਤਕਨੀਕਾ ਨਾਲ ਇਲਾਜ ’ਤੇ ਅਪ੍ਰੇਸ਼ਨ ਕੀਤੇ ਜਾ ਰਹੇ ਹਨ ਜਿਨ੍ਹਾਂ ਨਾਲ ਮਰੀਜ਼ਾਂ ਨਾ ਸਿਰਫ਼ ਉਨ੍ਹਾਂ ਨੂੰ ਆਰਥਿਕ ਤੌਰ ’ਤੇ ਸਹਾਇਤਾ ਮਿਲਦੀ ਹੈ, ਬਲਕਿ ਇਨ੍ਹਾਂ ਤਕਨੀਕਾਂ ਨਾਲ ਮਰੀਜ਼ਾਂ ਦੇ ਇਲਾਜ ’ਚ ਵੀ ਕਾਫ਼ੀ ਸੁਧਾਰ ਹੋਇਆ ਹੈ।



ਥਾਈਲੈਂਡ ਦੇ ਨਾਰਾਥੀਵਾਟ ਵਿੱਚ ਬੱਦਲਾਂ ਦੇ ਚਮਕਦਾਰ ਰੰਗ ਦੀ ਇੱਕ ਸ਼ਾਨਦਾਰ ਉਦਾਹਰਣ ਕੈਦ ਕੀਤੀ ਗਈ। ਇਹ ਰੰਗੀਨ ਵਰਤਾਰਾ ਉਦੋਂ ਵਾਪਰਦਾ ਹੈ ਜਦੋਂ ਬੱਦਲਾਂ ਵਿੱਚ ਛੋਟੇ ਬਰਫ਼ ਦੇ ਕ੍ਰਿਸਟਲ ਸੂਰਜ ਦੀ ਰੌਸ਼ਨੀ ਖਿੰਡਾਉਂਦੇ ਹਨ, ਜਿਸ ਨਾਲ ਅਸਮਾਨ ਵਿੱਚ ਸਤਰੰਗੀ ਪੀਂਘ ਵਰਗੀ ਚਮਕ ਪੈਦਾ ਹੁੰਦੀ ਹੈ।

## सीडरब्रुक यूनिवर्सिटी, अमेरिका द्वारा नई दिल्ली में दीक्षांत समारोह का आयोजन किया गया

### उत्तराखंड के पूर्व मुख्यमंत्री और सांसद तीरथ सिंह रावत विशेष अतिथि के रूप में हुए शामिल



नई दिल्ली, (दलजीत अजनोहा) सीडरब्रुक यूनिवर्सिटी, अमेरिका द्वारा नई दिल्ली में भव्य दीक्षांत समारोह का आयोजन किया गया, जिसमें देशभर से छात्र, शिक्षाविद और गणमान्य अतिथि शामिल हुए। इस अवसर पर उत्तराखंड के पूर्व मुख्यमंत्री और वर्तमान लोकसभा सांसद श्री तीरथ सिंह रावत मुख्य अतिथि के रूप में उपस्थित रहे।

समारोह के दौरान वरिष्ठ पत्रकार दलजीत अजनोहा से विशेष बातचीत में श्री रावत ने सभी डिग्री प्राप्त करने वाले छात्रों को बधाई दी और उनके उज्ज्वल भविष्य की कामना की।

उन्होंने भारत की नई शिक्षा नीति की विशेषताओं पर प्रकाश डालते हुए इसे देश को वैश्विक ज्ञान केंद्र बनाने की दिशा में एक क्रांतिकारी कदम बताया। साथ ही उन्होंने मोदी सरकार की नीतियों की सराहना करते हुए कहा कि यह नीतियाँ युवाओं के समग्र विकास, कौशल वृद्धि और शिक्षा के अंतरराष्ट्रीय मानकों को ध्यान में रखकर बनाई गई हैं।

श्री रावत ने यूनिवर्सिटी और आयोजनकर्ताओं को उनकी सफलता के लिए शुभकामनाएँ दीं और शिक्षा के क्षेत्र में उनके प्रयासों की सराहना की।

समारोह में डिग्रियों का वितरण किया गया और एक सांस्कृतिक कार्यक्रम के माध्यम से शैक्षणिक उपलब्धियों और भारत-अमेरिका शैक्षणिक संबंधों का उत्सव मनाया गया।

## ਮਜ਼ਦੂਰ ਦਿਵਸ ’ਤੇ ਵਿਸ਼ੇਸ਼



ਕਾਹਦਾ ਦਿਵਸ ਮਨਾਉਂਦੇ ਹੋ, ਮਜ਼ਦੂਰ ਤਾਂ ਮਜ਼ਦੂਰੀ ਕਰਦਾ ਰਹਿ ਜਾਂਦਾ, ਮਿੱਟੀ ਨਾਲ ਮਿੱਟੀ ਹੁੰਦਾ, ਫਿਰ ਵੀ ਨਿੱਤ ਦਿਹਾੜੀ ਲੱਭਣੇ ਲਈ ਚੌਕ ’ਚ ਜਾ ਕੇ ਜਿਹੜਾ ਵੀ ਕੰਮ ਕਰਨ ਲਈ ਕੋਈ ਆਖੇ, ਉਸ ਕੰਮ ਲਈ ਚੱਕੀ ਝੌਂ ਲੈਂਦਾ, ਬਹਿ ਜਾਂਦਾ ਚਲਾ ਮਸਾ ਰੋਟੀ ਟੱਬਰ ਦੀ, ਆਪਣੇ ਮੂੰਹ ਦੀ ਬੁਰਕੀ, ਆਪ ਹੀ ਖੋਹ ਲੈਂਦਾ। ਦਿਨ ਰਾਤ ਮੈਂ ਟੁੱਟ ਟੁੱਟ ਕੇ ਮਰਦਾ ਹਾਂ, ਨਿੱਤ ਨਵੀਆਂ ਮੰਜ਼ਲਾਂ ਸਰ ਕਰਦਾ ਹਾਂ। ਕਦੇ ਗੈਸ ਵਾਲੀ ਖੂਹੀ ਵਿਚ ਮਰ ਜਾਣਾ, ਕਦੇ ਪੈਂਡਾ ਤੋਂ ਰਿਗ ਕੇ ਮਰਦਾ ਹਾਂ। ਦਿਨ ਚੜ੍ਹਦੇ ਨੂੰ ਕੂੜਾ ਫੋਲਣ ਲਈ ਪੂਰੇ ਸ਼ਹਿਰ ਦਾ, ਢਿੱਡ ਮੇਰਾ ਮਜ਼ਬੂਰ ਕਰਦਾ ਏ, ਉਸ ਗੰਦਗੀ ਦੇ ਢੇਰਾਂ ਵਿਚੋਂ, ਕੁਝ ਖਾਣ ਤੇ ਕੁਝ ਵੇਚਣ ਲਈ ਵੱਖ-ਵੱਖ ਕਰਦਾ ਏ। ਮੇਰਾ ਬੁੱਢਾ ਬਾਪੂ ਸਬਜ਼ੀ ਦੀ ਰੇਹੜੀ ਲਗਾਉਂਦਾ ਏ, ਨਗਰ ਕੌਂਸਲ ਵਾਲੇ ਵੇਖ ਕੇ ਰੇਹੜੀ ਖੂਬ ਭਜਾਉਂਦਾ ਏ। ਅੱਜ ਸਬਜ਼ੀ ਡਿੱਗ ਕੇ ਗੁਆਚ ਜਾਂਦੀ, ਫਿਰ ਵਿਕਦੀ ਨਹੀਂ ਬਾਕੀ, ਜਦ ਮੁੱਲ ਵਧਾਉਂਦਾ ਏ। ਕੁਲਫ਼ੀ ਵਾਲੀ ਰੇੜੀ ਅਤਿਗਰਮੀ ਵਿਚ ਸਾਰੇ ਸ਼ਹਿਰ (ਘੁੰਮਾਉਂਦਾ ਹਾਂ) ਘੁੰਮਦਾ ਹਾਂ ਲੋਕਾਂ ਨੂੰ ਸੁਆਦੀ ਕੁਲਫ਼ੀਆਂ ਤੇ ਠੰਡ ਵਰਤਾ ਕੇ, ਆਪ ਤਪਿਆ ਪਾਣੀ ਪੀਣ ਲਈ ਟੂਟੀਆਂ ਨੂੰ ਘੁੰਮਾਉਂਦਾ। ਭੱਠੇ ਤੇ ਕੰਮ ਕਰਕੇ ਮਿੱਟੀ ਨਾਲ ਮਿੱਟੀ ਹੋ ਕੇ ਅੱਗ ਮੂਹਰੇ ਖੜ੍ਹਦੇ ਹਾਂ। ਰਾਤ ਉਥੇ ਰਹਿ ਕੇ ਹੰਢ ਭੰਨਵੀ ਕਾਰ ਕਰਕੇ, ਫਿਰ ਵੀ ਭੁੱਖੇ ਹੀ ਮਰਦੇ ਹਾਂ। ਬਾਲ ਮਜ਼ਦੂਰੀ ਵੀ ਹਰ ਸ਼ਹਿਰ ਵਿਚ ਸ਼ਰੇਆਮ ਚਲਦੀ ਏ। ਘਰ ਘਰ ਅੰਦਰ ਪੜ੍ਹਨ ਵਾਲੇ ਬੱਚਿਆਂ ਦੀ ਮਜ਼ਬੂਰੀ ਤੇ ਮਜ਼ਦੂਰੀ ਪਲਦੀ ਏ। ਮਜ਼ਦੂਰ ਜੇ ਇਕੱਠੇ ਹੋ ਕੇ ਕਿਧਰੇ ਰੋਸ ਮੁਜ਼ਾਹਰੇ ਕਰਦੇ ਨੇ, ਪਾਣੀ ਦੀਆਂ ਬੁਛਾੜਾਂ, ਅਥਰੂ ਗੈਸ ਦੇ ਗੋਲੇ ਤੇ ਡਾਂਗਾਂ ਜਰਦੇ ਨੇ। ਸਾਹ ਤੇ ਦਿਲ ਦੇ ਮਰੀਜ਼ ਵੀ ਅਤਿ ਦੀ ਗਰਮੀ ਵਿਚ ਰਿਕਸ਼ਾ ਚਲਾਉਂਦੇ ਨੇ। ਸਾਹੋ ਸਾਹੀ ਹੋਏ ਵਿਚਾਰੇ ਪਤਾ ਨਹੀਂ ਕਿਹੜੇ ਜਿਗਰੇ ਨਾਲ ਭਾਰ ਢੋਂਦੇ ਨੇ। ਕਈ ਵਿਚਾਰੇ ਕਰਜ਼ਾ ਲੈ ਕੇ, ਦੂਜੇ ਦੀ ਜ਼ਮੀਨ ਮਾਮਲੇ ’ਤੇ ਵਾਹੁੰਦੇ ਨੇ, ਮਿੱਟੀ ਨਾਲ ਮਿੱਟੀ ਹੁੰਦੇ, ਆਪਣੇ ਸਿਰ ਹੋਰ ਕਰਜ਼ਾ ਚੜ੍ਹਾਉਂਦੇ ਨੇ, ਦਰਖਤ ਵੱਢਣ ਵਾਲੇ ਮਜ਼ਦੂਰ ਲਾਲ ਝੰਡੀਆਂ ਲਗਾ ਕੇ ਦੂਜਿਆਂ ਨੂੰ ਬਚਾਉਂਦੇ ਨੇ। ਕਿਸਮਤ ਦੇ ਮਾਰੇ ਕਈ ਵਾਰ ਹੋਰਨਾਂ ਨੂੰ ਬਚਾਉਂਦੇ, ਆਪ ਹੀ ਥੱਲੇ ਆਉਂਦੇ ਨੇ। ਭੁੱਖੇ ਤਿਹਾਏ ਡਰਾਇਵਰ ਵਿਚਾਰੇ ਦਿਨ ਰਾਤ ਸੜਕਾਂ ’ਤੇ ਗੱਡੀਆਂ ਚਲਾਉਂਦੇ ਨੇ, ਅਚਾਨਕ ਜਦ ਟੱਕਰ ਹੋ ਜਾਵੇ, ਕਦੇ ਕਾਤਲ ਤੇ ਕਦੇ ਸ਼ਰਾਬੀ ਕਹਾਉਂਦੇ ਨੇ, 39 ਧਾਰਾ ਵਾਲਾ ਕਾਨੂੰਨ ਕਿਤਾਬਾਂ ਦਾ ਸ਼ਿੰਗਾਰ ਬਣਕੇ ਰਹਿ ਗਿਆ, ਗਰੀਬ ਵਿਚਾਰਾ ਬੋਰੀ ਲੈ ਕੇ ਕਚਰਾ ਇਕੱਠਾ ਕਰਦਾ, ਹੋਟਲਾਂ ਤੇ ਘਰਾਂ ਵਿਚ ਭਾਂਡੇ ਧੋਣ ਲਈ ਬਹਿ ਗਿਆ। ਪੂੰਜੀਵਾਦੀਆਂ ਨੇ ਆਰਥਿਕ ਸੰਕਟ ਨੂੰ, ਮਜ਼ਦੂਰਾਂ ਲਈ ਹੋਰ ਗਹਿਰਾ ਕਰ ਦਿੱਤਾ, ਦੇਸ਼ ਦੀ ਕਾਹਦੀ ਤਰੱਕੀ ਹੋਈ, ਆਮ ਜਨਤਾ ਨੂੰ ਦੁੱਖਾਂ ਦੇ ਨਾਲ ਪਰ ਦਿੱਤਾ। ਗਿੱਲ ਜੰਡਾ ਆਖੇ ਆਓ ਸਾਰੇ ਰਲ ਮਿਲ ਕੇ ਮਜ਼ਦੂਰ ਦਿਵਸ ਮਨਾਈਏ। ਮਜ਼ਦੂਰ ਤੇ ਮਿਹਨਤਕਸ਼ ਜਮਾਤਾਂ ਦੀ ਰਾਖੀ ਲਈ ਨਿਰਕੁੰਸ਼ ਸੱਤਾਧਾਰੀਆਂ ਨੂੰ ਸੱਤਾ ਤੋਂ ਬਾਹਰ ਭਜਾਈਏ।

ਮਨਜੀਤ ਕੌਰ ਜੰਡਾ
94653-86379



# ਬੇਕਸੂਰ ਇਨਸਾਨ ਦਾ ਖ਼ੂਨ ਡੁੱਲ ਰਿਹਾ



ਮੇਰੇ ਮਿੱਤਰ ਸ੍ਰ. ਅੰਮ੍ਰਿਤਪਾਲ ਸਿੰਘ (ਜੋ ਕਿ ਪੁਣਛ ਦੇ ਵਸਨੀਕ ਹਨ) ਨਾਲ ਮੇਰੀ 7 ਮਈ 2025 ਨੂੰ ਦੁਪਹਿਰ 12:20 ਤੇ ਗੱਲ ਹੋਈ ਹੈ। ਉਨ੍ਹਾਂ ਦੱਸਿਆ ਕਿ ਗੁ. ਸਿੰਘ ਸਭਾ ਦੇ ਹਜ਼ੂਰੀ ਰਾਗੀ ਭਾਈ ਅਮਰੀਕ ਸਿੰਘ (ਜੋ ਕਿ ਰਿਸ਼ਤੇ ਵਜੋਂ ਉਨ੍ਹਾਂ ਦੇ ਮਾਮਾ ਜੀ ਦੇ ਬੇਟੇ ਹਨ) ਦੀ ਅਪਣੇ ਘਰ ਵਿੱਚ ਹੀ ਬੰਬ ਬਾਰੀ ਦੌਰਾਨ ਮੌਤ ਹੋ ਗਈ ਹੈ। ਦੋਵੇ ਧਿਰਾਂ ਇੱਕ ਦੂਜੇ ਤੇ ਬੰਬ ਸੁੱਟ ਰਹੀਆਂ ਹਨ, ਜਿਸ ਵਿੱਚ ਆਮ ਲੋਕ ਮਾਰੇ ਜਾ ਰਹੇ ਹਨ। ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਗੁ. ਸਾਹਿਬ ਤੇ ਕੋਈ ਹਮਲਾ ਨਹੀਂ ਹੋਇਆ ਪਰ ਕਿਉਂਕਿ ਉਹ ਵੀ ਪਰਿਵਾਰ ਸਮੇਤ ਹੋਰ ਲੋਕਾਂ ਦੀ ਤਰ੍ਹਾਂ ਪੁਣਛ ਤੋਂ ਨਿਕਲਕੇ ਜੰਮੂ ਪਹੁੰਚ ਰਹੇ ਹਨ ਅਤੇ ਪੁਣਛ ਸਿਟੀ ਟਾਰਗੇਟ ਹੋ ਰਹੀ ਹੈ, ਬਹੁਤ ਸਾਰੇ ਘਰਾਂ ਦਾ ਨੁਕਸਾਨ ਹੋ ਰਿਹਾ ਹੈ, ਇਨ੍ਹਾਂ ਘਰਾਂ ਦੀ ਤਰ੍ਹਾਂ ਹੀ ਕਿਸੇ ਗੁ. ਸਾਹਿਬ ਦਾ ਨੁਕਸਾਨ ਵੀ ਹੋ ਸਕਦਾ ਹੈ। ਜਿਨ੍ਹਾਂ ਲੋਕਾਂ ਕੋਲ ਆਪਣੇ ਵਹੀਕਲ ਹਨ, ਉਹ ਤਾਂ ਕੱਲ ਰਾਤ ਤੋਂ ਹੀ ਪੁਣਛ ਵਿੱਚੋਂ ਨਿਕਲਣੇ ਸ਼ੁਰੂ ਗਏ ਸਨ ਪਰ ਜਿਨ੍ਹਾਂ ਕੋਲ ਆਪਣੇ ਸਾਧਨ ਨਹੀਂ ਉਹ ਬਹੁਤ ਮੁਸ਼ਕਿਲ 'ਚ ਹਨ ਕਿਉਂਕਿ ਇਸ ਮਾਹੌਲ 'ਚ ਕਿਰਾਏ 'ਤੇ ਗੱਡੀਆਂ ਵੀ ਨਹੀਂ ਮਿਲ ਰਹੀਆਂ। ਕੁਲ ਮਿਲਾਕੇ ਬੇਕਸੂਰ ਇਨਸਾਨ ਦਾ ਖ਼ੂਨ ਡੁੱਲ ਰਿਹਾ ਹੈ।

ਵਾਹਿਗੁਰੂ ਜੀ ਹੁਕਮਰਾਨਾਂ ਨੂੰ ਸੁਮੱਤ ਬਖਸ਼ੇ।

**ਹਰਜਿੰਦਰ ਸਿੰਘ ਮਾਝੀ**
**(ਦਰਬਾਰ ਏ ਖਾਲਸਾ)**

# ਕੈਨੇਡਾ 'ਚ ਪੰਜਾਬੀ ਟਰੱਕ ਡਰਾਈਵਰ ਲਾਪਤਾ, ਮਾਨਸਾ ਜ਼ਿਲ੍ਹੇ ਨਾਲ ਸੰਬੰਧਿਤ ਹੈ ਨੌਜਵਾਨ



ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸਰੀ ਸ਼ਹਿਰ ਤੋਂ ਇੱਕ ਹੋਰ ਪੰਜਾਬੀ ਨੌਜਵਾਨ ਦੇ ਭੇਦਭਰੀ ਹਾਲਤ 'ਚ ਲਾਪਤਾ ਹੋਣ ਦੀ ਸੂਚਨਾ ਮਿਲੀ ਹੈ। ਪ੍ਰਾਪਤ ਵੇਰਵਿਆਂ ਮੁਤਾਬਿਕ ਮਾਨਸਾ ਜ਼ਿਲ੍ਹੇ ਨਾਲ ਸੰਬੰਧਿਤ ਉਕਤ ਨੌਜਵਾਨ ਦਾ ਨਾਮ ਨਵਦੀਪ ਸਿੰਘ (25) ਦੱਸਿਆ ਜਾ ਰਿਹਾ ਹੈ ਅਤੇ ਉਹ ਟਰੱਕ ਡਰਾਈਵਰ ਹੈ।

ਪਿਛਲੇ ਦਿਨੀ ਉਹ ਸਰੀ ਸਥਿਤ ਆਪਣੇ ਇੱਕ ਜਾਣਕਾਰ ਕੋਲ ਠਹਿਰਿਆ ਸੀ ਅਤੇ ਇਸੇ ਦੌਰਾਨ ਹੀ ਉਸ ਦੇ ਅਚਾਨਕ ਲਾਪਤਾ ਹੋਣ ਬਾਰੇ ਪਤਾ ਲੱਗਾ। ਸਥਾਨਕ ਪੁਲਿਸ ਵੱਲੋਂ ਇਸ ਸਬੰਧੀ ਵੱਖ-ਵੱਖ ਐਂਗਲਾਂ ਤੋਂ ਬਰੀਕੀ ਨਾਲ ਜਾਂਚ ਕਰਦਿਆਂ ਆਮ ਲੋਕਾਂ ਤੋਂ ਸਹਿਯੋਗ ਦੀ ਮੰਗ ਕੀਤੀ ਗਈ ਹੈ।

# ਕੈਨੇਡਾ-ਅਮਰੀਕਾ ਸਬੰਧਾਂ 'ਚ ਖਟਾਸ ਤੋਂ ਬਾਅਦ ਦੋਹੇਂ ਪਾਸਿਓਂ ਆਵਾਜਾਈ ਅੱਧੀ ਹੋਈ



ਵੈਨਕੂਵਰ : ਕੈਨੇਡਾ ਤੇ ਅਮਰੀਕਾ ਦੇ ਸਬੰਧਾਂ ਵਿਚ ਆਈ ਖਟਾਸ ਨੇ ਜਿੱਥੇ ਮੇਡ ਇਨ ਕੈਨੇਡਾ ਦੀ ਸੋਚ ਨੂੰ ਉਭਾਰਿਆ ਹੈ, ਉੱਥੇ ਹੀ ਦੋਹਾਂ ਦੇਸ਼ਾਂ ਦੇ ਵਾਸੀਆਂ ਦੀ ਭਾਈਚਾਰਕ ਸਾਂਝ ਨੂੰ ਵੀ ਪ੍ਰਭਾਵਤ ਕੀਤਾ ਹੈ। ਦੋਹਾਂ ਦੇਸ਼ਾਂ ਦੇ ਆਰ-ਪਾਰ ਦੇ ਲਾਂਘਿਆਂ ਦੇ ਪਿਛਲੇ ਮਹੀਨਿਆਂ ਦੇ ਅੰਕੜਿਆਂ ਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਟੈਕਸ ਕਾਰਨ ਉੱਭਰੀ ਖਟਾਸ ਨੇ ਆਵਾਜਾਈ ਨੂੰ ਅੱਧਾ ਕਰ ਦਿੱਤਾ ਹੈ। ਇਸ ਸਾਲ ਦੇ ਮਾਰਚ ਮਹੀਨੇ 1 ਲੱਖ 21 ਹਜਾਰ ਲੋਕ ਆਰ-ਪਾਰ ਲੰਘੇ, ਜਦੋਂ ਕਿ ਪਿਛਲੇ ਸਾਲ ਇਸੇ ਮਹੀਨੇ ਦਾ ਇਹ ਅੰਕੜਾ 2 ਲੱਖ 16 ਹਜਾਰ ਸੀ।

ਇਸੇ ਤਰਾਂ ਅਪਰੈਲ ਮਹੀਨੇ ਆਵਾਜਾਈ ਦਾ ਅੰਕੜਾ ਇਕ ਲੱਖ ਤੋਂ ਘੱਟ ਰਿਹਾ, ਜਦੋਂ ਕਿ ਪਿਛਲੇ ਸਾਲ ਇਹੀ ਅਵਾਜਾਈ ਦੋ ਲੱਖ ਤੋਂ ਵੱਧ ਲੋਕਾਂ ਦੀ ਸੀ। ਸਰੀ ਦੇ ਨਾਲ ਲੱਗਦਾ ਪੀਸ ਆਰਚ ਸਰਹੱਦੀ ਲਾਂਘਾ, ਜਿੱਥੇ ਕੈਨੇਡਾ ਤੇ ਅਮਰੀਕਾ ਵਾਲੇ ਪਾਸੇ 10-12 ਜਾਂਚ ਗੇਟ ਹਨ, ਜਿਨ੍ਹਾਂ ਵਿਚੋਂ ਚੋਂ ਲਗਭਗ ਦੋ ਹੀ ਖੁੱਲੇ ਰੱਖੇ ਜਾਂਦੇ ਹਨ। ਮੌਕੇ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਸੋਮਵਾਰ ਨੂੰ ਅਮਰੀਕਾ ਦਾਖਲੇ ਵਾਸਤੇ ਸਿਰਫ ਦੋ ਗੇਟ ਖੁੱਲੇ ਹੋਣ ਦੇ ਬਾਵਜੂਦ ਵਾਹਨਾਂ ਦੀ ਉਡੀਕ ਕਤਾਰ ਬਹੁਤੀ ਲੰਮੀ ਨਹੀਂ ਸੀ।

ਉਥੇ ਮੌਜੂਦ ਲੋਕਾਂ ਨੇ ਕਿਹਾ ਕਿ ਅਨਿਸ਼ਚਿਤਤਾ ਵਾਲੇ ਹਾਲਾਤ ਵਿਚ ਸਿਰਫ ਜ਼ਰੂਰੀ ਕੰਮਾਂ ਲਈ ਹੀ ਆਰ-ਪਾਰ ਜਾਇਆ ਜਾਂਦਾ ਹੈ, ਜਦ ਕਿ ਪਹਿਲਾਂ ਸੈਰ ਸਪਾਟੇ ਲਈ ਇੱਧਰ ਉੱਧਰ ਦੇ ਚੱਕਰ ਲੱਗਦੇ ਸ2। ਸਰੀ ਦੇ ਪ੍ਰਦੁੱਮਣ ਸਿੰਘ ਨੇ ਕਿਹਾ ਕਿ ਉਹ 5 ਮਹੀਨੇ ਬਾਅਦ ਆਪਣੀ ਧੀ ਕੋਲ ਕੈਂਟ ਸਿਟੀ ਜਾ ਰਿਹਾ ਹੈ, ਜਦ ਕਿ ਪਹਿਲਾਂ ਹਰੇਕ ਮਹੀਨੇ ਚੱਕਰ ਲੱਗਦਾ ਸੀ। ਰਿਚਮੰਡ ਦੇ ਚੀਨੀ ਮੂਲ ਦੇ ਲਿਆਂਗ ਨੇ ਦੁਖੀ ਮਨ ਨਾਲ ਦੱਸਿਆ ਕਿ ਹੁਣ ਤਾਂ ਅਮਰੀਕਾ ਜਾਣ ਲੱਗਿਆ ਸੋਚਣਾ ਪੈਂਦਾ ਹੈ ਕਿ ਠੀਕ ਠਾਕ ਵਾਪਸ ਪਹੁੰਚਾਂਗੇ ਕਿ ਨਹੀਂ।

# ਕਰੀਬ 54 ਸਾਲ ਬਾਅਦ ਸ੍ਰੀ ਹਰਿਮੰਦਰ ਸਾਹਿਬ ਵਿਖੇ ਰਾਤ ਵੇਲੇ ਬੱਤੀਆਂ ਬੁਝਾਈਆਂ ਗਈਆਂ



ਅੰਮ੍ਰਿਤਸਰ : ਭਾਰਤ ਤੇ ਪਾਕਿਸਤਾਨ ਦਰਮਿਆਨ 1971 ਵਿੱਚ ਹੋਈ ਜੰਗ ਉਪਰੰਤ ਲਗਭਗ 54 ਸਾਲ ਬਾਅਦ ਸ੍ਰੀ ਹਰਿਮੰਦਰ ਸਾਹਿਬ ਵਿਖੇ ਬੀਤੀ ਰਾਤ ਕੈਂਪਸ ਦੀਆਂ ਲਾਈਟਾਂ ਨੂੰ ਬੰਦ ਕੀਤਾ ਗਿਆ ਹੈ। ਭਾਰਤ ਪਾਕਿਸਤਾਨ ਵਿਚਾਲੇ ਬਣੇ ਤਣਾਅ ਵਾਲੇ ਮਾਹੌਲ ਦੌਰਾਨ ਬੀਤੀ ਰਾਤ ਸ਼ਹਿਰ ਵਿੱਚ ਬਲੈਕ ਆਊਟ ਦਾ ਅਭਿਆਸ ਕੀਤਾ ਗਿਆ ਸੀ ਅਤੇ ਇਸ ਦੌਰਾਨ ਸ਼ਹਿਰ ਵਿੱਚ ਸਾਰੀਆਂ ਲਾਈਟਾਂ ਬੰਦ ਕੀਤੀਆਂ ਗਈਆਂ ਸਨ। ਇਸ ਤਹਿਤ ਸ੍ਰੀ ਹਰਿਮੰਦਰ ਸਾਹਿਬ ਕੈਂਪਸ ਵਿੱਚ ਵੀ ਕੁਝ ਸਮੇਂ ਲਈ ਲਾਈਟਾਂ ਨੂੰ ਬੰਦ ਕਰ ਦਿੱਤਾ ਗਿਆ।

ਰਾਤ ਲਗਭਗ 10:30 ਵਜੇ ਤੋਂ 11 ਵਜੇ ਤੱਕ ਲਾਈਟਾਂ ਬੰਦ ਰੱਖ ਕੇ ਬਲੈਕ ਆਊਟ ਦਾ ਅਭਿਆਸ ਕੀਤਾ ਗਿਆ। ਇਸ ਤਹਿਤ ਸ੍ਰੀ ਹਰਿਮੰਦਰ ਸਾਹਿਬ ਵਿੱਚ ਵੀ ਪਰਿਕਰਮਾ ਵਿੱਚ ਅਤੇ ਆਲੇ ਦੁਆਲੇ ਦੀਆਂ ਬੱਤੀਆਂ ਨੂੰ ਬੰਦ ਕਰ ਦਿੱਤਾ ਗਿਆ ਸੀ। ਇਸ ਕਾਰਨ ਗੁਰੂ ਘਰ ਦਾ ਸਮੁੱਚਾ ਖੇਤਰ ਲਗਭਗ ਹਨੇਰੇ ਵਿੱਚ ਡੁੱਬ ਗਿਆ। ਇਸ ਸਬੰਧ ਵਿੱਚ ਗੱਲ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਦਿੱਤੇ ਗਏ ਦਿਸ਼ਾ ਨਿਰਦੇਸ਼ ਦੇ ਮੁਤਾਬਕ ਬੀਤੀ ਰਾਤ ਸ੍ਰੀ ਹਰਿਮੰਦਰ ਸਾਹਿਬ ਕੈਂਪਸ ਵਿੱਚ ਵੀ ਮਿਥੇ ਸਮੇਂ ਵਾਸਤੇ ਲਾਈਟਾਂ ਨੂੰ ਬੰਦ ਕੀਤਾ ਗਿਆ ਸੀ ਅਤੇ ਬਲੈਕ ਆਊਟ ਦੇ ਅਭਿਆਸ ਵਿੱਚ ਸ਼ਮੂਲੀਅਤ ਕੀਤੀ ਗਈ ਸੀ। ਉਹਨਾਂ ਕਿਹਾ ਕਿ ਸੱਚਖੰਡ ਵਿਖੇ ਜਿੱਥੇ ਗੁਰੂ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ ਹੈ, ਵਿਖੇ ਲਾਈਟਾਂ ਨੂੰ ਮੱਧਮ ਕਰ ਦਿੱਤਾ ਗਿਆ ਸੀ। ਜਦੋਂ ਕਿ ਪਰਿਕਰਮਾ ਵਿੱਚ ਲਾਈਟਾਂ ਬੰਦ ਕਰ ਦਿੱਤੀਆਂ ਸਨ।

ਪਰ ਜਿਨ੍ਹਾਂ ਥਾਵਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਚੱਲ ਰਹੇ ਸਨ, ਉਥੇ ਲਾਈਟਾਂ ਨੂੰ ਬੰਦ ਨਹੀਂ ਕੀਤਾ ਗਿਆ। ਉਹਨਾਂ ਕਿਹਾ ਕਿ ਸ੍ਰੀ ਅਖੰਡ ਪਾਠ ਵਧੇਰੇ ਵੱਖ-ਵੱਖ ਥਾਵਾਂ 'ਤੇ ਇਸ ਸਬੰਧੀ ਬਣੇ ਕਮਰਿਆਂ ਵਿੱਚ ਚੱਲ ਰਹੇ ਸਨ, ਜਿਨ੍ਹਾਂ ਦੇ ਦਰਵਾਜ਼ੇ ਆਦਿ ਬੰਦ ਕਰ ਦਿੱਤੇ ਸਨ ਪਰ ਅਖੰਡ ਪਾਠ ਦੀ ਨਿਰੰਤਰਤਾ ਵਾਸਤੇ ਅੰਦਰੂਨੀ ਹਿੱਸੇ ਵਿੱਚ ਲਾਈਟਾਂ ਜਗਦੀਆਂ ਰਹੀਆਂ ਸਨ।

ਇਸੇ ਤਰ੍ਹਾਂ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ ਵਿਖੇ ਵੀ ਰਾਤ ਨੂੰ ਬਲੈਕ ਆਊਟ ਸਮੇਂ ਲਾਈਟਾਂ ਬੰਦ ਰੱਖੀਆਂ ਗਈਆਂ ਹਨ।

ਸ੍ਰੀ ਹਰਿਮੰਦਰ ਸਾਹਿਬ ਕੈਂਪਸ ਵਿੱਚ ਅਜਿਹਾ ਸ਼ਾਇਦ 54 ਸਾਲ ਬਾਅਦ ਹੋਇਆ ਹੈ, ਜਦੋਂ ਕੈਂਪਸ ਦੀਆਂ ਲਾਈਟਾਂ ਨੂੰ ਖੁਦ ਬੰਦ ਕੀਤਾ ਗਿਆ ਹੈ। ਇਸ ਤੋਂ ਪਹਿਲਾਂ 1971 ਦੀ ਜੰਗ ਵੇਲੇ ਲਾਈਟਾਂ ਨੂੰ ਇਸੇ ਤਰ੍ਹਾਂ ਬੰਦ ਕਰਕੇ ਬਲੈਕ ਆਊਟ ਕੀਤਾ ਗਿਆ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਸਕੱਤਰ ਕੁਲਵੰਤ ਸਿੰਘ ਨੇ ਦੱਸਿਆ ਕਿ 1965 ਦੀ ਜੰਗ ਤੇ 1971 ਦੀ ਜੰਗ ਦੋਵੇਂ ਸਮੇਂ ਹੀ ਬਲੈਕ ਆਊਟ ਕੀਤਾ ਜਾਂਦਾ ਸੀ ਅਤੇ ਇਸ ਬਲੈਕ ਆਊਟ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੀਆਂ ਲਾਈਟਾਂ ਨੂੰ ਵੀ ਬੰਦ ਰੱਖਿਆ ਗਿਆ ਸੀ। ਉਹ 1965 ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਮੀਤ ਮੈਨੇਜਰ ਸਨ।

ਉਹਨਾਂ ਦੱਸਿਆ ਕਿ ਉਸ ਵੇਲੇ ਇੱਕ ਵਿਦੇਸ਼ੀ ਇੱਥੇ ਨਤਮਸਤਕ ਹੋਣ ਵਾਸਤੇ ਆਇਆ ਸੀ ਅਤੇ ਉਸਨੇ ਬਲੈਕ ਆਊਟ ਦੇ ਸਮੇਂ ਮੱਥਾ ਟੇਕਿਆ ਸੀ। ਉਸ ਵਿਦੇਸ਼ੀ ਨਾਗਰਿਕ ਦਾ ਕਹਿਣਾ ਸੀ ਕਿ ਰਾਤ ਦੇ ਹਨੇਰੇ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੀ ਆਭਾ ਦਾ ਵੱਖਰਾ ਹੀ ਨਜ਼ਾਰਾ ਸੀ, ਜਿਸ ਨੂੰ ਉਸਨੇ ਮਹਿਸੂਸ ਕੀਤਾ ਅਤੇ ਉਹ ਇਸ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕਰ ਸਕਦਾ ਸੀ।

ਗ਼ੌਰਤਲਬ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਵਿੱਚ ਰਾਤ ਵੇਲੇ ਵਧੇਰੇ ਕਰਕੇ ਕਦੇ ਵੀ ਲਾਈਟਾਂ ਬੰਦ ਨਹੀਂ ਹੋਈਆਂ ਹਨ। ਰਾਤ ਵੇਲੇ ਇੱਥੇ ਲਾਈਟਾਂ ਦੀ ਜਗਮਗ ਦੇ ਕਾਰਨ ਇਸ ਅਸਥਾਨ ਦਾ ਵੱਖਰਾ ਹੀ ਅਲੌਕਿਕ ਨਜ਼ਾਰਾ ਹੁੰਦਾ ਹੈ।

# ਪੰਜਾਬ ਪੁਲਿਸ ਨੇ ਚੇਅਰਮੈਨ ਨੂੰ ਡੈਮ 'ਚ ਦਾਖ਼ਲ ਹੋਣ ਤੋਂ ਰੋਕਿਆ

## ਹਰਿਆਣਾ ਨੂੰ ਕਿਸੇ ਕੀਮਤ 'ਤੇ ਪਾਣੀ ਨਹੀਂ ਦਿੱਤਾ ਜਾਵੇਗਾ: ਭਗਵੰਤ ਮਾਨ





ਨੰਗਲ : ਨੰਗਲ ਵਿਖੇ ਸਥਿਤੀ ਉਸ ਵੇਲੇ ਤਣਾਅਪੂਰਨ ਬਣ ਗਈ ਜਦੋਂ ਬੀਬੀਐੱਮਬੀ ਦੇ ਚੇਅਰਮੈਨ ਹਰਿਆਣਾ ਨੂੰ ਪਾਣੀ ਛੱਡਣ ਨੂੰ ਲੈ ਕੇ ਨੰਗਲ ਡੈਮ ਪਹੁੰਚ ਗਏ। ਇਸ ਦਾ ਪਤਾ ਜਦੋਂ ਕੈਬਨਿਟ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਨੂੰ ਲੱਗਿਆ ਤਾਂ ਉਨ੍ਹਾਂ ਨੇ ਆਪਣੇ ਸਾਥੀਆਂ ਨਾਲ ਬੀਬੀਐੱਮਬੀ ਦੇ ਸਦਨ ਹਾਊਸ ਵਿਖੇ ਪਹੁੰਚ ਕੇ ਚੇਅਰਮੈਨ ਦਾ ਘਿਰਾਓ ਕਰ ਦਿੱਤਾ ਤੇ ਬੀਬੀਐੱਮਬੀ ਅਤੇ ਭਾਜਪਾ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।

ਪਾਣੀ ਛੱਡਣ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੀ ਇਸ ਦੌਰਾਨ ਨੰਗਲ ਪਹੁੰਚ ਗਏ। ਮੁੱਖ ਮੰਤਰੀ ਮਾਨ ਨੇ ਇਥੇ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ ਹਰਿਆਣਾ ਨੂੰ ਕਿਸੇ ਕੀਮਤ 'ਤੇ ਪਾਣੀ ਨਹੀਂ ਦਿੱਤਾ ਜਾਵੇਗਾ। ਪੰਜਾਬ ਸਰਕਾਰ ਹੀ ਨਹੀਂ ਪੂਰਾ ਪੰਜਾਬ ਉਨ੍ਹਾਂ ਦੇ ਨਾਲ ਹੈ। ਇਸ ਮੌਕੇ ਮੁੱਖ ਮੰਤਰੀ ਨਾਲ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਤੇ ਸਮੁਚੀ ਲੀਡਰਸ਼ਿੱਪ ਹਾਜ਼ਰ ਸੀ।

ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਚੇਅਰਮੈਨ ਮਨੋਜ ਤ੍ਰਿਪਾਠੀ ਨੂੰ ਪੰਜਾਬ ਪੁਲਿਸ ਨੇ ਨੰਗਲ ਡੈਮ ਦੇ ਅੰਦਰ ਦਾਖ਼ਲ ਹੋਣ ਤੋਂ ਰੋਕ ਦਿੱਤਾ ਹੈ। ਜਾਣਕਾਰੀ ਮੁਤਾਬਕ ਨੰਗਲ ਡੈਮ ਦੇ ਬਾਹਰ ਪੁਲੀਸ ਵਲੋਂ ਅਧਿਕਾਰੀ ਤੇ ਮੁਲਾਜ਼ਮ ਵੀ ਰੋਕੇ ਗਏ ਹਨ।

ਅੱਜ ਕਰੀਬ 9 ਵਜੇ ਬੀਬੀਐੱਮਬੀ ਦੇ ਚੇਅਰਮੈਨ ਬਹੁਤ ਹੀ ਗੁਪਤ ਤਰੀਕੇ ਨਾਲ ਨੰਗਲ ਡੈਮ ਲਈ ਰਵਾਨਾ ਹੋਏ ਸਨ। ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਰੋਪੜ ਤੋਂ ਸੁਰੱਖਿਆ ਦੀ ਮੰਗ ਕੀਤੀ ਸੀ। ਜਦੋਂ ਚੇਅਰਮੈਨ ਨੰਗਲ ਡੈਮ 'ਤੇ ਪੁੱਜੇ, ਤਾਂ ਪਹਿਲਾਂ ਹੀ ਤਾਇਨਾਤ ਪੁਲੀਸ ਨੇ ਉਨ੍ਹਾਂ ਨੂੰ ਰੋਕ ਦਿੱਤਾ। ਪਤਾ ਲੱਗਿਆ ਹੈ ਕਿ ਚੇਅਰਮੈਨ ਨੇ ਪੁਲੀਸ ਅਧਿਕਾਰੀਆਂ ਨੂੰ ਹਾਈਕੋਰਟ ਵਲੋਂ ਹਾਲ ਹੀ ਵਿੱਚ ਸੁਣਾਏ ਫ਼ੈਸਲੇ ਦਾ ਹਵਾਲਾ ਵੀ ਦਿੱਤਾ। ਪੁਲੀਸ ਨੇ ਡੈਮ ਨੇੜਲੇ ਖੇਤਰ ਨੂੰ ਸੀਲ ਕਰ ਦਿੱਤਾ ਹੈ।

ਦੱਸਣਯੋਗ ਹੈ ਕਿ ਪੰਜਾਬ ਪੁਲੀਸ ਦੀ ਤਾਇਨਾਤੀ ਪਹਿਲਾਂ ਹੀ ਡੈਮ 'ਤੇ ਸੀ । ਹਾਈਕੋਰਟ ਨੇ ਪੰਜਾਬ ਪੁਲੀਸ ਨੂੰ ਡੈਮ ਦੇ ਸੰਚਾਲਨ ਅਤੇ ਰੈਗੂਲੇਸ਼ਨ 'ਚ ਦਖ਼ਲ ਦੇਣ ਤੋਂ ਰੋਕਿਆ ਹੈ, ਪਰ ਅਦਾਲਤ ਨੇ ਡੈਮ ਦੀ ਸੁਰੱਖਿਆ ਲਈ ਪੰਜਾਬ ਪੁਲੀਸ 'ਤੇ ਕੋਈ ਰੋਕ ਨਹੀਂ ਲਗਾਈ। ਵੇਰਵਿਆਂ ਅਨੁਸਾਰ ਬੀਬੀਐਮਬੀ ਦੇ ਚੇਅਰਮੈਨ ਨੇ ਫ਼ੋਨ ਜ਼ਰੀਏ ਉੱਚ ਅਥਾਰਟੀ ਨੂੰ ਜਾਣਕਾਰੀ ਦੇ ਦਿੱਤੀ ਹੈ।

ਤ੍ਰਿਪਾਠੀ ਹਾਈ ਕੋਰਟ ਦੇ ਫ਼ੈਸਲੇ ਮਗਰੋਂ ਹਰਿਆਣਾ ਨੂੰ ਭਾਖੜਾ ਡੈਮ ਤੋਂ ਵਾਧੂ ਪਾਣੀ ਛੱਡਣ ਦੇ ਮਕਸਦ ਨਾਲ ਡੈਮ 'ਤੇ ਪਹੁੰਚੇ ਸਨ। ਉਨ੍ਹਾਂ ਅੱਜ ਸਵੇਰ ਵਕ਼ਤ ਹੀ ਜ਼ਿਲ੍ਹਾ ਪ੍ਰਸ਼ਾਸਨ ਰੋਪੜ ਨੂੰ ਆਪਣੇ ਇਸ ਦੌਰੇ ਤੋਂ ਜਾਣੂੰ ਕਰਵਾਇਆ ਸੀ। ਉਧਰ ਚੇਅਰਮੈਨ ਦੇ ਇਸ ਦੌਰੇ ਦੀ ਭਿਣਕ ਮਿਲਦਿਆਂ ਹੀ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਨੰਗਲ ਡੈਮ 'ਤੇ ਜਾਣ ਦਾ ਪ੍ਰੋਗਰਾਮ ਬਣਾ ਲਿਆ ਸੀ। ਇਸ ਵੇਲੇ ਜਦੋਂ ਕੌਮਾਂਤਰੀ ਪੱਧਰ 'ਤੇ ਤਣਾਅ ਦਾ ਮਾਹੌਲ ਬਣਿਆ ਹੋਇਆ ਹੈ ਤਾਂ ਬੀਬੀਐਮਬੀ ਦੇ ਚੇਅਰਮੈਨ ਨੇ ਨੰਗਲ ਡੈਮ ਦਾ ਦੌਰਾ ਬਣਾ ਕੇ ਪੰਜਾਬ 'ਚ ਮੁੜ ਸਿਆਸੀ ਉਬਾਲ ਦਾ ਮੁੱਢ ਬੰਨ੍ਹ ਦਿੱਤਾ ਹੈ।

## ਅਵਤਾਰ ਪੁਰਬ 'ਤੇ ਵਿਸ਼ੇਸ਼

# ਭਲੇ ਅਮਰਦਾਸ ਗੁਣ ਤੇਰੇ, ਸ੍ਰੀ ਗੁਰੂ ਅਮਰਦਾਸ ਜੀ




ਡਾ. ਚਰਨਜੀਤ ਸਿੰਘ ਗੁਮਟਾਲਾ
001-9375739812

ਸਿੱਖ ਧਰਮ ਦੇ ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ ਦੇ ਬਾਸਰਕੇ ਪਿੰਡ ਵਿੱਚ ਵਸਾਖ ਸੁਦੀ 11, 1536 ਬਿਕਰਮੀ (5 ਮਈ 1479 ਈ.) ਨੂੰ ਭੱਲਾ ਖੱਤਰੀ ਪ੍ਰਵਾਰ ਵਿੱਚ ਹੋਇਆ। ਆਪ ਜੀ ਦੇ ਪਿਤਾ ਦਾ ਨਾਂ ਤੇਜ ਭਾਨ ਅਤੇ ਮਾਤਾ ਦਾ ਨਾਂ ਬਖ਼ਤ ਕੌਰ ਸੀ, ਜਿਸਨੂੰ ਕਈ ਇਤਿਹਾਸਕਾਰ ਵੱਖ ਵੱਖ ਨਾਂ ਦੇਂਦੇ ਹਨ ਜਿਵੇਂ ਲੱਛਮੀ, ਭੂਪ ਕੌਰ ਅਤੇ ਰੂਪ ਕੌਰ। ਆਪ ਜੀ ਦੀ ਸ਼ਾਦੀ 11 ਮਾਘ 1559 ਬਿਕਰਮੀ ਨੂੰ ਸਿਆਲਕੋਟ ਜ਼ਿਲ੍ਹੇ ਦੇ ਪਿੰਡ ਸੰਖਤਰਾ ਦੇ ਇੱਕ ਬਹਿਲ ਖੱਤਰੀ ਦੇਵੀ ਚੰਦ ਦੀ ਧੀ ਮਨਸਾ ਦੇਵੀ ਨਾਲ ਕਰ ਦਿੱਤੀ ਗਈ। ਆਪ ਜੀ ਦੇ ਚਾਰ ਬੱਚੇ-ਦੋ ਪੁੱਤਰ ਮੋਹਰੀ ਜੀ ਅਤੇ ਮੋਹਨ ਜੀ ਅਤੇ ਦੋ ਧੀਆਂ ਦਾਨੀ ਜੀ ਅਤੇ ਭਾਨੀ ਜੀ ਸਨ।

ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਆਪ ਜੀ ਦੇ ਭਤੀਜੇ ਨਾਲ ਵਿਆਹੀ ਹੋਈ ਸੀ। ਬੀਬੀ ਅਮਰੋ ਨੇ ਹੀ ਆਪ ਜੀ ਨੂੰ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿੱਚ ਲਿਆਂਦਾ। ਸੰਪਰਕ ਵਿੱਚ ਆਉਣ ਪਿੱਛੋਂ ਆਪ ਜੀ ਉੱਥੇ ਹੀ ਖਡੂਰ ਸਾਹਿਬ ਰਹਿਣ ਲੱਗ ਪਏ।ਇਹ ਵਾਕਿਆ 1597 ਬਿਕਰਮੀ/1540 ਈ. ਦਾ ਹੈ।

ਰੋਜ਼ਾਨਾ ਬਿਆਸ ਦਰਿਆ ਤੋਂ ਗੁਰੂ ਜੀ ਦੇ ਇਸ਼ਨਾਨ ਲਈ ਤੜਕੇ ਪਾਣੀ ਦੀ ਗਾਗਰ ਭਰ ਕੇ ਲਿਆਉਣਾ, ਸਾਰਾ ਦਿਨ ਭਾਂਡੇ ਮਾਂਜਣੇ, ਪਾਣੀ ਢੋਣਾ ਅਤੇ ਸੰਗਤ ਦੀ ਸੇਵਾ ਕਰਨੀ ਆਪ ਜੀ ਦਾ ਨਿਤਨੇਮ ਬਣ ਗਿਆ।

ਆਪਣੇ ਗੁਰੂ ਉਪਰ ਪੂਰਨ ਸ਼ਰਧਾ ਦੀਆਂ ਕਈ ਸਾਖੀਆਂ ਮਿਲਦੀਆਂ ਹਨ, ਜਿਨ੍ਹਾਂ ਵਿੱਚ ਇੱਕ ਬਹੁਤ ਮਹੱਤਵਪੂਰਨ ਹੈ ਕਿ ਕਿਵੇਂ ਇੱਕ ਝੱਖੜ ਵਾਲੀ ਰਾਤ ਨੂੰ ਤੇਜ਼ ਹਵਾਵਾਂ, ਮੀਂਹ ਅਤੇ ਕੜਕਦੀ ਬਿਜਲੀ ਦੀ ਪ੍ਰਵਾਹ ਨਾ ਕਰਦੇ ਹੋਏ ਆਪ ਜੀ ਨੇ ਗੁਰੂ ਜੀ ਲਈ ਦਰਿਆ ਬਿਆਸ ਤੋਂ ਪਾਣੀ ਲਿਆਂਦਾ। ਖਡੂਰ ਦੇ ਜੁਲਾਹਿਆਂ ਦੀ ਖੱਡੀ ਵਿੱਚ ਆਪ ਠੇਡਾ ਖਾ ਕੇ ਡਿੱਗ ਪਏ, ਪਰ ਆਪਣੇ ਸਿਰ 'ਤੇ ਚੁੱਕੀ ਗਾਗਰ ਦਾ ਪਾਣੀ ਇਨ੍ਹਾਂ ਨੇ ਡੁੱਲਣ ਨਾ ਦਿੱਤਾ। ਖੜਾਕ ਸੁਣ ਲੇ ਜੁਲਾਹੇ ਨੇ ਆਪਣੀ ਵਹੁੱਟੀ ਨੂੰ ਪੁੱਛਿਆ ਕਿ ਖੜਾਕ ਹੋਇਆ ਹੈ, ਅੱਗੋਂ ਜੁਲਾਹੀ ਨੇ ਆਖਿਆ ਕਿ ਇਹ ਉਹੋ 'ਅਮਰੂ ਨਿਥਾਵਾ' ਹੋਵੇਗਾ, ਜੋ ਰਾਤ ਵੀ ਚੈਨ ਨਹੀਂ ਲੈਂਦਾ। ਇਹ ਗੱਲ ਸੰਨ 1552 ਦੀ ਹੈ ਜਦ ਆਪ ਜੀ ਦੀ ਉਮਰ 73 ਸਾਲ ਦੀ ਸੀ। ਜਦ ਗੁਰੂ ਅੰਗਦ ਦੇਵ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਆਪ ਦੀ ਸਰਾਹਨਾ ਕੀਤੀ ਅਤੇ ਆਪ ਨੂੰ 'ਨਿਥਾਵਿਆਂ ਦਾ ਥਾਂ', 'ਨਿਮਾਣਿਆਂ ਦਾ ਮਾਣ', 'ਨਿਤਾਣਿਆ ਦਾ ਤਾਣ', 'ਨਿਆਸਰਿਆਂ ਦਾ ਆਸਰਾ', 'ਨਿਉਟਿਆਂ ਦੀ ਓਟ', 'ਨਿਧਰਿਆ ਦੀ ਧਿਰ', 'ਨਿਗਤਿਆਂ ਦੀ ਗਤ' ਕਿਹਾ।

ਇਸ ਘਟਨਾ ਨੇ ਗੁਰੂ ਅੰਗਦ ਦੇਵ ਜੀ ਦੇ ਜਾਨਸ਼ੀਨ ਦੀ ਚੋਣ ਕਰਨ ਦੇ ਮਸਲੇ ਨੂੰ ਹੱਲ ਕਰ ਦਿੱਤਾ। ਗੁਰੂ ਅੰਗਦ ਦੇਵ ਜੀ ਨੇ ਪ੍ਰਚਲਿਤ ਮਰਯਾਦਾ ਅਨੁਸਾਰ ਨਾਰੀਅਲ ਅਤੇ ਪੰਜ ਪੈਸੇ ਅਮਰਦਾਸ ਜੀ ਅੱਗੇ ਰੱਖਕੇ ਮੱਥਾ ਟੇਕਿਆ। ਗੁਰੂ ਗੱਦੀ ਉੱਤੇ ਬਿਰਾਜਮਾਨ ਕਰਨ ਲਈ ਗੁਰਗੱਦੀ ਦਾ ਟਿੱਕਾ ਸਤਿਕਾਰਯੋਗ ਭਾਈ ਬੁੱਢਾ ਜੀ ਨੇ ਲਗਾਇਆ। ਛੇਤੀ ਹੀ ਪਿੱਛੋਂ 1609 ਬਿਕਰਮੀ ਸਾਲ ਦੇ ਚੇਤ ਦੇ ਪਹਿਲੇ ਚਾਨਣੇ ਪੱਖ ਦੇ ਚੌਥੇ ਦਿਨ (29 ਮਾਰਚ 1552 ਈ.) ਨੂੰ ਗੁਰੂ ਅੰਗਦ ਦੇਵ ਜੀ ਜੋਤੀ ਜੋਤ ਸਮਾ ਗਏ।

ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਨੂੰ ਆਪਣਾ ਮੁੱਖ ਕੇਂਦਰ ਬਣਾਇਆ ਤੇ ਇੱਥੇ ਹੀ ਰਹਿ ਕੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪ੍ਰਚਾਰ ਕੀਤਾ। ਆਪ ਜੀ ਨੇ ਧਰਮ ਪ੍ਰਚਾਰ ਲਈ ਇੱਕ ਦ੍ਰਿੜ ਮੰਜੀ ਪ੍ਰਣਾਲੀ ਸ਼ੁਰੂ ਕੀਤੀ ਅਤੇ ਭਾਰਤ ਦੇ ਵੱਖ-ਵੱਖ ਭਾਗਾਂ ਵਿੱਚ ਪ੍ਰਚਾਰ ਕਰਨ ਲਈ 22 ਮੰਜੀਆਂ ਸਥਾਪਿਤ ਕੀਤੀਆਂ ਭਾਵ ਕਿ ਪ੍ਰਚਾਰ ਕੇਂਦਰ ਕਾਇਮ ਕੀਤੇ। ਹਰ ਮੰਜੀ ਇੱਕ ਗੁਰਮੁਖ ਸਿੱਖ ਦੇ ਅਧੀਨ ਸੀ ਜੋ ਕਿ ਪ੍ਰਚਾਰ ਕਰਨ ਤੋਂ ਇਲਾਵਾ ਆਪਣੇ ਅਧਿਕਾਰ ਖੇਤਰ ਵਿੱਚ ਸੰਗਤ ਦੀ ਸੇਵਾ ਸੰਭਾਲ ਕਰਦਾ ਸੀ ਅਤੇ ਸਿੱਖਾਂ ਦੀਆਂ ਭੇਟਾਵਾਂ ਗੋਇੰਦਵਾਲ ਭੇਜਦਾ ਸੀ। ਹੇਠ ਲਿਖੇ ਗੁਰਸਿੱਖਾਂ ਨੂੰ ਮੰਜੀਆਂ (ਉਪਦੇਸ਼ਕ-ਗੱਦੀਆਂ) ਬਖ਼ਸ਼ੀਆਂ ਗਈਆਂ ਸਨ : 1. ਅੱਲਾਯਾਰ ਪਠਾਣ ਸੌਦਾਗਰ, 2. ਸੱਚਨ ਸੱਚ ਪਿੰਡ ਮੰਦਰ ਤਸੀਲ ਸ਼ਕਰਪੁਰ, 3. ਸਾਧਾਰਨ ਗੋਇੰਦਵਾਲ, 4. ਸਾਵਣ ਮਲ ਗੋਇੰਦਵਾਲ, 5. ਸੁੱਖਣ ਧਮਿਆਲ, 6. ਹੰਦਾਲ ਜੰਡਿਆਲਾ, 7. ਕੇਦਾਰੀ ਬਟਾਲਾ, 8. ਖੇਡਾਂ ਖੇਮਕਰਨ, 9. ਗੰਗੂਸ਼ਾਹਗੜ੍ਹ ਸ਼ੰਕਰ, 10. ਦਰਬਾਰੀ ਮਜੀਠਾ, 11. ਪਾਰੋ ਡੱਲਾ, 12. ਫੇਰਾ ਮੀਰਪੁਰ, 13. ਬੂਆ ਹਰਿਗੋਬਿੰਦਪੁਰ ਇਸਦੀ ਸੰਤਾਨ, 14. ਬੇਣੀ ਚੂਹਨੀਆਂ, 15. ਮਹੇਸ਼ਾ ਸੁਲਤਾਨਪੁਰ, 16. ਮਾਈਦਾਸ ਨਰੋਲੀ (ਮਾਝਾ), 17. ਮਾਣਕ ਚੰਦ ਵੈਰੋਵਾਲ, 18. ਮੁਰਾਰੀ ਖਾਈ (ਲਾਹੌਰ), 19. ਰਾਜਾ ਰਾਮ ਸੰਧਮਾ (ਜਲੰਧਰ) ਇਸ ਦੀ ਸੰਤਾਨ, 20. ਰੰਗ ਸ਼ਾਹ ਮੱਲੂ ਪੋਤਾ (ਜਲੰਧਰ), 21. ਰੰਗ ਦਾਸ ਘੜੂਆਂ (ਅੰਬਾਲਾ), 22. ਲਾਲੋ ਡੱਲਾ।

ਆਪ ਜੀ ਨੇ ਵੈਸਾਖ ਅਤੇ ਮਾਘ ਦੇ ਪਹਿਲੇ ਦਿਨ ਅਤੇ ਦੀਵਾਲੀ, ਗੋਇੰਦਵਾਲ ਵਿਖੇ ਸਿੱਖਾਂ ਦੇ ਇਕੱਠੇ ਹੋਣ ਲਈ ਨੀਯਤ ਕਰ ਦਿੱਤੇ। ਪਾਣੀ ਦੀ ਤੰਗੀ ਨੂੰ ਦੂਰ ਕਰਨ ਲਈ ਇੱਕ ਬਉਲੀ ਬਣਾਈ। ਲੰਗਰ ਦੀ ਪ੍ਰਥਾ ਪਹਿਲਾਂ ਹੀ ਸੀ। ਇਸ ਨੂੰ ਹੋਰ ਵੱਡੇ ਪੈਮਾਨੇ 'ਤੇ ਸ਼ੁਰੂ ਕੀਤਾ ਗਿਆ। ਇਸ ਤੋਂ ਇਨ੍ਹਾਂ ਦਾ ਭਾਵ ਜਾਤ ਪਾਤ ਅਤੇ ਅਹੁਦੇ ਦੀ ਭਾਵਨਾ ਨੂੰ ਘਟਾਉਣਾ ਸੀ। ਇੱਕ ਵਾਰੀ ਅਕਬਰ ਬਾਦਸ਼ਾਹ ਗੋਇੰਦਵਾਲ ਆਇਆ ਤਾਂ ਉਸ ਨੇ ਵੀ ਲੰਗਰ ਵਿੱਚ ਬੈਠ ਕੇ ਪ੍ਰਸ਼ਾਦਾ ਛੱਕਿਆ। ਆਪ ਰੁੱਖੀ ਮਿੱਸੀ ਰੋਟੀ ਖਾਂਦੇ ਸਨ। ਜੋ ਕੁਝ ਦਿਨ ਵੇਲੇ ਲੰਗਰ ਵਿੱਚ ਆਉਂਦਾ ਸੀ ਰਾਤ ਤੱਕ ਵਰਤ ਜਾਂਦਾ ਸੀ।

ਗੁਰੂ ਜੀ ਨੇ ਉਸ ਸਮੇਂ ਹਿੰਦੂ ਧਰਮ ਵਿੱਚ ਫੈਲੀਆਂ ਕੁਰੀਤੀਆਂ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਉਸ ਸਮੇਂ ਸਤੀ ਦੀ ਰਸਮ ਸੀ, ਜਿਸ ਵਿੱਚ ਪਤੀ ਦੇ ਮਰਨ 'ਤੇ ਵਿਧਵਾ ਨੂੰ ਪਤੀ ਦੀ ਚਿੱਖਾ 'ਤੇ ਸੜਨਾ ਪੈਂਦਾ ਸੀ। ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਬਾਦਸ਼ਾਹ ਅਕਬਰ ਪਾਸ ਭੇਜਿਆ ਕਿ ਉਹ ਇਸ ਰਸਮ ਨੂੰ ਰੋਕਣ ਲਈ ਸ਼ਾਹੀ ਤਾਕਤ ਵਰਤਣ। ਗੁਰੂ ਅਮਰਦਾਸ ਜੀ ਨੇ ਸਿੱਖਾਂ ਵਿੱਚ ਪਰਦੇ ਦੀ ਰਸਮ ਤੋਂ ਵੀ ਵਰਜਿਆ।

ਗੁਰੂ ਅਮਰਦਾਸ ਜੀ ਨੇ ਹਿੰਦੂਆਂ ਪਾਸੋਂ ਤੀਰਥ ਯਾਤਰਾ 'ਤੇ ਲਿਆ ਜਾਂਦਾ ਕਰ ਵੀ ਬੰਦ ਕਰਵਾਇਆ। ਗੁਰੂ ਜੀ ਕੁਰੀਤੀਆਂ ਨੂੰ ਦੂਰ ਕਰਾਉਣ ਲਈ ਵੱਖ ਵੱਖ ਤੀਰਥ ਅਸਥਾਨਾਂ 'ਤੇ ਗਏ। ਕਰ ਤੋਂ ਛੋਟ ਮਿਲਣ ਕਰਕੇ ਅਨੇਕਾਂ ਹਿੰਦੂ ਵੀ ਉਨ੍ਹਾਂ ਦੇ ਨਾਲ ਤੀਰਥ ਯਾਤਰਾ ਨੂੰ ਗਏ। ਉਨ੍ਹਾਂ ਨਾਲ ਗੁਰੂ ਰਾਮਦਾਸ ਜੀ ਤੇ ਹੋਰ ਮੁੱਖੀ ਸਿੱਖ ਵੀ ਗਏ। ਉਹ ਪਹਿਲਾਂ ਕੁਰੂਕਸ਼ੇਤਰ, ਫਿਰ ਯਮੁਨਾ ਅਤੇ ਫਿਰ ਹਰਿਦੁਆਰ ਗਏ। ਗੁਰੂ ਨਾਨਕ ਜੀ ਵਾਂਗ ਆਪ ਦਾ ਮਕਸਦ ਵੀ ਕੁਰਾਹੇ ਪਈ ਜਨਤਾ ਨੂੰ ਸਿੱਧੇ ਰਾਹ ਲਿਆਉਣਾ ਸੀ।

ਗੁਰੂ ਜੀ ਨੇ ਜਾਤ ਪਾਤ ਦਾ ਭਰਮ ਮਿਟਾਕੇ ਭਰੇ ਦਰਬਾਰ ਵਿੱਚ ਕਈ ਅੰਤਰ-ਜਾਤੀ ਵਿਆਹ ਕੀਤੇ। ਭਾਈ ਸ਼ੀਂਹੇ ਦੀ ਲੜਕੀ ਇੱਕ ਗਰੀਬ ਸਿੱਖ 'ਪ੍ਰੇਮੇ' ਨਾਲ ਵਿਆਹੀ। ਇੱਕ ਰਾਜਪੂਤ ਲੜਕੇ ਦੀ ਸ਼ਾਦੀ 'ਸੱਚਨ ਸੱਚ' ਨਾਮੀ ਲਕੜਹਾਰੇ ਨਾਲ ਕੀਤੀ। ਗੁਰੂ ਸਾਹਿਬ ਨੇ ਵੀ ਆਪਣੀ ਲੜਕੀ ਬੀਬੀ ਭਾਨੀ ਦੀ ਸ਼ਾਦੀ ਲਈ ਇੱਕ ਘੁੰਗਣੀਆਂ ਵੇਚਣ ਵਾਲੇ ਕਿਰਤੀ ਗੱਭਰੂ ਭਾਈ ਜੇਠੇ ਨਾਲ ਕੀਤੀ।

ਮਾਝੇ ਵਿੱਚ ਗੁਰੂ ਅਮਰਦਾਸ ਜੀ ਨੇ ਸਿੱਖਾਂ ਦੇ ਕੇਂਦਰ ਲਈ ਅੰਮ੍ਰਿਤਸਰ ਵਾਲੀ ਜਗ੍ਹਾ ਚੁਣੀ। ਚਹੁੰ ਪਿੰਡਾਂ ਗੁਮਟਾਲਾ, ਤੁੰਗ, ਸੁਲਤਾਨਵਿੰਡ ਤੇ ਗਿਲਵਾਲੀ ਦੇ ਪੈਂਚ ਸਦਵਾ ਲਏ ਅਤੇ ਉਨ੍ਹਾਂ ਸਾਹਮਣੇ ਮੋੜੀ ਗਡਵਾ ਕੇ ਪਿੰਡ ਦਾ ਨਾਮ ਗੁਰੂ-ਚੱਕ ਰੱਖ ਦਿੱਤਾ। ਇਹ ਸਮ੍ਹਾਂ ਹਾੜ ਸੰਮਤ 1627 (ਜੂਨ ਸੰਨ 1570) ਦਾ ਹੈ। ਇਸ ਨੂੰ ਵਸਾਉਣ ਦਾ ਕੰਮ ਆਪ ਜੀ ਨੇ (ਗੁਰੂ) ਰਾਮਦਾਸ ਜੀ ਦੀ ਨਿਗਰਾਨੀ ਵਿੱਚ ਕਰਵਾਇਆ।

ਆਪ ਜੀ ਨੇ ਪਹਿਲੇ ਗੁਰੂਆਂ ਦੀ ਤਰ੍ਹਾਂ ਪੰਜਾਬੀ ਵਿੱਚ ਬਾਣੀ ਰਚੀ। ਗਿਣਤੀ ਪੱਖੋਂ ਗੁਰਬਾਣੀ ਰਚਨਾ ਵਿੱਚ ਪਹਿਲਾ ਸਥਾਨ ਗੁਰੂ ਨਾਨਕ ਦੇਵ ਜੀ ਦਾ ਤੇ ਦੂਜਾ ਸਥਾਨ ਗੁਰੂ ਅਰਜਨ ਦੇਵ ਜੀ ਦਾ ਹੈ। ਆਪ ਜੀ ਦਾ ਸਥਾਨ ਤੀਸਰਾ ਹੈ। ਆਪ ਜੀ ਨੇ ਸਤਾਰਾਂ ਰਾਗਾਂ ਵਿੱਚ ਬਾਣੀ ਰਚੀ ਜਿਨ੍ਹਾਂ ਦੇ ਨਾਂ ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ ਅਤੇ ਪ੍ਰਭਾਤੀ। ਸਭ ਤੋਂ ਪ੍ਰਸਿੱਧ ਇਨ੍ਹਾਂ ਦੀ ਬਾਣੀ ਅਨੰਦ ਸਾਹਿਬ ਹੈ। ਕਾਵਿ ਰੂਪਾਂ ਵਿੱਚੋਂ ਆਪ ਜੀ ਨੇ ਪਦੇ, ਛੰਤ, ਅਸ਼ਪਦੀਆਂ, ਸਲੋਕ ਅਤੇ ਵਾਰਾਂ ਦੇ ਰੂਪ ਵਰਤੇ ਹਨ।

ਗੁਰੂ ਜੀ ਨੇ ਆਪਣਾ ਸਰੀਰਕ ਅੰਤ ਨੇੜੇ ਆਇਆ ਜਾਣ ਕੇ ਆਪਣੇ ਸਾਰੇ ਪਰਿਵਾਰ ਨੂੰ ਸੱਦਿਆ ਤੇ ਆਦੇਸ਼ ਦਿੱਤਾ ਕਿ ਕੋਈ ਵੀ ਉਨ੍ਹਾਂ ਦੇ ਅਕਾਲ ਚਲਾਣੇ 'ਤੇ ਨਾ ਹੀ ਅਫ਼ਸੋਸ ਕਰੇ ਅਤੇ ਨਾ ਹੀ ਰੋਏ ਕੁਰਲਾਏ। ਸਗੋਂ ਗੁਰੂ ਦੀ ਬਾਣੀ ਦਾ ਪਾਠ ਕਰਕੇ ਵਾਹਿਗੁਰੂ ਦਾ ਨਾਮ ਜਪੇ। ਗੁਰੂ ਜੀ ਦੀ ਇਹ ਅੰਤਮ ਸਿੱਖਿਆ ਉਨ੍ਹਾਂ ਦੇ ਪੜਪੋਤਰੇ ਬਾਬਾ ਸੁੰਦਰ ਜੀ ਨੇ 6 ਪੌੜੀਆਂ ਦੀ ਇੱਕ ਨਿੱਕੀ ਜਿਹੀ ਬਾਣੀ ਦੇ ਰੂਪ ਵਿੱਚ ਲਿਖੀ ਹੈ ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਰਾਮਕਲੀ ਰਾਗ ਵਿੱਚ 'ਸੱਦ' ਸਿਰਲੇਖ ਹੇਠ ਦਰਜ ਕੀਤਾ ਹੈ।

ਆਪ ਜੀ ਨੇ ਆਪਣੇ ਪੂਰਬਲੇ ਗੁਰੂ ਸਾਹਿਬਾਨ ਅਤੇ ਕੁਝ ਭਗਤਾਂ ਦੀਆਂ ਰਚਨਾਵਾਂ ਇਕੱਤਰ ਕੀਤੀਆਂ ਤੇ ਇਨ੍ਹਾਂ ਨੂੰ ਪੋਥੀਆਂ ਦੇ ਰੂਪ ਵਿੱਚ ਇਕੱਠਾ ਕੀਤਾ। ਇਨ੍ਹਾਂ ਪੋਥੀਆਂ ਵਿੱਚੋਂ ਦੋ ਅੱਜ ਵੀ ਉਨ੍ਹਾਂ ਦੇ ਵਾਰਸਾਂ ਕੋਲ ਹਨ। ਇਹ ਕਾਰਜ (ਗੁਰੂ) ਗ੍ਰੰਥ ਸਾਹਿਬ ਦੇ ਵਿਧੀ ਪੂਰਬਕ ਸੰਕਲਨ ਵੱਲ ਚੁਕਿਆ ਇੱਕ ਮਹੱਤਵਪੂਰਨ ਕਦਮ ਸੀ।

ਆਪ 95 ਸਾਲ ਦੀ ਉਮਰ ਪੂਰੀ ਕਰਨ ਪਿੱਛੋਂ ਆਪਣੇ ਜੁਆਈ ਜੇਠਾ ਜੀ ਨੂੰ ਗੁਰਗੱਦੀ ਸੌਂਪ ਕੇ ਭਾਦੋਂ ਸੁਦੀ 15, 1631 ਬਿਕਰਮੀ (1 ਸਤੰਬਰ 1574 ਈ.) ਜੋਤੀ ਜੋਤ ਸਮਾ ਗਏ। ਭਾਈ ਜੇਠਾ ਜੀ ਸਿੱਖਾਂ ਦੇ ਚੌਥੇ ਗੁਰੂ, ਗੁਰੂ ਰਾਮਦਾਸ ਜੀ ਬਣੇ।

# ਅੰਮ੍ਰਿਤਸਰ ਕੌਮਾਂਤਰੀ ਹਵਾਈ ਅੱਡੇ 'ਤੇ ਉਡਾਣਾਂ ਰੱਦ, ਕੁਝ ਡਾਈਵਰਟ



ਅੰਮ੍ਰਿਤਸਰ : ਸਰਕਾਰ ਵੱਲੋਂ ਪਾਕਿਸਤਾਨ ਤੇ ਮਕਬੂਜ਼ਾ ਕਸ਼ਮੀਰ ਵਿਚ ਦਹਿਸ਼ਤੀ ਟਿਕਾਣਿਆਂ ਖਿਲਾਫ਼ ਕੀਤੇ 'ਅਪਰੇਸ਼ਨ ਸਿੰਦੂਰ' ਮਗਰੋਂ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮ ਦਾਸ ਜੀ ਕੌਮਾਂਤਰੀ ਹਵਾਈ ਅੱਡੇ 'ਤੇ ਕੁਝ ਉਡਾਣਾਂ ਰੱਦ ਜਦੋਂਕਿ ਕੁਝ ਨੂੰ ਹੋਰਨਾਂ ਥਾਵਾਂ 'ਤੇ ਡਾਇਵਰਟ ਕਰ ਦਿੱਤਾ ਗਿਆ ਹੈ। ਅੰਮ੍ਰਿਤਸਰ ਦਾ ਹਵਾਈ ਅੱਡਾ ਭਾਰਤ ਪਾਕਿ ਸਰਹੱਦ ਤੋਂ ਮਹਿਜ਼ 20 ਕਿਲੋਮੀਟਰ ਦੀ ਦੂਰੀ 'ਤੇ ਹੈ।

ਦੋਹਾ ਤੋਂ ਅੰਮ੍ਰਿਤਸਰ ਜਾ ਰਹੀ ਕਤਰ ਏਅਰਵੇਜ਼ ਦੀ ਉਡਾਣ ਨੂੰ ਪਾਕਿਸਤਾਨੀ ਹਵਾਈ ਖੇਤਰ ਦੀ ਪਹੁੰਚ ਤੋਂ ਇਨਕਾਰ ਕਰਨ ਤੋਂ ਬਾਅਦ ਹਵਾ ਵਿਚ ਹੀ ਡਾਇਵਰਟ ਕਰਦਿਆਂ ਓਮਾਨ ਦੇ ਮਸਕਟ ਹਵਾਈ ਅੱਡੇ ਵੱਲ ਮੋੜ ਦਿੱਤਾ ਗਿਆ। ਉਡਾਣ ਅਸਲ ਵਿੱਚ ਸਵੇਰੇ 2:10 ਵਜੇ ਅੰਮ੍ਰਿਤਸਰ ਵਿੱਚ ਉਤਰਨੀ ਸੀ। ਇਸ ਤੋਂ ਇਲਾਵਾ, ਸ਼ਾਰਜਾਹ ਤੋਂ ਅੰਮ੍ਰਿਤਸਰ ਪਹੁੰਚਣ ਵਾਲੀ ਸਪਾਈਸਜੈੱਟ ਦੀ ਇੱਕ ਉਡਾਣ ਵੀ ਰੱਦ ਕਰ ਦਿੱਤੀ ਗਈ ਹੈ। ਯਾਤਰੀਆਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਹਵਾਈ ਅੱਡੇ 'ਤੇ ਜਾਣ ਤੋਂ ਪਹਿਲਾਂ ਸਬੰਧਤ ਏਅਰਲਾਈਨਾਂ ਤੋਂ ਆਪਣੀਆਂ ਉਡਾਣਾਂ ਦੀ ਸਥਿਤੀ ਦੀ ਜਾਂਚ ਕਰਨ।

# ਸ੍ਰੀਨਗਰ ਸਮੇਤ ਉਤਰੀ ਭਾਰਤ ਦੇ ਕਈ ਹਵਾਈ ਅੱਡੇ ਬੰਦ, ਉਡਾਣਾਂ ਰੱਦ

ਸ੍ਰੀਨਗਰ : ਭਾਰਤੀ ਫੌਜ ਵੱਲੋਂ ਅੱਜ ਵੱਡੇ ਤੜਕੇ ਪਾਕਿਸਤਾਨ ਤੇ ਮਕਬੂਜ਼ਾ ਕਸ਼ਮੀਰ 'ਤੇ ਕੀਤੇ ਹਵਾਈ ਹਮਲਿਆਂ ਮਗਰੋਂ ਅਥਾਰਿਟੀਜ਼ ਨੇ ਸ੍ਰੀਨਗਰ ਸਣੇ ਉੱਤਰੀ ਭਾਰਤ ਦੇ ਕਈ ਹਵਾਈ ਅੱਡਿਆਂ ਨੂੰ ਬੰਦ ਕਰ ਦਿੱਤਾ ਹੈ।

ਸ੍ਰੀਨਗਰ ਏਅਰਪੋਰਟ ਅਥਾਰਿਟੀਜ਼ ਨੇ ਇਕ ਬਿਆਨ ਵਿਚ ਕਿਹਾ ਕਿ ਹਵਾਈ ਅੱਡੇ ਨੂੰ ਬੰਦ ਕਰ ਦਿੱਤਾ ਗਿਆ ਹੈ ਤੇ ਸ੍ਰੀਨਗਰ ਹਵਾਈ ਅੱਡੇ ਤੋਂ ਕੋਈ ਵੀ ਗੈਰਫੌਜੀ ਉਡਾਣ ਨਹੀਂ ਚੱਲੇਗੀ। ਇਸ ਦੌਰਾਨ ਕਈ ਏਅਰਲਾਈਨਾਂ ਨੇ ਵੀ ਯਾਤਰਾ ਐਡਵਾਈਜ਼ਰੀ ਜਾਰੀ ਕੀਤੀ ਹੈ।

ਏਅਰ ਇੰਡੀਆ ਨੇ ਕਿਹਾ ਕਿ ਮੌਜੂਦਾ ਸਥਿਤੀ ਦੇ ਮੱਦੇਨਜ਼ਰ ਹੋਰ ਅਪਡੇਟ ਆਉਣ ਤੱਕ ਉਸ ਨੇ 7 ਮਈ ਨੂੰ ਦੁਪਹਿਰ 12 ਵਜੇ ਤੱਕ ਜੰਮੂ, ਸ੍ਰੀਨਗਰ, ਲੇਹ, ਜੋਧਪੁਰ, ਅੰਮ੍ਰਿਤਸਰ, ਭੁਜ, ਜਾਮਨਗਰ, ਚੰਡੀਗੜ੍ਹ ਅਤੇ ਰਾਜਕੋਟ ਲਈ ਆਪਣੀਆਂ ਸਾਰੀਆਂ ਉਡਾਣਾਂ ਰੱਦ ਕਰ ਦਿੱਤੀਆਂ ਹਨ।"

ਏਅਰਲਾਈਨ ਨੇ ਐਕਸ 'ਤੇ ਕਿਹਾ, "ਅੰਮ੍ਰਿਤਸਰ ਜਾ ਰਹੀਆਂ ਦੋ ਕੌਮਾਂਤਰੀ ਉਡਾਣਾਂ ਨੂੰ ਦਿੱਲੀ ਵੱਲ ਮੋੜ ਦਿੱਤਾ ਗਿਆ ਹੈ। ਅਸੀਂ ਇਸ ਪ੍ਰੇਸ਼ਾਨੀ ਲਈ ਮੁਆਫੀ ਮੰਗਦੇ ਹਾਂ।"



ਸਪਾਈਸ ਜੈੱਟ ਨੇ ਕਿਹਾ ਕਿ ਮੌਜੂਦਾ ਸਥਿਤੀ ਕਰਕੇ ਧਰਮਸ਼ਾਲਾ, ਲੇਹ, ਜੰਮੂ, ਸ੍ਰੀਨਗਰ ਅਤੇ ਅੰਮ੍ਰਿਤਸਰ ਸਮੇਤ ਉੱਤਰੀ ਭਾਰਤ ਦੇ ਕੁਝ ਹਿੱਸਿਆਂ ਵਿੱਚ ਹਵਾਈ ਅੱਡੇ ਅਗਲੇ ਨੋਟਿਸ ਤੱਕ ਬੰਦ ਹਨ। ਰਵਾਨਗੀ, ਆਗਮਨ ਅਤੇ ਨਤੀਜੇ ਵਜੋਂ ਉਡਾਣਾਂ ਪ੍ਰਭਾਵਿਤ ਹੋ ਸਕਦੀਆਂ ਹਨ। ਇੰਡੀਗੋ ਨੇ ਵੀ ਕਿਹਾ ਕਿ ਹਵਾਈ ਖੇਤਰ ਦੀਆਂ ਪਾਬੰਦੀਆਂ ਦੇ ਕਾਰਨ, ਉਡਾਣ ਦੀ ਸਮਾਂ-ਸਾਰਣੀ ਪ੍ਰਭਾਵਿਤ ਹੋ ਸਕਦੀ ਹੈ। ਕਿਰਪਾ ਕਰਕੇ ਹਵਾਈ ਅੱਡੇ 'ਤੇ ਜਾਣ ਤੋਂ ਪਹਿਲਾਂ ਆਪਣੀ ਉਡਾਣ ਦੀ ਸਥਿਤੀ ਦੀ ਜਾਂਚ ਲਈ ਜਾਵੇ।

# ਵਿਧਾਇਕ ਜਸਵੀਰ ਸਿੰਘ ਰਾਜਾ ਵਲੋਂ ਵਾਰਡ 9 'ਚ 21.9 ਲੱਖ ਦੇ ਹੋਣ ਵਾਲੇ ਵਿਕਾਸ ਕਾਰਜਾਂ ਦਾ ਕੀਤਾ ਗਿਆ ਉਦਘਟਨ



ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ): ਟਾਂਡਾ ਵਿੱਚ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਜੀ ਵੱਲੋਂ ਨਵੇਂ ਰਸਤੇ ਦਾ ਕੰਮ ਸ਼ੁਰੂ ਕਰਵਾਇਆ। ਇਹ ਉਦਘਾਟਨ ਮੁਹੱਲੇ ਦੀ ਬਜ਼ੁਰਜ ਬਿਮਲਾ ਦੇਵੀਂ ਕੋਲੋਂ ਕਰਵਾਇਆ ਗਿਆ। ਇਸ ਰਸਤੇ ਲਈ ਕੈਬਿਨਟ ਮੰਤਰੀ ਡਾ ਰਾਵਜੋਤ ਜੀ ਵੱਲੋਂ 21.9 ਲੱਖ ਰੁਪਏ ਦੀ ਗ੍ਰਾਂਟ ਮੁਹਈਆਂ ਕਰਵਾਈ ਗਈ ਸੀ।

ਇਸ ਮੌਕੇ ਹਰੀ ਕਿਸ਼ਨ ਕੁੱਕੂ ਸੈਣੀ, ਰਾਜਨ ਸੋਂਧੀ, ਐਮ ਸੀ ਬਿੱਲੂ ਸੈਣੀ, ਐਮ ਸੀ ਸੁਮਨ ਖੋਲਸਾ, ਸਾਬਕਾ ਐਮ ਸੀ ਬਲਵੀਤ ਕੌਰ, ਲੰਬੜਦਾਰ ਹਰਵਿੰਦਰ ਕਲੋਟੀ, ਹਰਮੀਤ ਵੜੈਚ, ਅਮਰਜੀਤ ਦਾਰਾਪੁਰ, ਗੋਰਾ, ਜਸਵਿੰਦਰ ਸਿੰਘ, ਗੁਰਸ਼ਰਨ ਸੈਨੀਂ, ਕਮਲ ਧੀਰ, ਸਚਿਨ ਪੂਰੀ, ਨਿਰਮਲ ਕੁਰਾਲਾ, ਰਜਨੀ, ਵਰਖਾ, ਰਾਣੂ, ਕਮਲੇਸ਼ ਰਾਣੀ, ਕੁਲਵਿੰਦਰ ਕੌਰ, ਮਮਤਾ, ਬਖਸ਼ੋ, ਹਰਭਜਨ ਸਿੰਘ, ਸਮਿਤਰ, ਗੁਰਦਿੱਤਾ, ਸਤਪਾਲ, ਗੁਰਮੀਤ ਸਿੰਘ, ਬੂਟਾ ਸਿੰਘ, ਹਰਪ੍ਰੀਤ ਸ਼ੀਰਾ, ਜਸਪਾਲ ਸਿੰਘ, ਰਾਕੇਸ਼ ਕੁਮਾਰ, ਵਿਪਨ, ਬਲਵੀਰ, ਮਹਿੰਦਰ ਪਾਲ, ਰਣਜੀਤ ਸਿੰਘ, ਗੁਰਮੀਤ ਸਿੰਘ ਸੋਢੀ, ਗੁਰਮੁੱਖ ਸਿੰਘ, ਜਸਵਿੰਦਰ ਸਿੰਘ ਬੰਟੀ।

# ਜਨਤਾ ਕਲੋਨੀ ਦੇ ਦਸ ਹਜ਼ਾਰ ਬਾਸ਼ਿੰਦੇ 'ਬੇਘਰ'

## ਪ੍ਰਸ਼ਾਸਨ ਨੇ ਢਾਈ ਹਜ਼ਾਰ ਝੁੱਗੀ ਝੌਂਪੜੀਆਂ 'ਤੇ ਚਲਾਇਆ ਬੁਲਡੋਜ਼ਰ



ਚੰਡੀਗੜ੍ਹ : ਯੂਟੀ ਪ੍ਰਸ਼ਾਸਨ ਨੇ ਸੈਕਟਰ-25 ਸਥਿਤ ਜਨਤਾ ਕਲੋਨੀ 'ਤੇ ਬੁਲਡੋਜ਼ਰ ਚਲਾ ਦਿੱਤਾ ਹੈ। ਪ੍ਰਸ਼ਾਸਨ ਦੇ ਬੁਲਡੋਜ਼ਰਾਂ ਨੇ ਦੋ ਤੋਂ ਤਿੰਨ ਘੰਟਿਆਂ ਵਿੱਚ ਹੀ 10 ਏਕੜ ਵਿੱਚ ਫੈਲੀ ਕਲੋਨੀ ਢਹਿ ਢੇਰੀ ਕਰ ਦਿੱਤੀ। ਇਸ ਦੌਰਾਨ ਜਦੋਂ ਜਨਤਾ ਕਲੋਨੀ ਵਿੱਚ ਰਹਿਣ ਵਾਲੇ ਲੋਕਾਂ ਵੱਲੋਂ ਪ੍ਰਸ਼ਾਸਨ ਦੀ ਟੀਮ ਦਾ ਵਿਰੋਧ ਕਰਨ ਦੀ ਕੋਸ਼ਿਸ਼ ਕੀਤੀ ਤਾਂ ਪੁਲੀਸ ਨੇ ਲੋਕਾਂ ਨੂੰ ਪਾਸੇ ਕੀਤਾ ਅਤੇ ਪ੍ਰਸ਼ਾਸਨ ਨੇ ਬੁਲਡੋਜ਼ਰ ਚਲਾ ਦਿੱਤਾ। ਪ੍ਰਸ਼ਾਸਨ ਦੀ ਇਸ ਕਾਰਵਾਈ ਨਾਲ 2500 ਦੇ ਕਰੀਬ ਝੁੱਗੀਆਂ ਵਿੱਚ ਰਹਿੰਦੇ 10 ਹਜ਼ਾਰ ਦੇ ਕਰੀਬ ਲੋਕ ਬੇਘਰ ਹੋ ਗਏ ਹਨ।

ਜਾਣਕਾਰੀ ਅਨੁਸਾਰ ਸੈਕਟਰ-25 ਸਥਿਤ ਜਨਤਾ ਕਲੋਨੀ ਸ਼ਹਿਰ ਦੀ ਸਭ ਤੋਂ ਵੱਡੀ ਝੁੱਗੀ-ਝੌਂਪੜੀਆਂ ਵਾਲੀ ਕਲੋਨੀ ਹੈ, ਜੋ 10 ਏਕੜ ਵਿੱਚ ਫੈਲੀ ਹੋਈ ਹੈ। ਇੱਥੇ 2500 ਦੇ ਕਰੀਬ ਝੁੱਗੀਆਂ ਸਨ, ਜਿਸ ਵਿੱਚ 10 ਹਜ਼ਾਰ ਦੇ ਕਰੀਬ ਲੋਕ ਰਹਿੰਦੇ ਸਨ। ਯੂਟੀ ਪ੍ਰਸ਼ਾਸਨ ਨੇ ਇਹ ਜ਼ਮੀਨ ਡਿਸਪੈਂਸਰੀ, ਪ੍ਰਾਇਮਰੀ ਸਕੂਲ, ਕਮਿਊਨਿਟੀ ਸੈਂਟਰ ਅਤੇ ਇੱਕ ਸ਼ਾਪਿੰਗ ਕੰਪਲੈਕਸ ਦੀ ਉਸਾਰੀ ਲਈ ਰਾਖਵੀਂ ਰੱਖੀ ਹੈ। ਇਸ ਲਈ ਪ੍ਰਸ਼ਾਸਨ ਨੇ ਜਨਤਾ ਕਲੋਨੀ ਵਾਸੀਆਂ ਨੂੰ ਸਾਲ 2022 ਵਿੱਚ ਨੋਟਿਸ ਜਾਰੀ ਕਰ ਦਿੱਤੇ ਸਨ। ਇਨ੍ਹਾਂ ਨੋਟਿਸਾਂ ਨੂੰ ਲੋਕ ਪਿਛਲੇ ਲੰਬੇ ਸਮੇਂ ਤੋਂ ਨਜ਼ਰਅੰਦਾਜ਼ ਕਰਦੇ ਆ ਰਹੇ ਸਨ। ਪ੍ਰਸ਼ਾਸਨ ਨੇ ਇਕ ਹਫ਼ਤਾ ਪਹਿਲਾਂ ਵੀ ਲੋਕਾਂ ਨੂੰ ਕਲੋਨੀ ਖਾਲੀ ਕਰਨ ਦੇ ਹੁਕਮ ਦਿੱਤੇ ਸਨ ਪਰ ਲੋਕਾਂ ਨੇ ਕਲੋਨੀ ਖਾਲੀ ਨਹੀਂ ਕੀਤੀ।

ਇਸ ਤੋਂ ਬਾਅਦ ਪ੍ਰਸ਼ਾਸਨ ਦੀ ਟੀਮ ਨੇ ਸਵੇਰੇ 6 ਵਜੇ 1500 ਦੇ ਕਰੀਬ ਪੁਲੀਸ ਮੁਲਾਜ਼ਮਾਂ ਤੇ ਬੁਲਡੋਜ਼ਰਾਂ ਦੇ ਨਾਲ ਜਨਤਾ ਕਲੋਨੀ ਵਿੱਚ ਪਹੁੰਚ ਗਈ। ਪ੍ਰਸ਼ਾਸਨ ਨੇ ਕੁਝ ਹੀ ਘੰਟਿਆਂ ਵਿੱਚ ਝੁੱਗੀਆਂ ਨੂੰ ਢਾਹ ਕੇ 10 ਏਕੜ ਜ਼ਮੀਨ ਨੂੰ ਖਾਲੀ ਕਰਵਾ ਲਿਆ। ਇਸ ਦੌਰਾਨ ਲੋਕਾਂ ਵੱਲੋਂ ਪ੍ਰਸ਼ਾਸਨ 'ਤੇ ਧੱਕੇਸ਼ਾਹੀ ਦੇ ਦੋਸ਼ ਲਗਾਏ ਗਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਪਿਛਲੇ ਲੰਬੇ ਸਮੇਂ ਤੋਂ ਜਨਤਾ ਕਲੋਨੀ ਵਿੱਚ ਰਹਿ ਰਹੇ ਹਨ। ਇਸ ਸਬੰਧੀ ਉਨ੍ਹਾਂ ਕੋਲ ਦਸਤਾਵੇਜ਼ ਵੀ ਹਨ, ਪਰ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਅਣਗੌਲਿਆ ਕਰ ਦਿੱਤਾ ਹੈ।

# ਪੰਜਾਬ ਦੇ ਪਾਣੀਆਂ ਤੇ ਸੈਂਟਰ ਦਾ ਡਾਕਾ : ਰਜਿੰਦਰ ਮਾਰਸ਼ਲ



ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਪੰਜਾਬ ਦੇ ਕਿਸਾਨੀ ਭਵਿੱਖ ਨੂੰ ਬਰਬਾਦ ਕਰਨ ਤੇ ਤੁਲੀ ਹੈ ਸੈਂਟਰ ਸਰਕਾਰ ਜਿੱਥੇ ਬੀਬੀਐਮਬੀ ਵਿੱਚੋਂ ਪੰਜਾਬ ਦੀ ਭਾਈਵਾਲੀ ਖਤਮ ਕੀਤੀ ਉੱਥੇ ਪੰਜਾਬ ਦੇ ਪਾਣੀਆਂ ਤੇ ਅਚਨਚੇਤ ਡਾਕਾ ਮਾਰਨਾ ਸੈਂਟਰ ਸਰਕਾਰ ਦੀ ਸੋਚੀ ਸਮਝੀ ਸਾਜਿਸ਼ ਹੈ। ਸਰਕਾਰਾਂ ਚਾਹੁੰਦੀਆਂ ਹਨ ਕਿ ਪੰਜਾਬ ਭਵਿੱਖ ਵਿੱਚ ਪਾਣੀ ਦੀ ਬੂੰਦ ਬੂੰਦ ਦਾ ਮੁਹਤਾਜ ਹੋ ਜਾਵੇ ਗੱਲ ਧਿਆਨ ਨਾਲ ਸਮਝਣ ਵਾਲੀ ਹੈ ਕਿ ਭਵਿੱਖ ਵਿੱਚ ਪੰਜਾਬ ਦੀਆਂ ਨਸਲਾਂ ਅਤੇ ਫਸਲਾਂ ਬਰਬਾਦ ਕਰਨ ਦਾ ਸਰਕਾਰਾਂ ਦਾ ਜ਼ੋਰ ਲੱਗਿਆ ਹੋਇਆ ਹੈ। ਇੱਥੇ ਇਹ ਗੱਲ ਖਾਸ ਤੌਰ ਤੇ ਵਰਨ ਯੋਗ ਹੈ ਕਿ ਪੰਜਾਬ ਦੇਸ਼ ਦਾ ਅਜਿਹਾ ਸੂਬਾ ਰਿਹਾ ਹੈ ਜਿਸਨੇ ਹਮੇਸ਼ਾ ਦੇਸ਼ ਦੀ ਆਰਥਿਕ ਸਥਿਤੀ ਨੂੰ ਉਪਰ ਚੁੱਕਿਆ ਸਭ ਤੋਂ ਵੱਧ ਟੈਕਸ ਦੇ ਕੇ ਦੇਸ਼ ਦੀ ਤਰੱਕੀ ਲਈ ਬਣਦਾ ਯੋਗਦਾਨ ਪਾਇਆ ਇਥੋਂ ਦਾ ਕਿਸਾਨ ਅਤੇ ਜਵਾਨ ਦੇਸ਼ ਅਤੇ ਕੌਮ ਲਈ ਹਮੇਸ਼ਾ ਹਿੱਕ ਤਾਣ ਕੇ ਖੜਾ ਹੁੰਦਾ ਰਿਹਾ ਪਰੰਤੂ ਇਸ ਗੱਲ ਦੀ ਸਮਝ ਨਹੀਂ ਆ ਰਹੀ ਕਿ ਅੱਗੇ ਵਧ ਕੇ ਕੇ ਕੰਮ ਕਰਨ ਵਾਲਿਆਂ ਨੂੰ ਇਹ ਰਾਜਨੀਤਿਕ ਲੋਕ ਕਿਉਂ ਪਸੰਦ ਨਹੀਂ ਕਰਦੇ। ਭਵਿੱਖ ਵਿੱਚ ਪੰਜਾਬ ਨੂੰ ਕਮਜ਼ੋਰ ਕਰਨ ਦੀ ਇਹ ਇੱਕ ਸੋਚੀ ਸਮਝੀ ਸ਼ਰਾਰਤ ਹੈ ਜੋ ਪੰਜਾਬ ਦੇ ਲੋਕਾਂ ਨਾਲ ਅਤੇ ਪੰਜਾਬ ਦੇ ਕਿਸਾਨਾਂ ਨਾਲ ਕੀਤੀ ਜਾ ਰਹੀ ਇਸ ਵੇਲੇ ਸਾਰੀਆਂ ਪਾਰਟੀਆਂ ਅਤੇ ਆਮ ਲੋਕਾਂ ਦੀ ਡਿਊਟੀ ਬਣਦੀ ਹੈ ਕਿ ਉਹ ਪੰਜਾਬ ਦੇ ਹੱਕਾਂ ਦੀ ਰਾਖੀ ਕਰਨ ਅਤੇ ਪੰਜਾਬ ਤੇ ਪਾਣੀਆਂ ਨੂੰ ਬਚਾਉਣ ਲਈ ਅੱਗੇ ਆਉਣ।

# ਸੰਜੀਵ ਨਈਅਰ ਦੇ ਪਰਿਵਾਰ ਵਲੋਂ ਆਪਣੇ ਪਿਤਾ ਦੀ ਯਾਦ 'ਚ ਸ੍ਰੀ ਗੁਰੂ ਅਮਰਦਾਸ ਸੰਸਥਾ ਨੂੰ ਅੰਬੂਲੈਂਸ ਕੀਤੀ ਸਪੁਰਦ




ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਸ਼੍ਰੀ ਗੁਰੂ ਅਮਰਦਾਸ ਜੀ ਸੰਸਥਾ ਨੂੰ ਸੰਜੀਵ ਨਈਅਰ ਵੱਲੋਂ ਆਪਣੇ ਪਿਤਾ ਸਵਰਗਵਾਸੀ ਸ਼੍ਰੀ ਗਿਰਧਾਰੀ ਲਾਲ ਜੀ ਨਈਅਰ ਜੀ ਦੀ ਯਾਦ ਵਿਚ ਸੰਸਥਾ ਨੂੰ ਅੰਬੂਲੈਂਸ ਦੀ ਸੇਵਾ ਲਈ ਈਕੋ ਗੱਡੀ ਦਾਨ ਵੱਜੋਂ ਦਿੱਤੀ ਗਈ ਇਸ ਮੌਕੇ ਸੰਸਥਾ ਦੇ ਸੰਸਥਾਪਕ ਅਤੇ ਪ੍ਰਧਾਨ ਗੁਰਮੁਖ ਸਿੰਘ ਜੀ ਵੱਲੋ ਦਾਨੀ ਪਰਿਵਾਰ ਦਾ ਬਹੁਤ ਬਹੁਤ ਧੰਨਵਾਦ ਕੀਤਾ ਗਿਆ ਮੌਕੇ ਤੇ ਗੁਰੂ ਘਰ ਦੇ ਬਾਬਾ ਜੀ ਵੱਲੋ ਅਰਦਾਸ ਕਰ ਕੇ ਸੰਸਥਾ ਨੂੰ ਗੱਡੀ ਦੀਆਂ ਚਾਬੀਆਂ ਦਿੱਤੀਆਂ ਗਈਆਂ ਮੌਕੇ ਤੇ ਰਾਜ ਵਿਰਕ ਬਲਵਿੰਦਰ ਸਿੰਘ ਜੀ ਰਾਜੇਸ਼ ਭੱਲਾ ਜੀ ਹਰਪ੍ਰੀਤ ਸਿੰਘ ਭੱਲਾ ਗੁਲਸ਼ਨ ਅਰੋੜਾ ਜੀ ਵਿਕਾਸ ਮਦਾਨ ਗੁਰਵਿੰਦਰ ਸਿੰਘ ਹੈਪੀ ਬੰਬ ਮਾਸਟਰ ਜਸਵਿੰਦਰ ਸਿੰਘ ਰੜ੍ਹੇ ਵਾਲੇ ਜਸਮੀਤ ਇੰਦਰਜੀਤ ਸਿੰਘ ਹਰਵਿੰਦਰ ਸਿੰਘ ਜੀ ਅਮਰੀਕ ਸਿੰਘ ਸਤਨਾਮ ਸਿੰਘ ਜੀ ਸੁਖਜੀਤ ਕੌਰ ਅਨੁਰਾਧਾ ਮਦਾਨ ਹਰਜਿੰਦਰ ਕੌਰ ਗੁਰਪ੍ਰੀਤ ਕੌਰ ਜੀ ਹਾਜਰ ਸਨ।

# ਟਾਂਡਾ ਵਿੱਚ ਆਮ ਆਦਮੀ ਪਾਰਟੀ ਵਿੱਚ ਹੋਇਆ ਇਜ਼ਾਫ਼ਾ





ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਆਮ ਆਦਮੀ ਪਾਰਟੀ ਨੂੰ ਉਸ ਵੇਲੇ ਵੱਡਾ ਹੁੰਗਾਰਾ ਮਿਲਿਆ ਜਦੋਂ ਟਾਂਡਾ ਦਸਮੇਸ਼ ਨਗਰ ਦੇ ਮੋਹਨ ਸੱਭਰਵਾਲ ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਪਰਿਵਾਰ ਵਿੱਚ ਸ਼ਾਮਿਲ ਹੋਏ।

ਪੱਤਰਕਾਰਾਂ ਨਾਲ ਗੱਲਬਾਤ ਕਰਦੇ ਉਨ੍ਹਾਂ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਆਪਾਂ ਪਾਰਟੀ ਜੁਆਇਨ ਕੀਤੀ ਕਿਉਂਕਿ ਪੰਜਾਬ ਦੇ ਵਿੱਚ ਇੱਕੋ ਇੱਕ ਆਮ ਆਦਮੀ ਪਾਰਟੀ ਹੈ ਜਿਹੜੀ ਪੰਜਾਬ ਦੀ ਨੁਹਾਰ ਬਦਲ ਸਕਦੀ ਹੈ ਅਤੇ ਪਿਛਲੇ ਤਿੰਨ ਸਾਲਾਂ ਤੋਂ ਉਹਨਾਂ ਨੇ ਜੋ ਕਿਹਾ ਉਹ ਕਰਕੇ ਵਿਖਾਇਆ ਹੈ ਅੱਜ ਪੂਰੇ ਪੰਜਾਬ ਦਾ ਹਰ ਵਰਗ ਸੁਖੀ ਹੈ ਉਹਨਾਂ ਨੇ ਕਿਹਾ ਕਿ ਪਿਛਲੇ ਸਮੇਂ ਵਿੱਚ ਜੋ ਵੀ ਸਰਕਾਰਾਂ ਆਈਆਂ ਉਹਨਾਂ ਨੇ ਪੰਜਾਬ ਦੇ ਹਿੱਤਿਆਂ ਨੂੰ ਅਣਗੌਲਿਆ ਕੀਤਾ ਯੁੱਧ ਨਸ਼ਿਆਂ ਵਿਰੁੱਧ ਵਰਗੀ ਕਾਰਵਾਈ ਨੇ ਅੱਜ ਪੰਜਾਬ ਦੇ ਵੱਡੇ ਨਸ਼ਾ ਤਸਕਰਾਂ ਦਾ ਲੱਕ ਤੋੜ ਕੇ ਰੱਖਦਾ ਜਿਸ ਕਰਕੇ ਪੰਜਾਬ ਦੀ ਜਵਾਨੀ ਅੱਜ ਇਹ ਨਸ਼ੇ ਦੇ ਕੋੜ ਤੋਂ ਬਚ ਸਕੀ ਹੈ ਇਸ ਮੌਕੇ ਕੇਸ਼ਵ ਸੈਣੀ, ਹਰੀ ਕਿਸ਼ਨ ਕੁੱਕੂ ਸੈਣੀ, ਰਾਜਨ ਸੋਂਧੀ, ਐਮ.ਸੀ.ਬਿੱਲੂ ਸੈਣੀ, ਐਮ.ਸੀ. ਸੁਮਨ ਖੋਲਸਾ, ਦੀਪਕ ਭੀਲ, ਲਖਵਿੰਦਰ ਸਿੰਘ ਮੁਲਤਾਨੀ ਸਾਬਕਾ ਐਮ.ਸੀ. ਬਲਵੀਤ ਕੌਰ, ਲੰਬੜਦਾਰ, ਪ੍ਰੇਮ ਪਡਵਾਲ ਹਰਵਿੰਦਰ ਕਲੋਟੀ, ਬਲਬੀਰ ਸਿੰਘ ਲੰਬੜਦਾਰ, ਹਰਮੀਤ ਵੜੈਚ, ਅਮਰਜੀਤ ਦਾਰਾਪੁਰ, ਲਖਵੀਰ ਖਾਲਸਾ, ਗੋਰਾ, ਜਸਵਿੰਦਰ ਸਿੰਘ, ਗੁਰਸ਼ਰਨ ਸੈਨੀਂ, ਕਮਲ ਧੀਰ, ਸਚਿਨ ਪੂਰੀ ਆਦਿ ਸ਼ਾਮਲ ਸਨ।

# ਗੋਇੰਦਵਾਲ ਦੇ ਪਿੰਡ ਭਲਾਈਪੁਰ ਡੋਗਰਾ 'ਚ ਨੌਜਵਾਨ ਦਾ ਕਤਲ

## ਪੁਲਿਸ ਵੱਲੋਂ ਪੰਜ ਜਣਿਆਂ ਖਿਲਾਫ਼ ਕੇਸ ਦਰਜ, ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਜਾਰੀ



ਸ੍ਰੀ ਗੋਇੰਦਵਾਲ ਸਾਹਿਬ : ਥਾਣਾ ਵੈਰੋਵਾਲ ਅਧੀਨ ਆਉਂਦੇ ਪਿੰਡ ਭਲਾਈਪੁਰ ਡੋਗਰਾ 'ਚ ਰੰਜਿਸ਼ ਦੇ ਚੱਲਦਿਆਂ ਨੌਜਵਾਨ ਦਾ ਕਤਲ ਕਰ ਦਿੱਤਾ ਗਿਆ। ਮ੍ਰਿਤਕ ਦੀ ਮਾਂ ਮਨਜੀਤ ਕੌਰ ਨੇ ਦੱਸਿਆ ਕਿ ਉਹ ਪਿੰਡ ਲਿੱਧੜ ਦੇ ਰਹਿਣ ਵਾਲੇ ਹਨ ਅਤੇ ਪਿੰਡ ਦੇ ਹੀ ਕੁਝ ਨੌਜਵਾਨ ਉਸ ਦੇ ਲੜਕੇ ਅਰਸ਼ਦੀਪ ਸਿੰਘ ਨਾਲ ਝਗੜੇ ਸਬੰਧੀ ਰੰਜਿਸ਼ ਰੱਖਦੇ ਸਨ। ਇਸ ਕਰਕੇ ਉਸ ਦੇ ਲੜਕੇ ਨੂੰ ਲਗਾਤਾਰ ਮਾਰ ਦੇਣ ਦੀਆਂ ਧਮਕੀਆਂ ਮਿਲ ਰਹੀਆਂ ਸਨ। ਮੁਲਜ਼ਮਾਂ ਨੇ ਐਤਵਾਰ ਨੂੰ ਪਿੰਡ ਭਲਾਈਪੁਰ ਡੋਗਰਾ ਦੇ ਬੱਸ ਅੱਡੇ 'ਤੇ ਉਸ ਦੇ ਲੜਕੇ ਅਰਸ਼ਦੀਪ ਸਿੰਘ (25) ਦਾ ਤੇਜ਼ਧਾਰ ਹਥਿਆਰਾਂ ਨਾਲ ਬੇਰਹਿਮੀ ਨਾਲ ਕਤਲ ਕਰ ਦਿੱਤਾ।

ਥਾਣਾ ਵੈਰੋਵਾਲ ਦੇ ਐੱਸਐੱਚਓ ਨਰੇਸ਼ ਕੁਮਾਰ ਨੇ ਦੱਸਿਆ ਕਿ ਪਿੰਡ ਲਿੱਧੜ ਦੇ ਰਹਿਣ ਵਾਲੇ ਨੌਜਵਾਨ ਦਾ ਕਿਸੇ ਪੁਰਾਣੇ ਝਗੜੇ ਦੀ ਰੰਜਿਸ਼ ਨੂੰ ਲੈ ਕੇ ਭਲਾਈਪੁਰ ਡੋਗਰਾ ਵਿਖੇ ਕਤਲ ਹੋਇਆ ਹੈ। ਇਸ ਸਬੰਧੀ ਪਿੰਡ ਲਿੱਧੜ ਦੇ ਰਹਿਣ ਵਾਲੇ ਪੰਜ ਮੁਲਜ਼ਮਾਂ ਦਿਲਬਰ ਸਿੰਘ, ਉਂਕਾਰਜੀਤ ਸਿੰਘ, ਸਾਹਿਲਪ੍ਰੀਤ ਸਿੰਘ, ਸ਼ੁਭਪ੍ਰੀਤ ਸਿੰਘ ਅਤੇ ਸੁਖਬੀਰ ਸਿੰਘ ਖਿਲਾਫ਼ ਕਤਲ ਦਾ ਕੇਸ ਦਰਜ ਕੀਤਾ ਗਿਆ ਹੈ। ਮਾਮਲੇ ਵਿਚ ਨਾਮਜ਼ਦ ਮੁਲਜ਼ਮਾਂ ਨੂੰ ਕਾਬੂ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।



# ਸਿੱਖ ਸਿਆਸਤ ਦੇ ਥੰਮ੍ਹ ਵਜੋਂ ਜਾਣੇ ਜਾਂਦੇ ਸਵੱਦੀ, ਹੋਠੀ ਅਤੇ ਅਟਵਾਲ ਪਰਿਵਾਰ ਦੇ ਬਜ਼ੁਰਗ ਸ੍ਰ. ਮੇਜਰ ਸਿੰਘ ਸਵੱਦੀ ਨੂੰ ਹਜ਼ਾਰਾਂ ਸੰਗਤਾਂ ਵਲੋਂ ਹੰਝੂਆਂ ਨਾਲ ਵਿਦਾਇਗੀ






















ਮਿਲਪੀਟਸ : ਕੈਲੀਫੋਰਨੀਆ (ਸਾਡੇ ਲੋਕ) ਸਿੱਖ ਸਿਆਸਤ ਦੇ ਥੰਮ੍ਹ ਵਜੋਂ ਜਾਣੇ ਜਾਂਦੇ ਸਵੱਦੀ, ਹੋਠੀ ਅਤੇ ਅਟਵਾਲ ਪਰਿਵਾਰ ਦੇ ਬਜ਼ੁਰਗ ਸ੍ਰ. ਮੇਜਰ ਸਿੰਘ ਸਵੱਦੀ ਜੋ ਪਿਛਲੇ ਦਿੱਨੀ ਅਕਾਲ ਪੁਰਖ ਦੇ ਚਰਨਾ ਚ ਜਾ ਬਿਰਾਜੇ ਸਨ ਅੱਜ ਉਹਨਾ ਨੂੰ ਹਜ਼ਾਰਾਂ ਸੰਗਤਾਂ ਵਲੋਂ ਸੇਜ਼ਲ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ।

ਮੌਜੂਦਾ ਦੌਰ ਦੇ ਅਤੇ ਇਸ ਸਦੀ ਦੇ ਹਾਣੀ ਅਤੇ ਸਮੁੱਚੀ ਸਿੱਖ ਸਿਆਸਤ ਨੂੰ ਆਪਣੇ ਪਿੰਡੇ ਉਪਰ ਹੰਢਾਉਣ ਵਾਲੇ ਅਤੇ ਬਾਬਾ ਬੋਹੜ ਪੰਥ ਰਤਨ ਸ੍ਰ. ਗੁਰਚਰਨ ਸਿੰਘ ਟੌਹੜਾ ਦੇ ਨਜ਼ਦੀਕੀ ਸਾਥੀ ਅਤੇ ਲੰਬਾ ਸਮਾਂ ਐਸਜੀਪੀਸੀ ’ਚ ਸੇਵਾ ਕਰਨ ਵਾਲੇ ਗੁਰੂਘਰ ਦੇ ਨਿਸ਼ਕਾਮ ਸੇਵਕ ਸ੍ਰ. ਮੇਜਰ ਸਿੰਘ ਸਵੱਦੀ ਗੁਰਬਾਣੀ ਦੇ ਮਹਾਂਵਾਕ ‘ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।’ ਅਨੁਸਾਰ ਕੈਲੀਫੋਰਨੀਆਂ ਅਮਰੀਕਾ ਵਸਦੇ ਆਪਣੇ ਸਪੁੱਤਰ ਸਿੱਖ ਆਗੂ ਸ੍ਰ. ਸਰਬਜੋਤ ਸਿੰਘ ਸਵੱਦੀ ਕੋਲ 96 ਸਾਲ ਦੀ ਉਮਰ ’ਚ ਆਖਰੀ ਸਾਹ ਲਿਆ। ਸ੍ਰ. ਮੇਜਰ ਸਿੰਘ ਸਵੱਦੀ ਆਪਣੇ ਪਿਛੇ ਇਕ ਵੱਡੇ ਪਰਿਵਾਰ ਪੋਤੇ ਪੋਤੀਆਂ, ਦੋਹਤੇ ਦੋਹਤੀਆਂ, ਪੜੋਤੇ ਪੜੋਤੀਆਂ ਗੁਰਸਿੱਖੀ ਨਾਲ ਜੋੜਕੇ ਬਾਬੇ ਨਾਨਕ ਦੀ ਕਿਰਤ ਨਾਲ ਜੋੜਕੇ ਸੰਸਾਰ ਤੋਂ ਵਿਦਾ ਹੋਏ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਮੌਜੂਦਾ ਦੌਰ ਦੇ ਮਹਾਨ ਸ਼ਹੀਦ ਜਥੇਦਾਰ ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਇਨ੍ਹਾਂ ਦੇ ਕੁੜਮ ਸਾਹਿਬ ਸਨ ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (AGPC) ਦੇ ਸਾਬਕਾ ਪ੍ਰਧਾਨ ਅਤੇ ਅਮਰੀਕਾ ਦੇ ਸਿਰਮੌਰ ਸਿੱਖ ਆਗੂ ਭਾਈ ਜਸਵੰਤ ਸਿੰਘ ਹੋਠੀ ਉਨ੍ਹਾਂ ਦੇ ਦਾਮਾਦ ਹਨ। ਅਤੇ ਉਹਨਾਂ ਦੇ ਨਜਦੀਕੀ ਰਿਸ਼ਤੇਦਾਰ ਸਿੱਖ ਆਗੂ ਸ੍ਰ. ਹਰਬੰਸ ਸਿੰਘ ਅਟਵਾਲ ਹਾਜ਼ਰ ਸਨ। ਉਨ੍ਹਾਂ ਦੇ ਅੰਤਿਮ ਸਸਕਾਰ ਉਪਰ ਅਮਰੀਕਾ ਤੋਂ ਵੱਡੇ ਸਿੱਖ ਆਗੂਆਂ ਨੇ ਸੰਬੋਧਨ ਕੀਤਾ ਅਤੇ ਉਨ੍ਹਾਂ ਦੇ ਕੁਰਬਾਨੀ ਵਾਲੇ ਜੀਵਨ ਉਪਰ ਚਾਨਣਾ ਪਾਇਆ। ਉਨ੍ਹਾਂ ਦੀ ਅੰਤਿਮ ਅਰਦਾਸ ਸਿੰਘ ਸਭਾ ਗੁਰਦੁਆਰਾ ਮਿਲਪੀਟਸ ਵਿਖੇ ਕੀਤੀ ਗਈ, ਜਿਥੇ ਵੱਡੀ ਗਿਣਤੀ ’ਚ ਸੰਗਤਾਂ ਨੇ ਆਪਣੇ ਮਹਿਬੂਬ ਬਜ਼ੁਰਗ ਨੂੰ ਸ਼ਰਧਾਂਜਲੀ ਦਿੱਤੀ ਅਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਕੀਰਤਨੀ ਜਥਿਆਂ ਗੁਰਬਾਣੀ ਦਾ ਕੀਰਤਨ ਸਰਵਣ ਕਰਵਾਇਆ। ਇਸ ਸਮੇਂ ਭਾਈ ਜਸਵੰਤ ਸਿੰਘ ਹੋਠੀ ਨੇ ਆਈਆਂ ਸਮੂਹ ਸੰਗਤਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ।




# ਸਿੱਖ ਸਿਆਸਤ ਦੇ ਥੰਮ੍ਹ ਵਜੋਂ ਜਾਣੇ ਜਾਂਦੇ ਸਵੱਦੀ, ਹਠੀ ਅਤੇ ਅਟਵਾਲ ਪਰਿਵਾਰ ਦੇ ਬਜ਼ੁਰਗ ਸ੍ਰ. ਮੇਜਰ ਸਿੰਘ ਸਵੱਦੀ ਨੂੰ ਹਜ਼ਾਰਾਂ ਸੰਗਤਾਂ ਵਲੋਂ ਹੰਝੂਆਂ ਨਾਲ ਵਿਦਾਇਗੀ



























## ਸਵਰਗਵਾਸੀ ਸ੍ਰ. ਮੇਜਰ ਸਿੰਘ ਸਵੱਦੀ ਦੇ ਅੰਤਿਮ ਸੰਸਕਾਰ ਸਮੇਂ ਇਸ ਸਮੁੱਚੇ ਪਰਿਵਾਰ ਦੇ ਬੱਚਿਆਂ ਨੇ ਆਪਣੇ ਬਜ਼ੁਰਗ ਦੀ ਪ੍ਰੇਰਨਾਦਾਇਕ ਜ਼ਿੰਦਗੀ ਨੂੰ ਸੰਗਤਾਂ ਨਾਲ ਸਾਂਝਾ




ਮੇਰੇ ਨਾਨਾ ਜੀ ਜੱਥੇਦਾਰ ਮੇਜਰ ਸਿੰਘ ਸਵੱਦੀ ਜੋ ਪਿਛਲੇ ਦਿਨੀਂ ਆਪਣੀ 96 ਸਾਲ ਅਨੰਦਮਈ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ ਸਨ ਅੱਜ ਆਪਾਂ ਸਿੱਖ ਰਹਿਤ ਮਰਯਾਦਾ ਅਨੁਸਾਰ ਉਨ੍ਹਾਂ ਦੇ ਮ੍ਰਿਤਕ ਸੰਸਕਾਰ ਸਮੇਂ ਇਕੱਠੇ ਹੋਏ ਹਾਂ।

ਉਹ 17 ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਸਮੇਂ ਸਮੇਂ ਅੰਤ੍ਰਿਗ ਕਮੇਟੀ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਉੱਚ ਅਹੁਦਿਆਂ ਉਪਰ ਰਹੇ।

ਅਕਾਲੀ ਰਾਜਨੀਤੀ ਦੇ ਨਾਲ ਉਹ ਪਿੰਡ ਸਵੱਦੀ ਖੁਰਦ ਦੇ ਲਗਾਤਾਰ 38 ਸਾਲ ਸਰਪੰਚ ਰਹੇ।

ਫੌਜ ਵਿੱਚ ਨੌਕਰੀ ਕਰਨ ਤੋਂ ਬਾਅਦ ਉਹ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਬਾਬਾ ਫਤਹ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੰਤ ਚੰਨਣ ਸਿੰਘ ਸਮੇਂ ਅਕਾਲੀ ਰਾਜਨੀਤੀ ਵਿੱਚ ਆਏ।

ਉਨ੍ਹਾਂ ਸੰਤ ਫਤਹ ਸਿੰਘ, ਜੱਥੇਦਾਰ ਮੋਹਨ ਸਿੰਘ ਤੁੱੜ, ਜੱਥੇਦਾਰ ਜਗਦੇਵ ਸਿੰਘ ਤਲਵੰਡੀ, ਸੰਤ ਹਰਚੰਦ ਸਿੰਘ ਲੌਂਗੋਵਾਲ, ਸਰਦਾਰ ਸੁਰਜੀਤ ਸਿੰਘ ਬਰਨਾਲਾ ਅਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਸਮੇਂ ਸ਼੍ਰੋਮਣੀ ਅਕਾਲੀ ਦਲ ਵਿੱਚ ਵਫ਼ਾਦਾਰੀ ਨਾਲ ਸੇਵਾ ਨਿਭਾਈ ।

ਜੱਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਉਹ ਨਿਕਟਵਰਤੀ ਸਨ ਅਤੇ ਹਰ ਔਖੇ ਸੌਖੇ ਸਮੇਂ ਦੋਨਾਂ ਇੱਕ ਦੂਸਰੇ ਦਾ ਸਾਥ ਨਿਭਾਇਆ।

ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਲਾਏ ਗਏ ਪੰਜਾਬੀ ਸੂਬਾ ਮੋਰਚਾ, ਐਮਰਜੈਂਸੀ ਮੋਰਚਾ, ਧਰਮ ਯੁੱਧ ਮੋਰਚਾ ਆਦਿ ਵਿੱਚ ਸਰਗਰਮ ਹਿੱਸਾ ਲਿਆ।

1984 ਤੋਂ ਲੈ ਕੇ ਬਲੈਕ ਥੰਡਰ ਉਪਰੇਸ਼ਨ ਤੱਕ ਖਤਰਨਾਕ ਸਮੇਂ ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਬੰਧ ਬਹੁਤ ਸੁਚੱਜੇ ਢੰਗ ਨਾਲ ਨਿਭਾਇਆ, ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਤੋਂ ਲੈ ਕੇ ਹਰ ਖਾੜਕੂ ਧਿਰਾਂ ਨਾਲ ਉਨ੍ਹਾਂ ਦਾ ਚੰਗਾ ਸੰਬੰਧ ਰਿਹਾ ਜਿਸ ਕਾਰਨ ਉਨ੍ਹਾਂ ਅਕਾਲੀ ਲੀਡਰਸ਼ਿਪ ਅਤੇ ਖਾੜਕੂ ਧਿਰਾਂ ਵਿੱਚ ਤਕਰਾਰ ਨੂੰ ਘੱਟ ਕਰਨ ਦੀ ਪੂਰੀ ਕੋਸ਼ਿਸ਼ ਕੀਤੀ।

ਖਾਲਸਤਾਨ ਲਿਬਰੇਸ਼ਨ ਫੋਰਸ ਦੇ ਸਾਰੇ ਜੁਝਾਰੂ ਉਨ੍ਹਾਂ ਦਾ ਬੇਹੱਦ ਸਤਿਕਾਰ ਕਰਦੇ ਸਨ ਉਨ੍ਹਾਂ ਲਿਬਰੇਸ਼ਨ ਫੋਰਸ ਲਈ ਤਾਂ ਆਪਣੇ ਘਰ ਦੇ ਦਰਵਾਜ਼ੇ ਹਮੇਸ਼ਾ ਖੋਲਕੇ ਰੱਖੇ।

ਜਿਸ ਵੇਲੇ ਉਹ ਪਿੰਡ ਦੇ ਸਰਪੰਚ ਬਣੇ ਤਾਂ ਉਨ੍ਹਾਂ ਦਾ ਮੁੱਖ ਅਦੇਸ਼ ਪਿੰਡ ਦਾ ਵਿਕਾਸ ਕਰਨਾ ਸੀ ਜੋ ਉਨ੍ਹਾਂ ਨੇ ਪੂਰੀ ਤਨਦੇਹੀ ਨਾਲ ਕੀਤਾ। ਸਭ ਤੋਂ ਪਹਿਲਾਂ ਉਨ੍ਹਾਂ ਪਿੰਡ ਵਿੱਚ ਮਾਡਲ ਸਕੂਲ ਬਣਾਇਆ, ਅੱਜ ਦੇ ਸਮੇਂ ਜੋ ਰਾਜਨੀਤਕ ਪਾਰਟੀਆਂ ਮਾਡਲ ਸਕੂਲਾਂ ਉੱਪਰ ਰਾਜਨੀਤੀ ਕਰ ਰਹੀਆਂ ਹਨ। ਮੇਰੇ ਨਾਨਾ ਜੀ ਨੇ ਮਾਡਲ ਸਕੂਲ ਅੱਜ ਤੋਂ ਤਕਰੀਬਨ 50 ਸਾਲ ਪਹਿਲਾਂ ਪਿੰਡ ਸਵੱਦੀ ਵਿੱਚ ਬਣਾ ਦਿੱਤਾ ਸੀ।

ਉਨ੍ਹਾਂ ਪਿੰਡ ਵਿੱਚ ਹਰ ਵਰਗ ਲਈ ਵਿਆਹ ਸ਼ਾਦੀਆਂ ਲਈ ਦੋ ਆਲੀਸ਼ਾਨ ਜੰਜ ਘਰ ਬਣਾਏ। ਕਿਸਾਨਾਂ ਦਾ ਖੇਤੀਬਾੜੀ ਲਈ ਵਰਤਨ ਵਾਲਾ ਵਾਧੂ ਸਮਾਨ ਰੱਖਣ ਲਈ ਪਿੰਡ ਵਿੱਚ ਸਟੋਰ ਭਾਵ ਵੇਅਰਹਾਊਸ ਬਣਾਇਆ। ਪਿੰਡ ਦੀਆਂ ਗਲੀਆਂ ਨਾਲੀਆਂ ਪੱਕੀਆਂ ਕਰਨ ਤੋਂ ਇਲਾਵਾ ਅਨੇਕਾਂ ਹੋਰ ਕਾਰਜ ਕੀਤੇ।

ਫੌਜ ਵਿੱਚ ਸਰਵਿਸ ਦੌਰਾਨ ਉਨ੍ਹਾਂ ਦੀ ਖੇਡਾਂ ਵਿੱਚ ਬਹੁਤ ਰੁਚੀ ਹੋਣ ਕਰਕੇ ਅੱਜ ਤੋਂ 40-50 ਸਾਲ ਪਹਿਲਾਂ ਉਨ੍ਹਾਂ ਨੇ ਉਸ ਵੇਲੇ ਪਿੰਡ ਵਿੱਚ ਖਾਲਸਾ ਸਪੋਰਟਸ ਕਲੱਬ ਬਣਾ ਕੇ ਪਿੰਡ ਦੇ ਮੁੰਡੇ ਕੁੜੀਆਂ ਨੂੰ ਖੇਡਾਂ ਵੱਲ ਪ੍ਰੇਰਿਤ ਕੀਤਾ ਅਤੇ ਪਿੰਡ ਵਿੱਚ ਕਸਰਤ ਕਰਨ ਲਈ ਉਸ ਵੇਲੇ ਦਾ ਹਰ ਸਾਜੋ ਸਮਾਨ ਜੋ ਸੰਭਵ ਸੀ ਉਹ ਪਿੰਡ ਵਿੱਚ ਲਿਆਂਦਾ।

ਪਿੰਡ ਦੇ ਬਜ਼ੁਰਗਾਂ ਨੂੰ ਆਪਣੇ ਮੁੰਡੇ ਕੁੜੀਆਂ ਖਾਸ ਕਰਕੇ ਕੁੜੀਆਂ ਨੂੰ ਆਹਲਾ ਪੜ੍ਹਾਈ ਕਰਵਾਉਣ ਲਈ ਪ੍ਰੇਰਿਤ ਕੀਤਾ ਜੋ ਕਿ ਉਸ ਵੇਲੇ ਮਾਲਵਾ ਖੇਤਰ ਵਿੱਚ ਅਜਿਹਾ ਨਹੀਂ ਸੀ।

ਪਿੰਡ ਦੇ ਲੋਕਾਂ ਨੂੰ ਗਿਆਨ ਦੇਣ ਲਈ ਉਨ੍ਹਾਂ ਆਪਣੇ ਘਰ ਵਿੱਚ ਲਾਇਬ੍ਰੇਰੀ ਬਣਾਈ ਅਤੇ ਪਿੰਡ ਦੇ ਲੋਕਾਂ ਦੇ ਪੜ੍ਹਨ ਲਈ ਉਨ੍ਹਾਂ ਜਲੰਧਰ ਅਤੇ ਚੰਡੀਗੜ੍ਹ ਤੋਂ ਅੰਗਰੇਜ਼ੀ ਪੰਜਾਬੀ ਵਿੱਚ ਛਪਣ ਵਾਲੇ ਅਖਬਾਰ ਲਗਵਾਏ। ਸਾਡੀ ਨਾਨੀ ਨੇ ਸਵੇਰੇ ਵੱਡਾ ਪਤੀਲਾ ਚਾਹ ਦਾ ਬਣਾ ਦੇਣਾ ਪਿੰਡ ਨਿਵਾਸੀ ਚਾਹ ਪੀਕੇ ਅਖ਼ਬਾਰਾਂ ਪੜ੍ਹਨ ਦਾ ਰੋਜ਼ਾਨਾ ਅਨੰਦ ਲੈਂਦੇ ਸਨ।

ਭਾਵੇਂ ਅਕਾਲੀ ਸਰਕਾਰ ਹੋਵੇ ਜਾਂ ਕਾਂਗਰਸ ਉਨ੍ਹਾਂ ਪਿੰਡ ਦੇ ਵਿਕਾਸ ਲਈ ਵੱਧ ਤੋਂ ਵੱਧ ਗ੍ਰਾਂਟਾਂ ਲਿਆਂਦੀਆਂ।

ਹਰ ਕਿਸੇ ਸਰਕਾਰ ਤੋਂ ਫਾਇਦਾ ਲੈ ਕੇ ਉਨ੍ਹਾਂ ਪਿੰਡ ਅਤੇ ਇਲਾਕਾ ਨਿਵਾਸੀਆਂ ਨੂੰ ਵੱਧ ਤੋਂ ਵੱਧ ਸਰਕਾਰੀ ਨੌਕਰੀ ਉੱਪਰ ਲਗਵਾਇਆ।

ਨਰਮ ਅਤੇ ਇਮਾਨਦਾਰ ਸੁਭਾਅ ਦੇ ਹੋਣ ਕਰਕੇ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਅਕਾਲੀ ਵਰਕਰਾਂ ਅਤੇ ਇਲਾਕਾ ਨਿਵਾਸੀਆਂ ਨੂੰ ਇੱਕੋ ਪਰਿਵਾਰ ਸਮਝਣ ਕਰਕੇ ਅਕਾਲੀ ਰਾਜਨੀਤੀ ਅਤੇ ਇਲਾਕੇ ਵਿੱਚ ਉਨ੍ਹਾਂ ਨੂੰ ਬਾਈ ਜੀ ਕਹਿ ਕੇ ਹੀ ਬੁਲਾਇਆ ਜਾਂਦਾ ਸੀ ।

ਉਨ੍ਹਾਂ ਦੀ ਵਿਸ਼ੇਸ਼ਤਾ ਇਹ ਵੀ ਰਹੀ ਕਿ ਉਨ੍ਹਾਂ ਕਦੇ ਵੀ ਪਿੰਡ ਵਿੱਚ ਲੜਾਈ ਝਗੜਾ ਨਹੀਂ ਸੀ ਹੋਣ ਦਿੱਤਾ ਜੇਕਰ ਕਿਤੇ ਹੋ ਵੀ ਜਾਂਦਾ ਸੀ ਤਾਂ ਪਿੰਡ ਵਿੱਚ ਹੀ ਨਿਬੇੜ ਦਿੰਦੇ ਸਨ।

38 ਸਾਲ ਉਨ੍ਹਾਂ ਦੇ ਸਰਪੰਚੀ ਕਾਰਜਕਾਲ ਦੌਰਾਨ ਥਾਣਾ ਸਿੱਧਵਾਂ ਬੇਟ ਵਿੱਚ ਕਦੇ ਵੀ ਪਿੰਡ ਦੀ ਕੋਈ ਲੜਾਈ ਝਗੜੇ ਦੀ ਜਾਂ ਕੋਈ ਹੋਰ FIR ਦਰਜ ਨਹੀਂ ਸੀ ਹੋਈ।

ਮੈਂ ਅਮਰੀਕਾ ਦੀ ਜੰਮਪਲ ਹੋਣ ਦੇ ਬਾਵਜੂਦ ਬਚਪਨ ਵਿੱਚ ਆਪਣੇ ਨਾਨਕੇ ਘਰ ਸਵੱਦੀ ਰਹੀ। ਮੇਰੇ ਨਾਨਾ ਜੀ ਨੇ ਜੋ ਪਿਆਰ ਚਾਅ ਲਾਡ ਮੈਨੂੰ ਦਿੱਤਾ ਉਹ ਮੈਂ ਕਦੇ ਵੀ ਭੁੱਲ ਨਹੀਂ ਸਕਦੀ। ਉਨ੍ਹਾਂ ਦੀ ਨਿੱਘੀ ਯਾਦ ਮੇਰੇ ਹਿਰਦੇ ਵਿੱਚ ਹਮੇਸ਼ਾ ਵਸੀ ਰਹੇਗੀ।

# ਸਿੰਘ ਸਾਹਿਬ ਜਥੇਦਾਰ ਗਿਆਨ ਰਘਬੀਰ ਸਿੰਘ ਜੀ ਦਾ ਸ੍ਰ. ਮਨਜੀਤ ਸਿੰਘ ਖਾਲਸਾ ਵਲੋਂ ਸਨਮਾਨ







2019 ਵਿਚ ਸ੍ਰੀ ਗੁਰੂ ਨਾਨਕ ਸੇਵਾ ਸੁਸਾਇਟੀ ਵਲੋਂ ਇੰਟਰਨੈਸ਼ਨਲ ਨਗਰ ਕੀਰਤਨ ਕੱਢਿਆ ਗਿਆ ਜੋ ਕਿ 550 ਸਾਲਾ ਸ੍ਰੀ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੀ। ਇਹ ਪਹਿਲਾ ਇੰਟਰਨੈਸ਼ਨਲ ਨਗਰ ਕੀਰਤਨ ਸੀ ਜਿਸ ਵਿਚ ਸ੍ਰੀ ਗੁਰੂ ਨਾਨਕ ਸੇਵਾ ਸੁਸਾਇਟੀ ਵਲੋਂ ਸੁਲਤਾਨਪੁਰ ਲੋਧੀ ਤੱਕ ਸੇਵਾ ਨਿਭਾਈ ਗਈ ਸੀ। ਇਸ ਨਗਰ ਕੀਰਤਨ ਵਿਚ ਸਿੰਘ ਸਾਹਿਬ ਜਥੇਦਾਰ ਗਿਆਨੀ ਰਘਬੀਰ ਸਿੰਘ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਆਲਮਗੀਰ ਲੁਧਿਆਨਾ ਵਿਖੇ ਨਗਰ ਕੀਰਤਨ ਦਾ ਸਵਾਗਤ ਕੀਤਾ ਅਤੇ ਨਗਰ ਕੀਰਤਨ ਦੀ ਅਗਵਾਈ ਕਰ ਰਹੇ ਸੇਵਾਦਾਰਾਂ ਨੂੰ ਸਿਰਪਾਓ ਵੀ ਸਿੰਘ ਸਾਹਿਬ ਜੀ ਵਲੋਂ ਦਿੱਤੇ ਗਏ। ਸਿੰਘ ਸਾਹਿਬ ਜਥੇਦਾਰ ਗਿਆਨੀ ਰਘਵੀਰ ਸਿੰਘ ਜੀ ਅਮਰੀਕਾ ਵਿਚ ਸਾਡੇ ਗ੍ਰਹਿ ਵਿਖੇ ਆਏ ਜਿਨ੍ਹਾਂ ਦਾ ਸ੍ਰ. ਮਨਜੀਤ ਸਿੰਘ ਖਾਲਸਾ ਨੇ ਸ੍ਰੀ ਸਾਹਿਬ ਤੇ ਸਿਰਪਾਓ ਨਾਲ ਸਨਮਾਨਿਤ ਕੀਤਾ।ਅਸੀਂ ਸਿੰਘ ਸਾਹਿਬ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਨ।

# 'ਕੈਨੇਡਾ ਵਿਕਰੀ ਲਈ ਨਹੀਂ ਹੈ, ਨਹੀਂ ਬਣੇਗਾ ਕਦੇ ਅਮਰੀਕਾ ਦਾ 51ਵਾਂ ਰਾਜ'

ਸਾਨ ਫਰਾਂਸਿਸਕੋ : ਆਪਣੀ ਵਾਸ਼ਿੰਗਟਨ ਸਥਿਤ ਵ੍ਹਾਈਟ ਹਾਊਸ ਦੀ ਪਹਿਲੀ ਫੇਰੀ ਦੌਰਾਨ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਟਰੰਪ ਨੂੰ ਸਪੱਸ਼ਟ ਸ਼ਬਦਾਂ 'ਚ ਕਿਹਾ ਕਿ ਮੇਰਾ ਦੇਸ਼ ਵਿਕਰੀ ਲਈ ਨਹੀਂ ਹੈ। ਉਹ ਟਰੰਪ ਵਿਰੋਧੀ ਮੰਚ 'ਤੇ ਚੁਣੇ ਜਾਣ ਤੋਂ ਕੁਝ ਦਿਨ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਮੁਲਾਕਾਤ ਕਰ ਰਹੇ ਹਨ ਕਿਉਂਕਿ ਦੋਹਾਂ ਦੇਸ਼ਾਂ ਵਿਚਕਾਰ ਇਸ ਵੇਲੇ ਸਬੰਧ ਇਤਿਹਾਸਕ ਤੌਰ 'ਤੇ ਬਹੁਤ ਕਮਜ਼ੋਰ ਹਨ । ਮਾਰਕ ਕਾਰਨੀ ਨੇ ਟਰੰਪ ਨੂੰ ਇਹ ਵੀ ਸਾਫ ਕਰ ਦਿੱਤਾ ਕਿ ਕੈਨੇਡਾ ਅਮਰੀਕਾ ਦਾ 51ਵਾਂ ਰਾਜ ਨਹੀਂ ਬਣੇਗਾ। ਦੋਹਾਂ ਮੁਲਕਾਂ ਦੇ ਮੁਖੀਆਂ ਦੀ ਅਹਿਮ ਮੁਲਾਕਾਤ ਦਾ ਮੁੱਖ ਏਜੰਡਾ ਇਹੀ ਸੀ ਕਿ ਬਿਨਾਂ ਸ਼ੱਕ ਕੈਨੇਡਾ 51ਵਾਂ ਰਾਜ ਨਹੀਂ ਬਣ ਸਕੇਗਾ।ਇਸ ਲਈ ਇਸ ਮਾਮਲੇ 'ਚ ਖਾਹ-ਮਖਾਹ ਤਣਾਅ ਤੇ ਲੜਾਈ 'ਚ ਜਨਤਕ ਤੌਰ 'ਤੇ ਬਚਿਆ ਜਾਵੇ । ਕਾਰਨੀ ਨੇ ਟਰੰਪ ਨੂੰ ਦੱਸਿਆ ਕਿ ਜਿਵੇਂ ਤੁਸੀਂ ਰੀਅਲ ਅਸਟੇਟ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਹੋ ਤੇ ਕੁਝ ਥਾਵਾਂ ਅਜਿਹੀਆਂ ਹਨ ਜੋ ਵਿਕਰੀ ਲਈ ਨਹੀਂ ਹੁੰਦੀਆਂ । ਇਸ ਦੇ ਜਵਾਬ 'ਚ ਟਰੰਪ ਦੀ ਪ੍ਰਤੀਕ੍ਰਿਆ ਸੀ 'ਕਦੇ ਵੀ' ਨਾ ਕਹੋ 'ਸਮਾਂ ਦੱਸੇਗਾ', ਪਰ ਉਹ ਕਾਰਨੀ ਨਾਲ ਲੜਾਈ ਨਹੀ ਰੱਖਣਾ ਚਾਹੁੰਦੇ ਹਾਲੇ ਤਾਂ ਹੁਣੇ ਹੁਣੇ ਤੁਸੀਂ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਹੈ।ਜਿਕਰਯੋਗ ਹੈ ਕਿ ਅਮਰੀਕਾ ਦੇ ਇਸ ਵੇਲੇ ਆਪਣੇ ਵਪਾਰਿਕ ਭਾਈਵਾਲ ਗੁਆਂਡੀ ਦੇਸ਼ਾਂ ਮੈਕਸੀਕੋ ਤੇ ਕੈਨੇਡਾ ਨਾਲ ਸਬੰਧ ਬਹੁਤ ਹੇਠਲੇ ਪੱਧਰ 'ਤੇ ਚੱਲ ਰਹੇ ਹਨ, ਕਿਉਂਕਿ ਉਨ੍ਹਾਂ ਨੇ ਕੈਨੇਡੀਅਨ ਸਾਮਾਨ 'ਤੇ ਟੈਰਿਫ ਲਗਾਉਣ ਦਾ ਫੈਸਲਾ ਕੀਤਾ ਹੈ ਤੇ ਉਨ੍ਹਾਂ ਦੇ ਲਗਾਤਾਰ ਟਾਲ-ਮਟੋਲ ਕਾਰਨ ਕਿ ਉਹ ਕੈਨੇਡਾ ਨੂੰ ਅਮਰੀਕਾ ਦਾ ਹਿੱਸਾ ਬਣਾਉਣਾ ਚਾਹੁੰਦੇ ਹਨ । ਕਾਰਨੀ ਦੇ ਵ ?ਹਾਈਟ ਹਾਊਸ ਪਹੁੰਚਣ ਤੋਂ ਇੱਕ ਘੰਟੇ ਤੋਂ ਵੀ ਘੱਟ ਸਮੇਂ ਪਹਿਲਾਂ, ਟਰੰਪ ਨੇ 'ਟਰੂਥ' ਸੋਸ਼ਲ 'ਤੇ ਇੱਕ ਜੰਗੀ ਪੋਸਟ ਵਿਚ ਕੈਨੇਡਾ 'ਤੇ ਤਿੱਖਾ ਹਮਲਾ ਬੋਲਿਆ ਤੇ ਆਪਣੀਆਂ ਅਕਸਰ ਕੀਤੀਆਂ ਜਾਣ ਵਾਲੀਆਂ ਆਲੋਚਨਾਵਾਂ ਨੂੰ ਦੁਹਰਾਇਆ ਕਿ ਉਨ੍ਹਾ ਦਾ ਦੇਸ਼ ਅਮਰੀਕਾ 'ਤੇ ਬਹੁਤ ਜ਼ਿਆਦਾ ਨਿਰਭਰ ਹੈ । ਸਾਨੂੰ ਉਨ੍ਹਾਂ ਦੀ ਦੋਸਤੀ ਤੋਂ ਇਲਾਵਾ ਉਨ੍ਹਾਂ ਕੋਲੋਂ ਕਿਸੇ ਵੀ ਚੀਜ਼ ਦੀ ਜ਼ਰੂਰਤ ਨਹੀਂ ਹੈ ਤੇ ਉਮੀਦ ਹੈ ਕਿ ਅਸੀਂ ਇਹ ਹਮੇਸ਼ਾ ਬਣਾਈ ਰੱਖਾਂਗੇ। ਟਰੰਪ ਨੇ ਇਹ ਵੀ ਲਿਖਿਆ ਕਿ ਉਨ੍ਹਾਂ ਨੂੰ ਸਾਡੇ ਤੋਂ ਸਭ ਕੁਝ ਚਾਹੀਦਾ ਹੈ । ਟਰੰਪ ਨੇ ਕਿਹਾ ਕਿ ਉਹ ਕੈਨੇਡਾ ਨਾਲ ਕੰਮ ਕਰਨਾ ਬਹੁਤ ਚਾਹੁੰਦਾ ਹੈ ਪਰ ਇਹ ਸੱਚਾਈ ਸਮਝ ਨਹੀਂ ਆ ਰਹੀ ਕਿ ਅਮਰੀਕਾ, ਕੈਨੇਡਾ ਨੂੰ ਹਰ ਸਾਲ 200 ਬਿਲੀਅਨ ਡਾਲਰ ਦੀ ਸਬਸਿਡੀ ਕਿਉਂ ਦੇ ਰਿਹਾ ਹੈ, ਉਨ੍ਹਾਂ ਨੂੰ ਮੁਫ਼ਤ ਫੌਜੀ ਸੁਰੱਖਿਆ ਦੇਣ ਤੋਂ ਇਲਾਵਾ ਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਕਿਉਂ ਦੇ ਰਿਹਾ ਹੈ ? ਹਾਲਾਂਕਿ ਓਵਲ ਦਫ਼ਤਰ ਵਿਚ ਮੁਲਾਕਾਤ ਸਮੇਂ ਟਰੰਪ ਨੇ ਬਹੁਤ ਜ਼ਿਆਦਾ ਸੁਲ੍ਹਾ-ਸਫਾਈ ਵਾਲਾ ਲਹਿਜ਼ਾ ਅਪਣਾਇਆ ਤੇ ਕਾਰਨੀ ਨੂੰ ਉਨ੍ਹਾਂ ਦੀ ਚੋਣ 'ਚ ਜਿੱਤ 'ਤੇ ਵਧਾਈ ਦਿੱਤੀ, ਉਨ੍ਹਾਂ ਵਲੋਂ ਚਲਾਈ ਗਈ ਮੁਹਿੰਮ ਦੀ ਪ੍ਰਸ਼ੰਸਾ ਕਰਦਿਆਂ ਰਾਜਨੀਤੀ ਦੇ ਇਤਿਹਾਸ ਵਿਚ ਸਭ ਤੋਂ ਵੱਡੀ ਵਾਪਸੀ ਕਿਹਾ । ਕੈਨੇਡਾ ਤੇ ਅਮਰੀਕਾ, ਮੈਕਸੀਕੋ ਨਾਲ, ਇੱਕ ਮੁਕਤ-ਵਪਾਰ ਸਮਝੌਤਾ ਸਾਂਝਾ ਕਰਦੇ ਹਨ ਜੋ ਹੁਣ ਬੁਰੀ ਤਰਾਂ ਤਬਾਹ ਹੋ ਰਿਹਾ ਹੈ ਪਰ ਟਰੰਪ ਇਹ ਕਹਿ ਰਿਹਾ ਹੈ ਕਿ ਕੈਨੇਡਾ ਨਾਲ ਵਪਾਰ, ਕੈਨੇਡਾ ਲਈ ਹੀ ਲਾਹੇਵੰਦ ਹੈ ਅਮਰੀਕਾ ਨੂੰ ਤਾਂ ਨੁਕਸਾਨ ਪਹੁੰਚਾਉਂਦਾ ਹੈ।ਕਾਰਨੇ ਨੇ ਕਿਹਾ ਕਿ ਦੋਵਾਂ ਵਿਚਕਾਰ ਚਰਚਾ ਲਈ ਸਮਾਂ ਲੱਗੇਗਾ ਤੇ ਇਹ ਵਪਾਰਕ ਮੁੱਦਿਆਂ ਤੋਂ ਪਰੇ ਸੁਰੱਖਿਆ ਅਤੇ ਰੱਖਿਆ ਵਰਗੇ ਹੋਰ ਖੇਤਰਾਂ ਨੂੰ ਵੀ ਸ਼ਾਮਿਲ ਕਰਨੇ ਹੋਣਗੇ।



ਵ੍ਹਾਈਟ ਹਾਊਸ 'ਚ ਮੁਲਾਕਾਤ ਦੌਰਾਨ ਮਾਰਕ ਕਾਰਨੀ ਤੇ ਡੋਨਾਲਡ ਟਰੰਪ





ਰਾਂਚੀ: ਬੁੱਧਵਾਰ ਨੂੰ ਰਾਂਚੀ ਵਿੱਚ ਮੌਕ ਡ੍ਰਿਲ ਦੀ ਰਿਹਰਸਲ ਦੌਰਾਨ ਬਲੈਕਆਊਟ ਦਾ ਹਵਾਈ ਦ੍ਰਿਸ਼।

# ਸਿਵਲ ਡਿਫੈਂਸ ਦੇ ਕਰਮਚਾਰੀਆਂ ਨੇ ਦੇਸ਼ ਵਿਆਪੀ 'ਸਿਵਲ ਡਿਫੈਂਸ ਮੌਕ ਡ੍ਰਿਲ' ਵਿੱਚ ਹਿੱਸਾ ਲਿਆ



ਬੈਂਗਲੁਰੂ: ਸਿਵਲ ਡਿਫੈਂਸ ਦੇ ਕਰਮਚਾਰੀਆਂ ਨੇ ਗ੍ਰਹਿ ਮੰਤਰਾਲੇ (ਐਮਐਚਏ) ਦੇ ਦਿਸ਼ਾ-ਨਿਰਦੇਸ਼ਾਂ ਦੇ ਤਹਿਤ, ਉਲਸੂਰ ਫਾਇਰ ਐਂਡ ਐਮਰਜੈਂਸੀ ਸਰਵਿਸਿਜ਼ ਵਿਖੇ 'ਆਪ੍ਰੇਸ਼ਨ ਅਭਿਆਸ' ਦੇ ਨਾਮ ਨਾਲ ਇੱਕ ਦੇਸ਼ ਵਿਆਪੀ 'ਸਿਵਲ ਡਿਫੈਂਸ ਮੌਕ ਡ੍ਰਿਲ' ਵਿੱਚ ਹਿੱਸਾ ਲਿਆ।



ਲਖਨਊ ਦੇ ਪੁਲਿਸ ਲਾਈਨਜ਼ ਵਿਖੇ ਇੱਕ ਮੌਕ ਡ੍ਰਿਲ ਅਭਿਆਸ ਦੌਰਾਨ ਸਿਵਲ ਡਿਫੈਂਸ ਵਲੰਟੀਅਰ ਅਤੇ ਐਨਡੀਆਰਐਫ ਟੀਮ ਦੇ ਮੈਂਬਰ।

# ਭਾਰੀ ਬਾਰਿਸ਼ ਨੇ ਕਿਸਾਨ ਦੀ ਮੰਡੀਆਂ 'ਚ ਪਈ ਕਣਕ ਕੀਤੀ ਤਬਾਹ






ਅੰਮ੍ਰਿਤਸਰ: ਸ਼ੁੱਕਰਵਾਰ ਨੂੰ ਅੰਮ੍ਰਿਤਸਰ ਵਿੱਚ ਰਾਤ ਭਰ ਦੀ ਬਾਰਿਸ਼ ਅਤੇ ਗਰਜ ਤੋਂ ਬਾਅਦ ਕਿਸਾਨ ਅਨਾਜ ਮੰਡੀ ਵਿੱਚ ਕਣਕ ਦੇ ਗਿੱਲੇ ਬੋਰੀਆਂ 'ਤੇ ਬੈਠੇ ਹਨ।






# FREEDOM MARCH & SOVEREGNTY RALLY



# ਨਗਰ ਕੀਰਤਨ

**88 Second St, San Francisco**

**ਸਥਾਨ : ਸੈਨ ਫਰਾਂਸਿਸਕੋ ਡਾਊਨ ਟਾਊਨ ਵਿਖੇ**

**ਸ਼ਨੀਵਾਰ 7 ਜੂਨ 2025 ਸਵੇਰੇ 10.30 ਵਜੇ ਤੋਂ ਅਰੰਭ ਹੋਵੇਗਾ।**

ਨਗਰ ਕੀਰਤਨ ਸੈਕੰਡ ਸਟਰੀਟ ਅਤੇ ਮਾਰਕੀਟ ਸਟਰੀਟ ਤੋਂ ਸ਼ੁਰੂ ਹੋਵੇਗਾ ਤੇ ਸਿਵਿਕ ਸੈਂਟਰ-ਸਿਟੀ ਹਾਲ ਜਾ ਕੇ ਸੰਪੂਰਨ ਹੋਵੇਗਾ।

ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ਼ਹਾਦਤ ਅਤੇ ਉਨ੍ਹਾਂ ਵਲੋਂ ਪਾਏ ਪੂਰਨਿਆਂ 'ਤੇ ਚੱਲਦੇ ਹੋਏ ਜੂਨ 1984 ਅਤੇ ਬਾਅਦ ਵਿਚ ਸ਼ਹੀਦ ਹੋਰ ਸਿੰਘ ਸਿੰਘਣੀਆਂ, ਭੁਝੰਗੀ ਭੁਝੰਗਣਾ ਦੀ ਯਾਦ ਵਿਚ 7 ਜੂਨ ਨੂੰ ਸੈਨ ਫਰਾਂਸਿਸਕੋ ਸ਼ਹਿਰ ਵਿਚ ਹਰ ਸਾਲ ਦੀ ਤਰ੍ਹਾਂ ਮਹਾਨ ਨਗਰ ਕੀਰਤਨ ਕੱਢਿਆ ਜਾ ਰਿਹਾ ਹੈ।

**ਨਗਰ ਕੀਰਤਨ 'ਤੇ ਜਾਣ ਵਾਲੀਆਂ ਸੰਗਤਾਂ Montgomery ਸਟੇਸ਼ਨ 'ਤੇ ਉਤਰਨ**

**For More Info : 1-844-REM-1984. WWW.REMEMBER84.COM**

**ਜਾਰੀ ਕਰਤਾ : ਸਮੂਹ ਗੁਰਦੁਆਰਾ ਸਾਹਿਬ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ, ਕੈਲੀਫੋਰਨੀਆ**

# ਸੁੱਖਮਿੰਦਰਪਾਲ ਸਿੰਘ ਗਰੇਵਾਲ ਵੱਲੋਂ ਕੈਨੇਡਾ ਦੇ ਨਵੇਂ ਚੁਣੇ ਗਏ ਸੰਸਦ ਮੈਂਬਰਾਂ ਨੂੰ ਵਧਾਈ

ਨਵੀਂ ਦਿੱਲੀ : ਭਾਜਪਾ ਦੇ ਰਾਸ਼ਟਰੀ ਕਿਸਾਨ ਆਗੂ ਸ੍ਰੀ ਸੁੱਖਮਿੰਦਰਪਾਲ ਸਿੰਘ ਗਰੇਵਾਲ ਭੂਖੜੀ ਕਲਾਂ ਵੱਲੋਂ ਕੈਨੇਡਾ ਦੀ 2025 ਦੀ ਸੰਸਦੀ ਚੋਣ ਵਿੱਚ ਨਵੇਂ ਚੁਣੇ ਗਏ ਸਾਰੇ ਮੈਂਬਰਾਂ ਨੂੰ ਦਿਲੋਂ ਮੁਬਾਰਕਬਾਦ। ਉਨ੍ਹਾਂ ਮਾਰਕ ਕਾਰਨੇ ਨੂੰ ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਵਜੋਂ ਚੁਣੇ ਜਾਣ 'ਤੇ ਖਾਸ ਤੌਰ 'ਤੇ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਚੋਣ ਪੰਜਾਬੀ ਭਾਈਚਾਰੇ ਲਈ ਇਤਿਹਾਸਕ ਪਲ ਹੈ, ਜਿਥੇ ਲਿਬਰਲ ਅਤੇ ਕੰਜ਼ਰਵੇਟਿਵ ਪਾਰਟੀਆਂ ਵਿੱਚੋਂ ਕੁੱਲ 22 ਪੰਜਾਬੀ ਮੂਲ ਦੇ ਉਮੀਦਵਾਰ ਸੰਸਦ ਵਿੱਚ ਪਹੁੰਚੇ ਹਨ। ਇਹ ਸਾਡੇ ਭਾਈਚਾਰੇ ਦੀ ਵਧਦੀ ਹੋਈ ਸਿਆਸੀ ਭਾਗੀਦਾਰੀ, ਸਮਾਜਿਕ ਯੋਗਦਾਨ ਅਤੇ ਕਾਬਲਿਅਤ ਦਾ ਪਰਮਾਣ ਹੈ।

ਉਨ੍ਹਾਂ ਆਖਿਆ ਕਿ ਭਾਰਤ ਅਤੇ ਕੈਨੇਡਾ ਗਹਿਰੀ ਲੋਕਤੰਤਰਕ ਵਿਰਾਸਤ, ਕਾਨੂੰਨੀ ਪਰਬੰਧ ਅਤੇ ਲੋਕ-ਤੋ-ਲੋਕ ਸੰਬੰਧਾਂ ਰਾਹੀਂ ਜੁੜੇ ਹੋਏ ਹਨ। ਭਾਰਤ, ਕੈਨੇਡਾ ਨਾਲ ਦੋਸਤਾਨਾ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਕਰਕੇ ਦੋਹਾਂ ਦੇਸ਼ਾਂ ਦੇ ਲੋਕਾਂ ਲਈ ਨਵੇਂ ਮੌਕੇ ਅਤੇ ਖੁਸ਼ਹਾਲੀ ਦੀ ਆਸ ਰੱਖਦਾ ਹੈ।

ਪ੍ਰਾਂਤਾਂ ਅਨੁਸਾਰ ਚੁਣੇ ਗਏ ਪੰਜਾਬੀ ਮੂਲ ਦੇ ਸੰਸਦ ਮੈਂਬਰਾਂ ਦੀ ਸੂਚੀ ਹੇਠ ਲਿਖੀ ਹੈ:

ਓਂਟਾਰੀਓ:
ਰੂਬੀ ਸਹੋਤਾ, ਮਨਿੰਦਰ ਸਿੱਧੂ, ਅਮਨਦੀਪ ਸੋਧੀ, ਸੋਨੀਆ ਸਿੱਧੂ, ਅਮਰਜੀਤ ਗਿੱਲ, ਅਨੀਤਾ ਆਨੰਦ, ਬਰਦੀਸ਼ ਛੱਗਰ, ਇਕਵਿੰਦਰ ਸਿੰਘ ਗਹੀਰ, ਅਰਪਣ ਖੰਨਾ, ਪਰਮ ਗਿੱਲ, ਹਰਭ ਗਿੱਲ।


ਬੀਜੇਪੀ ਦੇ ਨੈਸ਼ਨਲ ਲੀਡਰ
ਸ੍ਰ. ਸੁਖਮਿੰਦਰਪਾਲ ਸਿੰਘ ਗਰੇਵਾਲ

ਬ੍ਰਿਟਿਸ਼ ਕੋਲੰਬੀਆ:
ਸੁਖ ਧਾਲੀਵਾਲ, ਰਣਦੀਪ ਸਰਾਏ, ਗੁਰਬਕਸ਼ ਸੈਣੀ, ਪਰਮ ਬੈਂਸ, ਸੁਖਮਨ ਗਿੱਲ।

ਅਲਬਰਟਾ:
ਜਸਰਾਜ ਸਿੰਘ ਹੱਲਨ, ਦਲਵਿੰਦਰ ਗਿੱਲ, ਅਮਨਪ੍ਰੀਤ ਗਿੱਲ, ਟਿਮ ਉੱਪਲ, ਜਗਸ਼ਰਨ ਸਿੰਘ ਮਹੱਲ।

ਕਿਊਬੈਕ: ਅੰਜੂ ਢਿੱਲੋਂ।

ਸੁੱਖਮਿੰਦਰਪਾਲ ਸਿੰਘ ਗਰੇਵਾਲ ਨੇ ਆਖਿਆ ਕਿ ਇਹ ਸਫਲਤਾ ਸਿਰਫ਼ ਪੰਜਾਬੀਆਂ ਦੀ ਨਹੀਂ, ਸਗੋਂ ਦੋ ਸੱਭਿਆਚਾਰਾਂ ਦੇ ਮਿਲਾਪ, ਸਮਰਪਣ ਅਤੇ ਕਾਬਲੀਅਤ ਦਾ ਜਸ਼ਨ ਹੈ। ਉਹਨਾਂ ਚਾਹਾ ਕਿ ਇਹ ਨਵੇਂ ਚੁਣੇ ਗਏ ਐਮ.ਪੀ. ਕੈਨੇਡਾ ਲਈ ਤਰੱਕੀ, ਏਕਤਾ ਅਤੇ ਭਲਾਈ ਲਿਆਉਣਗੇ ਅਤੇ ਭਾਰਤ-ਕੈਨੇਡਾ ਰਿਸ਼ਤਿਆਂ ਨੂੰ ਹੋਰ ਮਜ਼ਬੂਤੀ ਦੇਣਗੇ।

# ਸੁੱਖਮਿੰਦਰਪਾਲ ਸਿੰਘ ਗਰੇਵਾਲ ਨੇ ਪਾਣੀ ਵਿਵਾਦ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਸਾਧਿਆ ਨਿਸ਼ਾਨਾ

## ਆਪ 'ਤੇ ਧੋਖਾਧੜੀ ਦਾ ਲਗਾਇਆ ਦੋਸ਼

ਲੁਧਿਆਣਾ: ਭਾਜਪਾ ਕਿਸਾਨ ਮੋਰਚਾ ਦੇ ਰਾਸ਼ਟਰੀ ਆਗੂ ਸੁੱਖਮਿੰਦਰਪਾਲ ਸਿੰਘ ਗਰੇਵਾਲ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਤਿੱਖਾ ਹਮਲਾ ਕਰਦਿਆਂ ਉਨ੍ਹਾਂ ਅਤੇ ਆਮ ਆਦਮੀ ਪਾਰਟੀ (ਆਪ) 'ਤੇ ਪੰਜਾਬ ਦੇ ਲੋਕਾਂ ਨੂੰ ਅਹੰਕਾਰਪੂਰਕ ਮੁੱਦਿਆਂ, ਖਾਸ ਕਰਕੇ ਹਰਿਆਣਾ ਨਾਲ ਚੱਲ ਰਹੇ ਪਾਣੀ ਦੇ ਵਿਵਾਦ ਨੂੰ ਲੈ ਕੇ ਲਗਾਤਾਰ ਗੁੰਮਰਾਹ ਕਰਨ ਦੇ ਗੰਭੀਰ ਇਲਜ਼ਾਮ ਲਾਏ ਹਨ।

ਮੀਡੀਆ ਨਾਲ ਗੱਲਬਾਤ ਕਰਦਿਆਂ ਗਰੇਵਾਲ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਮਾਨ "ਝੂਠ ਤੇ ਰਾਜਨੀਤਿਕ ਨਾਟਕ ਦੇ ਮਾਹਿਰ" ਬਣ ਚੁੱਕੇ ਹਨ ਜੋ ਆਪਣੀ ਸਰਕਾਰ ਦੀਆਂ ਨਾਕਾਮੀਆਂ ਤੋਂ ਧਿਆਨ ਹਟਾਉਣ ਲਈ ਭਾਵਨਾਤਮਕ ਸ਼ੋਸ਼ਣ ਅਤੇ ਨਕਲੀ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ। ਗਰੇਵਾਲ ਨੇ ਕਿਹਾ, "ਹੁਣ ਪੰਜਾਬ ਦੀ ਜਨਤਾ ਨੂੰ ਇਸ ਖਤਰਨਾਕ ਨਾਟਕ ਨੂੰ ਪਹਿਚਾਣ ਲੈਣਾ ਚਾਹੀਦਾ ਹੈ।

ਕਿਸਾਨ ਭਾਈਚਾਰੇ ਵਿੱਚ ਵੱਧ ਰਹੀ ਨਾਰਾਜ਼ਗੀ ਨੂੰ ਉਜਾਗਰ ਕਰਦਿਆਂ ਗਰੇਵਾਲ ਨੇ ਕਿਹਾ ਕਿ ਵੱਖ-ਵੱਖ ਕਿਸਾਨ ਸੰਗਠਨਾਂ ਨੇ 4 ਮਈ ਨੂੰ ਕੇਂਦਰ ਨਾਲ ਹੋਣ ਵਾਲੀ ਮੀਟਿੰਗ ਵਿੱਚ ਮਾਨ ਸਰਕਾਰ ਦੀ ਭੂਮਿਕਾ ਨੂੰ ਨਕਾਰ ਦਿੱਤਾ ਹੈ। ਉਨ੍ਹਾਂ ਕਿਹਾ, "ਪੰਜਾਬ ਸਰਕਾਰ ਦੇ ਨੁਮਾਇੰਦਿਆਂ ਨੂੰ ਗੱਲਬਾਤ ਤੋਂ ਬਾਹਰ ਰੱਖਣ ਦੀ ਮੰਗ ਇਹ ਸਾਫ਼ ਦਰਸਾਉਂਦੀ ਹੈ ਕਿ ਕਿਸਾਨ ਹੁਣ ਭਗਵੰਤ ਮਾਨ ਦੀ ਅਗਵਾਈ 'ਤੇ ਭਰੋਸਾ ਨਹੀਂ ਕਰਦੇ।

ਰਾਜਾਂ ਵਿਚਕਾਰ ਪਾਣੀ ਵੰਡ ਦੇ ਸੰਵੇਦਨਸ਼ੀਲ ਮੁੱਦੇ 'ਤੇ ਗਰੇਵਾਲ ਨੇ ਕਿਹਾ ਕਿ ਮੁੱਖ ਮੰਤਰੀ ਇੱਕ ਢਿੱਠ ਤੇ ਜ਼ਿੰਮੇਵਾਰ ਰਵੱਈਆ



ਅਪਣਾਉਣ ਵਿੱਚ ਅਸਫਲ ਰਹੇ ਹਨ। ਉਨ੍ਹਾਂ ਦੋਸ਼ ਲਾਇਆ, "ਹੱਲ ਲੱਭਣ ਦੀ ਬਜਾਏ ਮਾਨ ਝੂਠੇ ਪ੍ਰਚਾਰ ਅਤੇ ਦਿਖਾਵਟੀ ਵਿਰੋਧ ਰਾਹੀਂ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ।

ਗਰੇਵਾਲ ਨੇ ਇਹ ਵੀ ਕਿਹਾ ਕਿ ਮੌਜੂਦਾ ਪਾਣੀ ਵੰਡ ਮੌਜੂਦਾ ਕਾਨੂੰਨੀ ਸਮਝੌਤਿਆਂ ਦੇ ਅਧੀਨ ਹੀ ਹੋ ਰਹੀ ਹੈ, ਅਤੇ ਮਾਨ ਆਪਣੀਆਂ ਪ੍ਰਸ਼ਾਸਕੀ ਨਾਕਾਮੀਆਂ ਨੂੰ ਢੱਕਣ ਲਈ ਗਲਤ ਜਾਣਕਾਰੀ ਫੈਲਾ ਰਹੇ ਹਨ। ਉਨ੍ਹਾਂ ਕਿਹਾ, "ਇਹ ਆਗੂਪਨ ਨਹੀਂ — ਇਹ ਆਪਣੀ ਕੁਰਸੀ ਬਚਾਉਣ ਲਈ ਸਸਤੀ ਨਾਟਕਬਾਜ਼ੀ ਹੈ। ਇਸਦੇ ਉਲਟ, ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਪੰਜਾਬ ਲਈ ਇਨਸਾਫ਼ ਅਤੇ ਖੁਸ਼ਹਾਲੀ ਯਕੀਨੀ ਬਣਾਉਣ ਲਈ ਵਚਨਬੱਧ ਹੈ।

ਵਿਰੋਧ ਪ੍ਰਦਰਸ਼ਨ ਦੌਰਾਨ ਗਰੇਵਾਲ ਨੇ ਭਾਜਪਾ ਵਰਕਰਾਂ ਨਾਲ ਮਿਲ ਕੇ ਮੁੱਖ ਮੰਤਰੀ ਦਾ ਪੁਤਲਾ ਫੂਕਿਆ, ਜਿਸਨੂੰ ਉਨ੍ਹਾਂ ਨੇ ਆਪ ਸਰਕਾਰ ਦੇ ਝੂਠ ਅਤੇ ਨਾਕਾਮੀਆਂ ਦੇ ਖਿਲਾਫ ਜਨ ਅਕ੍ਰੋਸ਼ ਦਾ ਪ੍ਰਤੀਕ ਕਰਾਰ ਦਿੱਤਾ।

ਉਨ੍ਹਾਂ ਨੇ ਜਨਤਾ ਨੂੰ ਸਤੱਰਕ ਰਹਿਣ ਦੀ ਚੇਤਾਵਨੀ ਦਿੰਦਿਆਂ ਕਿਹਾ, "ਭਗਵੰਤ ਮਾਨ ਸਿਰਫ ਝੂਠ ਨਹੀਂ ਬੋਲ ਰਹੇ — ਉਹ ਜਾਣਬੂਝ ਕੇ ਭਾਵਨਾਤਮਕ ਸ਼ੋਸ਼ਣ ਰਾਹੀਂ ਲੋਕਾਂ ਨੂੰ ਠੱਗਣ ਦੀ ਕੋਸ਼ਿਸ਼ ਕਰ ਰਹੇ ਹਨ। ਉਹ ਨੇਤਾ ਨਹੀਂ, ਧੋਖੇਬਾਜ਼ ਹਨ। ਇਹ ਬਿਆਨ ਉਸ ਵੇਲੇ ਆਇਆ ਹੈ ਜਦੋਂ ਪੰਜਾਬ ਵਿੱਚ ਕਿਸਾਨ ਯੂਨੀਅਨਾਂ, ਪਾਣੀ ਵਿਵਾਦਾਂ ਅਤੇ ਪ੍ਰਸ਼ਾਸਕੀ ਚੁਣੌਤੀਆਂ ਨੂੰ ਲੈ ਕੇ ਰਾਜਨੀਤਿਕ ਤਣਾਅ ਲਗਾਤਾਰ ਵਧ ਰਿਹਾ ਹੈ।

# ਭਾਰਤ ਤੇ ਬਰਤਾਨੀਆ ਵਿਚਾਲੇ ਮੁਕਤ ਵਪਾਰ ਸਮਝੌਤਾ ਸਿਰੇ ਚੜ੍ਹਿਆ

## ਦੋਹਰੇ ਯੋਗਦਾਨ ਕਰਾਰ 'ਤੇ ਵੀ ਗੱਲ ਨੇਪਰੇ ਚੜ੍ਹੀ; ਪ੍ਰਧਾਨ ਮੰਤਰੀ ਮੋਦੀ ਨੇ ਸਮਝੌਤਿਆਂ ਨੂੰ ਇਤਿਹਾਸਕ ਮੀਲ ਪੱਥਰ ਦੱਸਿਆ; ਬਰਤਾਨਵੀ ਸਕੌਚ ਵਿਸਕੀ ਤੇ ਕਾਰਾਂ ਸਸਤੀਆਂ ਹੋਣਗੀਆਂ



ਨਵੀਂ ਦਿੱਲੀ/ਲੰਡਨ : ਭਾਰਤ ਤੇ ਯੂਕੇ ਵਿਚਾਲੇ ਲੰਮੇ ਸਮੇਂ ਤੋਂ ਉਡੀਕੇ ਜਾ ਰਹੇ ਮੁਕਤ ਵਪਾਰ ਸਮਝੌਤੇ (ਐੱਫਟੀਏ) ਦੇ ਨਾਲ ਹੀ ਅੱਜ ਦੋਹਰਾ ਯੋਗਦਾਨ ਕਰਾਰ ਵੀ ਨੇਪਰੇ ਚੜ੍ਹ ਗਿਆ ਹੈ। ਇਨ੍ਹਾਂ ਸਮਝੌਤਿਆਂ ਨਾਲ ਦੋਵਾਂ ਮੁਲਕਾਂ 'ਚ ਵਪਾਰ, ਨਿਵੇਸ਼, ਵਿਕਾਸ ਤੇ ਰੁਜ਼ਗਾਰ ਨੂੰ ਹੁਲਾਰਾ ਮਿਲਣ ਦੀ ਉਮੀਦ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਬਰਤਾਨਵੀ ਹਮਰੁਤਬਾ ਕੀਰ ਸਟਾਰਮਰ ਨਾਲ ਫੋਨ 'ਤੇ ਗੱਲਬਾਤ ਮਗਰੋਂ ਇਹ ਸਮਝੌਤੇ ਸਿਰੇ ਚੜ੍ਹਨ ਦਾ ਐਲਾਨ ਕੀਤਾ।

ਇਨ੍ਹਾਂ ਸਮਝੌਤਿਆਂ ਮਗਰੋਂ ਭਾਰਤ 'ਚ ਬਰਤਾਨਵੀ ਸਕੌਚ ਵਿਸਕੀ ਤੇ ਕਾਰਾਂ ਸਸਤੀਆਂ ਹੋ ਜਾਣਗੀਆਂ ਜਦਕਿ ਕੱਪੜਿਆਂ ਤੇ ਚਮੜੇ ਦੇ ਉਤਪਾਦਾਂ ਜਿਹੀਆਂ ਭਾਰਤੀ ਦਰਾਮਦਾਂ 'ਤੇ ਟੈਕਸ ਘਟੇਗਾ। ਯੂਰਪੀ ਯੂਨੀਅਨ ਨਾਲੋਂ ਵੱਖ ਹੋਣ ਮਗਰੋਂ ਇਹ ਬਰਤਾਨੀਆ ਦਾ ਸਭ ਤੋਂ ਵੱਡਾ ਵਪਾਰਕ ਸਮਝੌਤਾ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਸੋਸ਼ਲ ਮੀਡੀਆ ਪੋਸਟ 'ਚ ਕਿਹਾ, "ਇੱਕ ਇਤਿਹਾਸਕ ਮੀਲ ਪੱਥਰ ਦੇ ਰੂਪ 'ਚ ਭਾਰਤ ਤੇ ਬਰਤਾਨੀਆ ਨੇ ਦੋਹਰੇ ਯੋਗਦਾਨ ਸਮਝੌਤੇ ਨਾਲ ਇੱਕ ਵੱਕਾਰੀ ਤੇ ਦੁਵੱਲੇ ਤੌਰ 'ਤੇ ਲਾਹੇਵੰਦ ਮੁਕਤ ਵਪਾਰ ਸਮਝੌਤਾ (ਐੱਫਟੀਏ) ਕਾਮਯਾਬੀ ਨਾਲ ਨੇਪਰੇ ਚਾੜ੍ਹਿਆ ਹੈ।'

ਉਨ੍ਹਾਂ ਕਿਹਾ, "ਇਹ ਇਤਿਹਾਸਕ ਸਮਝੌਤੇ ਸਾਡੀ ਰਣਨੀਤਕ ਭਾਈਵਾਲੀ ਹੋਰ ਮਜ਼ਬੂਤ ਕਰਨਗੇ ਅਤੇ ਦੋਵਾਂ ਦੇਸ਼ਾਂ ਦੇ ਅਰਥਚਾਰਿਆਂ 'ਚ ਵਪਾਰ, ਨਿਵੇਸ਼, ਵਿਕਾਸ, ਰੁਜ਼ਗਾਰ ਦੇ ਮੌਕੇ ਪੈਦਾ ਕਰਨ ਤੇ ਨਵੀਆਂ ਕਾਢਾਂ ਨੂੰ ਉਤਸ਼ਾਹਿਤ ਕਰਨਗੇ।"

ਭਾਰਤ ਨੇ ਕਿਹਾ ਕਿ ਇਸ ਸਮਝੌਤੇ ਨਾਲ ਦੋਵਾਂ ਮੁਲਕਾਂ 'ਚ ਜੀਵਨ ਪੱਧਰ ਸੁਧਰਨ ਦੀ ਆਸ ਹੈ। ਬਿਆਨ ਮੁਤਾਬਕ, "ਇਹ ਸਮਝੌਤਾ ਦੋਵਾਂ ਦੇਸ਼ਾਂ ਲਈ ਆਲਮੀ ਬਾਜ਼ਾਰਾਂ ਲਈ ਉਤਪਾਦਾਂ ਤੇ ਸੇਵਾਵਾਂ ਨੂੰ ਸਾਂਝੇ ਤੌਰ 'ਤੇ ਵਿਕਸਿਤ ਕਰਨ ਦੀਆਂ ਨਵੀਆਂ ਸੰਭਾਵਨਾਵਾਂ ਦੇ ਰਾਹ ਖੋਲ੍ਹੇਗਾ।" ਬਰਤਾਨਵੀ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਕਿਹਾ ਕਿ ਦੁਨੀਆ ਭਰ ਦੇ ਅਰਥਚਾਰਿਆਂ ਨਾਲ ਗੱਠਜੋੜ ਮਜ਼ਬੂਤ ਕਰਨਾ ਤੇ ਵਪਾਰ ਅੜਿੱਕਿਆਂ ਨੂੰ ਘਟਾਉਣਾ ਇੱਕ ਮਜ਼ਬੂਤ ਤੇ ਵੱਧ ਸੁਰੱਖਿਅਤ ਅਰਥਚਾਰੇ ਦੇਣ ਵਾਲੀ ਤਬਦੀਲੀ ਦਾ ਹਿੱਸਾ ਹਨ।

# ਭਿਆਨਕ ਸੜਕ ਹਾਦਸੇ 'ਚ 5 ਸਕੂਲੀ ਬੱਚਿਆਂ ਤੇ ਇਨੋਵਾ ਡਰਾਈਵਰ ਦੀ ਮੌਤ

ਪਟਿਆਲਾ : ਇੱਥੇ ਪਟਿਆਲਾ-ਸਮਾਣਾ ਰੋਡ 'ਤੇ ਸਥਿਤ ਪਿੰਡ ਢੈਂਠਲ ਕੋਲ ਵਾਪਰੇ ਇੱਕ ਭਿਆਨਕ ਸੜਕ ਹਾਦਸੇ ਵਿਚ ਪਟਿਆਲਾ ਦੇ ਭੁਪਿੰਦਰਾ ਇੰਟਰਨੈਸ਼ਨਲ ਸਕੂਲ ਦੇ 5 ਬੱਚਿਆਂ ਸਣੇ 6 ਜਣਿਆਂ ਦੀ ਮੌਤ ਹੋ ਗਈ। ਹਾਦਸੇ ਵਿਚ ਉਨ੍ਹਾਂ ਨੂੰ ਲਿਜਾ ਰਹੀ ਇਨੋਵਾ ਕਾਰ ਦਾ ਡਰਾਈਵਰ ਵੀ ਮਾਰਿਆ ਗਿਆ ਹੈ। ਪੁਲੀਸ ਤੇ ਹਸਪਤਾਲ ਤੋਂ ਪ੍ਰਾਪਤ ਸੂਚਨਾ ਮੁਤਾਬਕ ਇਸ ਹਾਦਸੇ ਵਿੱਚ 4 ਬੱਚਿਆਂ ਪਰਵ ਸਚਦੇਵਾ (12) ਪੁੱਤਰ ਰਾਜੀਵ ਸਚਦੇਵਾ, ਦੀਵਾਂਸੀ (11) ਪੁੱਤਰੀ ਕਰਮ ਸਚਦੇਵਾ, ਅਰਾਧਿਆ (10) ਪੁੱਤਰੀ ਸਚਿਨ ਲੂੰਬਾ, ਵਰਗਿਆਨ (8) ਪੁੱਤਰ ਕਰਮ ਸਚਦੇਵਾ ਅਤੇ ਇਨੋਵਾ ਚਾਲਕ ਬਲਵਿੰਦਰ ਸਿੰਘ (35) ਪੁੱਤਰ ਛੋਟਾ ਸਿੰਘ ਫਤਹਿਪੁਰ ਦੀ ਮੌਕੇ 'ਤੇ ਮੌਤ ਹੋ ਗਈ ਹੈ। ਇੱਕ ਬੱਚੀ ਸਹਿਜਲ ਬਾਂਸਲ ਪੁੱਤਰੀ ਮੋਹਿਤ ਬਾਂਸਲ ਦੀ ਰਜਿੰਦਰਾ ਹਸਪਤਾਲ ਵਿਚ ਇਲਾਜ ਦੌਰਾਨ ਮੌਤ ਹੋਈ।

ਸਰਕਾਰੀ ਰਾਜਿੰਦਰਾ ਹਸਪਤਾਲ ਵਿਚ ਦਾਖਲ ਦੋ ਬੱਚੇ ਯਕਸ਼ਿਤ ਪੁੱਤਰ ਸੁਨੀਲ ਅਤੇ ਕ੍ਰਿਸ਼ਨਾ ਬਾਂਸਲ ਪੁੱਤਰ ਵਰੁਣ ਬਾਂਸਲ ਦੇ ਸਿਰ 'ਚ ਸੱਟਾਂ ਲੱਗਣ ਕਰਕੇ ਗੰਭੀਰ ਹਨ ਤੇ ਇੱਕ ਬੱਚੀ ਅਨੰਨਿਆ ਪੁੱਤਰੀ ਅਮਿਤ ਧੀਮਾਨ ਦੀ ਹਾਲਤ ਠੀਕ ਹੈ। ਇਸ ਤੋਂ ਬਿਨਾਂ ਅਮਰ ਹਸਪਤਾਲ ਵਿੱਚ ਦਾਖਲ 4 ਬੱਚਿਆਂ ਵਿੱਚ ਤਨਵੀ ਬਾਂਸਲ, ਅਨਿਕਾ, ਅਸੁਮਾਨ ਬਾਂਸਲ ਤੇ ਸਿਫ਼ਤ ਸ਼ਾਮਲ ਹਨ। ਮਨੀਪਾਲ ਹਸਪਤਾਲ ਵਿੱਚ ਦਾਖਲ ਬੱਚੀ



ਨਕਸ਼ਿਕਾ ਪੁੱਤਰੀ ਗੌਰਵ ਸਿੰਗਲਾ ਦੀ ਹਾਲਤ ਠੀਕ ਹੈ। ਜਾਣਕਾਰੀ ਮੁਤਾਬਕ ਇਹ 7 ਬੱਚੇ ਇੱਕ ਇਨੋਵਾ ਕਾਰ ਵਿੱਚ ਸਵਾਰ ਸਨ ਜੋ ਸਕੂਲ ਤੋਂ ਛੁੱਟੀ ਹੋਣ ਤੋਂ ਬਾਅਦ ਸਮਾਣਾ ਏਰੀਏ ਵਿੱਚ ਸਥਿਤ ਆਪਣੇ ਘਰਾਂ ਨੂੰ ਪਰਤ ਰਹੇ ਸਨ।

ਇਸ ਦੌਰਾਨ ਪਟਿਆਲਾ ਸਮਾਣਾ ਰੋਡ 'ਤੇ ਸਥਿਤ ਪਿੰਡ ਢੈਂਠਲ ਅਤੇ ਨਸੂਪੁਰ ਦੇ ਨਜ਼ਦੀਕ ਇੱਕ ਟਿੱਪਰ ਨੇ ਇਸ ਇਨੋਵਾ ਨੂੰ ਟੱਕਰ ਮਾਰ ਦਿੱਤੀ। ਜ਼ੋਰਦਾਰ ਟੱਕਰ ਤੋਂ ਬਾਅਦ ਇਨੋਵਾ ਇੱਕ ਦਰਖਤ ਨਾਲ ਜਾ ਟਕਰਾਈ। ਹਾਦਸੇ ਪਿੱਛੋਂ ਕਾਰ ਨੂੰ ਜੇਸੀਬੀ ਨਾਲ ਸਿੱਧੀ ਕਰ ਕੇ ਵਿੱਚੋਂ ਬੱਚਿਆਂ ਨੂੰ ਕੱਢਿਆ ਜਾ ਸਕਿਆ।

ਪਟਿਆਲਾ ਦੇ ਐਸਪੀ ਪਲਵਿੰਦਰ ਸਿੰਘ ਚੀਮਾ ਨੇ ਇਸ ਦੁਖਦਾਈ ਹਾਦਸੇ ਦੀ ਪੁਸ਼ਟੀ ਕੀਤੀ ਹੈ। ਇਸ ਦੌਰਾਨ ਸਿਹਤ ਮੰਤਰੀ ਡਾਕਟਰ ਬਲਵੀਰ ਸਿੰਘ, ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਅਤੇ ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਵੀ ਸਰਕਾਰੀ ਰਜਿੰਦਰਾ ਹਸਪਤਾਲ ਪਟਿਆਲਾ ਪਹੁੰਚੇ ਅਤੇ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਹਾਦਸੇ ਵਿਚ ਹੋਈਆਂ ਮੌਤਾਂ ਉਤੇ ਡੂੰਘਾ ਦੁਖ ਜ਼ਾਹਰ ਕੀਤਾ। ਇਸ ਦੌਰਾਨ ਹੋਰ ਅਧਿਕਾਰੀ ਤੇ ਆਗੂ ਵੀ ਹਸਪਤਾਲ ਪਹੁੰਚੇ।



ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ



ਦਿੱਲੀ ਦੇ ਤਖਤ ਨੂੰ ਘੋੜਿਆਂ 'ਤੇ ਘਸੀਟਕੇ ਦਰਬਾਰ ਸਾਹਿਬ ਲੈ ਕੇ ਆਉਣ ਵਾਲੇ, ਮੁ.ਗਲ ਹਕੂਮਤ ਦੇ ਜਬਰ ਨੂੰ ਠੱਲ ਪਾ ਕੇ ਲਾਲ ਕਿਲ੍ਹੇ ਉਪਰ ਕੇਸਰੀ ਲਹਿਰਾਉਣ ਵਾਲੇ ਪੰਥ ਦੇ ਮਹਾਨ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ

## ਦਿੱਲੀ ਦੇ ਤਖਤ ਨੂੰ ਘੋੜਿਆਂ 'ਤੇ ਘਸੀਟਕੇ ਦਰਬਾਰ ਸਾਹਿਬ ਲੈ ਕੇ ਆਉਣ ਵਾਲੇ, ਮੁ.ਗਲ ਹਕੂਮਤ ਦੇ ਜਬਰ ਨੂੰ ਠੱਲ ਪਾ ਕੇ ਲਾਲ ਕਿਲ੍ਹੇ 'ਤੇ ਕੇਸਰੀ ਲਹਿਰਾਉਣ ਵਾਲੇ

### 18ਵੀਂ ਸਦੀ ਦੇ ਮਹਾਨ ਸਿਰਲੱਥ ਯੋਧੇ

# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ

## 1723-2025



# 302

## ਸਾਲਾ ਸ਼ਤਾਬਦੀ 'ਤੇ

## ਸਮੱਚੇ ਭਾਰਤ ਨੂੰ ਲੱਖ ਲੱਖ ਵਧਾਈ

ਅਮਰੀਕਾ ਦੇ ਉਘੇ ਸਿੱਖ ਆਗੂ

ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸਾਬਕਾ ਸੀਨੀਅਰ ਸੁਪਰੀਮ ਕੌਂਸਲ ਮੈਂਬਰ

ਅਤੇ ਪ੍ਰਧਾਨ ਰਾਮਗੜ੍ਹੀਆ ਸਿੱਖ ਕਲਚਰਲ ਸੁਸਾਇਟੀ ਬੇਏਰੀਆ

## ਸ੍ਰ. ਦਵਿੰਦਰ ਸਿੰਘ ਚਾਨਾ

## 510-376-9428



## 18ਵੀਂ ਸਦੀ ਦੇ ਮਹਾਨ ਸਿਰਲੱਥ ਯੋਧੇ

# ਜੱਸਾ ਸਿੰਘ ਰਾਮਗੜ੍ਹੀਆ

ਜੱਸਾ ਸਿੰਘ ਰਾਮਗੜ੍ਹੀਆ (1723-1803) ਦਾ ਜਨਮ ਸ੍ਰੀ ਅੰਮ੍ਰਿਤਸਰ ਦੇ ਨੇੜੇ ਪਿੰਡ ਗੁੱਗਾ ਬੂਹਾ ਵਿਖੇ ਭਗਵਾਨ ਸਿੰਘ ਦੇ ਘਰ ਹੋਇਆ।1॥2॥ ਉਹਨਾਂ ਦੇ ਦਾਦਾ ਹਰਦਾਸ ਸਿੰਘ ਜੋ ਲਾਹੌਰ ਜ਼ਿਲ੍ਹੇ ਦੇ ਪਿੰਡ ਸੁਰ ਸਿੰਘ ਤੋਂ ਸਨ। ਉਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਤੋਂ ਅੰਮ੍ਰਿਤ ਛਕ ਕੇ ਸਿੰਘ ਸਜੇ।3॥ ਉਹਨਾਂ ਨੇ ਗੁਰੂ ਜੀ ਦੀਆਂ ਸਿੱਖਿਆਵਾਂ ਨੂੰ ਪਿੰਡ ਪਿੰਡ ਪਹੁੰਚਾਇਆ। ਆਪ ਦੇ ਦਾਦਾ ਜੀ ਬਾਬਾ ਬੰਦਾ ਸਿੰਘ ਬਹਾਦਰ ਦੀ ਫੌਜ ਵਿੱਚ ਦਾਖਲ ਹੋਏ ਅਤੇ ਮੁਗਲ ਫੌਜਾਂ ਨਾਲ ਲੜਾਈ ਲੜੀ ਅਤੇ 1716 ਵਿੱਚ ਸ਼ਹੀਦੀ ਪ੍ਰਾਪਤ ਕੀਤੀ। ਹਰਦਾਸ ਸਿੰਘ ਦੀ ਮੌਤ ਤੋਂ ਬਾਅਦ ਭਗਵਾਨ ਸਿੰਘ ਘਰ ਦੇ ਮੋਢੀ ਬਣੇ। ਪਿਤਾ ਦੀ ਮੌਤ ਤੋਂ ਬਾਅਦ ਜੱਸਾ ਸਿੰਘ ਰਾਮਗੜ੍ਹੀਆ ਘਰ ਦੇ ਮੁਖੀ ਬਣੇ।

**ਸ਼ਕਤੀ ਦਾ ਵਿਸਤਾਰ**

1753 ਤੇ 1758 ਦੇ ਸਮੇਂ ਦੇ ਦੌਰਾਨ ਇਹਨਾਂ 5-6 ਸਾਲਾਂ ਦੇ ਵਿਚਕਾਰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਆਪਣੀ ਸ਼ਕਤੀ ਦਾ ਬੜਾ ਵਿਸਤਾਰ ਕੀਤਾ ਤੇ ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਨੇ ਕਲਾਨੌਰ, ਬਟਾਲਾ, ਕਾਦੀਆਂ, ਸ੍ਰੀ ਹਰਗੋਬਿੰਦਪੁਰ, ਉੜਮੁੜ ਟਾਂਡਾ ਤੇ ਨਾਲ ਹੀ ਮਿਆਨੀ ਦੇ ਪ੍ਰਦੇਸਾਂ ਤੇ ਕਬਜ਼ਾ ਕਰ ਲਿਆ। ਹਰਗੋਬਿੰਦਪੁਰ ਨੂੰ ਆਪਣੀ ਮਿਸਲ ਦੀ ਰਾਜਧਾਨੀ ਬਣਾਇਆ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਕਰਕੇ ਰਾਮਗੜ੍ਹੀਆ ਮਿਸਲ ਦੀ ਸ਼ਕਤੀ ਵੱਧ ਗਈ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਗੰਗਾ-ਯਮੁਨਾ ਦੋਆਬ ਦੇ ਕਈ ਇਲਾਕਿਆਂ 'ਤੇ ਵੀ ਕਬਜ਼ਾ ਕਰ ਲਿਆ।

**ਦਿੱਲੀ ਫ਼ਤਿਹ**

ਮਾਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਨੇ ਭਾਈ ਬਘੇਲ ਸਿੰਘ ਨਾਲ ਰੱਲ ਕੇ ਦਿੱਲੀ ਲਾਲ ਕਿਲ੍ਹਾ ਫ਼ਤਿਹ ਕੀਤਾ। ਔਰੰਗਜ਼ੇਬ ਜਿਸ ਤਖ਼ਤ 'ਤੇ ਬੈਠ ਕੇ ਆਪਣਾ ਦਰਬਾਰ ਲਗਾਉਂਦਾ ਸੀ, ਉਸ ਤਖ਼ਤ ਭਾਵ ਤਖ਼ਤ ਏ ਤਾਉਸ ਨੂੰ ਅਤੇ 44 ਥੰਮਾਂ ਨੂੰ ਪੁੱਟ ਕੇ ਅੰਮ੍ਰਿਤਸਰ ਹਰਿਮੰਦਰ ਸਾਹਿਬ ਵਿਖੇ ਲਿਆਂਦਾ। ਇਨ੍ਹਾਂ ਨੇ ਬਾਅਦ ਵਿਚ ਬੁੰਗਾ ਰਾਮਗੜ੍ਹੀਆਂ ਦਾ ਨਿਰਮਾਣ ਕਰਜ ਸ਼ੁਰੂ ਕਰ ਦਿੱਤਾ।

**ਹਥਿਆਰ ਬਣਾਉਣੇ**

ਬਾਬਾ ਹਰਦਾਸ ਜੀ ਤੇ ਗਿਆਨੀ ਭਗਵਾਨ ਸਿੰਘ ਜੀ ਤਖਾਣ ਹੋਣ ਕਰਕੇ ਗੁਰੂ ਸਾਹਿਬ ਨੂੰ ਹਥਿਆਰ ਬਣਾ ਕੇ ਦਿੰਦੇ ਸੀ।

**ਰਾਮਗੜ੍ਹੀਆ ਮਿਸਲ**

ਸਰਦਾਰ ਜੱਸਾ ਸਿੰਘ ਜੀ ਨੇ ਦਿੱਲੀ ਤੋਂ ਮੁਗਲਾਂ ਦੀਆਂ ਚਾਰ (4) ਤੋਪਾਂ ਵੀ ਲੁੱਟ ਲਈਆਂ ਸਨ। ਉਸ ਸਮੇਂ ਮੇਰਠ ਤੇ ਦਿੱਲੀ ਵੀ ਉਹਨਾਂ ਦੀ ਲੁੱਟ ਤੋਂ ਨਹੀਂ ਬਚ ਸਕੀ। ਰਾਮਗੜ੍ਹੀਆ ਮਿਸਲ ਦੇ ਸੰਸਥਾਪਕ ਖੁਸ਼ਹਾਲ ਸਿੰਘ ਜੀ ਤੇ ਨੰਦ ਸਿੰਘ ਜੀ ਸਨ ਪਰ ਇਸ ਮਿਸਲ ਨੂੰ ਜ਼ਿਆਦਾ ਪ੍ਰਸਿੱਧੀ ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਕਰਕੇ ਹੀ ਮਿਲੀ। ਜਦੋਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਆਪਣੇ 100 ਸਿੰਘਾਂ ਸਮੇਤ ਰਾਮ - ਰਾਉਣੀ ਵਿੱਚ ਜੂਝ ਰਹੇ 500 ਜੁਝਾਰੂ ਸਿੰਘਾਂ ਨਾਲ ਜਾ ਰਲੇ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਰਾਮ ਰਾਉਣੀ ਦੇ ਕਿਲੇ ਨੂੰ ਖਾਲਸਾ ਫ਼ੌਜਾਂ ਦੀ ਮਦਦ ਨਾਲ ਆਪਣੇ ਅਧੀਨ ਕਰ ਲਿਆ ਤਾਂ ਜੋ ਇਸ ਦੀ ਰਾਖੀ ਕੀਤੀ ਜਾ ਸਕੇ ਜਦੋਂ ਸਿੱਖ ਕੌਮ ਦੇ ਸਭ ਜਰਨੈਲਾਂ ਤੇ ਸਿੰਘਾਂ ਨੇ ਮਿਲ ਕੇ ਰਾਮ - ਰਾਉਣੀ ਦਾ ਕਿਲਾ ਬਣਾ/ਸੰਵਾਰ ਲਿਆ ਤਾਂ ਇਹ ਹਕੂਮਤ ਨੂੰ ਸਿੱਧੀ ਚੁਣੌਤੀ ਦੇਣ ਵਾਲਾ ਕਦਮ ਸੀ।4॥

**ਪਹਾੜੀ ਰਾਜਿਆਂ ਨਾਲ ਲੜਾਈ**

ਰਾਮ - ਰਾਉਣੀ ਦੇ ਕਿਲੇ ਨੂੰ ਢਾਉਣ ਲਈ ਗੁੱਸੇ ਵਿੱਚ ਆਏ ਮੀਰ ਮਨੂੰ ਨੇ ਫੌਜ ਚੜ੍ਹਾ ਦਿੱਤੀ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਅਤੇ ਖਾਲਸਾ ਪੰਥ ਵਿੱਚ ਉਸ ਸਮੇਂ ਕੁਛ ਨਾਰਾਜਗੀ ਚੱਲ ਰਹੀ ਸੀ। ਪੰਥ ਤੋਂ ਨਾਰਾਜ ਹੋ ਕੇ ਸਰਦਾਰ ਜੱਸਾ ਸਿੰਘ ਜੀ ਨੇ ਅਦੀਨਾ ਬੇਗ ਕੋਲ (ਜਲੰਧਰ) ਜਾ ਕੇ ਨੌਕਰੀ ਕਰ ਲਈ ਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੁਸ਼ਮਣਾਂ ਦੀ ਫੌਜ ਨਾਲ ਜਲੰਧਰ ਦੇ ਨਵਾਬ ਅਦੀਨਾ ਬੇਗ ਦੇ ਨਾਲ ਆਏ ਸੀ ਉਸ ਸਮੇਂ ਨਾਸਰ ਅਲੀ ਖਾਨ ਜਾਲੰਧਰੀ, ਮਿਰਜਾ ਅਜੀਜ ਖਾਨ ਅਤੇ ਪਹਾੜੀ ਰਾਜਿਆਂ ਦੀਆਂ ਫੋਜਾਂ ਸਭ ਨੇ ਮਿਲ ਕੇ ਰਾਮ-ਰਾਉਣੀ ਕਿਲੇ ਨੂੰ ਘੇਰਾ ਪਾ ਲਿਆ ਪਰੰਤੂ ਜੱਸਾ ਸਿੰਘ ਰਾਮਗੜ੍ਹੀਆ ਦੁਸ਼ਮਣਾਂ ਦੀ ਫੌਜ ਨਾਲ ਆ ਤੇ ਗਏ ਸੀ (ਕਿਉਂਕਿ ਪੰਥ ਨਾਲ ਨਾਰਾਜ ਹੋ ਕੇ ਇਹ ਅਦੀਨਾ ਬੇਗ ਦੇ ਕੋਲ ਜਾ ਕੇ ਨੌਕਰੀ ਕਰਨ ਲੱਗ ਪਏ ਸਨ)। ਪਰ ਹੁਣ ਉਹ ਆਪਣੇ ਹੀ ਭਰਾਵਾਂ ਨਾਲ ਲੜਾਈ ਨਹੀਂ ਕਰਨਾ ਚਾਹੁੰਦੇ ਸਨ। ਇੱਧਰ ਖਾਲਸਾ ਪੰਥ ਨੂੰ ਵੀ ਪਤਾ ਲੱਗ ਗਿਆ ਸੀ ਕਿਲੇ ਦੇ ਕੋਲ ਵਾਲਾ ਮੋਰਚਾ ਸਰਦਾਰ ਜੱਸਾ ਸਿੰਘ ਦਾ ਹੈ। ਉਹ ਵੀ ਆਪਣੇ ਭਰਾ ਨਾਲ ਲੜਾਈ ਨਹੀ ਕਰਨਾ ਚਾਹੁੰਦੇ ਸਨ।

**ਪੰਥ ਦੀ ਸ਼ਰਨ**

ਸਰਦਾਰ ਜੱਸਾ ਸਿੰਘ ਜੀ ਨੇਪੰਥ ਦੀ ਸ਼ਰਨ ਵਿੱਚ ਆਉਣ ਲਈ ਲਿਖ ਕੇ ਬੇਨਤੀ ਭੇਜੀ। ਉਸ ਸਮੇਂ ਪੰਥ ਨੇ ਵੀ ਇਹੀ ਜਵਾਬ ਦਿੱਤਾ ਕਿ ਹੁਣ ਨਾ ਮਿਲੇ ਤਾਂ ਫਿਰ ਕਦੀ ਵੀ ਮਿਲਿਆ ਨਹੀਂ ਜਾਣਾ। ਇਸ ਬੇਨਤੀ ਨੂੰ ਪੰਥ ਨੇ ਪ੍ਰਵਾਨ ਕੀਤਾ ਅਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਝੱਟ ਹੀ ਅਦੀਨਾ ਬੇਗ ਤੋਂ ਆਪਣਾ ਸਾਰਾ ਹਿਸਾਬ ਖ਼ਤਮ ਕਰਕੇ ਜੂਝ ਰਹੇ ਸਿੰਘਾਂ ਨਾਲ ਆ ਰਲੇ। (ਸਰਦਾਰ ਜੱਸਾ ਸਿੰਘ ਜੀ ਨੇ ਅਦੀਨਾ ਬੇਗ ਨੂੰ ਕਿਹਾ ਕਿ ਜਿੰਨੇ ਦਿਨ ਮੈਂ ਤੁਹਾਡੇ ਕੋਲ ਨੌਕਰੀ ਕੀਤੀ ਹੈ, ਉਸ ਦਾ ਹਿਸਾਬ ਕਰੋ। ਜੱਸਾ ਸਿੰਘ ਰਾਮਗੜ੍ਹੀਆ ਆਪਣਾ ਸਾਰਾ ਹਿਸਾਬ ਚੁਕਾ ਭਾਰੀ ਮੁਸੀਬਤ ਦੇ ਸਮੇਂ ਵਿੱਚ ਆਪਣੇ ਨਾਲ 100 ਸਿੰਘਾਂ ਨੂੰ ਲੈ ਕੇ ਰਾਮ - ਰਾਉਣੀ ਦੇ ਕਿਲੇ ਵਿੱਚ ਪ੍ਰਵੇਸ਼ ਕਰ ਗਏ ਤੇ ਬਾਕੀ ਸਿੰਘਾਂ ਨਾਲ ਹੀ ਸ਼ਹੀਦ ਹੋਣ ਨੂੰ ਤਿਆਰ ਹੋ ਗਏ। ਦੁਸ਼ਮਣ ਰਾਮ-ਰਾਉਣੀ ਦੇ ਕਿਲੇ 'ਤੇ ਕਬਜ਼ਾ ਨਹੀਂ ਕਰ ਸਕੇ ਕਿਉਂਕਿ ਸਿੰਘ ਪਹਿਲਾ ਵੀ ਜੂਝ ਰਹੇ ਸਨ ਤੇ ਹੁਣ ਸਰਦਾਰ ਹੋਰਾਂ ਦੇ ਆਉਣ ਕਰਕੇ ਸ਼ਕਤੀ 'ਚ ਹੋਰ ਵਾਧਾ ਹੋ ਗਿਆ ਸੀ। ਉਸ ਸਮੇਂ ਖਾਲਸਾ ਪੰਥ ਨੇ ਖੁਸ਼ ਹੋ ਕੇ ਸਰਦਾਰ ਜੱਸਾ ਸਿੰਘ ਜੀ ਦਾ ਸਤਿਕਾਰ ਕਰਦੇ ਹੋਏ ਰਾਮ - ਰਾਉਣੀ ਦਾ ਕਿਲਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਦੇਖ ਰੇਖ ਅਧੀਨ ਕਰ ਦਿੱਤਾ।



# ਧਰੁਵੀਕਰਨ ਦੀ ਸੱਜੇ ਪੱਖੀ ਕੌਮਾਂਤਰੀ ਸਿਆਸਤ ਦੇ ਮੱਦੇ ਨਜ਼ਰ ਕੈਨੇਡਾ ਦੇ ਚੋਣ ਨਤੀਜੇ





ਕੈਨੇਡਾ ਮੂਲ ਵਾਸੀਆਂ ਦੀ ਧਰਤੀ ਹੈ। ਇਸ ਧਰਤੀ 'ਤੇ ਲੰਮਾ ਸਮਾਂ ਸੰਘਰਸ਼ ਤੋਂ ਬਾਅਦ ਵਿਭਿੰਨ, ਬਹੁ-ਸਭਿਆਚਾਰਕ ਅਤੇ ਬਹੁ-ਕੌਮੀਅਤ ਰੂਪ ਪ੍ਰਗਟ ਹੋਏ ਹਨ। ਨਿਸੰਦੇਹ ਲੰਮਾ ਸਮਾਂ ਇੱਥੇ ਚਿੱਟਾ ਨਸਲਵਾਦ ਭਾਰੂ ਰਿਹਾ। ਮੌਜੂਦਾ ਸਮੇਂ ਕੈਨੇਡਾ ਦਾ ਜੋ ਰੂਪ ਹੈ, ਉਸ ਪਿੱਛੇ ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਪੀਅਰ ਟਰੂਡੋ ਦੀ ਇਤਿਹਾਸਕ ਦੇਣ ਹੈ, ਜਿਨ੍ਹਾਂ ਨੇ ਚਾਰਟਰ ਆਫ ਰਾਈਟਸ (ਮਨੁੱਖੀ ਅਧਿਕਾਰਾਂ ਦਾ ਘੋਸ਼ਣਾ ਪੱਤਰ) ਲਿਆਂਦਾ ਅਤੇ ਬਹੁ-ਸੱਭਿਆਚਾਰਕ ਢਾਂਚਾ ਸਿਰਜਿਆ।

ਕੈਨੇਡਾ ਦੀਆਂ ਤਾਜ਼ਾ ਚੋਣਾਂ ਵਿੱਚ ਇਕ ਵਾਰ ਫਿਰ ਬਹੁ-ਸਭਿਆਚਾਰ ਦੀ ਰਾਜਨੀਤੀ ਦੀ ਜਿੱਤ ਅਤੇ ਸੱਜੇ ਪੱਖੀ ਤਾਕਤਾਂ ਦੀ ਹਾਰ ਹੋਈ ਹੈ। ਇਹ ਖਦਸ਼ਾ ਸੀ ਕਿ ਜਿਸ ਤਰੀਕੇ ਨਾਲ ਕੈਨੇਡਾ ਦੇ ਗੁਆਂਢੀ ਮੁਲਕ ਅਮਰੀਕਾ 'ਚ ਸੱਜੇਪੱਖੀ ਤਾਕਤਾਂ ਦੀ ਜਿੱਤ ਹੋਈ ਹੈ, ਕੈਨੇਡਾ ਵਿੱਚ ਵੀ ਅਜਿਹਾ ਹੀ ਵਾਪਰੇਗਾ, ਪਰ ਟਰੰਪ ਦੀਆਂ 'ਖੌਰੂ-ਪਾਊ' ਨੀਤੀਆਂ ਸਪਸ਼ਟ ਹੋਣ ਮਗਰੋਂ ਕੈਨੇਡਾ ਦੇ ਵਾਸੀਆਂ ਨੇ ਨਾ ਸਿਰਫ ਸਬਕ ਹੀ ਸਿੱਖਿਆ, ਬਲਕਿ ਇਹੋ-ਜਿਹੀਆਂ ਰੂੜੀਵਾਦੀ ਤਾਕਤਾਂ ਨੂੰ ਰੋਕਿਆ ਵੀ।

28 ਅਪ੍ਰੈਲ ਨੂੰ ਹੋਈਆਂ ਫੈਡਰਲ ਚੋਣਾਂ ਵਿੱਚ ਕੈਨੇਡਾ ਕੌਮਾਂਤਰੀ ਸੱਜੇਪੱਖੀ ਰਾਜਨੀਤੀ ਵਿੱਚ ਧਰੁਵੀਕਰਨ ਦੀ ਚੱਲ ਰਹੀ ਹਨੇਰੀ ਵਿੱਚ, ਆਪਣੇ ਆਪ ਨੂੰ ਬਚਾਉਣ ਵਿੱਚ ਸਫਲ ਰਿਹਾ ਹੈ। ਕੈਨੇਡਾ ਵਿੱਚ ਲਿਬਰਲ ਪਾਰਟੀ ਦੀ ਜਿੱਤ ਨੇ ਸੰਸਾਰ ਨੂੰ ਨਾ ਸਿਰਫ ਧਰੁਵੀਕਰਨ ਦੀ ਰਾਜਨੀਤੀ ਤੇ ਕੱਟੜਵਾਦੀ ਸਿਆਸਤ ਦੇ ਖਤਰਨਾਕ ਨਤੀਜਿਆਂ ਤੋਂ ਸਾਵਧਾਨ ਕੀਤਾ ਹੈ, ਬਲਕਿ ਬਹੁ-ਸਭਿਆਚਾਰ ਅਤੇ ਬਹੁ-ਕੌਮੀਅਤ ਦੇ ਪੱਖਾਂ ਨੂੰ ਵੀ ਉਜਾਗਰ ਕੀਤਾ ਹੈ ਹੈ।

ਮਹੱਤਵਪੂਰਨ ਗੱਲ ਹੈ ਕਿ ਕੈਨੇਡਾ ਦੀ ਇਸ ਸਮੇਂ ਅਗਵਾਈ ਮਾਰਕ ਕਾਰਨੀ ਵਰਗੇ ਵਿਅਕਤੀ ਕਰ ਰਹੇ ਹਨ, ਜਿਹੜੇ ਕਿ ਅਰਥ-ਸ਼ਾਸਤਰੀ ਹੋਣ ਦੇ ਨਾਲ-ਨਾਲ ਸਿਆਸਤ ਦੇ ਖੇਤਰ ਦੇ ਵਿੱਚ ਸੁਲਝੀ ਸ਼ਖਸੀਅਤ ਵਜੋਂ ਸਥਾਪਤ ਹੋਣ ਦੀ ਸਮਰੱਥਾ ਰੱਖਦੇ ਹਨ। ਇਸੇ ਕਾਰਨ ਪਹਿਲੀ ਵਾਰ ਚੋਣ ਲੜਨ ਦੇ ਬਾਵਜੂਦ ਉਹਨਾਂ ਸ਼ਾਨਦਾਰ ਜਿੱਤ ਵੀ ਹਾਸਲ ਕੀਤੀ ਅਤੇ ਨਾਲ ਹੀ ਗੁਆਂਢੀ ਹਲਕੇ ਤੋਂ ਖੜ੍ਹੇ ਕੰਜ਼ਰਵਟਿਵ ਪਾਰਟੀ ਦੇ ਲੀਡਰ ਪੀਅਰ ਪੌਲੀਏਵ ਨੂੰ ਵੀ ਉਹਨਾਂ ਦੇ ਪ੍ਰਭਾਵ ਕਾਰਨ ਆਪਣੀ ਸੀਟ ਗਵਾਉਣੀ ਪਈ।

ਇੱਥੇ ਇਸ ਗੱਲ ਦਾ ਵੀ ਜ਼ਿਕਰ ਕਰਨਾ ਬਣਦਾ ਹੈ ਕਿ ਕੈਨੇਡਾ ਵਸਦੇ ਸਿੱਖਾਂ ਨੇ ਲਿਬਰਲ ਪਾਰਟੀ ਦੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਆਪਣਾ ਨਾਇਕ ਮੰਨਿਆ ਤੇ ਵੱਡੇ ਪੱਧਰ ਤੇ ਵੋਟਾਂ ਭੁਗਤਾਈਆਂ ਹਨ, ਜੋ ਕਿ ਕੈਨੇਡਾ ਵਿੱਚ ਲਿਬਰਲ ਪਾਰਟੀ ਦੀ ਜਿੱਤ ਦਾ ਕਾਰਨ ਬਣੀਆ। ਟਰੂਡੋ ਵੱਲੋਂ ਇੰਡੀਅਨ ਦਖਲ ਅੰਦਾਜ਼ੀ ਦੇ ਮਾਮਲੇ 'ਚ ਮਜਬੂਤ ਸਟੈਂਡ ਲੈਣਾ, ਸਿੱਖਾਂ ਲਈ ਹਾਅ ਦਾ ਨਾਅਰਾ ਮਾਰਨਾ ਅਤੇ ਕੈਨੇਡੀਅਨ ਧਰਤੀ 'ਤੇ ਕੈਨੇਡੀਅਨ ਨਾਗਰਿਕ ਦੇ ਭਾਰਤੀ ਏਜੰਸੀਆਂ ਵੱਲੋਂ ਕਤਲ ਦੇ ਮਾਮਲੇ 'ਚ ਆਵਾਜ਼ ਬੁਲੰਦ ਕਰਨਾ ਸਿੱਖਾਂ ਵੱਲੋਂ ਭਰਪੂਰ ਸਲਾਹਿਆ ਗਿਆ। ਸਿੱਖਾਂ ਨੇ ਜਸਟਿਨ ਟਰੂਡੋ ਨੂੰ ਦਿਲੋਂ ਪਿਆਰ ਦਿੱਤਾ, ਸਰੀ ਦੇ ਵਿਸ਼ਾਲ ਨਗਰ ਕੀਰਤਨ ਵਿੱਚ ਵੱਡਾ ਸਨਮਾਨ ਦਿੱਤਾ ਅਤੇ ਵੋਟਾਂ ਦੌਰਾਨ ਭਰਪੂਰ ਹੁੰਗਾਰਾ ਪ੍ਰਗਟਾਇਆ।

ਕੈਨੇਡਾ ਦੀਆਂ ਇਹਨਾਂ ਚੋਣਾਂ ਵਿੱਚ 22 ਚਿਹਰੇ ਅਜਿਹੇ ਵੀ ਕਾਮਯਾਬ ਹੋਏ ਹਨ, ਜਿਹਨਾਂ ਵਿੱਚ ਲਿਬਰਲ ਪਾਰਟੀ ਅਤੇ ਕੰਜ਼ਰਟਿਵ ਪਾਰਟੀ ਵਿੱਚ ਸਫਲ ਰਹਿਣ ਵਾਲੇ ਸਿੱਖ ਜਾਂ ਪੰਜਾਬੀ ਸ਼ਾਮਲ ਹਨ। ਬੀਸੀ ਵਿਚ ਸੁਖਮਿੰਦਰ ਸਿੰਘ (ਸੁੱਖ) ਧਾਲੀਵਾਲ, ਰਣਦੀਪ ਸਰਾਏ, ਗੁਰਬਖਸ਼ ਸੈਣੀ, ਪਰਮ ਬੈਂਸ ਤੇ ਸੁਖਮਨ ਸਿੰਘ ਗਿੱਲ ਜੇਤੂ ਰਹੇ ਹਨ। ਕੈਲਗਰੀ ਤੋਂ ਜਸਰਾਜ ਸਿੰਘ ਹੱਲਣ, ਅਮਨਪ੍ਰੀਤ ਸਿੰਘ ਗਿੱਲ, ਦਲਵਿੰਦਰ ਸਿੰਘ ਗਿੱਲ, ਐਡਮਿੰਟਨ ਤੋਂ ਟਿਮ ਸਿੰਘ ਉਪਲ, ਜਗਸ਼ਰਨ ਸਿੰਘ ਮਾਹਲ ਜਿੱਤੇ ਹਨ। ਓਂਟੈਰੀਓ ਵਿਚ ਅਮਨਦੀਪ ਕੌਰ ਸੋਢੀ, ਮਨਿੰਦਰ ਸਿੰਘ ਸਿੱਧੂ, ਸੋਨੀਆ ਕੌਰ ਸਿੱਧੂ, ਰੂਬੀ ਕੌਰ ਸਹੋਤਾ, ਇਕਵਿੰਦਰ ਸਿੰਘ ਗਹੀਰ, ਅਮਰਜੀਤ ਸਿੰਘ ਗਿੱਲ, ਪਰਮ ਗਿੱਲ, ਅਨੀਤਾ ਆਨੰਦ, ਬਰਦੀਸ਼ ਕੌਰ ਚੱਗਰ, ਅਰਪਨ ਖੰਨਾ, ਹਰਬ ਗਿੱਲ ਤੇ ਕਿਊਬੈਕ 'ਚੋਂ ਅੰਜੂ ਕੌਰ ਢਿੱਲੋਂ ਸਫਲ ਹੋਏ ਹਨ। ਇਹ ਬਹੁ-ਸੱਭਿਆਚਾਰਕ ਪ੍ਰਗਟਾਵਾ 'ਕੈਨੇਡਾ ਦੀ ਗੁਲਦਸਤੇ ਦੀ ਮਹਿਕ' ਨੂੰ ਹੋਰ ਮਜ਼ਬੂਤ ਕਰਦਾ ਹੈ।

ਕੈਨੇਡਾ ਵਿੱਚ ਚੋਣਾਂ ਦੌਰਾਨ ਕੰਜ਼ਰਵਟਿਵ ਪਾਰਟੀ ਦੇ ਲੀਡਰ ਪੀਅਰ ਪੌਲੀਏਵ ਦੀ ਹਾਰ ਦਰਸਾਉਂਦੀ ਹੈ ਕਿ ਕੈਨੇਡੀਅਨ ਲੋਕਾਂ ਨੇ ਵਿਦੇਸ਼ੀ ਦਖਲ-ਅੰਦਾਜ਼ੀ, ਖਾਸ ਤੌਰ 'ਤੇ ਭਾਰਤ ਦੀ ਟੋਰੀ ਪਾਰਟੀ ਪ੍ਰਤੀ ਅੰਦਰ ਖਾਤੇ ਮਿਲੀ-ਭੁਗਤ ਦੀ ਰਾਜਨੀਤੀ ਨੂੰ ਰੱਦ ਕੀਤੀ ਹੈ। ਟੋਰੀ ਪਾਰਟੀ ਦੇ ਆਗੂ ਵੱਲੋਂ ਆਪਣੀ ਸਿਕਿਊਰਟੀ ਕਲੀਅਰੈਂਸ ਤੋਂ ਵੀ ਕੋਰਾ ਇਨਕਾਰ ਕਰਨਾ ਵੀ ਕੈਨੇਡਾ ਵਿਰੋਧੀ ਕਦਮ ਸਾਬਤ ਹੋਇਆ ਹੈ। ਕੰਜ਼ਰਵੇਟਿਵ ਪਾਰਟੀ ਦੇ ਅਖੌਤੀ ਤਬਦੀਲੀ ਦੇ ਨਾਅਰੇ ਨੂੰ ਵੀ ਲੋਕਾਂ ਨੇ ਨਕਾਰਿਆ ਹੈ। ਉਹਨਾਂ ਇਸ ਗੱਲ ਦਾ ਵੀ ਖਤਰਾ ਮਹਿਸੂਸ ਕੀਤਾ ਕਿ ਜੋ ਅਮਰੀਕਾ ਦਾ ਪ੍ਰਧਾਨ ਟਰੰਪ ਕੈਨੇਡਾ ਪ੍ਰਤੀ ਟੈਰਿਫ ਅਤੇ ਹੋਰ ਸਖਤੀਆਂ ਕਰ ਰਿਹਾ ਹੈ, ਉਸ ਦਾ ਠੋਕਵਾਂ ਜਵਾਬ ਕੰਜ਼ਰਟਿਵ ਪਾਰਟੀ ਦਾ ਆਗੂ ਨਹੀਂ ਦੇ ਸਕਦਾ। ਟਰੰਪ ਦੇ ਕੈਨੇਡਾ ਵਿਰੋਧੀ ਪ੍ਰਚਾਰ ਦਾ ਸਿੱਧਾ ਨੁਕਸਾਨ ਕੰਜ਼ਰਵਟਿਵ ਪਾਰਟੀ ਨੂੰ ਹੋਇਆ ਹੈ ਅਤੇ ਫਾਇਦਾ ਲਿਬਰਲ ਪਾਰਟੀ ਨੂੰ ਹੋਇਆ ਹੈ।

ਕੈਨੇਡਾ ਦੀਆਂ ਚੋਣਾਂ ਵਿੱਚ ਨਿਊ ਡੈਮੋਕ੍ਰੇਟਿਕ ਪਾਰਟੀ ਦੀ ਹਾਰ ਦੇ ਮਾਮਲੇ ਵਿੱਚ ਇੰਡੀਅਨ ਗੋਦੀ ਮੀਡੀਏ ਦੀਆਂ ਬੇਤੁਕੀਆਂ ਗੱਲਾਂ ਲੋਕਾਂ ਨੂੰ ਗੁੰਮਰਾਹ ਕਰਦੀਆਂ ਹਨ, ਖਾਸ ਤੌਰ 'ਤੇ ਜਗਮੀਤ ਸਿੰਘ ਪ੍ਰਤੀ ਨਿੰਦਾ ਤੇ ਨਫਰਤੀ ਸੋਚ। ਇਸ ਗੱਲ 'ਤੇ ਅਫਸੋਸ ਹੈ ਕਿ ਭਾਰਤ ਦੀਆਂ ਹਿੰਦੂਤਵੀ ਤਾਕਤਾਂ, ਜੇਕਰ ਰਿਸ਼ੀ ਸੂਨਕ ਇੰਗਲੈਂਡ ਦਾ




ਡਾ. ਗੁਰਵਿੰਦਰ ਸਿੰਘ

604 825 1550


ਪ੍ਰਧਾਨ ਮੰਤਰੀ ਬਣਦਾ ਹੈ, ਤਾਂ ਉਸ ਦੀ ਪ੍ਰਸ਼ੰਸਾ ਕਰਦੀਆਂ ਨਹੀਂ ਥੱਕਦੀਆਂ, ਪਰ ਜਦੋਂ ਸਿੱਖ ਨੌਜਵਾਨ ਜਗਮੀਤ ਸਿੰਘ ਕੈਨੇਡਾ ਦੀ ਨੈਸ਼ਨਲ ਪਾਰਟੀ ਦਾ ਆਗੂ ਬਣਦਾ ਹੈ, ਤਾਂ ਮੂੰਹੋਂ ਜ਼ਹਿਰ ਉਗਲਦੀਆਂ ਹਨ। ਭਾਰਤ ਦੇ ਸਟੇਟ ਪੱਖੀ ਮੀਡੀਏ ਦੀ ਸਿੱਖਾਂ ਪ੍ਰਤੀ ਨਫਰਤ ਦਾ ਪ੍ਰਗਟਾਵਾ ਇਸ ਗੱਲ ਤੋਂ ਵੀ ਹੁੰਦਾ ਹੈ ਕਿ ਉਹ ਕੈਨੇਡਾ ਦੀ ਮੁੱਖ ਵਿਰੋਧੀ ਟੋਰੀ ਪਾਰਟੀ ਦੇ ਆਗੂ ਪੀਅਰ ਪੌਲੀਏਵ ਦੀ ਹਾਰ ਬਾਰੇ ਤਾਂ ਚੁੱਪ ਹਨ (ਜਿਸ ਨੂੰ ਜਿਤਾਉਣ ਲਈ ਇੰਡੀਅਨ ਗੋਦੀ ਮੀਡੀਆ ਅਤੇ ਇੰਡੀਅਨ ਸਿਆਸਤਦਾਨ ਪੱਬਾ ਭਾਰ ਸਨ), ਪਰ ਜਗਮੀਤ ਸਿੰਘ ਦੀ ਹਾਰ ਉੱਤੇ ਹੱਦੋਂ ਵੱਧ ਨਫਰਤੀ ਬਿਆਨਬਾਜ਼ੀ ਕਰ ਰਹੇ ਹਨ।

ਅਸਲ ਚ ਨਿਊ ਡੈਮੋਕ੍ਰੇਟਿਕ ਪਾਰਟੀ ਅਤੇ ਇਸ ਦੇ ਲੀਡਰ ਜਗਮੀਤ ਸਿੰਘ ਦੀ ਹਾਰ ਦਾ ਕਾਰਨ ਇਹ ਸੀ ਕਿ ਕੈਨੇਡਾ ਵਾਸੀਆਂ ਨੇ ਸੱਜੇਪੱਖੀ ਟੋਰੀ ਪਾਰਟੀ ਨੂੰ ਸੱਤਾ 'ਚੋਂ ਬਾਹਰ ਰੱਖਣ ਦਾ ਤਹੱਈਆ ਕੀਤਾ ਸੀ। ਇਸ ਕਾਰਨ ਵੋਟਾਂ ਦੀ ਵੰਡ ਨਾ ਕਰਦਿਆਂ, ਨਿਊ ਡੈਮੋਕ੍ਰੇਟਿਕ ਪਾਰਟੀ ਦੇ ਵੋਟਰ ਵੀ ਲਿਬਰਲ ਪਾਰਟੀ ਵੱਲ ਭੁਗਤੇ। ਸਿੱਟੇ ਵਜੋਂ ਲਿਬਰਲ ਪਾਰਟੀ ਨੂੰ ਜਿੱਤ ਮਿਲੀ ਅਤੇ ਐਨਡੀਪੀ ਦੀ ਹਾਰ ਹੋਈ। ਇਸ ਹਾਰ ਦੀ ਜ਼ਿੰਮੇਵਾਰੀ ਲੈਂਦਿਆਂ ਜਗਮੀਤ ਸਿੰਘ ਨੇ ਪਾਰਟੀ ਮੁਖੀ ਦੇ ਅਹੁਦੇ ਤੋਂ ਅਸਤੀਫਾ ਦਿੱਤਾ।

ਸੱਚ ਜਾਣੀਏ ਤਾਂ ਜਗਮੀਤ ਸਿੰਘ ਨੇ ਕੈਨੇਡਾ ਦੀ ਸਿਆਸਤ ਵਿੱਚ ਜੋ ਕਦਰਾਂ-ਕੀਮਤਾਂ ਕਾਇਮ ਕੀਤੀਆਂ ਹਨ, ਉਹ ਇਤਿਹਾਸ ਨੂੰ ਨਵਾਂ ਮੋੜ ਦੇਣਗੀਆਂ। ਰੰਗਦਾਰ ਭਾਈਚਾਰੇ ਵਿੱਚੋਂ ਪਹਿਲਾ ਨੈਸ਼ਨਲ ਪਾਰਟੀ ਦਾ ਲੀਡਰ ਬਣਨਾ, ਸਿੱਖੀ ਸਰੂਪ ਕਾਇਮ ਰੱਖਦੇ ਹੋਏ ਅੰਮ੍ਰਿਤਧਾਰੀ ਨੌਜਵਾਨ ਵਲੋਂ ਪਛਾਣ ਬਰਕਰਾਰ ਰੱਖ ਕੇ ਅਗਵਾਈ ਦੇਣਾ, ਫਾਰਮਾ ਕੇਅਰ ਦੀਆਂ ਸਿਹਤ ਸੁਧਾਰਾਂ ਦੀਆਂ ਨੀਤੀਆਂ ਲਾਗੂ ਕਰਵਾਉਣੀਆਂ, ਦੰਦਾਂ ਦੇ ਇਲਾਜ ਲਈ ਬਜ਼ੁਰਗਾਂ ਦੇ ਲਈ ਮੁਫਤ ਸੇਵਾਵਾਂ ਲਿਆਉਣੀਆਂ, ਮੂਲਵਾਸੀ ਲੋਕਾਂ ਦੀ ਜ਼ੋਰਦਾਰ ਹਮਾਇਤੀ ਅਤੇ ਸਹਿਯੋਗੀ ਨੀਤੀ, ਕਾਮਿਆਂ ਲਈ ਡਟ ਕੇ ਖੜਨਾ, ਯੂਨੀਅਨਾਂ ਪ੍ਰਤੀ ਸਹਿਯੋਗ ਨੀਤੀ ਅਤੇ ਅਨੇਕਾਂ ਹੋਰ ਗੱਲਾਂ ਜ਼ਿਕਰਯੋਗ ਹਨ। ਜਿੱਥੋਂ ਤੱਕ ਸਿੱਖਾਂ ਦੀ ਗੱਲ ਹੈ, ਉਸ ਬਾਰੇ ਵੀ ਜਗਮੀਤ ਸਿੰਘ ਦੀ ਪਹੁੰਚ ਬੜੀ ਸਪਸ਼ਟ ਰਹੀ। ਜਗਮੀਤ ਸਿੰਘ ਨੇ ਸਿੱਖ ਨਸਲਕੁਸ਼ੀ ਦੇ ਮਾਮਲੇ 'ਤੇ ਪਹਿਰਾ ਦਿੰਦਿਆਂ ਓਂਟੈਰੀਓ ਵਿਧਾਨ ਸਭਾ ਵਿੱਚ ਇਸ ਸਬੰਧ ਵਿੱਚ ਮਤਾ ਪਾਸ ਕਰਵਾਇਆ। ਉਸ ਨੇ ਕੈਨੇਡਾ ਵਿੱਚ ਅਪ੍ਰੈਲ ਮਹੀਨੇ ਨੂੰ ਸਿੱਖ ਵਿਰਾਸਤੀ ਮਹੀਨਾ ਘੋਸ਼ਿਤ ਕਰਾਉਣ ਲਈ ਓਂਟੈਰੀਓ 'ਚ ਮਤਾ ਪਾਸ ਕਰਵਾਉਣ ਵਿੱਚ ਸਫਲਤਾ ਹਾਸਿਲ ਕੀਤੀ। ਭਾਰਤ ਦੇ ਮਾਮਲੇ ਵਿੱਚ ਵਿਦੇਸ਼ੀ ਦਖਲ ਅੰਦਾਜ਼ੀ ਖਿਲਾਫ ਉਸ ਨੇ ਧੜੱਲੇ ਨਾਲ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਇਸ ਪ੍ਰਤੀ ਸਖਤ ਸਟੈਂਡ ਲੈਣ ਲਈ ਤਿਆਰ ਕੀਤਾ। ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਮਾਮਲੇ ਵਿੱਚ ਜਗਮੀਤ ਸਿੰਘ ਨੇ ਠੋਸ ਆਵਾਜ਼ ਬੁਲੰਦ ਕੀਤੀ। ਇਸ ਦੇ ਇਲਾਵਾ ਉਸ ਨੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਅਤੇ ਅਨੇਕਾਂ ਹੋਰਾਂ ਮੁੱਦਿਆਂ ਨੂੰ ਵੀ ਵਿਚਾਰਿਆ। ਇਸ ਨਜ਼ਰੀਏ ਤੋਂ ਜਗਮੀਤ ਸਿੰਘ ਕੈਨੇਡਾ ਦੀ ਸਿਆਸਤ ਵਿੱਚ ਹਰ ਪਹਿਲੂ ਤੋਂ ਸੂਝ ਬੂਝ ਵਾਲਾ ਆਗੂ ਰਿਹਾ, ਜਿਸ ਦੀ ਦੇਣ ਨੂੰ ਇਤਿਹਾਸ ਵਿੱਚ ਚੇਤੇ ਰੱਖਿਆ ਜਾਵੇਗਾ।

ਕੈਨੇਡਾ ਦੀਆਂ 343 ਸੀਟਾਂ ਵਿੱਚ 169 ਲਿਬਰਲ ਪਾਰਟੀ ਨੂੰ 144 ਕੰਜਰਵਟਿਵ ਪਾਰਟੀ ਨੂੰ, ਸੱਤ ਐਨਡੀਪੀ ਨੂੰ, 22 ਬਲਾਕ ਕਿਊਬਿਕਵਾ ਨੂੰ ਅਤੇ ਇੱਕ ਗਰੀਨ ਪਾਰਟੀ ਨੂੰ ਮਿਲੀ ਹੈ। ਯਕੀਨਨ ਤੌਰ 'ਤੇ ਕੈਨੇਡਾ ਵਿੱਚ ਲਿਬਰਲ ਪਾਰਟੀ ਦੀ ਸਰਕਾਰ ਬਣੇਗੀ, ਪਰ ਸਪਸ਼ਟ ਬਹੁਮਤ ਨਾ ਹੋਣ ਦੀ ਸੂਰਤ ਵਿੱਚ ਇੱਕ ਵਾਰ ਫਿਰ ਐਨਡੀਪੀ ਦੇ ਹੱਥ ਵਿੱਚ ਸੱਤਾ ਦਾ ਸੰਤੁਲਨ ਹੋਵੇਗਾ। ਵੱਡੇ ਸਵਾਲ ਇਹ ਹਨ ਕਿ ਕੀ ਲੋਕ ਪੱਖੀ ਨੀਤੀਆਂ ਮਜ਼ਬੂਤ ਹੋਣਗੀਆਂ? ਆਰਥਿਕਤਾ ਵਿੱਚ ਸੁਧਾਰ ਹੋਏਗਾ? ਜਨ-ਜੀਵਨ ਨੂੰ ਸੁਵਿਧਾ ਮਿਲੇਗੀ? ਵਿਦਿਆ ਤੇ ਸਿਹਤ ਸਬੰਧੀ ਨੀਤੀਆਂ ਬੇਹਤਰ ਬਣਨਗੀਆਂ? ਵਿਦੇਸ਼ੀ ਦਖਲ ਅੰਦਾਜ਼ੀ ਨੂੰ ਠੱਲ ਪਵੇਗੀ ਅਤੇ ਕੈਨੇਡਾ ਉਪਰੋਕਤ ਪੱਖੋਂ ਉਭਰੇਗਾ? ਇਹ ਸਮਾਂ ਦੱਸੇਗਾ ਤੇ ਲੋਕ ਸਰਕਾਰ ਨੂੰ ਜਵਾਬ ਦੇਹ ਬਣਾਉਣਗੇ।

ਕੈਨੇਡੀਅਨ ਵੋਟਰਾਂ ਨੂੰ ਇਸ ਗੱਲ ਦੀ ਸ਼ਾਬਾਸ਼ ਦੇਣੀ ਬਣਦੀ ਹੈ ਕਿ ਜਦੋਂ ਅਮਰੀਕਾ ਤੋਂ ਲੈ ਕੇ ਭਾਰਤ ਤੱਕ ਸੱਜੇ ਪੱਖੀ ਤਾਕਤਾਂ, ਕੱਟੜਵਾਦੀ ਮਾਹੌਲ ਕਾਇਮ ਕਰ ਰਹੀਆਂ ਹਨ, ਉਸ ਹਨ੍ਹੇਰੇ ਵਿੱਚ ਕੈਨੇਡਾ ਸੁਲਗਦੀ ਲਾਟ ਬਣ ਕੇ ਚਮਕਿਆ ਹੈ ਅਤੇ ਧਰੁਵੀਕਰਨ ਦੀ ਹਨੇਰੀ ਵਿੱਚ ਕੈਨੇਡਾ ਦਾ ਦੀਵਾ ਜਗਦਾ ਰਿਹਾ ਹੈ। ਇਸ ਲਈ ਕੈਨੇਡਾ ਦੇ ਨਾਗਰਿਕ ਵਧਾਈ ਦੇ ਪਾਤਰ ਹਨ!






### ਗੁਰੂ ਨਾਨਕ ਜਹਾਜ਼ ਦੀ 111ਵੀਂ ਯਾਦਗਾਰੀ ਵਰ੍ਹੇਗੰਢ

# 25 ਮਈ ਨੂੰ ਵੈਨਕੂਵਰ 'ਚ ਗੁਰੂ ਨਾਨਕ ਜਹਾਜ਼ ਮੈਮੋਰੀਅਲ 'ਤੇ ਹੋਵੇਗਾ ਸਮਾਗਮ

ਸਰੀ : 'ਗੁਰੂ ਨਾਨਕ ਜਹਾਜ਼' ਦਾ ਸਫ਼ਰ ਬਸਤੀਵਾਦ ਅਤੇ ਨਸਲਵਾਦ ਦਾ, ਚੜ੍ਹਦੀ ਕਲਾ ਅਤੇ ਭਾਈਚਾਰਕ ਸਾਂਝ ਨਾਲ ਮੁਕਾਬਲਾ ਕਰਨ ਵਾਲੇ ਮੁਸਾਫਿਰਾਂ ਦੀ, ਨਿੱਡਰ ਅਤੇ ਸੁਤੰਤਰ ਹਸਤੀ ਦਾ ਦੁਰਲੱਭ ਇਤਿਹਾਸ ਹੈ। ਗੁਰੂ ਨਾਨਕ ਜਹਾਜ਼ ਸੰਘਰਸ਼ ਅਤੇ ਮਨੁੱਖੀ ਹੱਕਾਂ ਲਈ ਘੋਲ ਦਾ ਸ਼ਾਨਦਾਰ ਇਤਿਹਾਸ ਹੈ। ਗੁਰੂ ਨਾਨਕ ਜਹਾਜ਼ ਦੇ ਚੜ੍ਹਦੀ ਕਲਾ ਦੇ ਸਫ਼ਰ ਦੇ 111ਵੇਂ ਸਾਲ 'ਤੇ, ਕੈਨੇਡਾ ਦੀ ਧਰਤੀ 'ਤੇ ਵੈਨਕੂਵਰ ਦੇ ਸਮੁੰਦਰੀ ਤੱਟ 'ਤੇ 1199 ਵੈਸਟ ਕਾਰਡੋਵਾ ਸਟਰੀਟ, ਗੁਰੂ ਨਾਨਕ ਜਹਾਜ਼ ਮੈਮੋਰੀਅਲ ਸਮਾਰਕ ਉੱਪਰ 25 ਮਈ ਦਿਨ ਐਤਵਾਰ ਨੂੰ ਦੁਪਹਿਰ 2 ਵਜੇ ਤੋਂ 5 ਵਜੇ ਤੱਕ ਇਹ ਪ੍ਰੋਗਰਾਮ ਕੀਤਾ ਜਾ ਰਿਹਾ ਹੈ। ਇਸ ਵਰ੍ਹੇਗੰਢ 'ਤੇ ਸਮਾਗਮ ਸਬੰਧੀ ਪੋਸਟਰ ਮੀਡੀਆ ਨਾਲ ਸੰਬੰਧਤ ਸ਼ਖਸ਼ੀਅਤਾਂ ਵੱਲੋਂ ਤਾਜ ਕਨਵੈਂਸ਼ਨ ਸੈਂਟਰ ਸਰੀ ਵਿਖੇ ਰਿਲੀਜ਼ ਕੀਤਾ ਗਿਆ, ਜਿਨ੍ਹਾਂ ਵਿੱਚ ਗੁਰਪ੍ਰੀਤ ਸਿੰਘ ਸਹੋਤਾ (ਚੜਦੀ ਕਲਾ ਨਿਊਜ਼ ਗਰੁੱਪ ਅਤੇ ਚੈਨਲ ਪੰਜਾਬੀ), ਭੁਪਿੰਦਰ ਸਿੰਘ ਮੱਲੀ (ਸਾਊਥ ਏਸ਼ੀਅਨ ਰਿਵਿਊ), ਬਲਜਿੰਦਰ ਕੌਰ (ਬੀ ਕੌਰ ਮੀਡੀਆ) ਰਛਪਾਲ ਸਿੰਘ ਗਿੱਲ (ਪੰਜਾਬੀ ਟ੍ਰਿਬਿਊਨ), ਡਾ. ਪੂਰਨ ਸਿੰਘ ਗਿੱਲ (ਪੰਜਾਬ ਟਾਈਮਜ਼), ਹਰਕੀਰਤ ਸਿੰਘ ਕੁਲਾਰ (ਪੰਜਾਬ ਗਾਰਡੀਅਨ), ਬਲਦੇਵ ਸਿੰਘ ਮਾਨ (ਰੈਡ ਐਫ. ਐਮ.), ਸੁਖਵਿੰਦਰ ਸਿੰਘ ਚੋਹਲਾ (ਦੇਸ ਪਰਦੇਸ ਟਾਈਮਜ਼), ਸੁੱਖੀ ਕੌਰ (ਸ਼ੇਰੇ ਪੰਜਾਬ ਰੇਡੀਓ,1550 ਏ.ਐਮ.), ਅਮਰਪਾਲ ਸਿੰਘ (ਕੈਨੇਡੀਅਨ ਪੰਜਾਬ ਟਾਈਮਜ਼ ਤੇ ਪੰਜਾਬੀ ਟ੍ਰਿਬਿਊਨ), ਬਲਵੀਰ ਕੌਰ ਢਿੱਲੋਂ (ਬੀ ਕੌਰ ਮੀਡੀਆ), ਸੰਤੋਖ ਸਿੰਘ ਮੰਡੇਰ (ਇੰਡੋ ਕੈਨੇਡੀਅਨ ਟਾਈਮਜ਼) ਸ਼ਾਮਿਲ ਹੋਏ। ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਵੱਲੋਂ ਜਾਣਕਾਰੀ ਦਿੰਦਿਆਂ ਡਾ. ਗੁਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਵਰੇ ਦੇ ਸਮਾਗਮ ਵਿੱਚ ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦੇ ਇਤਿਹਾਸ ਤੋਂ ਇਲਾਵਾ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦੀ ਸ਼ਹਾਦਤ ਬਾਰੇ ਵਿਸ਼ੇਸ਼ ਪ੍ਰੋਗਰਾਮ ਹੋਵੇਗਾ।




111ਵੀਂ ਯਾਦਗਾਰੀ ਵਰ੍ਹੇ-ਗੰਢ 'ਤੇ ਸਮਾਗਮ ਦਾ ਪੋਸਟਰ ਰਿਲੀਜ਼ ਕਰਦੀਆਂ ਪੰਜਾਬੀ ਮੀਡੀਏ ਨਾਲ ਸਬੰਧਤ ਸ਼ਖਸੀਅਤਾਂ।

ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਤੇ ਬੀਸੀ ਖਾਲਸਾ ਦਰਬਾਰ ਵੈਨਕੂਵਰ ਤੋਂ ਇਲਾਵਾ ਵਣਜਾਰਾ ਨੋਮੈਡ ਕੁਲੈਕਸ਼ਨਜ਼, ਗਦਰ ਮੈਮੋਰੀਅਲ ਸੁਸਾਇਟੀ ਆਫ ਕੈਨੇਡਾ ਸਣੇ ਵੱਖ-ਵੱਖ ਸੰਸਥਾਵਾਂ ਵੱਲੋਂ ਸਾਂਝੇ ਤੌਰ 'ਤੇ, ਬੋਰਡ ਆਫ ਪਾਰਕ ਐਂਡ ਰੀਕ੍ਰੀਏਸ਼ਨ ਤੇ ਵੈਨਕੂਵਰ ਸਿਟੀ ਦੇ ਸਹਿਯੋਗ ਇਹ ਸਲਾਨਾ ਸਮਾਗਮ ਕੀਤਾ ਜਾ ਰਿਹਾ ਹੈ। ਵੀਹਵੀਂ ਸਦੀ ਦੇ ਆਰੰਭ ਵਿੱਚ ਕੈਨੇਡਾ ਦੀ ਧਰਤੀ 'ਤੇ ਨਸਲਵਾਦੀ ਸਰਕਾਰ ਦਾ ਰਾਜ ਸੀ, ਜਿਸ ਨੇ 1907 ਵਿੱਚ ਪਹਿਲਾਂ ਭਾਰਤੀਆਂ ਤੋਂ ਵੋਟ ਦਾ ਹੱਕ ਖੋਹਿਆ ਤੇ ਉਸ ਤੋਂ ਬਾਅਦ ਕੈਨੇਡਾ ਆਉਣ ਲਈ ਪ੍ਰਵਾਸੀਆਂ ਉੱਪਰ ਆਪਣੇ ਮੁਲਕ ਤੋਂ ਸਿੱਧੇ ਸਫ਼ਰ ਦੀ ਸ਼ਰਤ ਲਾ ਦਿੱਤੀ ਸੀ। ਸਰਕਾਰ ਦੇ 'ਨਸਲੀ ਵਿਤਕਰੇ ਵਾਲੇ ਕਾਨੂੰਨ' ਨੂੰ ਚੁਣੌਤੀ ਦੇਣ ਲਈ ਜਨਵਰੀ 1914 ਵਿੱਚ ਬਾਬਾ ਗੁਰਦਿੱਤ ਸਿੰਘ ਜੀ ਸਰਹਾਲੀ ਵੱਲੋਂ ਕਲਕੱਤੇ ਜਾ ਕੇ 'ਗੁਰੂ ਨਾਨਕ ਸਟੀਮਸ਼ਿਪ ਕੰਪਨੀ' ਕਾਇਮ ਕੀਤੀ ਗਈ, ਜਿਸ ਅਧੀਨ 'ਗੁਰੂ ਨਾਨਕ ਸਾਹਿਬ' ਦੇ ਨਾਂ 'ਤੇ ਜਹਾਜ਼, ਕਿਰਾਏ 'ਤੇ ਲੈਣ ਦਾ ਫੈਸਲਾ ਕੀਤਾ ਗਿਆ। ਇਸ ਉਦੇਸ਼ ਦੀ ਪੂਰਤੀ ਲਈ ਕਾਮਾਗਾਟਾਮਾਰੂ ਨਾਂ ਦਾ ਸਮੁੰਦਰੀ ਬੇੜਾ, ਗੁਰੂ ਨਾਨਕ ਸਟੀਮਸ਼ਿਪ ਕੰਪਨੀ ਨੇ 11 ਹਜ਼ਾਰ ਡਾਲਰ ਪ੍ਰਤੀ ਮਹੀਨੇ ਦੇ ਹਿਸਾਬ, ਨਾਲ ਛੇ ਮਹੀਨੇ ਲਈ 66 ਹਜ਼ਾਰ ਡਾਲਰ 'ਤੇ, 19 ਮਾਰਚ 1914 ਨੂੰ ਜਪਾਨੀ ਕੰਪਨੀ ਤੋਂ' ਕਿਰਾਏ 'ਤੇ ਲਿਆ। ਇਹ ਜਹਾਜ਼ ਕੋਲਾ ਢੋਣ ਵਾਲਾ ਸੀ ਤੇ ਯਾਤਰੂ ਜਹਾਜ਼ ਦੇ ਰੂਪ ਵਿੱਚ ਬਦਲਣ ਲਈ ਬਾਬਾ ਗੁਰਦਿੱਤ ਸਿੰਘ ਨੇ ਅੰਦਰੋਂ ਕਾਫੀ ਤਬਦੀਲੀ ਕੀਤੀ ਅਤੇ 2500 ਡਾਲਰ ਖਰਚੇ ਤੇ ਬੈਠਣ ਲਈ ਬੈਂਚ ਆਦਿ ਦਾ ਪ੍ਰਬੰਧ ਕੀਤਾ। ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੁਸਾਇਟੀ, ਹਾਂਗਕਾਂਗ ਵਿਖੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਅਖੰਡ ਪਾਠ ਕਰਵਾਏ ਗਏ ਅਤੇ ਸਮੁੰਦਰੀ ਜਹਾਜ਼ ਕਾਮਾਗਾਟਾਮਾਰੂ ਦਾ ਨਵਾਂ ਨਾਮਕਰਨ 'ਸ੍ਰੀ ਗੁਰੂ ਨਾਨਕ ਜਹਾਜ਼' ਕੀਤਾ ਗਿਆ।

ਗੁਰੂ ਨਾਨਕ ਜਹਾਜ਼ ਦੀਆਂ ਟਿਕਟਾਂ 'ਸ੍ਰੀ ਗੁਰੂ ਨਾਨਕ ਸਟੀਮਰ ਕੰਪਨੀ' ਵਜੋਂ ਪ੍ਰਕਾਸ਼ਿਤ ਹੋਈਆਂ। ਗੁਰੂ ਨਾਨਕ ਜਹਾਜ਼ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ, ਜਿੱਥੇ ਦੀਵਾਨ ਜੁੜਦੇ, ਢਾਡੀ ਵਾਰਾਂ ਗਾਉਂਦੇ। ਗੁਰੂ ਨਾਨਕ ਜਹਾਜ਼ ਦੇ ਸਫ਼ਰ ਦੌਰਾਨ ਪੰਜ ਅਖੰਡ ਪਾਠ ਅਤੇ ਦੋ ਸਹਿਜ ਪਾਠ ਸੰਪੂਰਨ ਕੀਤੇ ਗਏ। ਜਹਾਜ਼ ਵਿੱਚ ਨਿਸ਼ਾਨ ਸਾਹਿਬ ਝੁੱਲਦਾ ਸੀ ਕਿਉਂਕਿ ਸਾਂਝੇ ਪੰਜਾਬ ਦੇ ਸਭ ਯਾਤਰੂ ਮੰਨਦੇ ਸਨ ਕਿ 'ਗੁਰੂ ਨਾਨਕ' ਨਾਂ ਦੇ ਅਧੀਨ ਹੀ ਸਭ ਨੂੰ 'ਸਾਂਝੀ ਗੋਦ' ਵਿੱਚ ਲਿਆ ਜਾ ਸਕਦਾ ਸੀ। ਗੁਰੂ ਨਾਨਕ ਸ਼ਬਦ ਰੂਹਾਨੀ ਸਾਂਝ, ਮਨੁੱਖੀ ਪ੍ਰੇਮ, ਜਾਬਰ ਹਕੂਮਤਾਂ ਦਾ ਵਿਰੋਧ ਤੇ ਨਸਲਵਾਦੀ ਵਿਤਕਰੇ ਦੇ ਅੰਤ ਦਾ ਮਹਾਨ ਸਿਧਾਂਤ ਹੈ।

ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਵਿੱਚ 341 ਸਿੱਖ, 24 ਮੁਸਲਮਾਨ ਤੇ 12 ਹਿੰਦੂ ਮੁਸਾਫਿਰ ਗੁਰੂ ਨਾਨਕ ਜਹਾਜ਼ 'ਤੇ ਸਵਾਰ ਹੋ ਕੇ 22 ਮਈ ਨੂੰ (ਪੰਜਾਬ ਵਿੱਚ 23 ਮਈ) ਵੈਨਕੂਵਰ ਪਹੁੰਚੇ। ਉਸ ਸਮੇਂ ਦੇ 'ਸਾਂਝਾ ਪੰਜਾਬ', ਜੋ ਕਿ ਅੱਜ ਕੱਲ ਭਾਰਤ ਅਤੇ ਪਾਕਿਸਤਾਨ ਵਿੱਚ ਵੰਡਿਆ ਹੋਇਆ ਹੈ, ਦੇ ਵਸਨੀਕ ਗੁਰੂ ਨਾਨਕ ਜਹਾਜ਼ ਦੇ ਮੁਸਾਫਿਰ ਸਨ।

ਗੁਰੂ ਨਾਨਕ ਜਹਾਜ਼ ਵਿੱਚ ਖੁੱਲੇ ਅੰਬਰਾਂ ਅਤੇ ਸਮੁੰਦਰਾਂ 'ਚ ਪ੍ਰਕਾਸ਼ਮਾਨ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਸਦਕਾ, ਪਹਿਲੇ ਗੁਰਦੁਆਰਾ ਸਾਹਿਬ ਅਲੌਕਿਕ ਵਰਤਾਰਾ ਸਨ। ਨਿਰੰਤਰ ਸਿੱਧੇ ਸਫਰ ਰਾਹੀਂ ਆਉਣ ਅਤੇ ਬ੍ਰਿਟਿਸ਼ ਪਰਜਾ ਹੋਣ ਦੇ ਤੇ ਕਾਨੂੰਨੀ ਪੱਖੋਂ ਸਹੀ ਯਾਤਰਾ ਦਸਤਾਵੇਜ਼ ਰੱਖਣ ਅਤੇ ਭੇਦ-ਭਾਵ ਵਾਲੇ ਦੋ ਸੌ ਡਾਲਰ ਹੈੱਡ ਟੈਕਸ ਦੀ ਵਧੀਕੀ ਦੀ ਪਾਲਣਾ ਕਰਨ ਦੇ ਬਾਵਜੂਦ, ਮੁਸਾਫਿਰਾਂ ਦੇ ਕੈਨੇਡਾ 'ਚ ਦਾਖਲੇ 'ਤੇ ਰੋਕ ਲਗਾ ਦਿੱਤੀ ਗਈ। ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੀ ਅਗਵਾਈ ਵਿੱਚ ਸੰਗਤਾਂ ਨੇ ਕਾਨੂੰਨੀ ਲੜਾਈ ਲੜਨ ਅਤੇ ਜਹਾਜ਼ ਦੀ ਕਿਸ਼ਤ ਅਦਾ ਕਰਨ ਲਈ ਭਾਰੀ ਆਰਥਿਕ ਇਮਦਾਦ ਕੀਤੀ। ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਨੂੰ ਕੈਨੇਡਾ ਤੋਂ ਜਬਰੀ ਵਾਪਸ ਮੋੜਨ ਦੇ ਹੁਕਮ ਨੂੰ ਕਾਨੂੰਨੀ ਚੁਣੌਤੀ, ਵਕੀਲ ਜੋਸੇਫ ਐਡਵਰਡ ਬਰਡ ਨੇ ਦਿੱਤੀ, ਪਰ ਧੱਕੇਸ਼ਾਹੀ ਅਤੇ ਵਿਤਕਰੇ ਦੀ ਨੀਤੀ ਕਾਰਨ ਉਹ ਅਸਫਲ ਰਿਹਾ। 22 ਜੁਲਾਈ ਨੂੰ (ਪੰਜਾਬ ਵਿੱਚ 23 ਜੁਲਾਈ) ਗੁਰੂ ਨਾਨਕ ਜਹਾਜ਼ ਕੈਨੇਡੀਅਨ ਫੌਜ ਅਤੇ ਹਕੂਮਤ ਵੱਲੋਂ ਕੈਨੇਡੀਅਨ ਪਾਣੀਆਂ 'ਚੋਂ ਬਾਹਰ ਕੱਢ ਦਿੱਤਾ ਗਿਆ। 29 ਸਤੰਬਰ 1914 ਨੂੰ ਕਲਕੱਤੇ ਦੀ ਬਜ ਬਜ ਘਾਟ 'ਤੇ ਪਹੁੰਚਣ ਉੱਪਰ ਬ੍ਰਿਟਿਸ਼ ਇੰਡੀਅਨ ਸਰਕਾਰ ਵੱਲੋਂ ਗੁਰੂ ਨਾਨਕ ਜਹਾਜ਼ 'ਤੇ ਸਵਾਰ ਲੋਕਾਂ ਨੂੰ, ਸਰਕਾਰ ਵਿਰੋਧੀ ਕਰਾਰ ਦੇ ਕੇ ਗ੍ਰਿਫਤਾਰ ਕਰਨ ਦਾ ਹੁਕਮ ਦਿੱਤਾ ਗਿਆ।

ਗੁਰੂ ਨਾਨਕ ਜਹਾਜ਼ ਦੇ ਮੁਸਾਫਿਰ ਗ੍ਰਿਫਤਾਰੀ ਤੋਂ ਪਹਿਲਾਂ, ਗੁਰੂ ਗ੍ਰੰਥ ਸਾਹਿਬ ਦਾ ਸਰੂਪ ਕਲਕੱਤੇ ਦੇ ਗੁਰਦੁਆਰਾ ਸਾਹਿਬ ਵਿਖੇ ਸੁਸ਼ੋਭਿਤ ਕਰਨਾ ਚਾਹੁੰਦੇ ਸਨ, ਪਰ ਇਸ ਦਾ ਵਿਰੋਧ ਕਰਦਿਆਂ ਹੋਇਆਂ, ਬ੍ਰਿਟਿਸ਼ ਸਰਕਾਰ ਵੱਲੋਂ ਉਹਨਾਂ ਉੱਪਰ ਗੋਲੀਆਂ ਚਲਾਈਆਂ ਗਈਆਂ। ਇਸ ਦੁਖਦਾਈ ਘਟਨਾ ਦੀ ਅਗਵਾਈ ਬ੍ਰਿਟਿਸ਼ ਭਾਰਤੀ ਫੌਜਾਂ ਦੁਆਰਾ ਕੀਤੀ ਗਈ, ਜਿਸ ਦੇ ਨਤੀਜੇ ਵਜੋਂ 19 ਯਾਤਰੀ ਸ਼ਹੀਦ ਹੋ ਗਏ, ਬਹੁਤ ਸਾਰੇ ਜ਼ਖਮੀ ਹੋਏ ਅਤੇ ਬਹੁਤ ਸਾਰੇ ਹੋਰ ਕੈਦ ਹੋ ਗਏ। ਗੁਰੂ ਨਾਨਕ ਜਹਾਜ਼ ਨੂੰ ਕੈਨੇਡਾ ਤੋਂ ਜਬਰੀ ਵਾਪਸ ਮੋੜਨ ਮਗਰੋਂ ਬਜਬਜ ਘਾਟ ਦਾ ਸ਼ਹੀਦੀ ਸਾਕਾ ਜ਼ਾਲਮ ਅਤੇ ਨਸਲਵਾਦੀ ਸਰਕਾਰਾਂ ਵੱਲੋਂ ਵਰਤਾਏ ਖ਼ੂਨੀ ਸਾਕੇ ਦਾ ਦਿਲ-ਕੰਬਾਊ ਅਧਿਆਇ ਸੀ।

ਸੁਖਾਂਤਕ ਇਤਿਹਾਸਿਕ ਪਹਿਲੂ ਇਹ ਹੈ ਕਿ 23 ਮਈ 2008 ਨੂੰ ਬ੍ਰਿਟਿਸ਼ ਕਲੰਬੀਆ ਵਿਧਾਨ ਸਭਾ ਵਿੱਚ ਇਸ ਦੁਖਾਂਤ ਦੀ ਮੁਆਫੀ ਮੰਗੀ ਗਈ, ਜਦਕਿ 18 ਮਈ, 2016 ਵਿੱਚ ਕੈਨੇਡਾ ਦੀ ਪਾਰਲੀਮੈਂਟ ਵਿੱਚ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਸ ਸਬੰਧੀ ਮੁਆਫੀਨਾਮਾ ਜਾਰੀ ਕਰਕੇ, ਨਵਾਂ ਅਧਿਆਇ ਸਿਰਜ ਦਿੱਤਾ। ਬੇਸ਼ਕ ਇਹ ਵੱਖਰੀ ਗੱਲ ਹੈ ਕਿ ਵੈਨਕੂਵਰ ਸ਼ਹਿਰ ਵੱਲੋਂ ਜਾਰੀ ਐਲਾਨਨਾਮੇ ਨੂੰ ਛੱਡ ਕੇ, ਹਰੇਕ ਪ੍ਰੋਕਲੇਮੇਸ਼ਨ ਵਿੱਚ 'ਕਾਮਾਗਾਟਾ ਮਾਰੂ' ਸ਼ਬਦ ਹੀ ਵਰਤਿਆ ਹੈ, ਜੋ ਕਿ ਇਤਿਹਾਸਕ ਤੌਰ 'ਤੇ ਠੀਕ ਨਹੀਂ।

ਗੁਰੂ ਨਾਨਕ ਹੈਰੀਟੇਜ ਸੁਸਾਇਟੀ ਅਨੁਸਾਰ 'ਇਤਿਹਾਸਿਕ ਸੱਚਾਈ ਦਾ ਗਿਆਨ ਹੋਣ ਮਗਰੋਂ ਹੁਣ ਸਭਨਾਂ ਦਾ ਫਰਜ਼ ਬਣਦਾ ਹੈ ਕਿ ਇਹਨਾਂ ਮੁਆਫੀਨਾਮਿਆਂ ਦੀ ਸੋਧ ਕਰਵਾ ਕੇ, ਸਹੀ ਨਾਂ 'ਗੁਰੂ ਨਾਨਕ ਜਹਾਜ਼' ਸ਼ਬਦ ਲਿਖਵਾਇਆ ਜਾਵੇ। ਅਜਿਹਾ ਕਰਦਿਆਂ ਅਸੀਂ ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਨਾਲ ਇਨਸਾਫ ਕਰ ਰਹੇ ਹੋਵਾਂਗੇ, ਜਦਕਿ ਅਸਲੀਅਤ ਜਾਨਣ ਤੋਂ ਮਗਰੋਂ ਵੀ ਅਜਿਹਾ ਨਾ ਕਰਨਾ ਉਹਨਾਂ ਮੁਸਾਫਰਾਂ ਨਾਲ ਦੂਜੀ ਵਾਰ ਬੇਇਨਸਾਫੀ ਹੋਵੇਗੀ।' ਨਿਸੰਦੇਹ ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦਾ ਸਫਰ 'ਚੜ੍ਹਦੀ ਕਲਾ ਦਾ ਪ੍ਰਤੀਕ ਸੀ, ਨਾ ਕਿ ਢਹਿੰਦੀ ਕਲਾ' ਦਾ ਅਤੇ ਜਿੱਥੋਂ ਨਸਲੀ ਜਬਰ ਨਾਲ 111 ਸਾਲ ਪਹਿਲਾਂ ਗੁਰੂ ਨਾਨਕ ਜਹਾਜ਼ ਮੋੜਿਆ ਗਿਆ ਸੀ, ਉਸੇ ਜਗ੍ਹਾ 'ਤੇ ਚੜਦੀ ਕਲਾ ਦੇ ਸਫਰ ਦੀ ਗੱਲ ਹੋਣੀ, ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਵੱਲੋਂ ਮਾਨਵਵਾਦੀ ਸਬਰ ਨਾਲ ਨਸਲਵਾਦੀ ਜਬਰ 'ਤੇ ਗੌਰਵਮਈ ਜਿੱਤ ਕਹੀ ਜਾ ਸਕਦਾ ਹੈ।

# "ਗੁਫਤਾਰ ਕਾ ਜੇ ਗਾਜੀ ਤੋ ਬਨਾ, ਕਿਰਦਾਰ ਕਾ ਗਾਜੀ ਬਨ ਨਾ ਸਕਾ"

**- ਮੁਹੰਮਦ ਇਕਬਾਲ**

ਕਿਰਦਾਰ ਸਿੱਖ ਦੀ ਬੁਨਿਆਦ ਹੈ, ਇਹ ਬੁਨਿਆਦ ਕਿਸੇ ਦੀ ਘੱਟ ਅਤੇ ਕਿਸੇ ਦੀ ਵਧੇਰੇ ਮਜਬੂਤ ਤਾਂ ਹੋ ਸਕਦੀ ਹੈ, ਪਰ ਕੀ ਭਲਾ ਕਿਰਦਾਰ ਤੋਂ ਬਿਨਾ ਸਿੱਖੀ ਕਿਆਸੀ ਜਾ ਸਕਦੀ ਹੈ? ਗੁਰੂ ਸਾਹਿਬ ਨੇ ਇਸ ਕਿਰਦਾਰ ਨੂੰ ਰਬਾਬ ਦੀਆ ਮਧੁਰ ਧੁਨਾ ਨਾਲ ਰੋਸ਼ਨਾਇਆ। ਜਦੋਂ ਗੁਰੂ ਨਾਨਕ ਸਾਹਿਬ ਨੂੰ ਮੁਲਾ ਅਤੇ ਕਾਜੀਆ ਨੇ ਪੁਛਿਆ ਕੇ ਹਿੰਦੂ ਵੱਡਾ ਹੈ ਜਾ ਮੁਸਲਮਾਨ ਤਾਂ ਗੁਰੂ ਸਾਹਿਬ ਨੇ ਆਖਿਆ "ਬਾਬੇ ਆਖੇ ਹਾਜੀਆਂ ਸੁੱਭਿ ਅਮਲਾ ਬਾਝਹੁ ਦੋਨੋ ਰੋਈ।" ਇਸ ਬੁਲੰਦ ਕਿਰਦਾਰ ਤੋ ਹੀ ਤਾ ਸਦਾ ਸਮੇ ਦੀਆ ਤਾਕਤਾ ਨੂੰ ਖੌਫ ਆਉਦਾ ਸੀ, ਬੁਲੰਦ-ਕਿਰਦਾਰ ਹੀ ਤਾ ਸਿੱਖਾ ਦੇ ਇਤਿਹਾਸ ਵਿਚ ਜਲੋਅ ਪੈਦਾ ਕਰ ਸਕੇ, ਜੋਕਿ ਅੱਜ ਵੀ ਸਾਡੀ ਪ੍ਰੇਰਣਾ ਦਾ ਸਰੋਤ ਬਣ ਰਿਹਾ ਹੈ। ਇਸ ਬੁਲੰਦ ਕਿਰਦਾਰ ਕਰਕੇ ਹੀ ਧੀਆ ਭੈਣਾ ਔੜ ਸਮੇਂ ਸਿੱਖ ਦਾ ਆਸਰਾ ਭਾਲਦੀਆ ਹਨ, ਇਹ ਗੱਲ ਆਪਾ ਅਜੇ ਵੀ ਅੰਛਕ ਰੂਪ 'ਚ ਮੌਜੂਦਾ ਸਮੇਂ ਵਿਚ ਵੇਖ ਸਕਦੇ ਹਾ। ਕਿਰਦਾਰ ਕਰਕੇ ਹੀ ਤਾ ਸਿੱਖਾਂ ਅਤੇ ਬਾਕੀ ਕੌਮਾ, ਫਲਸਫਿਆ, ਖਿਆਲਾ ਵਿੱਚ ਨਿਖੇੜਾ ਹੈ। ਕਿਰਦਾਰ ਦਾ ਦਾਮਨ ਛੱਡ ਕੀ ਸਿੱਖ ਸਮੇਂ ਦੀ ਗਰਦ ਵਿਚ ਗਰਕ ਨਹੀ ਹੋ ਜਾਣਗੇ। ਜਰਮਨ ਦਾਰਸ਼ਨਿਕ ਨੀਤਸ਼ੇ ਦਾ ਖਿਆਲ ਹੈ ਕਿ "ਜਿਹੜਾ ਦਰਖਤ ਅਸਮਾਨ 'ਚ ਦੂਰ ਤੱਕ ਫੈਲਣਾ ਚਾਹੁੰਦਾ ਹੈ, ਉਸਦੀਆਂ ਜੜਾਂ ਜ਼ਮੀਨ ਵਿਚ ਵਧੇਰੇ ਡੂਘੀਆਂ ਹੋਣੀਆਂ ਚਾਹੀਦੀਆਂ ਹਨ, ਨਹੀਂ ਤਾਂ ਹਲਕੀ ਜਿਹੀ ਹਨੇਰੀ ਜੜੋ ਪੁੱਟ ਸੁੱਟੇਗੀ।

ਸੋ ਬੁਲੰਦ ਕਿਰਦਾਰ ਅਮਲਾ ਨੂੰ ਸਚਿਆਰੇ ਕਰਨ ਨਾਲ ਮਿਲਦਾ ਹੈ, ਮਨ ਨੂੰ ਸਾਧਣਾ ਹੁੰਦਾ ਹੈ, ਅਤੇ ਸਿੱਖ ਨੇ ਨਿਰੰਤਰ ਗੁਰੂ ਦੇ ਹੁਕਮ ਨੂੰ ਪਾਲਣਾ ਹੈ। ਹੁਕਮ ਦੀ ਪਾਲਣਾ ਵਿਚੋਂ ਹੀ ਸਿੱਖ ਧਰਤੀ ਤੇ ਸ਼ਹਾਨਾ ਕਦਮ ਰੱਖ ਸਕੇਗਾ ਅਤੇ ਭਾਈ ਬਚਿੱਤਰ ਸਿੰਘ ਦੀ ਤਰ੍ਹਾਂ ਗੁਰੂ ਦੇ ਥਾਪੜੇ ਸਦਕਾ ਨਾਗਣੀ ਲੈ 'ਗਰੂਰ ਵਿਚ ਮਦਮਸਤ ਕੂੜ' ਨੂੰ ਬਿੰਨੇਗਾ। ਹੁਕਮ ਵਿਚ ਪ੍ਰਵਿਰਤ ਸ਼ਖਸੀਅਤਾਂ ਹੀ 'ਹਲੀਮੀ ਰਾਜ' ਦੀ ਸਥਾਪਤੀ ਦਾ ਜਰੀਆ ਬਣਨਗੀਆ, ਖਗੋਲ ਅਕਲੀ ਚਤੁਰਾਈਆ ਦੇ ਪੈਂਤੜਿਆਂ ਨਾਲ ਬਾਕੀ ਕੌਮਾਂ ਦੀ ਤਰ੍ਹਾਂ ਕਾਬਜ਼ ਤਾਂ ਹੋਇਆ ਜਾ ਸਕਦਾ ਹੈ ਪਰ ਉਸ ਵਿਚੋ ਸ਼ਾਇਦ 'ਖਾਲਸੇ ਦੀ ਸਪਿਰਟ' ਗਾਇਬ ਹੋਵੇ।

ਪਰ ਮੌਜੂਦ ਚਿੰਨਤ ਦੀਆਂ ਨਵੀਨ ਧਰਾਵਾਂ ਜਾ ਦਿਸ਼ਾਵਾਂ ਕਿਰਦਾਰ ਦੀ ਮਜਬੂਤੀ ਤੇ ਜ਼ੋਰ ਦੇਣ ਵਾਲੀਆਂ ਅਨੁਭਵੀ ਧਰਾਵਾਂ ਦੀ ਖਿਲਾਫਤ ਕਰਦੀਆਂ ਹਨ, ਫਲਸਫੇ ਦੇ ਖਾਰੇ ਸਮੁੰਦਰ ਵਿਚ ਤਾਰੀ ਲਾਉਣ ਵਾਲੇ ਥੀਓਲੋਜਿਸਟ ਸਿੱਖੀ ਨੂੰ ਵੀ ਬਾਇਨਰੀ ਵਿਚ ਵੇਖਣ ਲਈ ਮੋਹਤਾਜ ਹਨ, ਕਿਉਂਕਿ ਉਨ੍ਹਾਂ ਕੋਲ ਕੋਈ ਅਜ਼ਾਦ ਅਤੇ ਸਪੀਰਚੁਅਲ ਵੀਜ਼ਨ ਨਹੀ। ਉਹ ਨਹੀਂ ਸਮਝ ਸਕਦੇ ਜਦੋਂ ਭਾਈ ਵੀਰ ਸਿੰਘ 'ਵਲਵਲੇ' ਵਿਚ ਆਖਦੇ ਹਨ "ਜਿਨ੍ਹਾਂ ਉਚਾਈਆਂ ਉਤੋਂ 'ਬੁੱਧੀ' ਖੰਭ ਸਾੜ ਢੱਡੀ, ਮੱਲੋ-ਮੱਲੀ ਉਥੇ ਦਿਲ ਮਾਰਦਾ ਉਡਾਰੀਆਂ। ਕਿਰਦਾਰ ਨੂੰ ਬੁਲੰਦ ਕਰਨ ਦਾ ਸੰਕਲਪ ਉਨ੍ਹਾਂ ਦੇ ਤਸੱਵਰ ਵਿਚ ਸਿੱਖੀ ਨੂੰ 'ਮਿਸਟਿਸਮ' ਦੇ ਹਨੇਰੇ ਵਿੱਚ ਧਕੇਲਣਾ ਹੈ ਜਿਸ ਕਾਰਨ ਪੰਥ 'ਮੋਨੋਥੀਇਜਮ' ਦੀ ਸੁੰਨ ਤੇ ਨਿਰਾਕਾਰਤਾ ਵਿਚ ਗੁਆਚ ਜਾਵੇਗਾ। ਕਦੀ ਕਹਿੰਦੇ ਕੇ ਕਿਰਦਾਰ ਬੁਲੰਦ ਕਰਨ ਦਾ ਸੰਕਲਪ ਜਰਮਨੀ ਫਿਲਾਸਫਰ ਹੀਗਲ ਦੀ ਸਬਜੈਕਟੀਵਿਟੀ ਵਿਚੋ ਅਕਾਰਗਤ ਹੁੰਦਾ ਹੈ ਅਤੇ ਪੰਥ ਦਾ ਧਿਆਨ ਜਿਸ ਵਿਚੋਂ ਸੰਸਥਾਵਾਂ, ਸਰਬੱਤ ਦੇ ਭਲੇ ਦੀ ਪ੍ਰਥਾਇ ਯੋਗ ਅਮਲਾ ਨੇ ਪ੍ਰਕਾਸ਼ਿਤ ਹੋਣਾ ਹੈ, ਵੀ ਆਪਣਾ ਧਿਆਨ ਅੰਦਰੂਨੀ ਸੰਸਾਰ ਵਿੱਚ ਲੈ ਬੇਕਾਰ ਹੋ ਜਾਦੇ ਹਨ।

ਸੋ ਫਿਲਸੋਫੀਕਲ ਇਨਵੈਸਟੀਕੇਸ਼ਨ ਦੇ ਸਫਰ ਦੀਆ ਅਨੇਕਾ ਲੀਮੀਟੇਸ਼ਨਸ ਹਨ, ਫਿਲਸੋਫੀਕਲ ਮਾਇਡ ਦੀ ਤਲਾਸ਼ ਇਨਵੈਸਟੀਗੇਟ ਕਰਨਾ ਹੈ ਜਿਸ ਵਿੱਚ ਅਬਸਟੈਕਟ ਫੈਕਟਸ ਮੁੱਖ ਸਹਾਰਾ ਹੁੰਦੇ ਹਨ। ਅਨੁਭਵ ਦੇ ਸਮੁੱਚੇ ਪਸਾਰ ਉਸਦੀ ਬੇਤਰਸ ਪਕੜ ਵਿਚ ਨਹੀਂ ਆ ਸਕਦੇ। ਸੋ ਇਸੇ ਕਾਰਨ ਅਜਿਹੀਆਂ ਚੇਤਨਾਵਾਂ ਸਿੱਖੀ ਦੀ ਦੋਹਾਂ ਜਹਾਨਾਂ ਨੂੰ ਆਪਣੀ ਨਵਾਜਿਸ਼ ਵਿਚ ਲੈ ਰਹੀ ਮਹਾਂ ਪਰਵਾਜ਼ ਵਿਖਾਈ ਨਹੀ ਦਿੰਦੀ। ਸਿੱਖੀ ਵਿਚ ਹਲਤ ਅਤੇ ਪਲਤ, ਮੀਰੀ ਅਤੇ ਪੀਰੀ, ਦੀਨ ਅਤੇ ਦੁਨੀਆ ਦੋਨਾ ਪਸਾਰਾ ਦਾ ਵਰਟੀਕਲ ਅਤੇ ਹੋਰੀਜੈਂਟਲ ਦੀ ਗੱਲ ਅਨੇਕਾ ਦ੍ਰਿਸ਼ਟਾਤਾ ਦੇ ਜਰੀਏ ਚਲਦੀ ਹੈ। ਪਰ ਇਥੇ 'ਆਦਿ ਸ਼ੰਕਰ' ਦੇ 'ਅਦਵੈਤਵਾਦ' ਵਿਚੋਂ ਸਿਰਜਿਤ ਤ੍ਰਿਸਕਾਰਿਤ ਦਵੈਤ ਜਿਹਾ ਦਵੰਧ ਨਹੀ ਹੈ, ਸਗੋ ਕਰਤਾ ਅਤੇ ਕਿਰਤ ਇਕਮਿਕ ਹਨ, "ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ।" ਇਸ ਮਹਾਵਾਕ ਵਿਚ ਰਾਜ ਦਾ ਸੰਕਲਪ ਅਤੇ ਸੰਸਥਾਵਾਂ ਦੀ ਸਿਰਜਣਾ ਦਾ ਰਾਜ ਪਿਆ ਹੈ। ਇਸਤੋ ਸਾਫ ਜਾਹਿਰ ਹੈ ਕਿ ਸਿੱਖੀ ਸਿਰਫ ਮਿਸਟਿਸਮ ਵਿਚ ਹੀ ਸਿਮਟ ਕੇ ਨਹੀ ਰਹਿ ਜਾਂਦੀ, ਸਗੋਂ ਇਸਦੇ ਰਹਿਮ ਦੀ ਦ੍ਰਿਸ਼ਟੀ ਲਗਾਤਾਰ ਤੇ ਨਿਰੰਤਰ ਇਸ ਜਗਤ ਲਈ ਪਰਉਪਕਾਰ ਕਰਨ ਲਈ ਸਹਾਈ ਰਹਿੰਦੀ ਹੈ ਅਤੇ ਇਸ ਤਰ੍ਹਾਂ ਸਰਬੱਤ ਦਾ ਭਲਾ ਖਾਲਸੇ ਦੀ ਅਰਦਾਸ ਦਾ ਅਨਿੱਖੜ ਅੰਗ ਬਣ ਜਾਂਦਾ ਹੈ। ਪਰ ਕਿਰਦਾਰ ਬੁਨਿਆਦ ਹੈ ਜਿਸ ਬਾਰੇ ਆਪਾ ਪਹਿਲਾ ਵੀ ਗੱਲ ਕਰ ਚੁੱਕੇ ਹਾਂ, 'ਡਾ ਇਕਬਾਲ' ਅਨੁਸਾਰ ਬਿਨਾ ਧਰਮ ਤੇ ਕਿਰਦਾਰ ਤੋ ਕੀਤੇ ਅਮਲ "ਜੁਦਾ ਹੋ ਦੀਨ ਸਿਆਸਤ ਸੇ ਤੋਂ ਰਹਿ ਜਾਤੀ ਹੈ ਚੰਗੇਜੀ" ਜਿਹਾ ਹਾਲ ਹੋਵੇਗਾ।

**ਧੰਨਵਾਦ ਸਹਿਤ ਅਮਰਿੰਦਰ ਸਿੰਘ ਸਿੱਖ ਸ਼ਹਾਦਤ**

# ਸਿੰਧੂ ਜਲ ਸਮਝੌਤੇ ਦਾ ਰੱਦ ਹੋਣਾ: ਪਿਛੋਕੜ, ਕਾਰਨ ਅਤੇ ਅਸਰ





ਸਿੰਧੂ ਜਲ ਸਮਝੌਤੇ 'ਤੇ ਦਸਤਖਤ ਕਰਦੇ ਹੋਏ ਪੰ. ਜਵਾਹਰ ਲਾਲ ਨਹਿਰੂ ਅਤੇ ਅਯੂਬ ਖਾਨ ਅਤੇ (ਸੱਜੇ) ਵਗਦਾ ਸਿੰਧੂ ਦਰਿਆ

ਭਾਰਤ ਸਰਕਾਰ ਵਲੋਂ 23 ਅਪ੍ਰੈਲ, 2025 ਨੂੰ ਪੱਤਰ ਨੰ. 18012 ਰਾਹੀ ਸਿੰਧੂ ਦਰਿਆਈ ਪਾਣੀਆਂ ਦਾ ਪਾਕਿਸਤਾਨ ਨਾਲ ਹੋਇਆ ਸਮਝੌਤਾ ਮੁਅੱਤਲ ਕਰ ਦਿੱਤਾ ਗਿਆ। ਇਹ ਸਮਝੌਤਾ 19 ਸਤੰਬਰ 1960 ਨੂੰ ਉਸ ਸਮੇਂ ਦੇ ਭਾਰਤ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਪਾਕਿਸਤਾਨ ਦੇ ਫੀਲਡ ਮਾਰਸ਼ਲ ਮੁਹੰਮਦ ਅਯੂਬ ਖਾਨ ਵਿਚਾਲੇ ਕਰਾਚੀ ਵਿਚ ਸੰਸਾਰ ਬੈਂਕ ਦੀ ਵਿਚੋਲਗੀ ਨਾਲ ਹੋਇਆ ਸੀ। 1960 ਦੇ ਇਸ ਸਮਝੌਤੇ ਬਾਰੇ ਭਾਰਤ ਸਰਕਾਰ ਵਲੋਂ ਕੀਤੀ ਗਈ ਕਾਰਵਾਈ ਕੋਈ ਅਚਾਨਕ ਅਤੇ ਹੈਰਾਨੀ ਭਰੀ ਨਹੀਂ ਹੈ, ਕਿਉਂਕਿ ਇਸ ਸਮਝੌਤੇ ਦੀਆਂ ਮੱਦਾਂ ਨੂੰ ਲਾਗੂ ਕਰਨ ਬਾਰੇ ਦੋਵਾਂ ਸਰਕਾਰਾਂ ਦਰਮਿਆਨ ਲੰਮੇ ਸਮੇਂ ਤੋਂ ਖਿੱਚੋਤਾਣ ਚੱਲ ਰਹੀ ਸੀ,ਜਿਸ ਅਧੀਨ ਭਾਰਤ ਸਮਝੌਤੇ ਦੀਆਂ ਕਈ ਮੱਦਾਂ ਨੂੰ ਸੋਧਣ ਦੀ ਮੰਗ ਕਰ ਰਿਹਾ ਸੀ। ਹਾਂ, ਪਹਿਲਗਾਮ ਵਿਚ 22 ਅਪ੍ਰੈਲ ਨੂੰ ਅੱਤਵਾਦੀਆਂ ਵਲੋਂ ਬੇਕਸੂਰ ਲੋਕਾਂ ਦੇ ਕਤਲ ਦਾ ਅਣਮਨੁੱਖੀ ਕਾਰਾ ਇਸ ਸਮਝੌਤੇ ਨੂੰ ਮੁਅੱਤਲ ਕਰਨ ਦਾ ਫੌਰੀ ਕਾਰਨ ਬਣਿਆ।

15 ਅਗਸਤ 1947 ਨੂੰ ਹੋਈ ਭਾਰਤ ਵੰਡ ਇਕ ਵੱਡੇ ਨਕਸ਼ੇ ਤੇ ਕਾਹਲੀ ਨਾਲ ਲਕੀਰ ਖਿੱਚ ਕੇ ਕਰ ਦਿੱਤੀ ਗਈ ਸੀ। ਇਹ ਲਕੀਰ ਖਿੱਚਣ ਵਾਲਾ ਅੰਗਰੇਜ਼ ਵਕੀਲ ਮਿਸਟਰ ਰੈਡਕਲਿੱਫ ਪਹਿਲਾਂ ਕਦੇ ਵੀ ਭਾਰਤ ਨਹੀਂ ਸੀ ਆਇਆ ਅਤੇ 3323 ਕਿਲੋਮੀਟਰ ਲੰਮੀ ਇਸ ਲਕੀਰ ਨੂੰ ਖਿੱਚਣ ਲਈ ਉਸਨੂੰ ਕੇਵਲ ਪੰਜ ਹਫ਼ਤੇ ਦਾ ਸਮਾਂ ਦਿੱਤਾ ਗਿਆ ਸੀ। ਨਤੀਜਨ, ਭਾਰਤ ਦੇ ਉੱਤਰ ਪੱਛਮੀ ਹਿੱਸੇ ਵਿਚ ਇਕ ਨਵੇਂ ਮੁਲਕ ਲਈ ਕੀਤੀ ਵੰਡ ਕੇਵਲ ਰਾਜਨੀਤਿਕ ਅਤੇ ਪ੍ਰਸ਼ਾਸਨਿਕ ਵਰਤਾਰਾ ਬਣ ਕੇ ਰਹਿ ਗਈ, ਜਿਸ ਦੇ ਨਤੀਜੇ ਵਜੋਂ ਵੱਡੇ ਪੱਧਰ 'ਤੇ ਜਨਸੰਖਿਆ ਦਾ ਬਟਵਾਰਾ ਹੋਇਆ ਅਤੇ ਲਗਭਗ 10 ਲੱਖ ਪੰਜਾਬੀ ਇਸ ਵੰਡ ਵਿਚ ਮਾਰੇ ਗਏ।

ਦਰਿਆਈ ਪਾਣੀਆਂ ਨੂੰ ਵੰਡਣ ਦੇ ਸੁਆਲ ਤੇ ਬਾਅਦ ਵਿਚ ਜਦੋਂ ਸਥਿਤੀ ਗੁੰਝਲਦਾਰ ਬਣ ਕੇ ਖ਼ਤਰਨਾਕ ਮੋੜ ਅਖ਼ਤਿਆਰ ਕਰ ਗਈ ਤਾਂ ਸੰਨ 1951 ਵਿਚ ਸੰਸਾਰ ਬੈਂਕ ਦੇ ਪ੍ਰਧਾਨ ਵਲੋਂ ਦੋਵਾਂ ਮੁਲਕਾਂ ਨੂੰ ਇਸ ਝਗੜੇ ਦਾ ਹੱਲ ਕਰਨ ਲਈ ਆਪਣੀਆਂ ਸੇਵਾਵਾਂ ਦੇਣ ਦੀ ਪੇਸ਼ਕਸ਼ ਕੀਤੀ ਗਈ। ਸੰਸਾਰ ਬੈਂਕ ਵਲੋਂ ਇਹ ਤਜਵੀਜ਼ ਕੀਤਾ ਗਿਆ ਕਿ ਇਹ ਸਮਝੌਤਾ ਦਰਿਆਈ ਪਾਣੀਆਂ ਦੀ ਕਾਰਜਸ਼ੀਲਤਾ, ਪਾਣੀ ਸਰੋਤ ਦੀ ਸੰਯੁਕਤ ਰੂਪ ਵਿਚ ਵਰਤੋਂ ਅਤੇ ਛੇ ਦਰਿਆਵਾਂ ਦੇ ਬੇਸਿਨ ਵਾਲੇ ਖਿੱਤੇ ਨੂੰ ਇਕ ਯੂਨਿਟ ਮੰਨ ਕੇ ਇਸ ਦੀ ਆਰਥਿਕ ਤਰੱਕੀ ਨੂੰ ਮੁੱਖ ਰੱਖਣ ਦੇ ਅਸੂਲ ਅਧੀਨ ਕੀਤਾ ਜਾਵੇ। ਭਾਰਤ ਅਤੇ ਪਾਕਿਸਤਾਨ ਦੀ ਸਰਕਾਰ ਵਲੋਂ ਸੰਸਾਰ ਬੈਂਕ ਦੀ ਤਜਵੀਜ਼ ਮੰਨ ਕੇ ਉਸ ਨੂੰ ਸਮਝੌਤਾ ਕਰਵਾਈ ਲਈ ਸਾਲਸ ਮੰਨ ਲਿਆ ਗਿਆ।

ਸੰਸਾਰ ਬੈਂਕ ਵਲੋਂ ਲਗਭਗ ਇਕ ਦਹਾਕੇ ਦੀ ਦੁਪਾਸੜ ਗੱਲਬਾਤ, ਮਾਹਰਾਂ ਦੀਆਂ ਰਿਪੋਰਟਾਂ, ਦਰਿਆਵਾਂ ਦੇ ਵਹਿਣ ਦੇ ਭੁਗੋਲਿਕ ਹਾਲਾਤ ਤੇ ਪਾਣੀ ਦੇ ਵਹਾਅ ਦੇ ਤਕਨੀਕੀ ਅੰਕੜੇ ਅਤੇ ਦਰਿਆਈ ਪਾਣੀਆਂ ਦੀ ਸੁਚੱਜੀ ਵਰਤੋਂ ਬਾਰੇ ਭਵਿੱਖਮੁਖੀ ਤਜ਼ਵੀਜਾਂ, ਵਗੈਰਾ ਨੂੰ ਆਧਾਰ ਬਣਾ ਕੇ ਦੋਵਾਂ ਮੁਲਕਾਂ ਵਿਚਕਾਰ ਸੰਨ 1960 ਵਿਚ ਸਮਝੌਤਾ ਕਰਵਾ ਦਿੱਤਾ ਗਿਆ। ਇੱਥੇ ਇਹ ਦੱਸਣਾ ਮੁਨਾਸਿਬ ਹੋਵੇਗਾ ਕਿ ਇਸ ਸਮਝੌਤੇ ਦੇ ਖ਼ਿਲਾਫ਼ ਉਸ ਸਮੇਂ ਪਾਕਿਸਤਾਨ ਦੇ ਲੋਕਾਂ ਵਲੋਂ ਵੀ ਵਿਰੋਧ ਕੀਤਾ ਗਿਆ ਅਤੇ ਇਸੇ ਤਰ੍ਹਾਂ ਭਾਰਤ ਵਿਚ ਵੀ ਇਸਦਾ ਵਿਰੋਧ ਹੋਇਆ। ਮੁਹੰਮਦ ਅਲੀ ਜਿਨਾਹ ਦੀ ਸਭ ਤੋਂ ਛੋਟੀ ਭੈਣ ਫਾਤਿਮਾ ਜਿਨਾਹ ਨੇ ਇਸ ਸਮਝੌਤੇ ਦਾ ਵਿਰੋਧ ਕਰਦੇ ਹੋਏ ਇਸ ਨੂੰ ਪਾਕਿਸਤਾਨ ਵਲੋਂ ਦਰਿਆਵਾਂ ਦੇ ਪਾਣੀਆਂ ਦੇ ਹੱਕਾਂ ਨੂੰ ਸਦਾ ਲਈ ਤਿਲਾਂਜਲੀ ਦੇਣ ਵਾਲਾ ਕਰਾਰ ਦਿੱਤਾ ਗਿਆ ਅਤੇ ਕੁਝ ਲੋਕਾਂ ਵਲੋਂ ਇਨ੍ਹਾਂ ਦਰਿਆਵਾਂ ਨੂੰ ਭਾਰਤ ਨੂੰ ਇਕ ਤਰ੍ਹਾਂ ਵੇਚਣਾ ਕਿਹਾ ਗਿਆ। ਦੂਜੇ ਪਾਸੇ ਭਾਰਤ ਦੀ ਲੋਕ ਸਭਾ ਵਿਚ ਇਸ ਸਮਝੌਤੇ ਦੇ ਹੁੰਦੇ ਵਿਰੋਧ ਬਾਰੇ ਬੋਲਦੇ ਹੋਏ ਭਾਰਤੀ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਵੱਡਾ ਦਿਲ ਦਿਖਾਉਂਦੇ ਹੋਏ ਕਿਹਾ, ਕਿ ਕੁਝ ਕਾਰਜ ਮਹੱਤਵਪੂਰਨ ਹੁੰਦੇ ਹਨ, ਜਿਨ੍ਹਾਂ ਲਈ ਕੁੱਝ ਛੱਡਣਾ ਅਤੇ ਕੁੱਝ ਪਾਉਣਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਸ ਸਮਝੌਤੇ ਰਾਹੀਂ ਉਨ੍ਹਾਂ ਵਲੋਂ ਅਮਨ ਸ਼ਾਂਤੀ ਖ਼ਰੀਦੀ ਗਈ ਹੈ ਜੋ ਕਿ ਦੋਵਾਂ ਮੁਲਕਾਂ ਲਈ ਫਾਇਦੇਮੰਦ ਹੈ।

ਇਸ ਸਮਝੌਤੇ ਮੁਤਾਬਿਕ ਇਸ ਖਿੱਤੇ ਵਿਚ ਵਗਦੇ ਛੇ ਦਰਿਆਵਾਂ ਦੇ ਪਾਣੀਆਂ ਦੀ ਔਸਤਨ ਮਿਕਦਾਰ ਲਗਭਗ ਹੇਠ ਲਿਖੇ ਅਨੁਸਾਰ ਆਂਕੀ ਗਈ ਸੀ–

ਸਿੰਧ ਦਰਿਆ : 90 ਮਿਲੀਅਨ ਏਕੜ ਫੁੱਟ (ਐਮ.ਏ.ਐਫ.)
ਜੇਹਲਮ ਦਰਿਆ : 23 ਐਮ.ਏ.ਐਫ.
ਚਨਾਬ ਦਰਿਆ : 23 ਐਮ.ਏ.ਐਫ.
ਰਾਵੀ ਦਰਿਆ : 7 ਐਮ.ਏ.ਐਫ.
ਬਿਆਸ ਦਰਿਆ : 14 ਐਮ.ਏ.ਐਫ.
ਸਤਲੁਜ ਦਰਿਆ : 14 ਐਮ.ਏ.ਐਫ.
ਕੁੱਲ : 171 ਐਮ.ਏ.ਐਫ.

ਉਕਤ ਵਗਦੇ ਦਰਿਆਈ ਪਾਣੀਆਂ ਵਿਚੋਂ 1960 ਦੇ ਸਮਝੌਤੇ ਅਨੁਸਾਰ ਭਾਰਤ ਨੂੰ ਲਗਭਗ 35 ਐਮ.ਏ.ਐਫ. ਪਾਣੀ ਅਤੇ ਪਾਕਿਸਤਾਨ ਨੂੰ 132 ਐਮ.ਏ.ਐਫ. ਪਾਣੀ ਅਲਾਟ ਕੀਤਾ ਗਿਆ (4 ਐਮ.ਏ.ਐਫ. ਪਾਣੀ ਕਸ਼ਮੀਰ ਅਤੇ ਜੰਮੂ ਲਈ ਰਾਖਵਾਂ ਰੱਖਿਆ ਗਿਆ)। ਇਹ ਪਾਇਆ ਗਿਆ ਕਿ ਸਮਝੌਤੇ ਸਮੇਂ ਪਾਕਿਸਤਾਨ ਦਾ ਲਗਭਗ 2.10 ਕਰੋੜ ਏਕੜ ਅਤੇ ਭਾਰਤ ਦਾ ਲਗਭਗ 50 ਲੱਖ ਏਕੜ ਰਕਬਾ ਸਿੰਚਾਈ ਅਧੀਨ ਸੀ।

**ਸਮਝੌਤਾ :** ਸੰਸਾਰ ਬੈਂਕ ਰਾਹੀ ਮਿਤੀ 19 ਸਤੰਬਰ 1960 ਨੂੰ ਹੋਏ ਸਮਝੌਤੇ ਦੀਆਂ ਮੁੱਖ ਮੱਦਾਂ ਹੇਠ

**ਕਾਹਨ ਸਿੰਘ ਪੰਨੂੰ**

ਲਿਖੇ ਅਨੁਸਾਰ ਸਨ:

1. ਭਾਰਤ ਵਲੋਂ ਵਗਦਾ ਪੱਛਮੀ ਦਰਿਆਵਾਂ (ਸਿੰਧ, ਜੇਹਲਮ ਅਤੇ ਚਨਾਬ) ਦਾ ਪਾਣੀ ਪਾਕਿਸਤਾਨ ਪ੍ਰਾਪਤ ਕਰੇਗਾ ਅਤੇ ਉਹ ਇਸਨੂੰ ਬਿਨਾਂ ਰੋਕ ਟੋਕ ਵਰਤਣ ਲਈ ਪੂਰਾ ਅਧਿਕਾਰਿਤ ਹੋਵੇਗਾ।
2. ਪੂਰਬੀ ਦਰਿਆਵਾਂ (ਰਾਵੀ, ਬਿਆਸ ਅਤੇ ਸਤਲੁਜ) ਦਾ ਸਾਰਾ ਪਾਣੀ ਭਾਰਤ ਨੂੰ ਬਿਨਾਂ ਰੋਕ ਟੋਕ ਵਰਤਣ ਲਈ ਉਪਲੱਬਧ ਹੋਵੇਗਾ।
3. ਭਾਰਤ ਦੀ ਜ਼ਿੰਮੇਵਾਰੀ ਹੋਵੇਗੀ ਕਿ ਉਹ ਪੱਛਮੀ ਦਰਿਆਵਾਂ ਦਾ ਪਾਣੀ ਵਗਦਾ ਰੱਖੇ ਅਤੇ ਉਹ ਇਨ੍ਹਾਂ ਪਾਣੀਆਂ ਵਿਚ ਕਿਸੇ ਨੂੰ ਦਖਲਅੰਦਾਜ਼ੀ ਦੀ ਇਜਾਜ਼ਤ ਨਾ ਦੇਵੇ ਸਿਵਾਏ ਹੇਠ ਲਿਖੀ ਵਰਤੋ ਤੋਂ :
ੳ. ਘਰੇਲੂ ਵਰਤੋਂ ਲਈ।
ਅ. ਗ਼ੈਰ ਖਪਤਕਾਰੀ ਵਰਤੋਂ ਲਈ (ਬਿਜਲੀ ਬਣਾਉਣ ਆਦਿ), ਬਸ਼ਰਤੇ ਕਿ ਇਸ ਤਰ੍ਹਾਂ ਕਰਨ ਨਾਲ ਦਰਿਆਵਾਂ ਦੇ ਪਾਣੀ ਦੇ ਵਹਿਣ ਵਿਚ ਅਜਿਹੀ ਕੋਈ ਤਬਦੀਲੀ ਨਾ ਆਵੇ, ਜੋ ਪਾਕਿਸਤਾਨ ਦੇ ਪਾਣੀਆਂ ਦੇ ਵਰਤੋਂ ਦੇ ਅਧਿਕਾਰ ਦੇ ਖ਼ਿਲਾਫ਼ ਹੋਵੇ।
4. ਸਮਝੌਤੇ ਵਿਚ ਲਿਖੀਆਂ ਖਾਸ ਹਾਲਤਾਂ ਤੋਂ ਇਲਾਵਾ ਭਾਰਤ ਵਲੋਂ ਪੱਛਮੀ ਦਰਿਆਵਾਂ ਦਾ ਪਾਣੀ ਨਾ ਤਾਂ ਸਟੋਰ ਕੀਤਾ ਜਾਵੇਗਾ ਅਤੇ ਨਾ ਹੀ ਸਟੋਰ ਕਰਨ ਲਈ ਕੋਈ ਇਮਾਰਤ (ਡੈਮ) ਹੀ ਤਾਮੀਰ ਕੀਤੀ ਜਾਵੇਗੀ।

ਇਸ ਸਮਝੌਤੇ ਦੇ ਅਧੀਨ ਸਥਾਈ ਸਿੰਧੂ ਜਲ ਕਮਿਸ਼ਨ ਸਥਾਪਿਤ ਕੀਤਾ ਗਿਆ, ਜਿਸ ਵਿਚ ਦੋਵੇਂ ਮੁਲਕਾਂ ਦੇ ਅਧਿਕਾਰੀ ਸ਼ਾਮਿਲ ਕੀਤੇ ਗਏ ਤਾਂ ਜੋ ਦੋਵੇਂ ਮੁਲਕਾਂ ਵਲੋਂ ਉਕਤ ਸੰਧੀ ਅਨੁਸਾਰ ਦਰਿਆਵਾਂ 'ਤੇ ਕੀਤੇ ਕੰਮਾਂ ਤੇ ਨਿਗਰਾਨੀ ਰੱਖੀ ਜਾ ਸਕੇ ਅਤੇ ਇਸ ਸਬੰਧੀ ਜਾਣਕਾਰੀ ਤੇ ਅੰਕੜੇ ਸਾਂਝੇ ਕੀਤੇ ਜਾ ਸਕਣ।

ਵਿਵਾਦ ਸਮੇਂ ਵਿਚਾਰਾਂ ਦੀ ਵੱਡੀ ਭਿੰਨਤਾ ਹੋਣ ਕਾਰਨ ਜੇਕਰ ਸਿੰਧੂ ਜਲ ਕਮਿਸ਼ਨ ਫੈਸਲਾ ਨਹੀਂ ਕਰ ਸਕਦਾ ਹੋਵੇ ਤਾਂ ਦੋਵਾਂ ਮੁਲਕਾਂ ਵਲੋਂ 'ਨਿਰਪੱਖ ਮਾਹਿਰ' ਨਿਯੁਕਤ ਕਰਨ ਦੀ ਵਿਵਸਥਾ ਰੱਖੀ ਗਈ ਅਤੇ ਜੇਕਰ ਫੇਰ ਵੀ ਦੋਹਾਂ ਮੁਲਕਾਂ ਵਿਚ ਇਸ ਸਬੰਧੀ ਕੋਈ ਮਸਲਾ ਅੜ ਜਾਂਦਾ ਹੈ ਤਾਂ ਅੰਤਰਰਾਜੀ ਸਾਲਸੀ ਕੋਰਟ? ਜਿਸਦਾ ਹੈੱਡ ਕੁਆਰਟਰ ਪੈਰਿਸ ਫਰਾਂਸ ਵਿਚ ਹੈ, ਨੂੰ ਫੈਸਲਾ ਕਰਨ ਲਈ ਅਧਿਕਾਰਿਤ ਕੀਤਾ ਗਿਆ ਹੈ। ਇਸ ਸਮਝੌਤੇ ਦੀ ਕੋਈ ਸਮਾਂ ਸੀਮਾਂ ਨਹੀਂ ਰੱਖੀ ਗਈ। ਇਸ ਲਈ ਅਜਿਹੀ ਸੰਧੀ ਨੂੰ ਅਣਮਿੱਥੇ ਸਮੇਂ ਦੀ ਸਥਾਈ ਸੰਧੀ ਕਿਹਾ ਜਾਂਦਾ ਹੈ।

*ਸਮਝੌਤੇ ਅਨੁਸਾਰ ਸਿੰਧ ਦਰਿਆ, ਜੇਹਲਮ ਦਰਿਆ, ਚਨਾਬ ਦਰਿਆ, ਰਾਵੀ ਦਰਿਆ, ਬਿਆਸ ਦਰਿਆ, ਸਤਲੁਜ ਦਰਿਆ ਦੇ ਪਾਣੀਆਂ ਵਿਚੋਂ 1960 ਦੇ ਸਮਝੌਤੇ ਅਨੁਸਾਰ ਭਾਰਤ ਨੂੰ ਲਗਭਗ 35 ਐਮ.ਏ.ਐਫ. ਪਾਣੀ ਅਤੇ ਪਾਕਿਸਤਾਨ ਨੂੰ 132 ਐਮ.ਏ.ਐਫ. ਪਾਣੀ ਅਲਾਟ ਕੀਤਾ ਗਿਆ (4 ਐਮ.ਏ.ਐਫ. ਪਾਣੀ ਕਸ਼ਮੀਰ ਅਤੇ ਜੰਮੂ ਲਈ ਰਾਖਵਾਂ ਰੱਖਿਆ ਗਿਆ)। ਇਹ ਪਾਇਆ ਗਿਆ ਕਿ ਸਮਝੌਤੇ ਸਮੇਂ ਪਾਕਿਸਤਾਨ ਦਾ ਲਗਭਗ 2.10 ਕਰੋੜ ਏਕਙ ਅਤੇ ਭਾਰਤ ਦਾ ਲਗਭਗ 50 ਲੱਖ ਏਕੜ ਰਕਬਾ ਸਿੰਚਾਈ ਅਧੀਨ ਸੀ।*

ਸਿੰਧ ਦਰਿਆਈ ਪਾਣੀਆਂ ਦੀ 1960 ਵਿਚ ਹੋਈ ਇਹ ਸੰਧੀ ਪਿਛਲੇ 65 ਸਾਲ ਤੋਂ ਕਾਰਜਸ਼ੀਲ ਹੈ, ਭਾਵੇਂ ਕਿ ਇਸ ਸਮੇਂ ਦੌਰਾਨ ਭਾਰਤ ਅਤੇ ਪਾਕਿਸਤਾਨ ਦਰਮਿਆਨ 1965, 1971 ਅਤੇ 1999 ਵਿਚ ਫੌਜੀ ਜੰਗਾਂ ਵੀ ਹੋ ਚੁੱਕੀਆਂ ਹਨ।

**ਸੰਧੀ ਨੂੰ ਮੁਅੱਤਲ ਕਰਨ ਸਬੰਧੀ ਭਾਰਤ ਦਾ ਪੱਖ** : ਭਾਰਤ ਵਲੋਂ ਲੰਮੇ ਸਮੇਂ ਤੋਂ ਇਸ ਸੰਧੀ ਨੂੰ ਨਵੇਂ ਸਿਰੇ ਤੋਂ ਵਿਉਂਤਣ ਸੰਬੰਧੀ ਪਾਕਿਸਤਾਨ ਨੂੰ ਕਿਹਾ ਜਾ ਰਿਹਾ ਸੀ। ਉੱਥੇ ਦੂਜੇ ਪਾਸੇ ਭਾਰਤ ਵਲੋਂ ਸੰਧੀ ਦੀਆਂ ਸ਼ਰਤਾਂ ਅਨੁਸਾਰ ਬਣਨ ਵਾਲੇ ਹਰੇਕ ਪ੍ਰੋਜੈਕਟ 'ਤੇ ਪਾਕਿਸਤਾਨ ਵਲੋਂ ਕੋਈ ਨਾ ਕੋਈ ਇਤਰਾਜ਼ ਲਗਾਏ ਜਾਂਦੇ ਰਹੇ ਹਨ। ਭਾਰਤ ਵਿਚ ਜੇਹਲਮ ਦਰਿਆ ਤੇ ਕਿਸ਼ਨ ਗੰਗਾ ਬਿਜਲੀ ਪ੍ਰੋਜੈਕਟ (330 ਮੈਗਾਵਾਟ), ਚਨਾਬ ਦਰਿਆ ਤੇ ਬਗਲੀਹਾਰ ਬਿਜਲੀ ਪ੍ਰੋਜੈਕਟ (900 ਮੈਗਾਵਾਟ), ਚਨਾਬ 'ਤੇ ਹੀ ਦੂਲ ਹਸਤੀ ਪ੍ਰੋਜੈਕਟ (390 ਮੈਗਾਵਾਟ) ਬਣਾਏ ਗਏ ਹਨ। ਇਸ ਤੋਂ ਇਲਾਵਾ ਭਾਰਤ ਵਲੋਂ ਚਨਾਬ ਦਰਿਆ 'ਤੇ ਪਾਕਲ ਡੱਲ ਬਿਜਲੀ ਪ੍ਰੋਜੈਕਟ ਅਤੇ ਰੈਟਲ ਬਿਜਲੀ ਪ੍ਰੋਜੈਕਟ, ਸਵਾਲਕੋਟ ਬਿਜਲੀ ਪ੍ਰੋਜੈਕਟ ਅਤੇ ਬਰਸਰ ਬਿਜਲੀ ਪ੍ਰੋਜੈਕਟ ਬਣਾਏ ਜਾ ਰਹੇ ਹਨ, ਜਿਨ੍ਹਾਂ ਦੇ ਡਿਜ਼ਾਇੰਨ ਵਗੈਰਾ 'ਤੇ ਪਾਕਿਸਤਾਨ ਵਲੋਂ ਲਗਾਤਾਰ ਇਤਰਾਜ਼ ਜਤਾ ਕੇ ਦੇਰੀ ਕਰਵਾਈ ਜਾਂਦੀ ਰਹੀ ਹੈ।

ਉਕਤ ਸਾਰੇ ਪ੍ਰੋਜੈਕਟ ਦਰਿਆਈ ਪਾਣੀ ਦੇ ਲਗਾਤਾਰ ਵਹਾਅ 'ਤੇ ਆਧਾਰਤ ਹਨ ਨਾ ਕਿ ਸਟੋਰੇਜ 'ਤੇ, ਕਿਉਂਕਿ ਸੰਧੀ ਦੀਆਂ ਸ਼ਰਤਾਂ ਅਨੁਸਾਰ ਇਨ੍ਹਾਂ ਵਿਚ ਪਾਣੀ ਦੀ ਸਟੋਰੇਜ ਨਹੀਂ ਕੀਤੀ ਜਾ ਸਕਦੀ। ਨਤੀਜਤਨ ਗਾਰ ਜਮ੍ਹਾਂ ਹੋਣ ਕਾਰਨ ਇਨ੍ਹਾਂ ਪ੍ਰੋਜੈਕਟਾਂ ਦੀ ਕਾਰਗੁਜ਼ਾਰੀ ਬਹੁਤ ਘੱਟ ਜਾਂਦੀ ਹੈ। ਭਾਰਤ ਸਰਕਾਰ ਵਲੋਂ 1987 ਵਿਚ ਬਣਾਇਆ, ਪਾਣੀ ਦੇ ਵਹਿਣ ਤੇ ਅਧਾਰਤ, ਚਨਾਬ ਦਰਿਆ 'ਤੇ 'ਸਲਾਲ ਬਿਜਲੀ ਪ੍ਰੋਜੈਕਟ' ਕੇਵਲ ਪੰਜ ਸਾਲ ਦੇ ਸਮੇਂ ਅੰਦਰ ਹੀ ਗਾਰ ਜਮ੍ਹਾਂ ਹੋਣ ਕਾਰਨ ਵਿੱਤੀ ਤੌਰ ਤੇ ਗੈਰ ਹੰਢਣਸਾਰ ਹੋ ਗਿਆ ਸੀ।

ਭਾਰਤ ਸਰਕਾਰ ਦਾ ਪੱਖ ਹੈ ਕਿ ਮੌਸਮੀ ਤਬਦੀਲੀਆਂ, ਪਿਛਲੇ 65 ਸਾਲਾਂ ਵਿਚ ਇਜਾਦ ਹੋਈਆਂ ਨਵੀਨਤਮ ਤਕਨੀਕਾਂ, ਬਿਜਲੀ ਪ੍ਰੋਜੈਕਟਾਂ ਨੂੰ ਬਣਾਉਣ ਵਿਚ ਆ ਰਹੀਆਂ ਔਕੜਾਂ ਦੇ ਤਜਰਬੇ ਅਤੇ ਭਾਰਤੀ ਖੇਤਰ ਵਿਚ ਸਿੰਚਾਈ ਲਈ ਪੈਦਾ ਹੋਈਆਂ ਲੋੜਾਂ ਦੀ ਪੂਰਤੀ ਕਰਨ ਹਿੱਤ ਇਸ ਸੰਧੀ ਨੂੰ ਨਵੇਂ ਸਿਰੇ ਤੋਂ ਵਿਚਾਰਨਾ ਬਣਦਾ ਹੈ ਪਰ ਪਾਕਿਸਤਾਨ ਵਲੋਂ ਇਸ ਸੰਧੀ ਦੀ ਕਿਸੇ ਵੀ ਸ਼ਰਤ ਵਿਚ ਤਬਦੀਲੀ ਦੀ ਤਜਵੀਜ਼ ਦਾ ਲਗਾਤਾਰ ਵਿਰੋਧ ਕੀਤਾ ਜਾਂਦਾ ਰਿਹਾ ਹੈ।

**ਪਾਕਿਸਤਾਨ ਦਾ ਪੱਖ** : ਪਾਕਿਸਤਾਨ ਦਾ ਪੱਖ ਹੈ ਕਿ ਉਹ ਇਕ ਹੇਠਲਾ ਰਿਪੇਰੀਅਨ ਖੇਤਰ ਹੈ ਅਤੇ ਇਸ ਲਈ ਇਹ ਤਿੰਨੇ ਦਰਿਆ ਉਸਦੇ ਖੇਤਰ ਵਿਚ ਜਾ ਕੇ ਖਾਲੀ ਹੁੰਦੇ ਹਨ। ਉਸਦਾ ਕਹਿਣਾ ਹੈ ਕਿ ਇਨ੍ਹਾਂ ਪੱਛਮੀ ਦਰਿਆਵਾਂ 'ਤੇ ਉਸਦੇ ਲਹਿੰਦੇ ਪੰਜਾਬ ਅਤੇ ਸਿੰਧ ਪ੍ਰਾਂਤ ਵਿਚ ਵੱਸਦੇ ਲਗਭਗ 17 ਕਰੋੜ ਲੋਕ (ਪਾਕਿਸਤਾਨ ਦੀ ਕੁੱਲ ਜਨਸੰਖਿਆ 25 ਕਰੋੜ) ਸਿੱਧੇ ਅਤੇ ਅਸਿੱਧੇ ਤੌਰ 'ਤੇ ਨਿਰਭਰ ਹਨ, ਕਿਉਂਕਿ ਪਾਕਿਸਤਾਨ ਦੇ ਵੱਡੇ ਹਿੱਸੇ ਵਿਚ ਧਰਤੀ ਹੇਠਲੇ ਪਾਣੀ ਦੀ ਮਿਕਦਾਰ ਅਤੇ ਕੁਆਲਟੀ ਦਾ ਬਹੁਤ ਵੱਡਾ ਸੰਕਟ ਹੈ। ਇਸ ਲਈ ਉੱਥੋਂ ਦੀ ਖੇਤੀਬਾੜੀ ਦੀ ਸਿੰਚਾਈ, ਵਸੋਂ ਦੇ ਪੀਣ, ਹੋਰ ਘਰੇਲੂ ਲੋੜਾਂ ਅਤੇ ਉਦਯੋਗ ਵਗੈਰਾ ਦੀ ਵਰਤੋਂ ਲਈ ਕੇਵਲ ਦਰਿਆਈ ਪਾਣੀ ਹੀ ਵਰਤਿਆ ਜਾਂਦਾ ਹੈ। ਉਹ ਭਾਰਤ ਵਲੋਂ ਇਨ੍ਹਾਂ ਦਰਿਆਵਾਂ 'ਤੇ ਸਟੋਰੇਜ ਡੈਮ ਅਤੇ ਡੈਮਾਂ ਦੀਆਂ ਗਾਰ ਕੱਢੂ ਤਕਨਾਲੋਜੀਆਂ ਦਾ ਇਸ

ਲਈ ਵਿਰੋਧ ਕਰਦੇ ਹਨ, ਤਾਂ ਜੋ ਭਾਰਤ ਸਟੋਰ ਕੀਤੇ ਇਸ ਪਾਣੀ ਨੂੰ ਇਕ ਹਥਿਆਰ ਵਜੋਂ ਨਾ ਵਰਤ ਸਕੇ, ਜਿਸ ਅਧੀਨ ਕਿ ਦਰਿਆਈ ਪਾਣੀਆਂ ਦੇ ਘੱਟ ਵਹਾਅ ਵਾਲੇ ਮਹੀਨਿਆਂ ਵਿਚ ਪਾਣੀ ਸਟੋਰੇਜ ਡੈਮਾਂ 'ਤੇ ਰੋਕ ਲਿਆ ਜਾਵੇ, ਜਿਸ ਨਾਲ ਪਾਕਿਸਤਾਨ ਵਿਚ ਪਾਣੀ ਦੀ ਘਾਟ ਦਾ ਸੰਕਟ ਖੜ੍ਹਾ ਹੋ ਜਾਵੇ ਅਤੇ ਮੌਨਸੂਨ ਦੇ ਸੀਜ਼ਨ ਵਿਚ ਡੈਮਾਂ ਦਾ ਪਾਣੀ, ਸਣੇ ਗਾਰ, ਇਕਦਮ ਛੱਡ ਦਿੱਤਾ ਜਾਵੇ ਜਿਸ ਨਾਲ ਪਾਕਿਸਤਾਨ ਵਿਚ ਵੱਡੇ ਪੱਧਰ ਤੇ ਹੜ੍ਹਾਂ ਨਾਲ ਤਬਾਹੀ ਦਾ ਮੰਜ਼ਰ ਬਣ ਜਾਵੇਗਾ। ਦੋਵੇਂ ਸਥਿਤੀਆਂ ਵਿਚ ਪਾਕਿਸਤਾਨ 'ਚ ਆਰਥਿਕ ਮੰਦਹਾਲੀ ਅਤੇ ਅਸਾਂਤੀ ਫੈਲਣ ਦੀ ਸੰਭਾਵਨਾ ਦਾ ਤਰਕ ਦਿੱਤਾ ਜਾਂਦਾ ਹੈ।

**ਭਾਰਤੀ ਪੰਜਾਬ 'ਤੇ ਅਸਰ :** 1960 ਵਿਚ ਸਿੰਧੂ ਜਲ ਸਮਝੌਤਾ ਹੋਣ ਤੋਂ ਪਹਿਲਾਂ ਸੰਨ 1952 ਵਿਚ ਉਸ ਸਮੇਂ ਦੇ ਭਾਰਤੀ ਸਿੰਚਾਈ ਮਾਹਿਰਾਂ ਵਲੋਂ ਚਨਾਬ ਦਰਿਆ ਤੋਂ 20,000 ਕਿਊਸਿਕ ਪਾਣੀ ਲੈ ਕੇ 42 ਕਿਲੋਮੀਟਰ ਲੰਮੀ ਸੁਰੰਗ ਰਾਹੀਂ ਰਾਵੀ ਦਰਿਆ ਵਿਚ ਮਿਲਾਉਣ ਦੀ ਤਜਵੀਜ਼ ਬਣਾਈ ਗਈ ਸੀ। ਇਹ ਸੁਰੰਗ ਚਨਾਬ ਦਰਿਆ 'ਤੇ ਟਾਂਡੀ ਨਾਮਕ ਜਗ੍ਹਾ ਤੋਂ ਕੱਢਣ ਦੀ ਤਜਵੀਜ਼ ਸੀ, ਜਿੱਥੇ ਦੋ ਨਹਿਰਾਂ ਚੰਦਰਾ ਅਤੇ ਭਾਗਾ ਚਨਾਬ ਦਰਿਆ ਵਿਚ ਮਿਲਦੀਆਂ ਹਨ। ਇਸ ਪਾਣੀ ਦੀ ਸਮਰੱਥਾ 6 ਐਮ.ਏ.ਐਫ. ਦੇ ਕਰੀਬ ਹੋਣੀ ਸੀ। ਜਿਸ ਤੋਂ ਪਾਣੀ ਲੈ ਕੇ ਰਾਵੀ ਬਿਆਸ ਲਿੰਕ ਰਾਹੀ ਇਹ ਪਾਣੀ ਹਰੀਕੇ ਹੈੱਡਵਰਕਸ ਤੱਕ ਪਹੁੰਚਾਇਆ ਜਾਣਾ ਸੀ। ਪਰ 1960 ਦਾ ਸਮਝੌਤਾ, ਜਿਸ ਅਧੀਨ ਪੱਛਮੀ ਦਰਿਆਵਾਂ ਦਾ ਸਾਰਾ ਪਾਣੀ ਪਾਕਿਸਤਾਨ ਲਈ ਰਾਖਵਾਂ ਕਰ ਦਿੱਤੇ ਜਾਣ ਕਾਰਨ ਇਸ ਤਜਵੀਜ਼ ਨੂੰ ਰੱਦ ਕਰ ਦਿੱਤਾ ਗਿਆ।

ਦੂਸਰੀ ਤਜਵੀਜ਼ ਜਿਸ 'ਤੇ ਵਿਚਾਰ ਕੀਤਾ ਗਿਆ ਕਿ ਚਨਾਬ ਦਰਿਆ ਤੋਂ 20,000 ਕਿਊਸਿਕ ਪਾਣੀ ਮਨਾਲੀ ਨੇੜੇ ਸੁਰੰਗ ਕੱਢ ਕੇ ਸਿੱਧਾ ਹੀ ਬਿਆਸ ਦਰਿਆ ਵਿਚ ਸੁੱਟ ਦਿੱਤਾ ਜਾਵੇ। 20,000 ਕਿਊਸਿਕ ਪਾਣੀ ਕਿੰਨਾ ਹੁੰਦਾ ਹੈ ਇਸਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਭਾਖੜਾ ਨਹਿਰ ਵਿਚ 12,500 ਕਿਊਸਿਕ ਪਾਣੀ ਵਗਦਾ ਹੈ।

ਹੁਣ ਜਦੋਂ ਭਾਰਤ ਸਰਕਾਰ ਵਲੋਂ 1960 ਦਾ ਸਮਝੌਤਾ ਮੁਅੱਤਲ ਕਰ ਦਿੱਤਾ ਗਿਆ ਹੈ ਤਾਂ ਚਨਾਬ ਦਰਿਆ ਵਿਚੋਂ ਰਾਵੀ ਜਾਂ ਬਿਆਸ ਦਰਿਆ ਵਿਚ 20,000 ਤੋਂ 30,000 ਕਿਊਸਿਕ ਪਾਣੀ ਸੁਰੰਗ ਰਾਹੀ ਪਹੁੰਚਾਉਣ ਲਈ ਤਜਵੀਜ਼ ਤਿਆਰ ਕੀਤੀ ਜਾ ਸਕਦੀ ਹੈ। ਇਹ ਤਰਕ ਦਿੱਤਾ ਜਾਂਦਾ ਹੈ ਕਿ 65 ਸਾਲ ਬੀਤਣ ਬਾਅਦ ਵੀ ਪਾਕਿਸਤਾਨ ਆਪਣੇ ਹਿੱਸੇ ਦਾ ਪੂਰਾ ਪਾਣੀ ਇਸਤੇਮਾਲ ਨਹੀਂ ਕਰ ਸਕਿਆ, ਜਿਸ ਕਾਰਨ ਲਗਭਗ 20 ਐਮ ਏ ਐਫ ਪਾਣੀ ਸਮੁੰਦਰ ਵਿਚ ਅਜਾਈਂ ਵਹਿ ਜਾਂਦਾ ਹੈ। ਚਨਾਬ ਦਰਿਆ ਤੋਂ ਪਾਣੀ ਲੈਣ ਨਾਲ ਭਾਰਤੀ ਪੰਜਾਬ ਵਿਚ ਪਾਣੀ ਦੀਆਂ ਲੋੜਾਂ ਦੀ ਵੱਡੇ ਪੱਧਰ 'ਤੇ ਪੂਰਤੀ ਹੋ ਸਕਦੀ ਹੈ, ਪਰ ਇਸ ਲਈ ਪੰਜਾਬ ਦੇ ਨਹਿਰੀ ਤੰਤਰ ਨੂੰ ਮਜ਼ਬੂਤ ਅਤੇ ਮੁੜ ਸੁਰਜੀਤ ਕਰਨ ਲਈ ਬਹੁਤ ਵੱਡੀ ਰਕਮ ਦੀ ਜ਼ਰੂਰਤ ਹੋਵੇਗੀ।

**ਅੰਤਿਕਾ :** ਬਦਲੇ ਹੋਏ ਹਾਲਾਤ ਵਿਚ ਸਿੰਧ ਬੇਸਿਨ ਦੇ ਦਰਿਆਈ ਪਾਣੀਆਂ ਦੀ 1960 ਵਿਚ ਹੋਈ ਸੰਧੀ ਦਾ ਮੁੜ ਮੁਲੰਕਣ ਜ਼ਰੂਰੀ ਬਣ ਜਾਂਦਾ ਹੈ ਕਿਉਂਕਿ ਆਮ ਤੌਰ 'ਤੇ ਦਰਿਆਈ ਪਾਣੀਆਂ ਦੀ ਮਿਕਦਾਰ, ਵਹਿਣ, ਗਾਰ, ਬਰਸਾਤ ਦੀ ਮਾਤਰਾ, ਗਲੇਸ਼ੀਅਰਾਂ ਦੀ ਸਥਿਤੀ, ਬਰਫ ਪੈਣ ਦੀਆਂ ਹਾਲਤਾਂ ਵਿਚ ਤਬਦੀਲੀ, ਸਮੁੰਦਰਾਂ ਵਿਚ ਅਲਨੀਨੋ ਅਤੇ ਲਾਨੀਨੋ ਵਰਤਾਰਿਆਂ ਦਾ ਪ੍ਰਵੇਸ਼ ਅਤੇ ਸਮੇਂ ਨਾਲ ਸਾਇੰਸ, ਤਕਨਾਲੋਜੀ ਅਤੇ ਇਨਸਾਨੀ ਸੂਝ ਬੂਝ ਵਿਚ ਤਰੱਕੀ ਕਾਰਨ ਭੂਗੋਲਿਕ ਹਾਲਤਾਂ ਬਦਲਦੀਆਂ ਰਹਿੰਦੀਆਂ ਹਨ। ਪਰ ਫਿਰ ਵੀ ਤਿੰਨੇ ਪੱਛਮੀ ਦਰਿਆਵਾਂ ਵਿਚ ਵਗਦੇ ਪਾਣੀਆਂ ਨੂੰ ਵਕਤੀ ਜਾਂ ਸਥਾਈ ਤੌਰ 'ਤੇ ਰੋਕਣਾ ਜਾਂ ਇਨ੍ਹਾਂ ਦੇ ਵਹਿਣ ਨੂੰ ਮੋੜਨਾ ਤਕਨੀਕੀ, ਰਾਜਨੀਤਕ ਅਤੇ ਵਿੱਤੀ ਤੌਰ 'ਤੇ ਬਹੁਤ ਹੀ ਔਖਾ, ਜ਼ੋਖਮ ਭਰਿਆ ਅਤੇ ਲੰਮੇ ਸਮੇਂ ਦਾ ਕਾਰਜ ਹੈ।

# ਦਰਿਆਈ ਪਾਣੀ: ਸਿਆਸੀ, ਕਾਨੂੰਨ ਅਤੇ ਅਣਸੁਲਝੇ ਸਵਾਲ

ਡਾ. ਕੁਲਦੀਪ ਸਿੰਘ



ਪਾਣੀਆਂ ਦੀ ਵੰਡ ਦਾ ਸਵਾਲ ਮੁੜ ਕੇਂਦਰ ਅਤੇ ਵੱਖ ਵੱਖ ਸੂਬਿਆਂ ਵਿੱਚ ਨਵੀਆਂ ਸਮੱਸਿਆਵਾਂ ਅਤੇ ਪੇਚੀਦਗੀਆਂ ਵੱਲ ਵਧਦਾ ਜਾ ਰਿਹਾ ਹੈ। ਪਾਣੀ ਦੀ ਵੰਡ ਵਿਚਲੇ ਹਿੱਸਿਆਂ ਉੱਪਰ ਮੁੜ ਨਵੇਂ ਕਿਸਮ ਦੇ ਇਤਰਾਜ਼ ਅਤੇ ਨਵੀਂ ਕਾਣੀ ਵੰਡ ਵੱਲ ਨੂੰ ਵਧਿਆ ਜਾ ਰਿਹਾ ਹੈ। ਦਰਿਆਈ ਪਾਣੀਆਂ ਦੀ ਵੰਡ ਦਾ ਸਵਾਲ ਇਤਿਹਾਸਕ ਤੌਰ 'ਤੇ ਵੱਖ ਵੱਖ ਸੰਕਟਾਂ ਵਿਚੋਂ ਲੰਘਦਾ ਆ ਰਿਹਾ ਹੈ। ਇਸ ਦੀਆਂ ਗੁੰਝਲਾਂ ਸੁਲਝਾਉਣ ਦੀ ਥਾਂ ਉਲਝਾਈਆਂ ਜਾ ਰਹੀਆਂ ਹਨ। ਹਾਲਾਂਕਿ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਇੱਕਜੁਟ ਹੋ ਕੇ ਕਹਿ ਰਹੀਆਂ ਹਨ ਕਿ ਅਸੀਂ ਇੱਕ ਬੂੰਦ ਪਾਣੀ ਵੀ ਨਹੀਂ ਦਿਆਂਗੇ, ਪਰ ਇਹ ਉਹ ਪਾਰਟੀਆਂ ਹੀ ਹਨ ਜਿਨ੍ਹਾਂ ਦੀਆਂ ਸਿਆਸੀ, ਸੰਵਿਧਾਨਕ ਅਤੇ ਕਾਨੂੰਨੀ ਤੌਰ 'ਤੇ ਵੱਖੋ ਵੱਖਰੇ ਸਮੇਂ ਦੌਰਾਨ ਲਈਆਂ ਗਈਆਂ ਪੁਜ਼ੀਸ਼ਨਾਂ ਕਾਰਨ ਹੀ ਪਾਣੀ ਦਾ ਮਸਲਾ ਹੱਲ ਨਹੀਂ ਹੋ ਰਿਹਾ। ਇਸ ਅੰਦਰਲੀਆਂ ਵੰਨਗੀਆਂ ਨੂੰ ਮੁੜ ਸਮਝਣਾ ਅਤੇ ਸਹੀ ਦ੍ਰਿਸ਼ਟੀਕੋਣ ਬਣਾਉਣਾ ਅਜੋਕੇ ਸਮੇਂ ਦੀ ਅਣਸਰਦੀ ਲੋੜ ਹੈ।

ਪੰਜਾਬ ਦੇ ਦਰਿਆਈ ਪਾਣੀਆਂ ਦੇ ਝਗੜਿਆਂ ਦੀ ਨਿਸ਼ਾਨਦੇਹੀ ਕਰਨ ਨਾਲ ਕੇਂਦਰ ਅਤੇ ਸੂਬਾਈ ਸਬੰਧਾਂ ਦੇ ਨਾਲ-ਨਾਲ ਪੰਜਾਬ ਦੀ ਹੋਣੀ ਅਤੇ ਅਣਹੋਣੀ ਡੂੰਘੀ ਤਰ੍ਹਾਂ ਜੁੜੀ ਹੋਈ ਹੈ। ਲੰਮੇ ਸਮੇਂ ਤੋਂ ਚਲੇ ਆ ਰਹੇ ਪੰਜਾਬ ਦੇ ਦਰਿਆਈ ਪਾਣੀਆਂ ਵਿਚਲੇ ਵਿਵਾਦਾਂ ਨੇ ਇਸ ਦੀ ਸਿਆਸਤ, ਸਮਾਜ ਅਤੇ ਆਰਥਿਕਤਾ ਨੂੰ ਲਗਾਤਾਰ ਪ੍ਰਭਾਵਿਤ ਕੀਤਾ ਹੈ। ਇਸ ਸਭ ਕੁਝ ਵਿੱਚ ਕੇਂਦਰ ਅਤੇ ਵੱਖ-ਵੱਖ ਸੂਬਾਈ ਸਰਕਾਰਾਂ ਨੇ ਆਪੋ-ਆਪਣੇ ਸਿਆਸੀ ਮੁਫ਼ਾਦਾਂ ਦੇ ਪੱਖ ਤੋਂ ਦਰਿਆਈ ਪਾਣੀਆਂ ਦੇ ਮਸਲਿਆਂ ਨੂੰ ਉਲਝਾਇਆ ਹੈ। ਇਸ ਦੇ ਨਾਲ ਹੀ ਪੰਜਾਬ ਦੀ ਸਿਆਸਤ ਵਿੱਚ ਲਗਾਤਾਰ ਅਜਿਹੇ ਉਤਰਾਅ-ਚੜ੍ਹਾਅ ਪੈਦਾ ਕੀਤੇ ਹਨ, ਜਿਨ੍ਹਾਂ ਕਾਰਨ ਪੰਜਾਬ ਨੂੰ ਕਈ ਤ੍ਰਾਸਦੀਆਂ ਵੀ ਹੰਢਾਉਣੀਆਂ ਪਈਆਂ ਹਨ। ਇਤਿਹਾਸ ਇਸ ਦਾ ਗਵਾਹ ਹੈ ਕਿ ਪਾਣੀਆਂ ਦੀ ਜੰਗ ਵਿੱਚ ਅਕਸਰ ਖ਼ੂਨ ਵੀ ਵਹਿਣ ਲੱਗਦਾ ਹੈ ਜਿਵੇਂ ਹੁਣ ਸਿੰਧ ਜਲ ਸਮਝੌਤੇ ਨੂੰ ਰੱਦ ਕਰਨ ਨਾਲ ਭਾਰਤ ਅਤੇ ਪਾਕਿਸਤਾਨ ਦੇ ਆਪਸੀ ਰਿਸ਼ਤਿਆਂ ਵਿੱਚ ਸਥਿਤੀ ਤਣਾਅਪੂਰਨ ਬਣ ਗਈ ਹੈ। ਇਸੇ ਤਰ੍ਹਾਂ ਭਾਰਤ ਅੰਦਰਲੇ ਸੂਬਿਆਂ ਵਿੱਚ ਦਰਿਆਈ ਮਸਲਿਆਂ ਉੱਪਰ ਪੰਜਾਬ ਤੇ ਹਰਿਆਣਾ ਦੀ ਰਾਜਨੀਤੀ ਕਈ ਮੋੜਾਂ ਵਿੱਚੋਂ ਗੁਜ਼ਰਦੀ ਰਹੀ ਹੈ ਜਿਹੜੀ ਮੁੜ ਸੰਕਟਾਂ ਨੂੰ ਜਨਮ ਦਿੰਦੀ ਰਹੀ ਹੈ। ਇਸ ਵਿਚਲੇ ਕਾਨੂੰਨੀ, ਰਾਜਨੀਤਕ, ਆਰਥਿਕ ਅਤੇ ਸਮਾਜਿਕ ਸਵਾਲਾਂ ਨੂੰ ਵੱਖ ਵੱਖ ਸਮੇਂ ਹੋਈਆਂ ਸੰਧੀਆਂ/ਸਮਝੌਤਿਆਂ ਦੇ ਇਤਿਹਾਸਕ ਦਸਤਾਵੇਜ਼ਾਂ, ਉਨ੍ਹਾਂ ਵਿੱਚ ਰਹਿ ਗਏ ਖੱਪਿਆਂ ਅਤੇ ਨਵੀਂ ਕਿਸਮ ਨਾਲ ਪਾਣੀਆਂ ਦੀ ਵੰਡ ਲਈ ਦਿੱਤੇ ਜਾਂਦੇ ਬੁਨਿਆਦੀ ਨੁਕਤਿਆਂ ਨੂੰ ਵੱਖੋ-ਵੱਖਰੇ ਦਸਤਾਵੇਜ਼ਾਂ ਵਿੱਚੋਂ ਕਈ ਮਾਹਿਰਾਂ ਨੇ ਪਰਤ-ਦਰ-ਪਰਤ ਫਰੋਲਿਆ। ਪ੍ਰੋਫੈਸਰ ਕੁਲਦੀਪ ਸਿੰਘ (ਸਾਬਕਾ ਪ੍ਰੋਫੈਸਰ ਰਾਜਨੀਤੀ ਸ਼ਾਸਤਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ) ਨੇ ਆਪਣੀ ਪੁਸਤਕ 'ਪੰਜਾਬ ਰਿਵਰ ਵਾਟਰਜ਼ ਡਿਸਪਿਊਟ ਇਨ ਸਾਊਥ ਏਸ਼ੀਆ' ਵਿੱਚ ਪਾਣੀਆਂ ਬਾਰੇ ਇਤਿਹਾਸਕਾਰੀ ਦੇ ਦ੍ਰਿਸ਼ਟੀਕੋਣ ਤੋਂ ਮੁੱਲਵਾਨ ਕਾਰਜ ਕੀਤਾ ਹੈ। ਉਸ ਦੀ ਅਜੋਕੇ ਸੰਦਰਭ ਵਿੱਚ ਬੇਹੱਦ ਸਾਰਥਿਕਤਾ ਹੈ ਕਿ ਕਿਵੇਂ ਰਿਪੇਅਰੀਅਨ ਸਿਧਾਂਤਾਂ ਤੋਂ ਲਾਂਭੇ ਹੋ ਕੇ ਦਰਿਆਵਾਂ ਦੇ ਸਵਾਲ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਅਸਲ ਵਿੱਚ ਇਸ ਨਾਲ ਸਮੱਸਿਆ ਹੋਰ ਵੀ ਗੁੰਝਲਦਾਰ ਹੋ ਜਾਂਦੀ ਹੈ। ਕੇਂਦਰ ਅਤੇ ਰਾਜ ਸਰਕਾਰਾਂ ਨੇ ਰਿਪੇਰੀਅਨ ਹੱਕਾਂ ਦੇ ਕੇਂਦਰੀ ਦ੍ਰਿਸ਼ਟੀਕੋਣ ਨੂੰ ਸੰਵਿਧਾਨ ਵਿੱਚ ਕੋਈ ਸਥਾਨ ਨਾ ਦੇ ਕੇ ਸਮੱਸਿਆ ਨੂੰ ਸਹੀ ਸੰਦਰਭ ਵਿੱਚ ਹੱਲ ਕਰਨ ਦੀ ਥਾਂ, ਉਲਝਾਉਣ ਵਾਲਾ ਕਾਰਜ ਹੀ ਕੀਤਾ ਹੈ। ਇਸ ਦੇ ਨਾਲ ਹੀ ਦਰਿਆਈ ਪਾਣੀਆਂ ਦੇ ਸਵਾਲ ਉੱਤੇ ਵੱਖ ਵੱਖ ਪ੍ਰਮੁੱਖ ਸਿਆਸੀ ਪਾਰਟੀਆਂ ਵਿੱਚ ਆਪਸੀ ਰਾਜਨੀਤਕ ਮੁਕਾਬਲੇਬਾਜ਼ੀ ਦੇ ਦੌਰ ਨੇ ਇਹ ਸਵਾਲ ਹੱਲ ਕਰਨ ਦੀ ਥਾਂ ਤ੍ਰਾਸਦੀਆਂ ਉਪਜਾਈਆਂ ਹਨ। ਵੱਖ ਵੱਖ ਸਿਆਸੀ ਪਾਰਟੀਆਂ ਦੀ ਵੋਟ ਰਾਜਨੀਤੀ ਲਈ ਕਿਸਾਨੀ ਇੱਕ ਵੱਡਾ ਵੋਟ ਬੈਂਕ ਬਣਦੀ ਹੈ, ਜਿਸ ਨੂੰ ਪ੍ਰਭਾਵ ਅਧੀਨ ਲਿਆਉਣ ਲਈ ਪਾਣੀਆਂ ਦੇ ਸਵਾਲ ਉੱਤੇ ਉਨ੍ਹਾਂ ਨੇ ਕਿਸਾਨੀ ਦੇ ਰਖਵਾਲੇ ਹੋਣ ਦੀ ਸਿਆਸਤ ਹੀ ਕੀਤੀ ਹੈ।

ਹੁਣ ਬੀਬੀਐੱਮਬੀ ਦੀ ਮੈਨੇਜਮੈਂਟ ਸਬੰਧੀ ਚੱਲ ਰਹੇ ਰੇੜਕੇ ਨੂੰ ਕੇਂਦਰ ਵਿੱਚ ਰੱਖ ਕੇ ਨਵੇਂ ਕਿਸਮ ਦਾ ਰਾਜਨੀਤਕ ਬਿਰਤਾਂਤ ਸਿਰਜਿਆ ਜਾ ਰਿਹਾ ਹੈ ਜਿਹੜਾ ਭਵਿੱਖ ਵਿੱਚ ਵੀ ਦਰਿਆਈ ਪਾਣੀਆਂ ਦੇ ਮਸਲੇ ਨੂੰ ਹੱਲ ਕਰਨ ਵਿੱਚ ਕੋਈ ਵੱਡਾ ਯੋਗਦਾਨ ਨਹੀਂ ਪਾਵੇਗਾ। ਪੰਜਾਬ ਦੀ ਸਿਆਸਤ ਨੂੰ ਪ੍ਰਭਾਵਿਤ ਕਰਦੇ ਰਹੇ ਵੱਖ ਵੱਖ ਅਦਾਲਤਾਂ ਦੇ ਫ਼ੈਸਲਿਆਂ ਨੇ ਵੀ ਦਰਿਆਈ ਪਾਣੀਆਂ ਦੇ ਸਵਾਲ ਉੱਤੇ ਕੇਂਦਰ ਅਤੇ ਰਾਜ ਸਬੰਧਾਂ, ਇੱਥੋਂ ਤੱਕ ਕਿ ਫੈਡਰਲਿਜ਼ਮ ਦੇ ਸਵਾਲ ਉੱਤੇ ਵੀ ਨਵੇਂ ਵਿਵਾਦ ਉਤਪੰਨ ਕੀਤੇ ਹਨ। ਇਸ ਦੇ ਨਤੀਜੇ ਵਜੋਂ ਸੂਬਿਆਂ ਦੇ ਆਪਸੀ ਸਬੰਧਾਂ ਵਿੱਚ ਖਟਾਸ ਹੀ ਆਈ ਹੈ।

ਦਰਿਆਈ ਪਾਣੀਆਂ ਦੇ ਝਗੜਿਆਂ ਨੂੰ ਸੰਨ 1947 ਤੋਂ 1979 ਦੇ ਦੌਰ ਵਿੱਚ ਵੰਡਦਿਆਂ ਸਿਆਸੀ ਚਿੰਤਕ ਪ੍ਰੋ. ਕੁਲਦੀਪ ਸਿੰਘ ਦੀ ਧਾਰਨਾ ਹੈ ਕਿ ਭਾਰਤੀ ਰਾਜ ਵਿੱਚ ਪਾਣੀਆਂ ਦੀ ਵੰਡ ਦਾ ਸਵਾਲ ਕੌਮਾਂਤਰੀ ਰਿਪੇਰੀਅਨ ਹੱਕਾਂ ਤੋਂ ਪਰ੍ਹੇ ਹਟਾ ਕੇ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। ਇਸ ਦੇ ਨਾਲ ਹੀ ਦਰਿਆਈ ਪਾਣੀਆਂ ਦੇ ਸਵਾਲ ਦਾ ਕੇਂਦਰੀਕਰਨ ਹੁੰਦਾ ਗਿਆ। 1966 ਵਿੱਚ ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਦੀ ਵੰਡ ਹੋਈ ਤਾਂ ਦਰਿਆਈ ਪਾਣੀਆਂ ਦੀ ਵੰਡ ਦਾ ਸਵਾਲ ਹੋਰ ਵੀ ਗੁੰਝਲਦਾਰ ਹੋ ਗਿਆ। ਇਸ ਨੂੰ ਸਾਲ 1976 ਵਿੱਚ ਕੇਂਦਰ ਦੇ ਨੋਟੀਫਿਕੇਸ਼ਨ ਅਤੇ ਇੰਦਰਾ ਗਾਂਧੀ ਐਵਾਰਡ ਦੀ ਸਿਆਸਤ ਨੇ ਇਸ ਨੂੰ ਨਵੀਂ ਤ੍ਰਾਸਦੀ ਵੱਲ ਧੱਕ ਦਿੱਤਾ। ਜਦੋਂ ਸਾਲ 1981 ਵਿੱਚ ਇਸ ਦਾ ਘੇਰਾ ਤਿੰਨ ਧਿਰਾਂ ਤੱਕ ਵਧਾ ਦਿੱਤਾ ਗਿਆ ਤਾਂ ਪੰਜਾਬ ਵਿੱਚ ਐੱਸ.ਵਾਈ.ਐੱਲ. ਨਹਿਰ ਰੋਕੋ ਅੰਦੋਲਨ ਤੇਜ਼ੀ ਨਾਲ ਫੈਲਣਾ ਸ਼ੁਰੂ ਹੋਇਆ, ਜਿਸ ਨੇ ਸਿਆਸੀ ਅਤੇ ਧਾਰਮਿਕ ਸੰਕਟਾਂ ਤੇ ਵਿਵਾਦਾਂ ਨੂੰ ਜਨਮ ਦਿੱਤਾ। ਰਾਜੀਵ ਲੌਂਗੋਵਾਲ ਸਮਝੌਤਾ, ਇਰਾਡੀ ਟ੍ਰਿਬਿਊਨਲ ਰਿਪੋਰਟ, ਟਰਮੀਨੇਸ਼ਨ ਐਕਟ 2004, ਪ੍ਰਾਪਰਟੀ ਬਿਲ 2016 ਆਦਿ ਨੇ ਵੱਖ ਵੱਖ ਦ੍ਰਿਸ਼ਟੀਕੋਣਾਂ ਤੋਂ ਦਰਿਆਈ ਪਾਣੀਆਂ ਦਾ ਮਸਲਾ ਗੁੰਝਲਦਾਰ ਹੀ ਬਣਾਇਆ ਹੈ।

ਦਰਅਸਲ, ਪਿਛੋਕੜ ਵਿੱਚ ਹੋਈਆਂ ਗ਼ਲਤੀਆਂ, ਸਿਆਸੀ ਮੁਕਾਬਲੇਬਾਜ਼ੀ ਅਤੇ ਕਿਸਾਨੀ ਦੇ ਹਿੱਤਾਂ ਦੇ ਰੱਖਿਅਕ ਬਣਨ ਵਾਲੀ ਪੰਜਾਬ ਦੀ ਸਥਾਪਤ ਸਿਆਸਤ ਨੇ ਇਸ ਮਸਲੇ ਨੂੰ ਕੇਂਦਰੀ ਸਰਕਾਰ ਨਾਲ ਆਪੋ-ਆਪਣੇ ਦ੍ਰਿਸ਼ਟੀਕੋਣਾਂ ਤੋਂ ਟਕਰਾਅ ਵਿੱਚ ਰੱਖਿਆ ਹੈ। ਇਨ੍ਹਾਂ ਸਭ ਨੁਕਤਿਆਂ ਨੂੰ ਭਾਰਤ ਦੇ ਸੰਵਿਧਾਨ ਵਿਚਲੀਆਂ ਗੁੰਝਲਾਂ, ਅੰਤਰਰਾਜੀ ਪਾਣੀਆਂ ਦੇ ਮੁੱਦੇ 'ਤੇ ਬਣੇ ਕਾਨੂੰਨ ਅਤੇ ਉਸ ਉੱਤੇ ਅਮਲ ਦੀਆਂ ਸਮੱਸਿਆਵਾਂ ਦੇ ਨਾਲ ਨਾਲ ਪੰਜਾਬ ਅਤੇ ਹਰਿਆਣਾ ਦੇ ਪਾਣੀ ਦੇ ਝਗੜਿਆਂ ਸਬੰਧੀ ਹੋਏ ਵੱਖ ਵੱਖ ਖੋਜ ਕਾਰਜਾਂ ਦੀਆਂ ਪਰਤਾਂ ਨੂੰ ਵੀ ਫਰੋਲਿਆ ਗਿਆ ਹੈ। ਇਸ ਦੇ ਨਾਲ ਹੀ ਪੰਜਾਬ ਵਿੱਚ ਪਾਣੀਆਂ ਦੇ ਮੁੱਦੇ ਦਾ ਵੱਖ ਵੱਖ ਸਿਆਸੀ ਪਾਰਟੀਆਂ ਨੇ ਆਪੋ-ਆਪਣੇ ਚੋਣ ਮਨੋਰਥ ਪੱਤਰਾਂ ਵਿੱਚ ਵਾਰ-ਵਾਰ ਜ਼ਿਕਰ ਕੀਤਾ ਹੈ। ਲੇਖਕ ਲਿਖਦਾ ਹੈ ਕਿ ਪੰਜਾਬ ਦੇ ਦੁਖਾਂਤਕ ਦੌਰ ਵਿੱਚ ਇਸ ਸਵਾਲ ਨੂੰ ਨਜਿੱਠਣ ਲਈ ਅਪਣਾਏ ਗਏ ਢੰਗ ਤਰੀਕਿਆਂ ਅਤੇ ਉਨ੍ਹਾਂ ਦੇ ਕੇਂਦਰ ਤੇ ਪੰਜਾਬ ਦੀ ਸਿਆਸਤ ਉੱਤੇ ਪਏ ਪ੍ਰਭਾਵਾਂ ਨੇ ਪਹਿਲਾਂ ਹੀ ਪੰਜਾਬ ਨੂੰ ਸੰਕਟਗ੍ਰਸਤ ਕੀਤਾ ਹੋਇਆ ਹੈ। ਰਿਪੇਰੀਅਨ ਸਿਧਾਂਤ ਬਾਰੇ ਸਮੁੱਚੇ ਪਹਿਲੂਆਂ ਨੂੰ ਖੰਘਾਲਦਿਆਂ ਕਈ ਸ਼ਖ਼ਸੀਅਤਾਂ ਜਿਵੇਂ ਪਾਲ ਸਿੰਘ ਢਿੱਲੋਂ ਦੇ ਖੋਜ ਕਾਰਜ ਤੋਂ ਲੈ ਕੇ ਰਾਮਾਸੁਆਸੀ.ਆਰ. ਅਈਅਰ ਦੀਆਂ ਖੋਜਾਂ ਵਿਚਲੇ ਨਤੀਜਿਆਂ ਰਾਹੀਂ ਲੇਖਕ ਨੇ ਦਰਸਾਇਆ ਹੈ ਕਿ ਦਰਿਆਵਾਂ ਦੇ ਬੁਨਿਆਦੀ ਵਹਾਅ ਤੋਂ ਪਰ੍ਹੇ ਹਟ ਕੇ ਸਿਰਫ਼ ਸਿਆਸਤ ਦੇ ਦ੍ਰਿਸ਼ਟੀਕੋਣ ਤੋਂ ਕੱਢੇ ਜਾਣ ਵਾਲੇ ਹੱਲ ਨਵੇਂ ਸੰਕਟਾਂ ਨੂੰ ਹੀ ਜਨਮ ਦੇਣਗੇ। ਸਾਲ 1981 ਵਿੱਚ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦਰਮਿਆਨ ਕੇਂਦਰ ਦੀ ਸਿਆਸਤ ਤਹਿਤ ਹੋਏ ਤਿੰਨ ਧਿਰੀ ਸਮਝੌਤੇ ਨੇ ਦਰਿਆਈ ਪਾਣੀਆਂ ਦੇ ਸਵਾਲ ਨੂੰ ਪੰਜਾਬ ਦੀ ਸਿਆਸਤ ਦਾ ਅਹਿਮ ਸਵਾਲ ਬਣਾਉਣ ਵਿੱਚ ਭੂਮਿਕਾ ਨਿਭਾਈ। ਦਰਅਸਲ, ਰਾਜਸਥਾਨ ਨਾ ਤਾਂ ਰਿਪੇਰੀਅਨ ਸੂਬਾ ਸੀ ਅਤੇ ਨਾ ਹੀ ਪੰਜਾਬ ਵਿੱਚੋਂ ਨਿਕਲਿਆ ਰਾਜ। ਦਰਿਆਈ ਪਾਣੀਆਂ ਦੀ ਵੰਡ ਦੇ ਸਵਾਲ 'ਤੇ ਖੜ੍ਹੇ ਹੋਏ ਸਿਆਸੀ ਤੂਫ਼ਾਨ ਕਾਰਨ ਸਿੱਖ ਸਿਆਸਤ ਵਿੱਚ ਨਵਾਂ ਉਭਾਰ ਆਇਆ। ਸਾਲ 2004 ਵਿੱਚ ਪੰਜਾਬ ਟਰਮੀਨੇਸ਼ਨ ਆਫ ਐਗਰੀਮੈਂਟਸ ਬਿਲ ਅਤੇ ਉਸ ਤੋਂ ਬਾਅਦ ਕਿਸਾਨਾਂ ਦੀ ਜ਼ਮੀਨ ਵਾਪਸ ਕਰਨ ਸਬੰਧੀ ਟਰਾਂਸਫਰ ਆਫ ਪ੍ਰਾਪਰਟੀ ਬਿਲ 2016 ਨੇ ਪਹਿਲਾਂ ਹੀ ਚੱਲ ਰਹੇ ਦਰਿਆਈ ਪਾਣੀਆਂ ਦੇ ਸਵਾਲ ਨੂੰ ਹੋਰ ਪੇਚੀਦਾ ਕਰ ਦਿੱਤਾ। ਸਾਲ 2022 ਵਿੱਚ 'ਆਪ' ਦੀ ਸਰਕਾਰ ਬਣਨ ਨਾਲ ਵੀ ਇਸ ਦਿਸ਼ਾ ਵੱਲ ਅਗਾਂਹ ਕੋਈ ਕਦਮ ਨਹੀਂ ਪੁੱਟਿਆ ਗਿਆ। ਉਂਜ, ਦਹਾਕਿਆਂ ਤੋਂ ਆਖੀ ਜਾਂਦੀ ਗੱਲ 'ਇੱਕ ਵੀ ਬੂੰਦ ਪਾਣੀ ਦੀ ਨਹੀਂ ਦਿਆਂਗੇ,' ਹਰੇਕ ਸਿਆਸੀ ਪਾਰਟੀ ਦੀ ਪਸੰਦੀਦਾ ਸਤਰ ਬਣ ਗਈ ਹੈ। ਹੁਣ ਜਦੋਂ ਪਾਣੀ ਸਿਰ ਉੱਤੋਂ ਲੰਘ ਗਿਆ ਤਾਂ ਸਥਿਤੀ ਦਰਿਆਵਾਂ ਦੇ ਵਹਾਅ ਉੱਪਰ ਤਾਲੇ ਲਗਾਉਣ ਤੱਕ ਦੀ ਸਿਆਸਤ ਤੱਕ ਪਹੁੰਚ ਗਈ।

ਪਾਣੀ ਦੇ ਮੁੱਦੇ 'ਤੇ ਅੰਤਰਰਾਜੀ ਝਗੜਿਆਂ ਸਬੰਧੀ ਬਣਾਏ ਗਏ ਕਾਨੂੰਨਾਂ ਅਤੇ ਟ੍ਰਿਬਿਊਨਲਾਂ ਨੇ ਵੀ ਪੰਜਾਬ ਦੀ ਇਸ ਦੁਖਦੀ ਰਗ ਦਾ ਕੋਈ ਇਲਾਜ ਕਰਨ ਵਿੱਚ ਸਾਰਥਿਕ ਭੂਮਿਕਾ ਨਹੀਂ ਨਿਭਾਈ। ਇਸ ਕਰਕੇ ਦਰਿਆਈ ਪਾਣੀਆਂ ਦੇ ਝਗੜਿਆਂ ਨੇ ਪੰਜਾਬ ਵਿੱਚ ਸਿਆਸੀ ਉਥਲ-ਪੁਥਲਾਂ ਨੂੰ ਹੀ ਜਨਮ ਦਿੱਤਾ ਹੈ। ਹਰੇਕ ਵਿਸ਼ੇਸ਼ ਸੈਸ਼ਨ ਰਾਹੀਂ ਇਸ ਗੁੰਝਲਦਾਰ ਸਵਾਲ ਦਾ ਹੱਲ ਨੇੜ ਭਵਿੱਖ ਵਿੱਚ ਹੋਣ ਦੀ ਸੰਭਾਵਨਾ ਵੀ ਬਹੁਤ ਘੱਟ ਹੈ ਕਿਉਂਕਿ ਦਰਿਆਈ ਪਾਣੀਆਂ ਦੇ ਸਵਾਲ ਉੱਪਰ ਰਿਪੇਰੀਅਨ ਸਿਧਾਂਤ ਅਜੇ ਤੱਕ ਕੇਂਦਰ ਅਤੇ ਵੱਖ ਵੱਖ ਸੂਬਿਆਂ ਦੀਆਂ ਸਿਆਸੀ ਪਾਰਟੀਆਂ ਅਤੇ ਲੋਕਾਂ ਦੇ ਵੱਡੇ ਹਿੱਸੇ ਦੀ ਸੋਚ ਦਾ ਹਿੱਸਾ ਨਹੀਂ ਬਣ ਸਕਿਆ। ਇਸ ਮਸਲੇ ਬਾਰੇ ਆਉਂਦਾ ਕੋਈ ਵੀ ਫ਼ੈਸਲਾ ਪੰਜਾਬ ਦੀ ਕਿਸਾਨੀ ਨੂੰ ਅਸੰਤੁਸ਼ਟ ਹੀ ਕਰਦਾ ਹੈ। ਇਹ ਵੀ ਹਕੀਕਤ ਹੈ ਕਿ ਦਰਿਆਈ ਪਾਣੀਆਂ ਦਾ ਝਗੜਾ ਲਗਾਤਾਰ ਕਿਸਾਨੀ ਅੰਦਰ ਰੋਹ ਦੀ ਭਾਵਨਾ ਪੈਦਾ ਕਰਦਾ ਹੈ। ਇਤਿਹਾਸਕ ਦਸਤਾਵੇਜ਼ਾਂ ਤੇ ਸੰਦਰਭਾਂ ਦੇ ਮੱਦੇਨਜ਼ਰ ਦਰਿਆਈ ਪਾਣੀਆਂ ਦੇ ਝਗੜਿਆਂ ਪ੍ਰਤੀ ਸਹੀ ਪਹੁੰਚ ਅਪਣਾਉਣ ਲਈ ਮੁੜ ਸਾਰਥਿਕ ਚਿੰਤਨ ਪ੍ਰਕਿਰਿਆ ਦੇ ਨਾਲ-ਨਾਲ ਸਿਆਸੀ ਇੱਛਾ ਸ਼ਕਤੀ ਦੀ ਬੇਹੱਦ ਜ਼ਰੂਰਤ ਹੈ। ਪੰਜਾਬ ਵਿਚਲੇ ਪਾਣੀ ਦੇ ਸਰੋਤ ਸੁੱਕ ਰਹੇ ਹਨ ਜਿਨ੍ਹਾਂ ਕਾਰਨ ਪਹਿਲਾਂ ਹੀ ਕਈ ਬਲਾਕ ਧਰਤੀ ਹੇਠਲਾ ਪਾਣੀ ਲਗਪਗ ਖ਼ਤਮ ਹੋਣ ਦੀ ਸਥਿਤੀ ਤੱਕ ਪਹੁੰਚ ਚੁੱਕੇ ਹਨ। ਭਵਿੱਖ ਵਿੱਚ ਕਈ ਸ਼ਹਿਰ ਵੀ ਇਸ ਦੀ ਲਪੇਟ ਵਿੱਚ ਆ ਸਕਦੇ ਹਨ। ਕੌਮਾਂਤਰੀ ਕਾਨੂੰਨਾਂ, ਫੈਡਰਲ ਪ੍ਰਬੰਧ, ਅੰਤਰਰਾਜੀ ਰਾਜਸੀ ਵਿਰੋਧਾਂ ਤੇ ਇੱਛਾਵਾਂ ਵਿਚਲੀ ਦ੍ਰਿਸ਼ਟੀ ਦੇ ਨਾਲ-ਨਾਲ ਪੰਜਾਬ ਦੀ ਕਿਸਾਨੀ ਅਤੇ ਇਸ ਦੀ ਆਰਥਿਕਤਾ ਦੀ ਬੁਨਿਆਦ ਦੇ ਸਵਾਲਾਂ ਨੂੰ ਵੀ ਪੰਜਾਬ ਦੇ ਦਰਿਆਈ ਪਾਣੀਆਂ ਦੇ ਸਵਾਲ ਦੀ ਉਲਝੀ ਤਾਣੀ ਵਿੱਚ ਸ਼ਾਮਲ ਕਰਨ ਦੀ ਜ਼ਰੂਰਤ ਹੈ। ਆਪਣੇ ਆਪ ਨੂੰ ਪੰਜਾਬ ਦੇ ਪਾਣੀਆਂ ਦੇ ਰਖਵਾਲੇ ਦੱਸਣ ਦੇ ਨਾਅਰੇ ਮਾਰਨ ਨਾਲ ਪੰਜਾਬ ਦਾ ਭਲਾ ਨਹੀਂ ਹੋਣਾ। ਇਸ ਲਈ ਠੋਸ ਕਦਮ ਚੁੱਕਣ ਦੀ ਲੋੜ ਹੈ।

# ਕਸ਼ਮੀਰ ਦੀ ਮਹਿਮਾਨ ਨਿਵਾਜ਼ੀ



ਪਹਿਲਗਾਮ ਹਮਲੇ ਨੇ ਸਭ ਨੂੰ ਝੰਜੋੜ ਕੇ ਰੱਖ ਦਿੱਤਾ। ਸਵੇਰੇ ਅੱਖ ਖੁੱਲ੍ਹਦੇ ਹੀ ਹਮਲੇ ਦਾ ਦ੍ਰਿਸ਼ ਅੱਖਾਂ ਅੱਗੇ ਘੁੰਮਣ ਲੱਗਦਾ ਹੈ। ਰਾਤ ਨੂੰ ਸੌਣ ਸਮੇਂ ਵੀ ਮਨ ਉਡਾਰੀ ਮਾਰ ਕੇ ਪਹਿਲਗਾਮ ਪਹੁੰਚ ਜਾਂਦਾ ਹੈ। ਲਿਦਰ ਨਦੀ ਕਿਨਾਰੇ ਵਸਿਆ ਛੋਟਾ ਜਿਹਾ ਕਸਬਾ। ਹੁਸੀਨ ਵਾਦੀਆਂ ਦਾ ਖ਼ੂਬਸੂਰਤ ਮੌਸਮ। ਚੰਦਨ ਵਾੜੀ, ਬੇਤਾਬ ਵੈਲੀ, ਮਿੰਨੀ ਸਵਿਟਜ਼ਰਲੈਂਡ, ਨਦੀ ਕਿਨਾਰੇ ਬਣੇ ਮਨ ਮੋਹ ਲੈਣ ਵਾਲੇ ਪਾਰਕ। ਉੱਚੀਆਂ ਪਹਾੜੀਆਂ, ਹਰਾ-ਹਰਾ ਘਾਹ, ਉੱਚੇ ਦਰਖ਼ਤ, ਖੁੱਲ੍ਹੇ ਮੈਦਾਨ। ਕੁਦਰਤ ਦਾ ਕ੍ਰਿਸ਼ਮਾ ਹੈ ਕਸ਼ਮੀਰ। ਪਹਿਲਗਾਮ, ਵੈਰੀ ਨਾਗ, ਸ੍ਰੀਨਗਰ, ਦੂਧ ਪੱਥਰੀ, ਗੁਲਮਰਗ, ਸੋਨ ਮਰਗ ਆਦਿ ਇਲਾਕੇ ਬੰਦੇ ਦਾ ਮਨ ਮੋਹ ਲੈਂਦੇ ਹਨ।

ਪਹਿਲਗਾਮ ਤੋਂ ਪੈਦਲ ਜਾਂ ਘੋੜੇ ਰਾਹੀਂ ਲਗਭਗ ਸੱਤ ਕਿਲੋਮੀਟਰ ਦਾ ਰਸਤਾ ਤੈਅ ਕਰ ਕੇ ਮਿੰਨੀ ਸਵਿਟਜ਼ਰਲੈਂਡ ਵਾਲੀ ਜਗ੍ਹਾ ਆਉਂਦੀ ਹੈ। ਸੈਂਕੜੇ ਲੋਕ ਉਸ ਜਗ੍ਹਾ ਉੱਪਰ ਘੁੰਮ ਰਹੇ ਸੀ ਪਰ ਉਸ ਜਗ੍ਹਾ ਉੱਪਰ ਇਕ ਵੀ ਪੁਲੀਸ ਜਾਂ ਫੌਜ ਦਾ ਜਵਾਨ ਨਹੀਂ ਸੀ ਜਦੋਂਕਿ ਕਸ਼ਮੀਰ ਦੀ ਹਾਲਤ ਬਾਰੇ ਸਾਨੂੰ ਸਭ ਕੁਝ ਪਤਾ ਹੈ। ਇਸ ਹਮਲੇ ਵਿੱਚ ਸੈਲਾਨੀਆਂ ਨੂੰ ਨਿਸ਼ਾਨਾ ਬਣਾਇਆ ਗਿਆ। ਇਕ ਮੁਸਲਮਾਨ ਵੀਰ ਹਿੰਦੂ ਸੈਲਾਨੀਆਂ ਨੂੰ ਬਚਾਉਂਦੇ ਸਮੇਂ ਮਾਰਿਆ ਗਿਆ।

ਕੋਝੀ ਸਿਆਸਤ ਦੀ ਜੋ ਖੇਡ ਪਹਿਲਗਾਮ ਵਿੱਚ ਖੇਡੀ ਗਈ, ਇਹ ਮਨੁੱਖਤਾ ਦੇ ਮੱਥੇ ਲੱਗਣ ਵਾਲਾ ਧੱਬਾ ਹੈ। ਸਾਨੂੰ ਸਿਆਸਤਦਾਨਾਂ ਦੀ ਖੇਡ ਨੂੰ ਸਮਝਣਾ ਪਵੇਗਾ। ਕੌਣ ਹੈ ਜੋ ਸਵਰਗ ਨੂੰ ਨਰਕ ਬਣਾਉਣਾ ਚਾਹੁੰਦਾ ਹੈ? ਆਮ ਲੋਕ ਹਮੇਸ਼ਾ ਆਮ ਹੁੰਦੇ ਹਨ। ਆਮ ਲੋਕਾਂ ਦਾ ਮਸਲਾ ਤਾਂ ਕੇਵਲ ਰੋਟੀ, ਕੱਪੜਾ ਤੇ ਮਕਾਨ ਦਾ ਹੁੰਦਾ ਹੈ। ਇੱਕ ਵਾਰ ਇੱਕ ਘੋੜੇ ਵਾਲੇ ਕਸ਼ਮੀਰੀ ਨੇ ਗੱਲਬਾਤ ਦੌਰਾਨ ਕਿਹਾ ਸੀ, "ਜਨਾਬ ਆਪ ਆਤੇ ਹੋ ਤੋ ਹਮਾਰਾ ਚੂਲ੍ਹਾ ਜਲਤਾ ਹੈ। ਹਮ ਤੋ ਦੁਆ ਕਰਤੇ ਹੈਂ ਕਿ ਆਪ ਲੋਗ ਜ਼ਿਆਦਾ ਸੇ ਜ਼ਿਆਦਾ ਕਸ਼ਮੀਰ ਆਏਂ। ਆਪ ਤੋਂ ਹਮਾਰੀ ਰੋਜ਼ੀ ਰੋਟੀ ਹੈ ਸਾਹਿਬ।

ਨਿੱਕੇ ਹੁੰਦਿਆਂ ਤੋਂ ਦੇਖ ਰਹੇ ਹਾਂ, ਸਿਆਲਾਂ ਵਿੱਚ ਵਧੇਰੇ ਕਸ਼ਮੀਰੀ ਪੰਜਾਬ ਆ ਜਾਂਦੇ ਹਨ। ਪਹਿਲੋਂ ਪਹਿਲ ਲੱਕੜਾਂ ਪਾੜਨ ਦਾ ਕੰਮ ਕਰਦੇ ਸੀ, ਫਿਰ ਵਧੇਰੇ ਲੱਕੜਹਾਰੇ ਤੋਂ ਰਾਜ਼ੇ ਬਣ ਗਏ; ਭਾਵ, ਗਰਮ ਕੱਪੜੇ ਵੇਚਣ ਵਾਲੇ। ਹੁਣ ਰੋਟੀ ਲਈ ਨਵਾਂ ਕੰਮ ਵੇਟਰ ਦਾ ਵੀ ਕਰਨ ਲੱਗੇ ਹਨ। ਪੰਦਰਾਂ ਕੁ ਸਾਲ ਪਹਿਲਾਂ ਦੀ ਗੱਲ ਹੈ, ਸਵੇਰੇ-ਸਵੇਰੇ ਤਿੰਨ ਲੱਕੜਹਾਰੇ ਘਰ ਦੇ ਬਾਹਰ ਆ ਕੇ ਕਹਿਣ ਲੱਗੇ, "ਜਨਾਬ ਕੋਈ ਕਾਮ ਹੈ, ਲੱਕੜੀ ਕਾਟਨੇ ਕਾ ਬਹੁਤ ਦਿਨ ਸੇ ਕੋਈ ਕਾਮ ਨਹੀਂ ਮਿਲਾ। ਖਾਨੇ ਕੋ ਬੀ ਲਾਲੇ ਹੈਂ।" ਕੰਮ ਤਾਂ ਕੋਈ ਨਹੀਂ ਸੀ, ਮੈਂ ਉਨ੍ਹਾਂ ਨੂੰ ਖਾਣਾ ਖਾਣ ਲਈ ਬੇਨਤੀ ਕੀਤੀ। ਉਨ੍ਹਾਂ ਝੱਟ ਹਾਂ ਆਖ ਦਿੱਤੀ। ਮਾਂ ਨੇ ਪਰੌਂਠੇ ਬਣਾ ਦਿੱਤੇ। ਜਾਣ ਲੱਗੇ ਕਹਿਣ ਲੱਗੇ, "ਮਿਹਰਬਾਨੀ ਜਨਾਬ, ਦੋ ਦਿਨ ਸੇ ਭੂਖੇ ਥੇ।

ਪਹਿਲਗਾਮ ਹਮਲੇ ਵਿੱਚ ਭਾਵੇਂ ਵਧੇਰੇ ਹਿੰਦੂ ਮਾਰੇ ਗਏ ਨੇ ਪਰ ਇਹ ਹਮਲਾ ਅਸਲ ਵਿੱਚ ਕਸ਼ਮੀਰ ਦੇ ਮੁਸਲਮਾਨਾਂ ਉੱਪਰ ਹੈ। ਇਹ ਹਮਲਾ ਕਸ਼ਮੀਰ ਦੀ ਅਰਥ ਵਿਵਸਥਾ ਉੱਪਰ ਹੈ। ਇੱਕਦਮ ਲਗਭਗ ਬਾਰਾਂ ਹਜ਼ਾਰ ਟੈਕਸੀ ਅਤੇ ਹੋਟਲਾਂ ਵਾਲਿਆਂ ਦੀ ਬੁਕਿੰਗ ਖ਼ਤਮ ਹੋਣਾ, ਕਸ਼ਮੀਰ ਦੇ ਆਮ ਗ਼ਰੀਬ ਲੋਕਾਂ ਨੂੰ ਹਰ ਰੋਜ਼ ਤਿਲ-ਤਿਲ ਮਰਨ ਲਈ ਮਜਬੂਰ ਕਰ ਦੇਵੇਗਾ। ਪਹਾੜ ਲੱਗਦੇ ਬਹੁਤ ਸੋਹਣੇ ਨੇ ਪਰ ਪਹਾੜਾਂ ਵਿੱਚ ਜੀਵਨ ਬਿਤਾਉਣਾ ਬਹੁਤ ਔਖਾ ਤੇ ਚੁਣੌਤੀ ਭਰਿਆ ਹੈ। ਇਨ੍ਹਾਂ ਚੁਣੌਤੀਆਂ ਦੇ ਹੱਲ ਲਈ ਪੈਸੇ ਦੀ ਜ਼ਰੂਰਤ ਹੁੰਦੀ ਹੈ। ਕਸ਼ਮੀਰ ਵਿੱਚ ਪੈਸੇ ਦਾ ਵੱਡਾ ਸਾਧਨ ਸੈਰ-ਸਪਾਟਾ ਹੈ।

ਕੁਝ ਦਿਨ ਪਹਿਲਾਂ ਮੇਰੀ ਇੱਕ ਵਿਦਿਆਰਥਣ ਤੇ ਹੁਣ ਸਹਿ-ਕਰਮੀ ਨੇ ਕਸ਼ਮੀਰ ਜਾਣ ਬਾਰੇ ਪੁੱਛਿਆ। ਮੈਂ ਉਹਨੂੰ ਕਸ਼ਮੀਰ ਦਾ ਟੂਰ ਬਣਾ ਕੇ ਦਿੱਤਾ। ਪਹਿਲਗਾਮ ਵਾਲੀ ਘਟਨਾ ਤੋਂ ਬਾਅਦ ਉਹ ਬਹੁਤ ਡਰ ਗਈ, "ਅਸੀਂ ਤਾਂ ਬੁਕਿੰਗ ਵੀ ਕਰਵਾ ਲਈ ਸੀ ਪਰ ਹੁਣ ਜਾਣ ਨੂੰ ਮਨ ਨਹੀਂ ਕਰਦਾ। ਡਰ ਲੱਗਦਾ।" ਸਾਨੂੰ ਇਹ ਡਰ ਦੂਰ ਕਰਨਾ ਪਵੇਗਾ। ਇਹੀ ਤਾਂ ਸ਼ੈਤਾਨ ਚਾਹੁੰਦੇ ਹਨ ਕਿ ਲੋਕ ਕਸ਼ਮੀਰ ਨਾ ਜਾਣ। ਕਸ਼ਮੀਰ ਜੰਨਤ ਹੈ। ਕੁਦਰਤ ਦਾ ਕ੍ਰਿਸ਼ਮਾ ਹੈ। ਕੁਦਰਤ ਦੀ ਖ਼ੂਬਸੂਰਤੀ ਨੂੰ ਮਾਨਣ ਲਈ ਸਾਨੂੰ ਜ਼ਰੂਰ ਜਾਣਾ ਚਾਹੀਦਾ ਹੈ। ਖ਼ੂਬਸੂਰਤ ਧਰਤੀ ਦੇ ਖ਼ੂਬਸੂਰਤ ਲੋਕ ਬਹੁਤ ਚੰਗੇ ਹਨ।

ਅਸਲ ਵਿੱਚ ਹਰ ਧਰਤੀ ਦੇ ਆਮ ਲੋਕ ਬਹੁਤ ਖ਼ੂਬਸੂਰਤ ਤੇ ਚੰਗੇ ਹੁੰਦੇ ਹਨ, ਸਮੱਸਿਆ ਦੀ ਜੜ੍ਹ ਤਾਂ ਖ਼ਾਸ ਲੋਕ ਅਤੇ ਨੇਤਾ ਹੀ ਹੁੰਦੇ। ਮੈਂ ਲਗਭਗ ਸਾਰਾ ਭਾਰਤ ਘੁੰਮ ਚੁੱਕਾ ਹਾਂ, ਕਸ਼ਮੀਰ ਵਰਗੀ ਖ਼ੂਬਸੂਰਤ ਧਰਤੀ ਅਤੇ ਕਸ਼ਮੀਰੀਆਂ ਵਰਗੀ ਮਹਿਮਾਨ ਨਿਵਾਜ਼ੀ ਕਿਤੇ ਹੋਰ ਨਹੀਂ ਦੇਖੀ। ਸ਼ਾਇਦ ਇਸੇ ਕਰ ਕੇ ਵਾਰ-ਵਾਰ ਮਨ ਕਹਿੰਦਾ ਹੈ- ਚੱਲੀਏ ਕਸ਼ਮੀਰ। ਤੇਰਾਂ ਵਾਰ ਕਸ਼ਮੀਰ ਜਾ ਚੁੱਕਾ ਹਾਂ। ਅੱਜ ਵੀ ਜੇ ਕੋਈ ਕਹੇ ਤਾਂ ਨਾਂਹ ਨਹੀਂ ਹੋਣੀ।

ਕਸ਼ਮੀਰ ਦੇ ਲੋਕ ਵੀ ਚੰਗੇ ਨੇ; ਖ਼ਾਸ ਕਰ ਕੇ ਘੁੰਮਣ ਵਾਲਿਆਂ ਲਈ ਤਾਂ ਬਹੁਤ ਹੀ ਚੰਗੇ ਨੇ। ਘੁੰਮਣ ਵਾਲਿਆਂ ਦਾ ਬਹੁਤ ਖ਼ਿਆਲ ਰੱਖਦੇ ਨੇ। ਦੁਕਾਨਾਂ ਅਤੇ ਹੋਟਲਾਂ ਵਾਲੇ ਵੀ ਲਾਲਚੀ ਨਹੀਂ। ਤੁਹਾਨੂੰ ਧੱਕੇ ਨਾਲ ਕੋਈ ਵਸਤ ਨਹੀਂ ਦਿੰਦੇ। ਆਮ ਘੁੰਮਣ ਵਾਲੀਆਂ ਥਾਵਾਂ ਉੱਪਰ ਘੁੰਮਣ

**ਨਰਿੰਦਰਜੀਤ ਸਿੰਘ ਬਰਾੜ**

ਵਾਲਿਆਂ ਨਾਲ ਬਹੁਤ ਧੱਕਾ ਕੀਤਾ ਜਾਂਦਾ ਹੈ। ਕਸ਼ਮੀਰ ਵਿੱਚ ਅਜਿਹਾ ਨਹੀਂ ਹੈ।

ਮੇਰਾ ਇੱਕ ਦੋਸਤ ਸ਼ਮੀਮ ਕਸ਼ਮੀਰ ਰਹਿੰਦਾ ਹੈ। ਸ੍ਰੀਨਗਰ ਤੋਂ ਕੁਝ ਕੁ ਪਹਿਲਾਂ ਉਹਦਾ ਪਿੰਡ ਹੈ। ਇੱਕ ਵਾਰ ਅਸੀਂ ਤਿੰਨ ਦੋਸਤ ਕਸ਼ਮੀਰ ਵਿੱਚ ਦੀ ਲੇਹ ਲੱਦਾਖ ਜਾ ਰਹੇ ਸੀ। ਸਵੇਰ ਦੇ ਲਗਭਗ ਅੱਠ ਵਜੇ ਪਠਾਨਕੋਟ ਪਹੁੰਚੇ। ਆਪਣੇ ਇਸ ਦੋਸਤ ਨੂੰ ਫੋਨ ਕੀਤਾ ਤਾਂ ਉਹ ਕਹਿਣ ਲੱਗਾ, "ਅਰੇ ਭਾਈ, ਆਜ ਤੁਮ ਸ੍ਰੀਨਗਰ ਨਹੀਂ ਪਹੁੰਚ ਸਕਤੇ। ਆਪ ਕੋ ਮੇਰੇ ਪਾਸ ਰਹਿਨਾ ਹੋਗਾ। ਆਪ ਗਾਂਵ ਕੇ ਨਜ਼ਦੀਕ ਪਹੁੰਚ ਕਰ ਫੋਨ ਕਰਨਾ।" ਉਹਨੇ ਸਾਡੀ ਗੱਲ ਸੁਣੀ ਹੀ ਨਹੀਂ। ਅਸੀਂ ਉਹਨੂੰ ਤੰਗ ਨਹੀਂ ਸੀ ਕਰਨਾ ਚਾਹੁੰਦੇ ਪਰ ਉਹਦੇ ਪਿਆਰ ਅੱਗੇ ਬੇਵੱਸ ਹੋ ਗਏ।

ਪਿੰਡ ਪਹੁੰਚਣ ਤੋਂ ਪਹਿਲਾਂ ਉਹਨੂੰ ਫੋਨ ਕੀਤਾ। ਉਹ ਪਿੰਡ ਦੇ ਬਾਹਰਵਾਰ ਸਾਨੂੰ ਲੈਣ ਲਈ ਖੜ੍ਹਾ ਸੀ। ਪਿੰਡ ਪਹੁੰਚਣ 'ਤੇ ਉਹ ਕਹਿਣ ਲੱਗਾ, "ਅੱਛਾ ਕੀਆ ਆਪ ਨੇ ਮੇਰੀ ਬਾਤ ਮਾਨ ਲੀ। ਏਕ ਲੜਕੇ ਕੋ ਫੋਰਸ ਵਾਲੋਂ ਨੇ ਮਾਰ ਦੀਆ ਹੈ। ਇਸ ਲੀਏ ਸ੍ਰੀਨਗਰ ਵਾਲਾ ਰਾਸਤਾ ਲੋਗੋਂ ਨੇ ਬੰਦ ਕਰ ਦੀਆ ਹੈ। ਆਜ ਆਪ ਸ੍ਰੀਨਗਰ ਪਹੁੰਚ ਹੀ ਨਹੀਂ ਸਕਤੇ ਥੇ। ਸੁਬ੍ਹਾ ਮੈਂ ਖ਼ੁਦ ਆਪ ਕੋ ਸ੍ਰੀਨਗਰ ਛੋੜ ਕੇ ਆਊਂਗਾ।" ਉਹਦੇ ਘਰ ਪਹੁੰਚ ਕੇ ਪਤਾ ਲੱਗਾ ਕਿ ਮਹਿਮਾਨ ਨਿਵਾਜ਼ੀ ਕੀ ਹੁੰਦੀ ਹੈ। ਸਾਰੇ ਪਰਿਵਾਰ ਨੇ ਖਿੜੇ ਮੱਥੇ ਸਵਾਗਤ ਕੀਤਾ। ਚਾਹ ਪਾਣੀ ਪੀ ਹੀ ਰਹੇ ਸੀ ਕਿ ਪਿੰਡ ਦੇ ਚਾਰ ਮੁਹਤਬਰ ਬੰਦੇ ਸਾਨੂੰ ਮਿਲਣ ਪਹੁੰਚ ਗਏ। ਉਹ ਜਾਣ ਹੀ ਲੱਗੇ ਸਨ ਕਿ ਪੰਜ ਹੋਰ ਮਿਲਣ ਲਈ ਆ ਗਏ। ਇਹ ਸਿਲਸਿਲਾ ਲੰਮਾ ਸਮਾਂ ਚਲਦਾ ਰਿਹਾ। ਲਗਭਗ ਸਾਰੇ ਪਿੰਡ ਨੇ ਉਨ੍ਹਾਂ ਦੇ ਘਰ ਪਹੁੰਚ ਕੇ ਸਾਡਾ ਸਵਾਗਤ ਕੀਤਾ।

ਉਨ੍ਹਾਂ ਦੇ ਘਰ ਦੇ ਸਾਹਮਣੇ ਛੋਟੀ ਜਿਹੀ ਨਦੀ ਵਗਦੀ ਹੈ। ਇਸ ਦਾ ਨਾਮ ਵਿਸ਼ੋ? ਜਾਂ ਵੀਸ਼ੋ? ਹੈ ਜੋ ਅੱਗੇ ਜਾ ਕੇ ਜਿਹਲਮ ਵਿੱਚ ਮਿਲ ਜਾਂਦੀ ਹੈ। ਕੁਝ-ਕੁਝ ਹਨੇਰਾ ਹੁੰਦੇ ਹੀ ਸਾਡਾ ਦੋਸਤ ਸਾਨੂੰ ਨਦੀ ਵੱਲ ਲੈ ਤੁਰਿਆ। ਨਦੀ ਦੀ ਛੋਟੀ ਧਾਰਾ ਪਾਰ ਕਰ ਕੇ ਅਸੀਂ ਕੁਝ ਵੱਡੀ ਧਾਰਾ ਦੇ ਕਿਨਾਰੇ ਆਪਣੀ ਕਾਰ ਲੈ ਗਏ। ਲਗਭਗ ਇੱਕ ਘੰਟਾ ਨਦੀ ਕਿਨਾਰੇ ਬਿਤਾਇਆ। ਪਹਾੜਾਂ ਦਾ ਸਾਫ਼ ਸੁਥਰਾ ਤੇ ਠੰਢਾ ਪਾਣੀ ਖ਼ੂਬ ਅਨੰਦ ਮਾਣਿਆ। ਮੇਰੇ ਇਕ ਦੋਸਤ ਦੇ ਪੁੱਛਣ 'ਤੇ ਕਸ਼ਮੀਰੀ ਦੋਸਤ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡਾਂ ਵਿੱਚ ਸ਼ਰਾਬ ਨੂੰ ਬਹੁਤ ਮਾੜਾ ਸਮਝਿਆ ਜਾਂਦਾ ਹੈ। ਸ਼ਰਾਬ ਪੀਣ ਵਾਲੇ ਨੂੰ ਪਿੰਡ ਦੇ ਲੋਕ ਮੁਆਫ਼ ਨਹੀਂ ਕਰਦੇ।

ਘਰ ਪਹੁੰਚੇ ਤਾਂ ਬੈਠਕ ਵਿੱਚ ਦਸਤਰਖਾਨ ਲੱਗ ਚੁੱਕਾ ਸੀ। ਕਸ਼ਮੀਰੀ ਘਰਾਂ ਦੀਆਂ ਬੈਠਕ ਵਿੱਚ ਸੋਫ਼ੇ, ਕੁਰਸੀਆਂ ਜਾਂ ਖਾਣੇ ਵਾਲਾ ਮੇਜ਼ ਆਦਿ ਨਹੀਂ ਹੁੰਦਾ; ਸਾਰੇ ਕਮਰੇ ਵਿੱਚ ਮਹਿੰਗਾ ਗਲੀਚਾ ਵਿਛਾਇਆ ਹੁੰਦਾ ਤੇ ਉਸ ਉੱਪਰ ਗੱਦੀਆਂ ਤੇ ਗੋਲ ਸਿਰਹਾਣੇ ਰੱਖੇ ਹੁੰਦੇ। ਇਸ ਉੱਪਰ ਖਾਣਾ ਖਾਣ ਲਈ ਵਿਸ਼ੇਸ਼ ਕਿਸਮ ਦਾ ਛੋਟਾ ਗਲੀਚਾ ਵਿਛਾਇਆ ਜਾਂਦਾ ਹੈ ਜਿਸ ਨੂੰ ਦਸਤਰਖਾਨ ਕਹਿੰਦੇ ਹਨ। ਖਾਣਾ ਖਾਣ ਤੋਂ ਪਹਿਲਾਂ ਜਦੋਂ ਅਸੀਂ ਹੱਥ ਧੋਣ ਲਈ ਉੱਠਣ ਲੱਗੇ ਤਾਂ ਉਨ੍ਹਾਂ ਉੱਠਣ ਨਹੀਂ ਦਿੱਤਾ, ਬੈਠਿਆਂ ਦੇ ਹੀ ਹੱਥ ਧੁਆਏ ਗਏ। ਪੰਜ ਕਿਸਮ ਦਾ ਮੀਟ ਅਤੇ ਦੋ ਸਬਜ਼ੀਆਂ ਲੈ ਕੇ ਸਾਰਾ ਪਰਿਵਾਰ ਸਾਡੇ ਸਾਹਮਣੇ ਖੜ੍ਹਾ ਹੋ ਗਿਆ। ਅਸੀਂ ਕਿਹਾ, "ਤੁਸੀਂ ਵੀ ਸਾਡੇ ਨਾਲ ਖਾਣਾ ਖਾਵੋ।" ਉਨ੍ਹਾਂ ਕਿਹਾ, "ਕਸ਼ਮੀਰ ਵਿੱਚ ਮਹਿਮਾਨਾਂ ਨਾਲ ਖਾਣਾ, ਮਹਿਮਾਨ ਦੀ ਤੌਹੀਨ ਹੈ। ਪਹਿਲਾਂ ਤੁਸੀਂ ਖਾਵੋ, ਅਸੀਂ ਬਾਅਦ ਵਿੱਚ ਖਾ ਲਵਾਂਗੇ।" ਜ਼ਿਆਦਾ ਜ਼ੋਰ ਦੇਣ 'ਤੇ ਸਾਡਾ ਦੋਸਤ ਸਾਡੇ ਨਾਲ ਬੈਠ ਗਿਆ।

ਅਗਲੇ ਦਿਨ ਸਵੇਰੇ ਸਾਡੇ ਮਨ੍ਹਾ ਕਰਨ ਦੇ ਬਾਵਜੂਦ ਸਾਡਾ ਦੋਸਤ ਸਾਨੂੰ ਸ੍ਰੀਨਗਰ ਛੱਡ ਕੇ ਆਇਆ।

ਦੁਨੀਆ ਵਿੱਚ ਚੰਗੀਆਂ ਮੰਦੀਆਂ ਘਟਨਾਵਾਂ ਹਮੇਸ਼ਾ ਹੁੰਦੀਆਂ ਰਹਿੰਦੀਆਂ ਨੇ। ਸਮੇਂ ਨਾਲ ਇਨ੍ਹਾਂ ਘਟਨਾਵਾਂ ਨੂੰ ਭੁਲਾ ਵੀ ਦਿੱਤਾ ਜਾਂਦਾ ਹੈ। ਘਟਨਾਵਾਂ ਤੋਂ ਬਾਅਦ ਮਨੁੱਖ ਹਮੇਸ਼ਾ ਭਾਵੁਕ ਹੋ ਕੇ ਫ਼ੈਸਲੇ ਕਰਦਾ ਹੈ। ਇਸੇ ਕਾਰਨ ਲੋਕਾਂ ਨੇ ਕਸ਼ਮੀਰ ਵੱਲੋਂ ਮੂੰਹ ਮੋੜ ਲਿਆ ਹੈ ਅਤੇ ਕਸ਼ਮੀਰੀ ਵਿਦਿਆਰਥੀਆਂ ਨੂੰ ਪ੍ਰੇਸ਼ਾਨ ਕਰਨ ਦੀਆਂ ਘਟਨਾਵਾਂ ਵੀ ਵਾਪਰੀਆਂ ਹਨ। ਕਸ਼ਮੀਰੀ ਵਿਦਿਆਰਥੀਆਂ ਨੂੰ ਤੰਗ ਕਰਨ ਵਾਲਿਆਂ ਨੂੰ ਆਪਣਾ ਇਲਾਜ ਕਿਸੇ ਚੰਗੇ ਮਨੋਰੋਗ ਡਾਕਟਰ ਕੋਲੋਂ ਕਰਵਾਉਣਾ ਚਾਹੀਦਾ ਹੈ।

ਸਰਕਾਰ ਨੂੰ ਵੀ ਚਾਹੀਦਾ ਹੈ ਕਿ ਜਿਸ ਸਥਾਨ ਉੱਪਰ ਘੁੰਮਣ ਵਾਲੇ ਲੋਕ ਜਾਂਦੇ ਹਨ, ਉਸ ਜਗ੍ਹਾ ਉੱਪਰ ਸੁਰੱਖਿਆ ਦਾ ਇੰਤਜ਼ਾਮ ਕੀਤੀ ਜਾਵੇ। ਜੇ ਮਿੰਨੀ ਸਵਿਟਜ਼ਰਲੈਂਡ ਵਿੱਚ ਸੁਰੱਖਿਆ ਦਾ ਇੰਤਜ਼ਾਮ ਹੁੰਦਾ ਤਾਂ ਅਜਿਹਾ ਕੁਝ ਨਹੀਂ ਵਾਪਰਨਾ ਸੀ। ਸਾਨੂੰ ਆਪਣੀਆਂ ਗ਼ਲਤੀਆਂ ਤੋਂ ਸਿੱਖਣ ਦੀ ਜ਼ਰੂਰਤ ਹੈ। ਸਿਰਫ਼ ਫਿਲਮੀ ਡਾਇਲਾਗ ਬੋਲਣ ਨਾਲ ਗੱਲ ਨਹੀਂ ਬਣਨੀ। ਟੀਵੀ ਚੈਨਲਾਂ ਉੱਪਰ ਚੀਕ-ਚੀਕ ਕੇ ਭੜਕਾਊ ਭਾਸ਼ਣ ਦੇਣ ਵਾਲੇ ਪੱਤਰਕਾਰਾਂ ਨੂੰ ਵੀ ਅਕਲ ਤੋਂ ਕੰਮ ਲੈਣਾ ਚਾਹੀਦਾ ਹੈ।

ਇਹ ਸ਼ਾਇਦ ਪਹਿਲੀ ਘਟਨਾ ਹੈ ਜਦੋਂ ਕਸ਼ਮੀਰ ਵਿੱਚ ਘੁੰਮਣ ਆਏ ਮਹਿਮਾਨਾਂ ਉੱਪਰ ਹਮਲਾ ਹੋਇਆ ਹੋਵੇ। ਇਹ ਵੀ ਪਹਿਲੀ ਵਾਰ ਹੋਇਆ ਹੈ ਕਿ ਕਸ਼ਮੀਰੀਆਂ ਨੇ ਕਿਸੇ ਅਤਿਵਾਦੀ ਹਮਲੇ ਬਾਅਦ ਬਾਜ਼ਾਰ ਬੰਦ ਕੀਤੇ ਹਨ ਅਤੇ ਮਸਜਿਦ ਵਿੱਚੋਂ ਐਲਾਨ ਕਰ ਕੇ ਇਸ ਹਮਲੇ ਦੀ ਨਿੰਦਾ ਕੀਤੀ ਹੈ। ਪਹਿਲਗਾਮ ਹਮਲੇ ਦੀ ਸਾਜ਼ਿਸ਼ ਨੂੰ ਨਾਕਾਮ ਕਰਨ ਲਈ ਸਾਨੂੰ ਜੰਨਤ ਵਰਗੇ ਕਸ਼ਮੀਰ ਵਿੱਚ ਘੁੰਮਣ ਜ਼ਰੂਰ ਜਾਣਾ ਚਾਹੀਦਾ ਹੈ।

# ਪੰਜਾਬ ਦੇ ਸਰਹੱਦੀ ਖੇਤਰਾਂ 'ਚ ਮਿਲ ਰਹੇ ਹਥਿਆਰ, ਚੌਕਸੀ 'ਚ ਹੋਰ ਤੇਜ਼ੀ ਲਿਆਉਣ ਦੀ ਲੋੜ

22 ਅਪ੍ਰੈਲ, 2025 ਨੂੰ ਦੱਖਣੀ ਕਸ਼ਮੀਰ 'ਚ ਪਹਿਲਗਾਮ ਦੀ ਬੈਸਰਨ ਵਾਦੀ 'ਚ ਪਾਕਿਸਤਾਨ ਦੇ ਪਾਲੇ ਹੋਏ ਅੱਤਵਾਦੀਆਂ ਵਲੋਂ ਇਥੇ ਘੁੰਮਣ ਆਏ 26 ਨਿਰਦੋਸ਼ ਲੋਕਾਂ ਦੀ ਕਾਇਰਤਾ ਭਰੀ ਹੱਤਿਆ ਦੇ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਸਿਖਰ 'ਤੇ ਪਹੁੰਚਿਆ ਹੋਇਆ ਹੈ ਅਤੇ ਇਸ ਨੂੰ ਲੈ ਕੇ ਪੂਰਾ ਭਾਰਤ ਅਲਰਟ 'ਤੇ ਹੈ।

ਦੂਜੇ ਪਾਸੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ. ਐੱਸ. ਆਈ. ਵਲੋਂ ਲੰਬੇ ਸਮੇਂ ਤੋਂ ਲਗਾਤਾਰ ਪੰਜਾਬ ਦੇ ਸਰਹੱਦੀ ਖੇਤਰਾਂ 'ਚ ਆਪਣੇ ਪਾਲੇ ਹੋਏ ਗੁਰਗਿਆਂ ਅਤੇ ਅੱਤਵਾਦੀਆਂ ਨੂੰ ਹਥਿਆਰਾਂ ਅਤੇ ਧਮਾਕਾਖੇਜ਼ ਪਦਾਰਥਾਂ ਦੀ ਸਮੱਗਲਿੰਗ ਕਰਵਾ ਕੇ ਇਸ ਸਰਹੱਦੀ ਰਾਜ 'ਚ ਤਬਾਹੀ ਮਚਾਉਣ ਦਾ ਲਗਾਤਾਰ ਯਤਨ ਕੀਤਾ ਜਾ ਰਿਹਾ ਹੈ ਜਿਸ ਦੀਆਂ ਇਸ ਸਾਲ ਦੇ ਪਿਛਲੇ 2 ਮਹੀਨਿਆਂ ਦੀਆਂ ਉਦਾਹਰਣਾਂ ਹੇਠਾਂ ਦਰਜ ਹਨ :

28 ਫਰਵਰੀ ਨੂੰ ਬੀ. ਐੱਸ. ਐੱਫ. ਨੇ ਫਿਰੋਜ਼ਪੁਰ ਜ਼ਿਲੇ ਦੇ 'ਟਿੰਡੀਵਾਲਾ' ਪਿੰਡ 'ਚ ਇਕ ਖੇਤ 'ਚ ਸੁੱਟੀ ਗਈ ਵਿਦੇਸ਼ੀ 'ਗਲੌਕ' ਪਿਸਤੌਲ ਬਰਾਮਦ ਕੀਤੀ।

8-9 ਅਪ੍ਰੈਲ ਦੀ ਦਰਮਿਆਨੀ ਰਾਤ ਨੂੰ 'ਗੁਰਦਾਸਪੁਰ' ਵਿਚ ਪਾਕਿਸਤਾਨ ਦੀ ਸਰਹੱਦ ਨਾਲ ਲੱਗਦੀ 'ਚੌਤਾ' ਬੀ. ਓ. ਪੀ. ਦੇ ਨੇੜੇ ਭਾਰਤ-ਪਾਕਿ ਕੌਮਾਂਤਰੀ ਸਰਹੱਦ 'ਤੇ ਲੱਗੀ ਵਾੜ ਦੇ ਨਾਲ ਗਸ਼ਤ ਦੌਰਾਨ ਖੇਤਾਂ 'ਚ ਤਾਰਾਂ ਦਾ ਇਕ ਜਾਲ ਮਿਲਿਆ ਜਿਥੇ ਕਈ ਧਮਾਕਾਖੇਜ਼ ਪਦਾਰਥ ਲੁਕੋਏ ਗਏ ਸਨ।

ਬੀ. ਐੱਸ. ਐੱਫ. ਦੇ ਜਵਾਨ ਇਨ੍ਹਾਂ ਨੂੰ ਹਟਾਉਣ ਦੀ ਕੋਸ਼ਿਸ਼ ਕਰ ਰਹੇ ਸਨ ਕਿ ਇਕ ਧਮਾਕਾਖੇਜ਼ ਪਦਾਰਥ 'ਚ ਧਮਾਕਾ ਹੋ ਜਾਣ ਨਾਲ ਇਕ ਜਵਾਨ ਗੰਭੀਰ ਰੂਪ 'ਚ ਜ਼ਖਮੀ ਹੋ ਗਿਆ। ਇਸ ਦੇ ਬਾਵਜੂਦ ਜਵਾਨਾਂ ਨੇ ਹਿੰਮਤ ਨਹੀਂ ਹਾਰੀ ਅਤੇ ਇਲਾਕੇ ਨੂੰ ਸੁਰੱਖਿਅਤ ਕਰਨ 'ਚ ਜੁਟ ਗਏ ਅਤੇ ਉਨ੍ਹਾਂ ਦੀ ਹਿੰਮਤ ਨਾਲ ਇਕ ਵੱਡੀ ਦੁਰਘਟਨਾ ਟਲ ਗਈ। ਵਰਣਨਯੋਗ ਹੈ ਕਿ ਇਸ ਮੋਹਰੀ ਮੋਰਚੇ 'ਤੇ ਆਈ. ਈ. ਡੀ. ਦੀ ਵਰਤੋਂ ਦਾ ਇਹ ਪਹਿਲਾ ਮਾਮਲਾ ਹੈ।

21 ਅਪ੍ਰੈਲ ਨੂੰ ਬੀ. ਐੱਸ. ਐੱਫ. ਨੇ ਅੰਮ੍ਰਿਤਸਰ ਦੇ ਸਰਹੱਦੀ ਪਿੰਡ 'ਬੱਲੜਵਾਲ' ਦੇ ਨੇੜੇ ਡੇਢ ਕਿਲੋ ਆਰ. ਡੀ. ਐਕਸ., ਦੋ ਵਿਦੇਸ਼ੀ ਪਿਸਤੌਲ, 4 ਮੈਗਜ਼ੀਨ, 50 ਜ਼ਿੰਦਾ ਰਾਊਂਡ, 2 ਹੈਂਡ ਗ੍ਰੇਨੇਡ, ਆਈ. ਈ. ਡੀ. ਤਿਆਰ ਕਰਨ ਵਾਲੇ ਬਾਕਸ ਅਤੇ ਹੋਰ ਸਾਮਾਨ, 2 ਡੈਟੋਨੇਟਰ ਅਤੇ 40 ਕਰੋੜ ਰੁਪਏ ਦੀ ਸਾਢੇ 7 ਕਿਲੋ ਤੋਂ ਵੱਧ ਹੈਰੋਇਨ ਬਰਾਮਦ ਕੀਤੀ।

ਦੱਸਿਆ ਜਾਂਦਾ ਹੈ ਕਿ ਉਕਤ ਹਥਿਆਰਾਂ ਦੀ ਵਰਤੋਂ ਅੰਮ੍ਰਿਤਸਰ ਸਮੇਤ ਪੰਜਾਬ ਦੇ ਹੋਰਨਾਂ ਜ਼ਿਲਿਆਂ 'ਚ ਧਮਾਕੇ ਕਰਨ ਲਈ ਕੀਤੀ ਜਾਣੀ ਸੀ।

25 ਅਪ੍ਰੈਲ ਨੂੰ ਅੰਮ੍ਰਿਤਸਰ ਦੇ ਨੇੜੇ ਭਾਰਤ-ਪਾਕਿ ਸਰਹੱਦ 'ਤੇ ਸਥਿਤ 'ਚਕਵਾਲਾ' ਦੇ ਇਕ ਖੇਤ 'ਚ ਸੁਰੱਖਿਆ ਬਲਾਂ ਵਲੋਂ ਤਲਾਸ਼ੀ ਦੌਰਾਨ ਸਰਹੱਦ ਪਾਰੋਂ ਡਰੋਨ ਰਾਹੀਂ ਭੇਜਿਆ ਗਿਆ ਸਾਢੇ 4 ਕਿਲੋ ਆਰ. ਡੀ. ਐਕਸ., 5 ਹੈਂਡ ਗ੍ਰੇਨੇਡ, 6 ਡੈਟੋਨੇਟਰ, 5 ਪਿਸਤੌਲ, 8 ਮੈਗਜ਼ੀਨ, 220 ਜ਼ਿੰਦਾ ਰਾਊਂਡ, 2 ਬੈਟਰੀਆਂ ਅਤੇ ਰਿਮੋਟ ਮਿਲੇ।

30 ਅਪ੍ਰੈਲ ਨੂੰ ਬੀ. ਐੱਸ. ਐੱਫ. ਅਤੇ ਪੰਜਾਬ ਪੁਲਸ ਨੇ ਤਰਨਤਾਰਨ ਜ਼ਿਲੇ ਦੇ 'ਵਾਂ' ਪਿੰਡ ਦੇ ਨੇੜੇ ਇਕ ਖੇਤ 'ਚੋਂ ਇਕ ਪਿਸਤੌਲ, ਇਕ ਮੈਗਜ਼ੀਨ ਅਤੇ 3 ਜ਼ਿੰਦਾ ਕਾਰਤੂਸ ਬਰਾਮਦ ਕੀਤੇ।

ਇਨ੍ਹਾਂ ਹਥਿਆਰਾਂ ਅਤੇ ਗੋਲਾ-ਬਾਰੂਦ ਨੂੰ ਪੀਲੇ ਰੰਗ ਦੀ ਚਿਪਕਣ ਵਾਲੀ ਟੇਪ 'ਚ ਲਪੇਟਿਆ ਗਿਆ ਸੀ। ਇਸ ਦੇ ਨਾਲ ਇਕ ਨਾਈਲੋਨ ਦੀ ਰੱਸੀ ਅਤੇ 2 ਰੌਸ਼ਨੀ ਵਾਲੀਆਂ ਛੜਾਂ ਵੀ ਸਨ ਜਿਨ੍ਹਾਂ ਤੋਂ ਸੰਕੇਤ ਮਿਲਦਾ ਹੈ ਕਿ ਇਹ ਸਾਮਾਨ ਸ਼ਾਇਦ ਸਰਹੱਦ ਪਾਰੋਂ ਸਮੱਗਲਿੰਗ ਕਰ ਕੇ ਲਿਆਂਦਾ ਗਿਆ ਸੀ।

30 ਅਪ੍ਰੈਲ, 2025 ਨੂੰ ਹੀ ਬੀ. ਐੱਸ. ਐੱਫ. ਨੇ ਫਿਰੋਜ਼ਪੁਰ 'ਚ ਭਾਰਤ-ਪਾਕਿ ਸਰਹੱਦ ਦੇ ਨੇੜੇ ਪਿੰਡ ਗੱਟੀ ਰਾਜੋਕੇ ਦੇ ਖੇਤਾਂ 'ਚੋਂ ਪੀਲੇ ਰੰਗ ਦੀ ਟੇਪ 'ਚ ਲਪੇਟੀ ਹੋਈ ਇਕ ਪਿਸਤੌਲ ਅਤੇ 6 ਮੈਗਜ਼ੀਨ ਬਰਾਮਦ ਕੀਤੇ।

ਅਤੇ ਹੁਣ 1 ਮਈ, 2025 ਨੂੰ ਬੀ. ਐੱਸ. ਐੱਫ. ਅੰਮ੍ਰਿਤਸਰ ਦੀ ਟੀਮ ਨੇ ਸਰਹੱਦੀ ਪਿੰਡ 'ਬੈਰੋਪਾਲ' ਦੇ ਇਕ ਇਲਾਕੇ 'ਚ ਡਰੋਨ ਜ਼ਰੀਏ ਸੁੱਟੀ ਗਈ ਨਾਜਾਇਜ਼ ਹਥਿਆਰਾਂ ਦੀ ਇਕ ਖੇਪ 'ਚੋਂ 2 ਹੈਂਡ ਗ੍ਰੇਨੇਡ, 6 ਮੈਗਜ਼ੀਨਾਂ ਅਤੇ 50 ਜ਼ਿੰਦਾ ਕਾਰਤੂਸਾਂ ਦੇ ਨਾਲ 3 ਪਿਸਤੌਲਾਂ ਬਰਾਮਦ ਕੀਤੀਆਂ।

ਬੀ. ਐੱਸ. ਐੱਫ. ਦੇ ਇਕ ਅਧਿਕਾਰੀ ਦਾ ਕਹਿਣਾ ਹੈ ਕਿ ਪੰਜਾਬ ਪੁਲਸ ਦੇ ਨਾਲ ਤਾਲਮੇਲ ਨਾਲ ਕੀਤੀ ਗਈ ਇਸ ਸੰਯੁਕਤ ਕਾਰਵਾਈ ਨਾਲ ਕਿਸੇ ਸੰਭਾਵਿਤ ਵੱਡੀ ਅੱਤਵਾਦੀ ਘਟਨਾ ਨੂੰ ਰੋਕਿਆ ਗਿਆ ਹੈ।

ਆਈ. ਐੱਸ. ਆਈ. ਦੀ ਸਹਾਇਤਾ ਨਾਲ ਵੱਖ-ਵੱਖ ਅੱਤਵਾਦੀ ਸੰਗਠਨ ਲਗਾਤਾਰ ਪੰਜਾਬ 'ਚ ਅਸਥਿਰਤਾ ਪੈਦਾ ਕਰਨ ਦੀਆਂ ਕੋਸ਼ਿਸ਼ਾਂ 'ਚ ਜੁਟੇ ਹੋਏ ਹਨ। ਇਹ ਸਭ ਬਰਾਮਦਗੀਆਂ ਬੀ. ਐੱਸ. ਐੱਫ. ਅਤੇ ਪੰਜਾਬ ਪੁਲਸ ਦੀ ਚੌਕਸੀ ਅਤੇ ਤਾਲਮੇਲ ਦੇ ਨਾਲ ਕੰਮ ਕਰਨ ਦਾ ਨਤੀਜਾ ਹੈ ਪਰ ਸਰਹੱਦੀ ਖੇਤਰਾਂ 'ਚ ਚੌਕਸੀ 'ਚ ਹੋਰ ਤੇਜ਼ੀ ਲਿਆਉਣ ਦੀ ਤੁਰੰਤ ਲੋੜ ਹੈ ਕਿਉਂਕਿ ਇਸ 'ਚ ਥੋੜ੍ਹਾ ਜਿਹਾ ਖੁੰਝਣਾ ਵੀ ਬੜਾ ਮਹਿੰਗਾ ਪੈ ਸਕਦਾ ਹੈ।

# ਡਾਕਟਰ ਭਗਵਾਨ- ਰੋਗੀ ਪ੍ਰੇਸ਼ਾਨ : ਰਾਸ਼ਟਰੀ ਚਿਕਿਤਸਕ ਦਿਵਸ 2025

*''ਰਾਸ਼ਟਰੀ ਚਿਕਿਤਸਕ ਦਿਵਸ ਸਾਲ 2025 ਦਾ ਥੀਮ ਹੈ- ''ਫਾਈਟ ਫਾਰ ਕੇਅਰ'' ਯਾਨਿ ਰੋਗੀਆਂ ਦੀ ਦਿਲੋਂ-ਜਾਨ ਨਾਲ ਦੇਖਭਾਲ। ਡਾਕਟਰ ਅਤੇ ਉਨਾਂ ਦੀ ਟੀਮ ਦਾ ਇੱਕੋ ਹੀ ਮਕਸਦ ਹੈ ਹਰ ਕੋਸ਼ਿਸ਼ ਦੁਆਰਾ ਰੋਗੀ ਨੂੰ ਦੇਖਭਾਲ ਨਾਲ ਬਚਾਉਣਾ- ਡਾ. ਅਨਿਲ ਧੀਰ, ਕਾਲਮਨਿਸਟ, ਲੇਖਕ 'ਸੇਲਫ-ਕੇਅਰ ਟਿਪਸ ਐਨਸਾਈਕਲੋਪੀਡੀਆ', ਹੈਲਥ ਐਜੂਕੇਟਰ ਅਵਾਰਡ ਵਿਜੇਤਾ, ਸੋਸ਼ਲ ਐਕਟੀਵਿਸਟ.*

ਰੋਗੀ ਦੀ ਪ੍ਰਾਪਰ ਕੇਅਰ ਲਈ ਰਾਸ਼ਟਰੀ ਪੱਧਰ 'ਤੇ ਚਿਕਿਤਸਕ ਦਿਵਸ 2025 ਸੇਲੀਬਰੇਟ ਕੀਤਾ ਗਿਆ। ਰਾਸ਼ਟਰੀ ਚਿਕਿਤਸਕ ਦਿਵਸ ਸਾਲ 2025 ਦਾ ਥੀਮ ਹੈ- "ਫਾਈਟ ਫਾਰ ਕੇਅਰ" ਅੰਤਰਰਾਸ਼ਟਰੀ ਪੱਧਰ 'ਤੇ ਡਾਕਟਰ ਪੂਰੀ ਮਿਹਨਤ ਨਾਲ ਆਪਣੀ ਟੀਮ ਦੇ ਸਹਿਯੋਗ ਨਾਲ ਰੋਗੀ ਨੂੰ ਹੈਲਦੀ ਲਾਈਫ ਜਿਉਣ 'ਚ ਮਦਦ ਕਰ ਰਹੇ ਹਨ। ਵਿਸ਼ਵ ਭਰ 'ਚ ਨਰਸਾਂ, ਸਪੋਰਟ ਵਰਕਰ, ਲੈਬ ਤਕਨੀਸ਼ੀਅਨ, ਫਾਰਮਾਸਿਸਟ ਅਤੇ ਬਾਕੀ ਖੇਤਰਾਂ ਦੇ ਮਾਹਿਰ ਰੋਗੀਆਂ ਨੂੰ ਤੰਦਰੁਸਤ ਰੱਖਣ 'ਚ ਆਪਣਾ-ਆਪਣਾ ਕੰਮ ਕਰ ਰਹੇ ਹਨ। ਵਿਸ਼ਵ ਜਨਤਕ ਸਿਹਤ-ਪ੍ਰਣਾਲੀ ਅਧੀਨ ਕੰਮ ਕਰ ਰਹੀ ਹਰ ਟੀਮ ਨੂੰ ਆਪਣੀ ਹੈਲਥ ਨੂੰ ਇੱਕ ਪਾਸੇ ਰੱਖ ਕੇ ਵਾਧੂ ਸਟ੍ਰੈੱਸ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਡਾਕਟਰ ਅਤੇ ਮੈਡੀਕਲ ਸਿਖਿਆਰਥੀ ਆਮ ਤੌਰ 'ਤੇ ਮਰੀਜ਼ਾਂ ਨੂੰ ਪਹਿਲ ਦਿੰਦੇ ਹਨ, ਭਾਵੇਂ ਕਿ ਪ੍ਰਸ਼ਾਸਨਿਕ ਬੋਝ ਵੱਧ ਰਿਹਾ ਹੈ, ਸਟਾਫ ਦੀ ਕਮੀ, ਕੁੱਝ ਮਾਮਲਿਆਂ 'ਚ ਪ੍ਰੇਸ਼ਾਨੀ, ਧੱਕੇਸ਼ਾਹੀ ਅਤੇ ਕੰਮ 'ਤੇ ਨਸਲਵਾਦ ਵੀ ਦੇਖਿਆ ਜਾ ਰਿਹਾ ਹੈ। ਅੱਜ ਜਨਤਕ ਸਿਹਤ-ਪ੍ਰਣਾਲੀ ਸਾਹਮਣੇ ਬੇਸ਼ੁਮਾਰ ਚੁਣੌਤੀਆਂ ਵੀ ਹਨ।

ਸੱਭਿਆਚਾਰਕ ਸੁਰੱਖਿਆ ਅਤੇ ਸਿਹਤ-ਪ੍ਰਣਾਲੀ 'ਚ ਅੰਦਰੂਨੀ ਸ਼ਕਤੀ ਅਸੰਤੁਲਨ, ਨਸਲਵਾਦ ਅਤੇ ਵਿਤਕਰੇ ਨੂੰ ਹੱਲ ਕਰਨ ਦੀ ਕੋਸ਼ਿਸ਼ ਹੋਣੀ



ਅਨਿਲ ਧੀਰ
ਕਾਲਮਨਿਸਟ
healthmedia1@hotmail.com

ਚਾਹੀਦੀ ਹੈ। ਸਰੀਰਕ ਸੁਰੱਖਿਆ ਵੱਜੋਂ ਮੈਡੀਕਲ ਟੀਮ ਨੂੰ ਵੀ ਕਦੇ-ਕਦੇ ਸੱਟ 'ਤੇ ਬਿਮਾਰੀ ਦੀ ਪਛਾਣ ਦੌਰਾਣ ਸਾਹਮਣੇ ਵਾਲੇ ਤੋਂ ਖਤਰਾ ਮਹਿਸੂਸ ਹੁੰਦਾ ਹੈ। ਕਈ ਕਾਰਨਾਂ ਦੌਰਾਨ ਮਾਨਸਿਕ ਅਸੁਰੱਖਿਆ ਵੀ ਦੇਖਣ ਨੂੰ ਮਿਲ ਸਕਦੀ ਹੈ।

**ਰੋਗੀ ਕਿਉਂ ਹਨ ਪ੍ਰੇਸ਼ਾਨ ?:**

- ਕਹਾਵਤ ਸਹੀ ਸੀ ਕਿ ਡਾਕਟਰ ਰੱਬ ਦਾ ਰੂਪ ਹੁੰਦੇ ਹਨ। ਲੇਕਿਨ ਅੱਜ ਇਹ ਪਰਿਭਾਸ਼ਾ ਬਦਲ ਚੁੱਕੀ ਹੈ। ਡਾਕਟਰੀ ਕਿੱਤਾ ਕਮਰਸ਼ੀਅਲ ਹੋ ਚੁੱਕਾ ਹੈ। ਸੁਣਿਆ ਗਿਆ ਹੈ ਕਿ ਦਵਾਈਆਂ ਦੇ ਵਪਾਰੀ ਯਾਨਿ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਆਪਣੀ ਦਵਾਈ ਬੇਚਣ ਲਈ ਸਰਕਾਰੀ ਗੈਰ-ਸਰਕਾਰੀ ਡਾਕਟਰਾਂ ਨੂੰ ਪ੍ਰਮੋਸ਼ਨਲ ਡਿਸਕਾਉਂਟ 'ਚ ਕਈ ਬਾਰ ਲਗਜ਼ਰੀ ਕਾਰਾਂ, ਡਾਇਮੰਡ, ਗੋਲਡ ਦੇ ਮਹਿੰਗੇ ਗਿਫਟ ਅਤੇ ਅੰਤਰਰਾਸ਼ਟਰੀ ਵੇਕੇਸ਼ਨ ਟਰਿੱਪ ਵੀ ਦਿੰਦੇ ਹਨ। ਲਾਲਚ 'ਚ ਕੁੱਝ ਮੇਡੀਕਲ ਟੀਮ ਦੇ ਲੋਕ ਅੱਖਾਂ ਬੰਦ ਕਰ ਕੇ ਬੇਲੋੜ ਰੋਗੀਆਂ ਨੂੰ ਵੀ ਦਵਾਈਆਂ ਲਿਖਦੇ ਅਤੇ ਬੇਚਦੇ ਹਨ।



- ਕਿਸੇ ਸਮੇਂ ਇਹ ਸੁਣਿਆ ਜਾਂਦਾ ਸੀ ਕਿ ਵਿਦੇਸ਼ਾਂ 'ਚ ਇਲਾਜ ਬੜਾ ਵਧੀਆ ਹੁੰਦਾ ਹੈ। ਗੱਲ ਹੈ ਵੀ ਸਹੀ ਜਿੱਥੇ ਨਵੀਂ ਤਕਨਾਲੋਜੀ ਉੱਥੇ ਕੁੱਝ ਵੀ ਮੁਮਕਿਨ ਹੈ। ਲੇਕਿਨ ਇਹ ਗੱਲ ਵੀ ਹੁਣ ਫਿੱਕੀ ਦਿਸ ਰਹੀ ਹੈ। ਮੇਰੇ ਕਰੀਬੀ ਜਿਨ੍ਹਾਂ ਨੂੰ ਕੋਵਿਡ ਵੈਕਸੀਨ ਦੇ ਰੀਐਕਸ਼ਨ ਤੋਂ ਬਾਅਦ ਚਮੜੀ ਦੀ ਸਮੱਸਿਆ ਸ਼ੁਰੂ ਹੋ ਗਈ। ਕਈ ਮਹੀਨੇ ਫੈਮਿਲੀ ਡਾਕਟਰ ਦਾ ਇਲਾਜ ਪਰ ਕੋਈ ਫਾਇਦਾ ਨਹੀਂ ਹੋਇਆ। ਦਵਾਈਆਂ ਬਦਲਣ ਅਤੇ ਕਈ ਟੈਸਟਾਂ ਤੋਂ ਬਾਅਦ ਵੀ ਸਮੱਸਿਆ ਉੱਥੇ ਦੀ ਓੱਥੇ। ਵੱਡੇ ਹਸਪਤਾਲਾਂ ਦੀਆਂ ਦਵਾਈਆਂ ਅਤੇ ਕਈ ਦਰਦ ਦੇਣ ਵਾਲੇ ਟੈਸਟਾਂ ਤੋਂ ਬਾਅਦ ਮਾਹਿਰਾਂ ਨੇ ਇਹ ਕਹਿ ਕੇ ਆਪਣਾ ਪਿੱਛਾ ਛੁਡਾ ਲਿਆ ਕਿ ਇਹ ਸਟ੍ਰੈੱਸ ਕਾਰਨ ਹੈ। ਹਰ ਮਾਹਿਰ ਦਾ ਅਲੱਗ ਹੀ ਜਵਾਬ ਮਿਲਿਆ।
- ਸਪੈਸ਼ਲਿਸਟ ਦੀ ਅਪੁਆਇੰਟਮੈਂਟ ਲਈ ਕਈ ਮਹੀਨੇ ਇੰਤਜ਼ਾਰ ਅਤੇ ਜੇ ਕੋਈ ਸਰਜਰੀ ਹੈ ਤਾਂ ਸਾਲ ਤੋਂ ਉੱਪਰ ਵੀ ਲੱਗ ਜਾਂਦਾ ਹੈ।
- ਕਈ ਹਸਪਤਾਲਾਂ ਦੀ ਰੈਪੂਟੀਸ਼ਨ ਚੰਗੀ ਨਾ ਹੋਣ ਕਰਕੇ ਸਰਜਰੀ ਕਰਾਉਣ ਲਈ ਰੋਗੀ ਵੀ ਇੱਕ ਡਰ ਮਹਿਸੂਸ ਕਰਦੇ ਹਨ ਜਦ ਕਈ ਫੈਮਿਲੀ ਡਾਕਟਰ ਉੱਥੇ ਰਿਕਮੈਂਡ ਕਰਦੇ ਹਨ।
- ਐਮਰਜੈਂਸੀ 'ਚ ਘੱਟ ਤੋਂ ਘੱਟ 7-8 ਘੰਟੇ ਦਾ ਇੰਤਜ਼ਾਰ ਹੁੰਦਾ ਹੈ। ਫਿਰ ਕਿਹਾ ਜਾਂਦਾ ਹੈ ਕਿ ਵਿਦੇਸ਼ਾਂ 'ਚ ਇਲਾਜ ਬੜਾ ਵਧੀਆ ਹੈ। ਕਈ ਬਾਰ ਫੈਮਿਲੀ ਡਾਕਟਰ ਵੀ ਕੋਈ ਮਰੀਜ਼ ਨਾ ਹੋਣ ਦੇ ਬਾਵਜੂਦ 40 ਤੋਂ 50 ਮਿੰਟ ਇੰਤਜ਼ਾਰ ਕਰਵਾ ਦਿੰਦਾ ਹੈ। ਇਹ ਆਮ ਗੱਲ ਹੋ ਗਈ ਹੈ।
- ਸ਼ੁਣਨ 'ਚ ਅਇਆ ਹੈ ਕਿ ਅਗਰ ਕਿਸੇ ਦਵਾਈ ਜਾਂ ਇੰਜੈਕਸ਼ਨ ਦਾ ਰੀਐਕਸ਼ਨ ਹੋ ਜਾਵੇ ਤਾਂ ਡਾਕਟਰਾਂ ਨੂੰ ਇੰਸ਼ੋਰੈਂਸ ਕੰਪਨੀਆਂ ਅਤੇ ਕੁਝ ਪ੍ਰੋਫੈਸ਼ਨਲ ਸੰਸਥਾਵਾਂ ਬਚਾ ਲੈਂਦੀਆਂ ਹਨ। ਬਾਅਦ 'ਚ ਰੋਗੀ ਤੰਦਰੁਸਤੀ ਲਈ ਜਾਂ ਬਿਮਾਰੀ ਤੋਂ ਛੁਟਕਾਰਾ ਪਾਉਣ ਲਈ ਇੱਧਰ ਓੱਧਰ ਧੱਕੇ ਖਾ-ਖਾ ਕੇ ਚੁੱਪ ਹੋ ਜਾਂਦਾ ਹੈ। ਸੋ ਸੁਣਵਾਈ ਕੋਈ ਨਹੀਂ ਹੁੰਦੀ।

**ਨੋਟ:** ਅੱਜਕਲ ਅਣ-ਸੁਲਝੀ ਸਮੱਸਿਆ ਜਾਂ ਪੰਗੇ ਤੋਂ ਛੁਟਕਾਰਾ ਪਾਉਣ ਲਈ ਆਮ ਵਿਅਕਤੀ ਜਸਟਿਸ ਲਈ ਮਹਿੰਗੀ ਨਿਆ ਵਿਵਸਥਾ ਤੱਕ ਨਹੀਂ ਪਹੁੰਚ ਪਾਉਂਦਾ। ਇਹ ਗੱਲ ਸਮੱਸਿਆ ਦੇਣ ਵਾਲੀ ਕੰਪਨੀ ਜਾਂ ਬੰਦਾ ਵੀ ਚੰਗੀ ਤਰ੍ਹਾਂ ਜਾਣਦਾ ਹੈ। ਇਸ ਲਈ ਪ੍ਰੋਫੈਸ਼ਨਲ ਅਤੇ ਅਣ ਪ੍ਰੋਫੈਸ਼ਨਲ ਸਮੱਸਿਆਵਾਂ ਤੇਜ਼ੀ ਨਾਲ ਵੱਧ ਰਹੀਆਂ ਹਨ। ਸਰਕਾਰੀ ਗੈਰ-ਸਰਕਾਰੀ ਪੱਧਰ 'ਤੇ ਮੈਡੀਕਲ ਕਿੱਤੇ ਸੰਬੰਧੀ ਸਮੱਸਿਆਵਾਂ ਚੈਲੇਂਜ ਬਣ ਗਈਆਂ ਹਨ। ਰੋਕ ਅਤੇ ਜਾਗਰੁਕਤਾ ਜ਼ਰੂਰੀ ਹੋ ਗਈ ਹੈ।







# ਕੀ ਤੁਸੀਂ ਸੰਕੋਚੀ ਸੁਭਾਅ ਦੇ ਹੋ ?

ਬਹੁਤ ਘੱਟ ਲੋਕ ਜਨਤਕ ਰੂਪ ਵਿਚ ਇਹ ਸਵੀਕਾਰ ਕਰਦੇ ਹਨ ਕਿ ਉਹ ਸੰਕੋਚੀ ਸੁਭਾਅ ਦੇ ਜਾਂ ਸ਼ਰਮਾਕਲ ਹਨ। ਇਸ ਤਰ੍ਹਾਂ ਦੇ ਸੁਭਾਅ ਵਾਲੇ ਵਿਅਕਤੀਆਂ ਨੂੰ ਅੰਤਰਮੁਖੀ ਵੀ ਕਿਹਾ ਜਾਂਦਾ ਹੈ। ਇਸ ਤਰ੍ਹਾਂ ਦੇ ਵਿਅਕਤੀਆਂ ਦੇ ਲੱਛਣ ਹਮੇਸ਼ਾ ਗੱਲਬਾਤ ਦੌਰਾਨ ਪ੍ਰਗਟ ਹੁੰਦੇ ਹਨ ਜਿਵੇਂ ਆਪਣਾ ਪੱਖ ਰੱਖਦੇ ਹੋਏ ਝਿਜਕਣਾ, ਘਬਰਾਉਣਾ, ਕੰਬਣਾ, ਬੋਲਦੇ-ਬੋਲਦੇ ਰੁਕ ਜਾਣਾ, ਪਸੀਨਾ ਆਉਣਾ, ਸਰੀਰ ਦੇ ਅੰਗਾਂ ਨੂੰ ਵਿਸ਼ੇਸ਼ ਮੁਦਰਾ ਵਿਚ ਹਿਲਾਉਣਾ ਆਦਿ। ਉਦੋਂ ਵੀ ਕਦੀ ਇਸ ਤਰ੍ਹਾਂ ਦੇ ਸੁਭਾਅ ਵਾਲਿਆਂ ਦਾ ਗੱਲਬਾਤ ਦਾ ਜ਼ਿਕਰ ਆਉਂਦਾ ਹੈ, ਤਾਂ ਕੋਈ ਨਾ ਕੋਈ ਕਹਿ ਹੀ ਦਿੰਦਾ ਹੈ, ਉਹ ਤਾਂ ਇਕਦਮ ਸੰਕੋਚੀ ਭਾਵ ਸ਼ਰਮਾਕਲ ਹੈ। ਸੰਕੋਚੀ ਹੋਣਾ ਜਾਂ ਅੰਤਰਮੁਖੀ ਹੋਣਾ ਮਨੋਵਿਗਿਆਨੀ ਦ੍ਰਿਸ਼ਟੀ ਤੋਂ ਇਕ ਅਸਾਧਾਰਨ ਅਵਸਥਾ ਹੀ ਹੈ। ਇਥੇ ਇਹ ਵੀ ਸ਼ਾਇਦ ਹੈਰਾਨੀਜਨਕ ਤੱਥ ਲੱਗੇ ਕਿ ਦੁਨੀਆ ਵਿਚ ਜਿੰਨੇ ਵੀ ਮਹਾਨ ਵਿਅਕਤੀ ਹੋਏ ਹਨ, ਭਾਵੇਂ ਉਹ ਚਿੰਤਕ ਹੋਣ, ਵਿਚਾਰਕ ਹੋਣ, ਵਿਗਿਆਨੀ ਹੋਣ, ਨੇਤਾ ਹੋਣ, ਦਾਰਸ਼ਨਿਕ ਹੋਣ, ਲੇਖਕ ਹੋਣ ਜਾਂ ਅਭਿਨੇਤਾ ਹੋਣ, ਪੜ੍ਹੇ-ਲਿਖੇ ਵੀ ਹੋਣ ਇਸ ਤਰ੍ਹਾਂ ਦੇ ਸੁਭਾਅ ਦੇ ਸਨ। ਤੱਥਾਂ ਮੁਤਾਬਕ ਉਨ੍ਹਾਂ ਦੇ ਸੁਭਾਅ ਦਾ ਇਹੀ ਗੁਣ ਉਨ੍ਹਾਂ ਨੂੰ ਸਫਲਤਾ ਦੇ ਉੱਚ ਸਿਖ਼ਰ ਤੱਕ ਪਹੁੰਚਾ ਗਿਆ ਕਿਉਂਕਿ ਉਨ੍ਹਾਂ ਨੇ ਆਪਣੇ ਸੁਭਾਅ ਦੀ ਇਸ ਕਮਜ਼ੋਰ ਖੂਬੀ ਨੂੰ ਪਛਾਣ ਕੇ ਉਸ ਦੀ ਸਦਵਰਤੋਂ ਹੀ ਕੀਤੀ ਅਤੇ ਉਸ ਨੂੰ ਊਰਜਾ ਦੀ ਤਰ੍ਹਾਂ ਵਰਤਿਆ। ਸੰਕੋਚੀ ਜਾਂ ਸ਼ਰਮੀਲੇ ਮੌਜੂਦਾ ਦੌਰ ਵਿਚ ਹੈਰਾਨੀ ਭਰੀ ਨਜ਼ਰ ਨਾਲ ਦੇਖੇ ਜਾਂਦੇ ਹਨ। ਹੈਰਾਨ ਨਾ ਹੋਵੋ, ਕਿਸੇ ਹੋਰ ਦੇ ਨਹੀਂ ਸਗੋਂ ਖ਼ੁਦ ਵਲੋਂ ਖ਼ਾਸ ਕਰਕੇ ਨੌਜਵਾਨਾਂ ਦੇ ਨਾਲ ਇਹ ਸਮੱਸਿਆ ਵੱਡੀ ਪੱਧਰ 'ਤੇ ਸਾਹਮਣੇ ਆਉਂਦੀ ਹੈ ਕਿ ਕਿਸੇ ਅਜਨਬੀ ਵਿਅਕਤੀ ਨਾਲ ਤਪਾਕ ਨਾਲ ਨਹੀਂ ਮਿਲ ਪਾਉਂਦੇ, ਚਾਹੁੰਦੇ ਹੋਏ ਵੀ ਚੱਲ ਰਹੀ ਗੱਲਬਾਤ ਵਿਚ ਬਰਾਬਰ ਦਾ ਹਿੱਸਾ ਨਹੀਂ ਲੈ ਪਾਉਂਦੇ, ਅਧਿਕਾਰੀ, ਮਹਿਮਾਨ ਜਾਂ ਕਿਸੇ ਵਿਸ਼ੇਸ਼ ਵਿਅਕਤੀ ਦੇ ਸਾਹਮਣੇ ਘਬਰਾ ਜਾਂਦੇ ਹਨ। ਇਹ ਲੱਛਣ ਮਨੁੱਖੀ ਸੁਭਾਅ ਦੇ ਸਾਧਾਰਨ ਅੰਗ ਹਨ। ਕਿਸੇ ਵਿਸ਼ੇਸ਼ ਹਾਲਤ ਵਿਚ ਹੀ ਇਨ੍ਹਾਂ ਨੂੰ ਅਸਧਾਰਨ ਕਿਹਾ ਜਾ ਸਕਦਾ ਹੈ।

ਆਪਣੇ ਇਸ ਸੁਭਾਅ ਤੋਂ ਜਾਣੂ ਵਿਅਕਤੀ ਖ਼ੁਦ ਨੂੰ 'ਹੇਅ' ਸਮਝਦੇ ਹਨ। ਇਹ ਇਕ ਸਾਧਾਰਨ ਗੱਲ ਹੈ। ਸੰਕੋਚ ਮਾਨਸਿਕ ਵਿਕਾਸ ਨਹੀਂ ਹੈ। ਜਿਵੇਂ-ਜਿਵੇਂ ਇਹ ਭਾਵਨਾ ਪੈਦਾ ਹੁੰਦੀ ਹੈ, ਸਮੱਸਿਆ ਓਨੀ ਹੀ ਮੁਸ਼ਕਿਲ ਹੁੰਦੀ ਜਾਂਦੀ ਹੈ। ਅਸਲ ਵਿਚ ਸੰਕੋਚੀ, ਸ਼ਰਮੀਲਾ ਹੋਣਾ ਕੋਈ ਬਹੁਤ ਵੱਡੀ ਸਮੱਸਿਆ ਨਹੀਂ ਹੈ, ਨਾ ਹੀ ਸ਼ਖ਼ਸੀਅਤ ਤੇ ਕਰੀਅਰ ਦੇ ਵਿਕਾਸ ਵਿਚ ਰੁਕਾਵਟ ਹੈ ਕਿਉਂਕਿ ਪ੍ਰਗਟਾਵੇ ਦੀ ਸੰਪੂਰਨਤਾ ਸਿਰਫ਼ ਗੱਲਬਾਤ ਕਰਨ ਵਿਚ ਹੀ ਨਹੀਂ ਹੈ। ਫਿਰ ਵੀ ਕਈ ਲੋਕ ਇਸ ਗ਼ਲਤਫ਼ਹਿਮੀ ਦਾ ਸ਼ਿਕਾਰ ਹੋ ਕੇ ਖ਼ੁਦ ਦਾ ਵੱਡਾ ਨੁਕਸਾਨ ਕਰ ਬੈਠਦੇ ਹਨ ਜਦ ਕਿ ਉਹ ਚੰਗੀ ਤਰ੍ਹਾਂ ਜਾਣਦੇ ਹੁੰਦੇ ਹਨ ਕਿ ਜੇਕਰ ਉਹ ਚਾਹੁੰਦੇ ਤਾਂ ਇਸ ਤੋਂ ਬਚ ਸਕਦੇ ਸੀ। ਇਸ ਤਰ੍ਹਾਂ ਸੁਭਾਅ ਵਿਚ ਬਦਲਾਅ ਲਿਆਉਣਾ ਵੀ ਬਹੁਤ ਆਸਾਨ ਹੈ। ਜੇਕਰ ਤੁਸੀਂ ਖ਼ੁਦ ਨੂੰ ਵੱਡਾ ਨੁਕਸਾਨ ਕਰ ਬੈਠਦੇ ਹਨ। ਜੇਕਰ ਤੁਸੀਂ ਖ਼ੁਦ ਨੂੰ ਸੰਕੋਚੀ ਮਹਿਸੂਸ ਕਰਦੇ ਹੋ ਤਾਂ ਸਭ ਤੋਂ ਪਹਿਲਾਂ ਇਸ ਸ਼ਰਮਿੰਦਗੀ ਦੇ ਅਹਿਸਾਸ ਨੂੰ ਦਿਲ 'ਤੇ ਨਾ ਲੈ ਕੇ ਪੂਰੇ ਆਤਮ-ਵਿਸ਼ਵਾਸ ਨਾਲ ਹਮੇਸ਼ਾ ਇਹ ਦੁਹਰਾਉਂਦੇ ਰਹੋ, 'ਹਾਂ ਮੈਂ ਸੰਕੋਚੀ ਨਹੀਂ ਹਾਂ।'

ਪੂਰਾ ਸਮਾਂ ਖ਼ੁਦ ਨੂੰ ਗੰਭੀਰ ਸੁਭਾਅ ਦਾ ਨਾ ਸਮਝੋ। ਜਨਤਕ ਖੇਤਰਾਂ ਵਿਚ ਸਰਸਰੀ ਸੰਕੋਚ ਨੂੰ ਜੜ੍ਹ ਸਮੇਤ ਪੁੱਟ ਸੁੱਟਣ ਦਾ ਮੂਲ ਮੰਤਰ ਹੈ। ਜੇਕਰ ਗੱਲਬਾਤ ਦੌਰਾਨ ਕੋਈ ਤੁਹਾਡੇ ਇਸ ਸੁਭਾਅ 'ਤੇ ਕੋਈ ਟਿੱਪਣੀ ਕਰਦਾ ਹੈ ਤਾਂ ਹੌਸਲੇ ਨਾਲ ਇਹ ਕਹਿ ਕੇ ਕਿ 'ਹਾਂ ਮੈਂ ਇਸ ਤਰ੍ਹਾਂ ਦਾ ਹੀ ਹਾਂ' ਆਜ਼ਾਦ ਹੋ ਜਾਓ। ਇਸ ਤਰ੍ਹਾਂ ਕਹਿੰਦੇ ਸਮੇਂ ਇਸ ਗੱਲ ਦੀ ਚਿੰਤਾ ਨਾ ਕਰੋ ਕਿ ਸਾਹਮਣੇ ਵਾਲਾ ਤੁਹਾਡੀ ਇਸ ਗੱਲ ਨੂੰ ਕਿਸ ਰੂਪ ਵਿਚ ਲੈ ਰਿਹਾ ਹੈ। ਯਕੀਨ ਮੰਨੋ ਉਹ ਤੁਹਾਡੀ ਸਪੱਸ਼ਟਵਾਦਤਾ ਦਾ ਕਾਇਲ ਹੋ ਜਾਏਗਾ ਅਤੇ ਸੰਭਵ ਹੈ ਕਿ ਇਹ ਵੀ ਸੋਚਣ ਲੱਗੇ ਕਿ ਤੁਸੀਂ ਮਜ਼ਾਕ ਕਰ ਰਹੇ ਹੋ ਕਿਉਂਕਿ ਜੇਕਰ ਤੁਸੀਂ ਇਸ ਤਰ੍ਹਾਂ ਦੇ ਹੁੰਦੇ ਤਾਂ ਖ਼ੁਦ ਨੂੰ ਇਸ ਤਰ੍ਹਾਂ ਪ੍ਰਗਟ ਨਾ ਕਰਦੇ। ਗੱਲਬਾਤ ਜਾਂ ਬਹਿਸ ਵਿਚ ਹਿੱਸਾ ਨਾ ਲਓ, ਸਗੋਂ ਇਹੀ ਸੋਚੋ ਕਿ ਤੁਹਾਡਾ ਬੋਲਣਾ ਬਹੁਤ ਮਹੱਤਵਪੂਰਨ ਜਾਂ ਜ਼ਰੂਰੀ ਨਹੀਂ ਹੈ, ਪਰ ਤੁਸੀਂ ਇਸ ਨੂੰ ਸਮੱਸਿਆ ਸਮਝ ਬੈਠੇ ਹੋ ਤਾਂ ਹਾਂ ਜਾਂ ਨਾਂਹ ਨਾਲ ਗੱਲਬਾਤ ਵਿਚ ਹਿੱਸਾ ਲਓ ਅਤੇ ਕਿਸੇ ਇਕ ਪੱਖ ਦਾ ਸਮਰਥਨ ਕਰਨ ਲੱਗੋ। ਸੰਵਾਦ ਦੀ ਸਥਿਤੀ ਵਿਚ ਆਪਣੇ-ਆਪ ਦੋ ਪੱਖ ਬਣ ਜਾਂਦੇ ਹਨ। ਜਿਸ ਪੱਖ ਨੂੰ ਤੁਸੀਂ ਖ਼ੁਦ ਨੂੰ ਜ਼ਿਆਦਾ ਜਾਣਕਾਰ ਸਮਝੋ, ਉਸ ਦੀ ਤਰਫ਼ਦਾਰੀ ਕਰੋ। ਥੋੜ੍ਹੀ ਦੇਰ ਵਿਚ ਤੁਸੀਂ ਬਹਿਸ ਵਿਚ ਬਰਾਬਰੀ ਦੇ ਹਿੱਸੇਦਾਰ ਹੋ ਜਾਓਗੇ ਅਤੇ ਤੁਹਾਨੂੰ ਪਤਾ ਵੀ ਨਹੀਂ ਲੱਗੇਗਾ ਅਤੇ ਜਦੋਂ ਲੱਗੇਗਾ ਵੀ ਤਾਂ ਤੁਹਾਡੇ ਆਤਮ-ਵਿਸ਼ਵਾਸ ਵਿਚ ਵਾਧਾ ਹੋ ਚੁੱਕਾ ਹੋਵੇਗਾ। ਇਸ ਲਈ ਤੁਸੀਂ ਇਸ ਤਰ੍ਹਾਂ ਦਾ ਏਕਾਂਤ ਵਿਚ ਵੀ ਅਭਿਆਸ ਕਰ ਸਕਦੇ ਹੋ।

ਇਹ ਗੱਲ ਵੀ ਹਮੇਸ਼ਾ ਦਿਮਾਗ਼ ਵਿਚ ਰੱਖੋ ਕਿ ਕਿਸੇ ਵੀ ਹਾਲਤ ਵਿਚ ਸਭ ਦਾ ਧਿਆਨ ਤੁਹਾਡੇ ਪਾਸੇ ਨਹੀਂ ਹੈ। ਇਹ ਭੁਲੇਖਾ ਨਾ ਪਾਲੋ ਕਿ ਆਲੇ-ਦੁਆਲੇ ਮੌਜੂਦ ਸਭ ਲੋਕ ਸਿਰਫ਼ ਤੁਹਾਡੇ ਸ਼ਰਮੀਲੇਪਨ ਨੂੰ ਦੇਖ ਰਹੇ ਹਨ, ਅਸਲ ਵਿਚ ਅਜਿਹਾ ਨਹੀਂ।

ਹੌਲੀ-ਹੌਲੀ ਸੁਭਾਅ ਵਿਚ ਬਦਲਾਅ ਲਿਆਓ। ਨਵੇਂ ਵਿਅਕਤੀਆਂ ਨੂੰ ਪੂਰੇ ਆਤਮ-ਵਿਸ਼ਵਾਸ ਨਾਲ ਮਿਲੋ। ਜੀਵਨ ਵਿਚ ਸਰਗਰਮੀ ਲਿਆਓ। ਕੁਝ ਹੀ ਦਿਨਾਂ ਵਿਚ ਤੁਸੀਂ ਵਿਕਰਾਲ ਜਿਹੀ ਲੱਗਣ ਵਾਲੀ ਇਸ ਛੋਟੀ ਜਿਹੀ ਸਮੱਸਿਆ ਤੋਂ ਪਾਰ ਪਾ ਜਾਓਗੇ ਅਤੇ ਸ਼ਾਇਦ ਕਹੋਗੇ, 'ਮੈਂ ਵੀ ਕਦੀ ਸ਼ਰਮੀਲਾ (ਸੰਕੋਚੀ) ਸੀ।'



# ਮਹਿੰਦੀ ਸ਼ਗਨਾਂ ਦੀ

**ਬਲਜਿੰਦਰ ਸਿੰਘ ਮਾਨ**

ਪੰਜਾਬੀ ਸੱਭਿਆਚਾਰ ਬਹੁਤ ਅਮੀਰ ਹੈ। ਰਾਂਗਲੀਆਂ ਰੁੱਤਾਂ ਵਾਲਾ ਪੰਜਾਬ ਲੜਾਈ ਦਾ ਅਖਾੜਾ ਬਣਿਆ ਰਹਿਣ ਦੇ ਬਾਵਜੂਦ ਹੱਸਦਾ ਤੇ ਗਾਉਂਦਾ ਰਿਹਾ ਹੈ। ਸਦਾ ਚੜ੍ਹਦੀ ਕਲਾ ਵਿੱਚ ਰਹਿੰਦਾ ਅਤੇ ਯਾਰੀਆਂ ਪੁਗਾਉਣੀਆਂ ਜਾਣਦਾ ਹੈ। ਦੁਨੀਆ ਦਾ ਇਹ ਇੱਕ ਨਿਵੇਕਲਾ ਸੱਭਿਆਚਾਰ ਹੈ।

ਸ਼ਗਨਾਂ ਦੀ ਉਪਜ ਭਾਵੇਂ ਸਹਿਜ ਸੁਭਾਅ ਹੋ ਗਈ, ਪਰ ਅਸਲ ਵਿੱਚ ਸ਼ਗਨਾਂ ਦੀ ਉਪਜ ਵਿਗਿਆਨਕ ਦ੍ਰਿਸ਼ਟੀ ਅਨੁਸਾਰ ਉਨ੍ਹਾਂ ਕੌਸਮਿਕ ਕਿਰਨਾਂ ਤੋਂ ਮੰਨੀ ਜਾਂਦੀ ਹੈ ਜਿਹੜੀਆਂ ਦੋ ਚੀਜ਼ਾਂ ਦੇ ਸਾਹਮਣੇ ਜਾ ਛੋਹਣ ਨਾਲ ਪਰਸਪਰ ਇੱਕ ਦੂਜੇ ’ਤੇ ਪੈਂਦੀਆਂ ਸਨ। ਇਸ ਸਭ ਕਾਸੇ ਦੀ ਬਜ਼ੁਰਗਾਂ ਨੂੰ ਉਸ ਵੇਲੇ ਚੇਤਨਾ ਨਹੀਂ ਸੀ। ਪੰਜਾਬੀ ਸੱਭਿਆਚਾਰ ਵਿੱਚ ਅਣ-ਗਿਣਤ ਸ਼ਗਨ ਦੇਖੇ ਜਾ ਸਕਦੇ ਹਨ ਜੋ ਖੁਸ਼ਹਾਲੀ ਦੇ ਪ੍ਰਤੀਕ ਹਨ। ਜਿਵੇਂ ਜੇ ਕੋਈ ਤੁਹਾਡੇ ਲਈ ਭਾਂਡੇ ਵਿੱਚ ਚੀਜ਼ ਲਿਆਵੇ ਤਾਂ ਭਾਂਡਾ ਖਾਲੀ ਨਹੀਂ ਮੋੜਨਾ। ਭਾਂਡੇ ਵਿੱਚ ਕੁੱਝ ਨਾ ਕੁੱਝ ਜ਼ਰੂਰ ਪਾਉਣਾ ਹੁੰਦਾ ਹੈ। ਖਾਲੀ ਭਾਂਡਾ ਮੋੜਨਾ ਜਿੱਥੇ ਕੁਸ਼ਗਨ ਹੈ, ਉੱਥੇ ਇਹ ਅਗਲੇ ਦੀ ਤਬਾਹੀ ਮੰਗਣ ਦੇ ਬਰਾਬਰ ਹੈ।

‘ਸ਼ਗਨ’, ਸ਼ਬਦ ‘ਸਕਨ’ ਤੋਂ ਆਇਆ ਹੈ ਜਿਸ ਦਾ ‘ਕ’ ਸਮਾਂ ਪਾ ਕੇ ‘ਗ’ ਵਿੱਚ ਬਦਲ ਗਿਆ। ਇਸ ਦਾ ਅਰਥ ਹੈ ਕਲਿਆਣਕਾਰੀ, ਸ਼ੁਭ ਅਤੇ ਖ਼ੁਸ਼ੀ ਭਰੇ ਭਵਿੱਖ ਦਾ ਸੰਕੇਤ। ਮਹਿੰਦੀ, ਪਾਣੀ, ਛੁਹਾਰਾ, ਚੌਲ, ਲਾਲ ਰੰਗ, ਨਾਰੀਅਲ, ਦੰਦਾਸਾ, ਸਾਬਤ ਮਾਂਹ, ਵਾਰਨੇ ਅਤੇ ਚੁੰਨੀ ਚੜ੍ਹਾਉਣਾ ਅਨੇਕਾਂ ਸ਼ਗਨ ਸਾਡੇ ਸੱਭਿਆਚਾਰ ਦਾ ਅਟੁੱਟ ਅੰਗ ਬਣੇ ਹੋਏ ਹਨ। ਅਸੀਂ ਮਹਿੰਦੀ ਤੋਂ ਇਲਾਵਾ ਵੀ ਹੋਰ ਕਈ ਸ਼ਗਨਾਂ ਦਾ ਜ਼ਿਕਰ ਕਰ ਰਹੇ ਹਾਂ।

ਸ਼ਗਨਾਂ ਦੀ ਮਹਿੰਦੀ ਦਾ ਬੜਾ ਮਹੱਤਵ ਹੈ। ਮਹਿੰਦੀ ਦੇ ਹਰੇ ਰੰਗ ਦੇ ਪੱਤਿਆਂ ਨੂੰ ਰਗੜਨ ਨਾਲ ਲਾਲ ਰੰਗ ਨਿਕਲਦਾ ਹੈ। ਮਹਿੰਦੀ ਦੇ ਲਾਲ ਰੰਗ ਦਾ ਸਿੱਧਾ ਸਬੰਧ ਲਾਲ ਰਕਤਾਣੂਆਂ ਵਾਲੀਆਂ ਨਾੜੀਆਂ ਦੇ ਸਿਰਿਆਂ ਨਾਲ ਹੁੰਦਾ ਹੈ। ਮਹਿੰਦੀ ਦਾ ਲਾਲ ਰੰਗ ਮੁਟਿਆਰ ਅੰਦਰ ਸ਼ਿੰਗਾਰ ਰਸ ਅਤੇ ਰੁਮਾਂਚਕ ਪਿਆਰ ਪੈਦਾ ਕਰਦਾ ਹੈ। ਇਸੇ ਕਾਰਨ ਲਾੜੀ ਦੇ ਮਹਿੰਦੀ ਲਾਉਣਾ ਵਿਆਹ ਦਾ ਉੱਤਮ ਸ਼ਗਨ ਸਮਝਿਆ ਜਾਂਦਾ ਹੈ। ਸਹੁਰਿਆਂ ਵੱਲੋਂ ਆਈ ਮਹਿੰਦੀ ਦਾ ਰੰਗ ਗੂੜ੍ਹਾ ਚੜ੍ਹੇ ਤਾਂ ਸਮਝਿਆ ਜਾਂਦਾ ਹੈ ਕਿ ਉਸ ਦਾ ਪਤੀ, ਸੱਸ ਬਹੁਤ ਪਿਆਰ ਕਰਦੇ ਹਨ। ਵਿਆਹ ਵਿੱਚ ਭਾਗ ਲੈਣ ਵਾਲੀਆਂ ਸੁਆਣੀਆਂ ਪੈਰਾਂ ਅਤੇ ਹੱਥਾਂ ਦੀਆਂ ਤਲੀਆਂ ’ਤੇ ਲਾੜੀ ਵਾਂਗ ਮਹਿੰਦੀ ਕਲਾਮਈ ਢੰਗ ਨਾਲ ਲਾਉਂਦੀਆਂ ਹਨ। ਅੱਜਕੱਲ੍ਹ ਬਿਊਟੀ ਪਾਰਲਰ ਖੁੱਲ੍ਹ ਜਾਣ ਕਰਕੇ ਮਹਿੰਦੀ ਦੀ ਰਸਮ ’ਤੇ ਵੀ ਲੱਖਾਂ ਦਾ ਖ਼ਰਚਾ ਕੀਤਾ ਜਾਂਦਾ ਹੈ। ਮਹਿੰਦੀ ਲਾੜੀ ਅੰਦਰ ਪਤੀ ਲਈ ਪਿਆਰ ਤੇ ਉਮਾਹ ਪੈਦਾ ਕਰਦੀ ਹੈ।

ਪਾਣੀ ਨਾਲ ਵੀ ਬਹੁਤ ਸਾਰੇ ਸ਼ਗਨ ਸਬੰਧਤ ਹਨ। ਪਾਣੀ ਨੂੰ ਸਰੀਰ ਦੀ ਰੱਖ ਮੰਨਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਜੇ ਪਾਣੀ ਕੋਲ ਹੋਵੇ ਤਾਂ ਭੈੜੀਆਂ ਰੂਹਾਂ ਆਦਮੀ ਕੋਲ ਨਹੀਂ ਆਉਂਦੀਆਂ। ਕਿਸੇ ਕੰਮ ਦੇ ਆਰੰਭ ਵੇਲੇ ਭਰੇ ਘੜੇ ਵਾਲੀ ਜਨਾਨੀ ਮਿਲ ਜਾਵੇ ਤਾਂ ਸ਼ੁਭ ਸ਼ਗਨ ਸਮਝਿਆ ਜਾਂਦਾ ਹੈ। ਇਸੇ ਉਦੇਸ਼ ਨਾਲ ਜਦੋਂ ਲਾੜਾ ਪਹਿਲੀ ਵਾਰੀ ਆਉਂਦਾ ਹੈ ਤਾਂ ਝਿਊਰੀ ਪਾਣੀ ਦਾ ਗੜਵਾ ਲੈ ਕੇ ਦਰਵਾਜ਼ੇ ਵਿੱਚ ਖੜ੍ਹਦੀ ਹੈ। ਲੰਘਣ ਵਾਲਾ ਕੁੰਭ ਵਿੱਚ ਪੈਸੇ ਪਾ ਕੇ ਲੰਘਦਾ ਹੈ ਕਿ ਜਲ ਉਸ ਦੀ ਸੁਰੱਖਿਆ ਕਰੇਗਾ। ਕਿਸੇ ਉੱਤੋਂ ਪਾਣੀ ਵਾਰ ਕੇ ਪੀਣਾ ਉਸ ਦੀ ਸੁੱਖ ਮੰਗਣਾ ਹੈ। ਨਵੀਂ ਦੁਲਹਨ ਤੋਂ ਮੁੰਡੇ ਦੀ ਮਾਂ ਪਾਣੀ ਵਾਰ ਕੇ ਪੀਂਦੀ ਹੈ ਅਤੇ ਫਿਰ ਦਹਿਲੀਜ਼ ਅੰਦਰ ਲੰਘਾਉਂਦੀ ਹੈ। ਨਵੀਂ ਵਿਆਹੀ ਜਦੋਂ ਖੂਹ ਤੋਂ ਘੜਾ ਭਰਨ ਜਾਂਦੀ ਸੀ ਤਾਂ ਪਹਿਲਾਂ ਸੱਤ ਵਾਰ ਪਤੀ ਦਾ ਭਰਿਆ ਡੋਲ੍ਹ ਦਿੰਦੀ ਸੀ। ਸੂਤਕ ਦੇ ਸਵਾ ਮਹੀਨੇ ਤੱਕ ਕੁੰਭ ਭਾਵ ਪਾਣੀ ਰੱਖਿਆ ਜਾਂਦਾ ਹੈ ਤਾਂ ਕਿ ਬੱਚੇ ’ਤੇ ਕੋਈ ਬਲਾ ਵਾਰ ਨਾ ਕਰ ਸਕੇ। ਪਾਣੀ ਨੂੰ ਮੰਤਰਿਆ ਜਾ ਸਕਦਾ ਹੈ, ਤਾਹੀਓਂ ਧਾਰਮਿਕ ਅਸਥਾਨਾਂ ਲਾਗੇ ਸਰੋਵਰ ਬਣਾਏ ਹੁੰਦੇ ਹਨ। ਕੰਙਣਾ ਖੇਡਣ ਵੇਲੇ ਲਾੜੇ-ਲਾੜੀ ਦਾ ਹੱਥ ਪਾਣੀ ਵਿੱਚ ਮਿਲਾਇਆ ਜਾਂਦਾ ਹੈ। ਉਹ ਦੋਵੇਂ ਜਲ ਦੇ ਸਾਹਮਣੇ ਇੱਕ ਦੂਜੇ ਪ੍ਰਤੀ ਵਫ਼ਾਦਾਰ ਰਹਿਣ ਦਾ ਪ੍ਰਣ ਲੈਂਦੇ ਹਨ।

ਸਰ੍ਹੋਂ ਦੇ ਤੇਲ ਦੀ ਖ਼ਾਸ ਮਹਿਕ ਨਾਲ ਭੈੜੀਆਂ ਰੂਹਾਂ ਦੌੜ ਜਾਂਦੀਆਂ ਹਨ। ਸਿਰ ਨੂੰ ਸਰ੍ਹੋਂ ਦਾ ਤੇਲ ਲਾਉਣ ਦਾ ਉਦੇਸ਼ ਸਰੀਰ ਮੁਲਾਇਮ ਰੱਖਣਾ ਹੀ ਨਹੀਂ ਸਗੋਂ ਭੈੜੀਆਂ ਰੂਹਾਂ ਤੋਂ ਸੁਰੱਖਿਆ ਕਰਨਾ ਵੀ ਰਿਹਾ ਹੈ। ਲਾੜਾ-ਲਾੜੀ ਨੂੰ ਵਟਣਾ ਇਸ ਲਈ ਮਲਿਆ ਜਾਂਦਾ ਹੈ ਕਿ ਮੁਲਾਇਮ ਸਰੀਰ ਨੂੰ ਸ਼ਨਿਚਰ ਗ੍ਰਹਿ ਦੀਆਂ ਭੈੜੀਆਂ ਕਿਰਨਾਂ ਅਤੇ ਲੋਕਾਂ ਦੀਆਂ ਭੈੜੀਆਂ ਨਜ਼ਰਾਂ ਤੋਂ ਬਚਾਇਆ ਜਾ ਸਕੇ। ਨਵੇਂ ਪ੍ਰਾਹੁਣੇ ਦੇ ਸਵਾਗਤ ਵਜੋਂ ਦਰਵਾਜ਼ੇ ਦੀਆਂ ਚੀਥੀਆਂ ਵਿੱਚ ਤੇਲ ਚੋਣ ਨਾਲ ਉਹਦੀ ਸੁੱਖ ਮੰਗਣਾ ਅਤੇ ਸੁੱਕੀ ਲੱਕੜ ਦੇ ਘੁੰਮਣ ਨਾਲ ਚੀਕ ਦੀ ਆਵਾਜ਼ ਨੂੰ ਬੰਦ ਕਰਨਾ ਹੁੰਦਾ ਸੀ। ਦੂਜਾ, ਪੁਰਾਣੇ ਜ਼ਮਾਨੇ ਵਿੱਚ ਦਰਾਂ ਨੂੰ ਕਬਜ਼ੇ ਨਹੀਂ ਸਨ ਹੁੰਦੇ। ਚੀਥੀਆਂ (ਦਰਵਾਜ਼ੇ ਦੇ ਦੋਵਾਂ ਪੱਲਿਆਂ ਨੂੰ ਘੁੰਮਣ ਵਾਸਤੇ ਖੱਬੇ ਸੱਜੇ ਗੱਡੇ ਲੱਕੜ ਦੇ ਪਾਵਿਆਂ ਵਿੱਚ ਕੱਢੀਆਂ ਖੁੱਤੀਆਂ) ਵਿੱਚ ਜਲਦੀ ਘੁੰਮਣ ਲਈ ਵੀ ਤੇਲ ਚੋਇਆ ਜਾਂਦਾ ਸੀ। ਹੁਣ ਉਹ ਲੱਕੜ ਦੇ ਦਰਵਾਜ਼ੇ ਤਾਂ ਨਹੀਂ ਹਨ, ਪਰ ਤੇਲ ਚੋਣ ਦਾ ਰਿਵਾਜ ਅਜੇ ਵੀ ਪ੍ਰਚੱਲਿਤ ਹੈ।

ਲਾਲ ਰੰਗ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਕਰੀਏ ਤਾਂ ਇਹ ਸਿੱਟਾ ਨਿਕਲਦਾ ਹੈ ਕਿ ਇਹ ਮਨੁੱਖ ਅੰਦਰ ਉਤਸ਼ਾਹ ਤੇ ਉਮਾਹ ਪੈਦਾ ਕਰਦਾ ਹੈ। ਮਨੁੱਖ ਦੇ ਲਹੂ ਦੀ ਗਤੀ ਵਿੱਚ ਤਬਦੀਲੀ ਆਉਣ ਨਾਲ ਨੈਣ ਨਕਸ਼ਾਂ ’ਤੇ ਨਿਖਾਰ ਆਉਂਦਾ ਹੈ। ਇਹ ਲਾਲ ਰੰਗਾਂ ਚੂੜਾ ਪਿਆਰ ਨੂੰ ਚਮਕਾਉਂਦਾ ਹੈ ਅਤੇ ਆਤਮਿਕ ਪ੍ਰੇਮ ਦਾ ਪ੍ਰਤੀਕ ਵੀ ਮੰਨਿਆ ਗਿਆ ਹੈ। ਕਾਰਜ ਨਿਰਵਿਘਨ ਸਮਾਪਤ ਹੋਣ ਦੀ ਵੀ ਗਵਾਹੀ ਹੈ। ਵਿਆਹ ਵਿੱਚ ਬਹੁਤਿਆਂ ਦੇ ਲਾਲ ਰੰਗ ਦੇ ਕੱਪੜੇ ਵੀ ਇਸੇ ਕਰਕੇ ਪਹਿਨੇ ਹੁੰਦੇ ਨੇ। ਵਿਆਹ ਦਾ ਹਰ ਕਾਰਜ ਆਰੰਭਣ ਵੇਲੇ ਲਾਲ ਧਾਗਾ ਬੰਨ੍ਹ ?ਆ ਜਾਂਦਾ ਹੈ। ਮੌਲੀ-ਕੱਤੇ ਹੋਏ ਸੂਤ ਦਾ ਧਾਗਾ ਹੁੰਦਾ ਹੈ। ਇਹ ਚਾਰ ਉਂਗਲਾਂ ਲਾਲ ਤੇ ਦੋ ਉਂਗਲਾਂ ਚਿੱਟਾ ਹੁੰਦਾ ਹੈ। ਦੁਆਬੇ ਵਿੱਚ ਮੌਲੀ ਨੂੰ ਅੱਟਾ ਆਖਦੇ ਹਨ। ਨਵ-ਜਨਮੇ ਬੱਚੇ ਦੇ ਲੱਕ ਦੁਆਲੇ ਮੌਲੀ ਦੀ ਤੜਾਗੀ ਅਤੇ ਕਣਕ ਦੇ ਦਾਣੇ ਬੰਨ੍ਹੇ ਜਾਂਦੇ ਹਨ। ਪਿਆਰ ਦੀਆਂ ਵਸਤਾਂ ਅਤੇ ਵਿਆਹ ਦੀ ਚਿੱਠੀ ਵੀ ਮੌਲੀ ਦੇ ਲਾਲ ਰੰਗ ਦੇ ਧਾਗੇ ਵਿੱਚ ਬੰਨ੍ਹੀ ਹੁੰਦੀ ਹੈ।

ਦੰਦਾਸਾ ਭਾਵੇਂ ਮਹਿੰਦੀ ਦੇ ਲਾਲ ਰੰਗ ਦੀ ਹੀ ਤਾਸੀਰ ਰੱਖਦਾ ਹੈ, ਪਰ ਇਹ ਵਾਸ਼ਨਾ ਉਪਜਾਊ ਹੈ। ਇਹ ਮੁਟਿਆਰ ਅੰਦਰ ਅਥਾਹ ਵਾਸ਼ਨਾ ਅਤੇ ਪਿਆਰ ਪੈਦਾ ਕਰਦਾ ਹੈ। ਪੰਜਾਬੀਆਂ ਵਿੱਚ ਹਰ ਚੀਜ਼ ਵੰਡ ਕੇ ਖਾਣ ਦਾ ਵੀ ਸ਼ਗਨ ਹੈ। ਮੁੰਡਾ ਜੰਮੇ ’ਤੇ ਗੁੜ ਅਤੇ ਵਿਆਹ ਵੇਲੇ ਲਾੜੀ ਪਹਿਲੇ ਪੂਰ ਦੇ ਗੋਗਲੇ ਕੁਆਰੀਆਂ ਨੂੰ ਵੰਡਦੀ ਹੈ। ਕੁੜੀ ਦੇ ਪੇਕਿਓਂ ਜੋ ਵੀ ਆਉਂਦਾ ਹੈ ਉਹ ਭਾਈਚਾਰੇ ਵਿੱਚ ਵੰਡਿਆ ਜਾਂਦਾ ਹੈ।

ਸੁਗੰਧੀ ਸਾਹ ਦੀ ਸ਼ੁੱਧੀ ਕਰਕੇ ਲਹੂ ਗੇੜ ਨੂੰ ਇੱਕ ਸਾਰ ਕਰਦੀ ਹੈ। ਲਾੜਾ ਲਾੜੀ ਨੂੰ ਸ਼ਿੰਗਾਰਨ ਲਈ ਸੁਗੰਧੀਆਂ ਦਾ ਇਸਤੇਮਾਲ ਕਰਨਾ ਵੀ ਸ਼ਗਨ ਹੈ। ਛੁਹਾਰਾ ਲਾਉਣ ਵੇਲੇ ਮੁੰਡੇ ਦੇ ਕੇਸਰ ਦਾ ਟਿੱਕਾ ਲਾਇਆ ਜਾਂਦਾ ਹੈ। ਸੁਹਾਗ ਪਟਾਰੀ ਵਿੱਚ ਸੁਗੰਧੀਆਂ ਭੇਜੀਆਂ ਜਾਂਦੀਆਂ ਹਨ। ਨਾਰੀਆਂ ਦੇ ਹਾਰ ਸ਼ਿੰਗਾਰ ’ਚ ਸੰਦਲ ਦੇ ਬੂਰੇ ਨਾਲ ਫੁੱਲ ਬਣਾਏ ਜਾਂਦੇ ਹਨ। ਸੰਧੂਰ ਦਾ ਲਾਲ ਰੰਗ ਇਸਤਰੀ ਦੇ ਮਨੋਭਾਵਾਂ ਨੂੰ ਖ਼ਾਸ ਢੰਗ ਨਾਲ ਉਤੇਜਿਤ ਕਰਦਾ ਹੈ। ਮਾਂਗ ਵਿੱਚ ਪਾਏ ਸੰਧੂਰ ਨਾਲ ਭੈੜੀਆਂ ਰੂਹਾਂ ਲਾਗੇ ਨਹੀ ਆਉਂਦੀਆਂ।

ਸ਼ਗਨ ਵਿੱਚ ਹਮੇਸ਼ਾਂ ਗਿਆਰਾਂ, ਇੱਕੀ, ਇਕੱਤੀ, ਇਕਵੰਜਾ ਜਾਂ ਇਕੱਤਰ ਸੌ ਦਿੱਤਾ ਜਾਂਦਾ ਹੈ। ਇਹ ਦ੍ਰਿਸ਼ਟੀਕੋਣ ਆਰੀਆ ਲੋਕ ਇੱਥੇ ਨਾਲ ਲਿਆਏ ਸਨ। ਪਰਮਾਤਮਾ ਸ਼ਗਨ ਵਾਲੇ ਦੀ ਰਾਖੀ ਕਰੇਗਾ। ਇੱਕ ਵਿੱਚ ਅਨੇਕ ਬਣਨ ਦੇ ਮਨੋਰਥਾਂ ਨੂੰ ਧਿਆਨ ’ਚ ਰੱਖਦਿਆਂ ਇੱਕ ਦਾ ਸ਼ਗਨ ਪੰਜਾਬੀਆਂ ਵਿੱਚ ਪ੍ਰਚੱਲਿਤ ਹੋ ਗਿਆ। ਵਾਰਨੇ ਅਤੇ ਸ਼ਗਨ ਦਾ ਬੜਾ ਨੇੜਲਾ ਸਬੰਧ ਹੈ। ਮੁੰਡੇ ਵਾਲੇ ਫੇਰਿਆਂ ਵੇਲੇ ਵਾਰਨੇ ਕਰਕੇ ਕੁੜੀ ਵਾਲੇ ਲਾਗੀ ਨੂੰ ਅਤੇ ਕੁੜੀ ਦੇ ਰਿਸ਼ਤੇਦਾਰ ਵਾਰਨੇ ਦੇ ਪੈਸੇ ਮੁੰਡੇ ਵਾਲੇ ਲਾਗੀ ਨੂੰ ਦਿੰਦੇ ਹਨ।

ਚੌਲ ਮੰਤਰੇ ਜਾ ਸਕਦੇ ਹਨ। ਇਹ ਫੇਰਿਆਂ ਦੇ ਮੌਕੇ ਦੋਹਾਂ ਦੇ ਮੂੰਹ ’ਚ ਘਿਓ ਸ਼ੱਕਰ ਨਾਲ ਪਾਏ ਜਾਂਦੇ ਹਨ। ਲਾੜਾ ਤੇ ਲਾੜੀ ਨੂੰ ਕੰਧ ਨਾਲ ਬਿਨਾ ਕੇ ਪੀਸੇ ਹੋਏ ਚੌਲਾਂ ਦੀ ਲੇਪ ਦੇ ਪੰਜੇ ਕੰਧ ’ਤੇ ਲਾਏ ਜਾਂਦੇ ਹਨ। ਸਮਝਿਆ ਜਾਂਦਾ ਹੈ ਕਿ ਇਹ ਪਿੱਤਰਾਂ ਦੇ ਪੰਜੇ ਹਨ ਤੇ ਜੋੜੀ ਦੀ ਰੱਖਿਆ ਕਰਨਗੇ। ਬੱਚੇ ਦੀ ਰੱਖ ਲਈ ਉਸ ਦੇ ਗਲ ਵਿੱਚ ਟੱਲੀ ਲੜ ਚੌਲ ਬੰਨ੍ਹੇ ਜਾਂਦੇ ਹਨ। ਸਾਬਤ ਮਾਂਹ ਜਿੱਥੇ ਸ਼ਕਤੀ ਦਾ ਭੰਡਾਰਾ ਨੇ, ਉੱਥੇ ਸ਼ਨਿਚਰ ਗ੍ਰਹਿ ਤੋਂ ਵੀ ਬਚਾਉਂਦੇ ਹਨ। ਇਸੇ ਕਰਕੇ ਹਰ ਖ਼ੁਸ਼ੀ ਦੇ ਮੌਕੇ ਅਤੇ ਲੰਗਰ ਵਿੱਚ ਇਨ੍ਹਾਂ ਦੀ ਦਾਲ ਬਣਾਈ ਜਾਂਦੀ ਹੈ। ਵਿਆਹ ਤੋਂ ਪਹਿਲਾਂ ਸੱਤ ਸੁਹਾਗਣਾ ਹਾਰ ਸ਼ਿੰਗਾਰ ਕਰਕੇ ਮਾਂਹ ਭਿਉਣ ਦਾ ਸ਼ਗਨ ਕਰਦੀਆਂ ਹਨ।

ਨਾਰੀਅਲ ਪਵਿੱਤਰ ਫ਼ਲ ਹੋਣ ਕਰਕੇ ਸ਼ਗਨਾਂ ਦਾ ਅੰਗ ਮੰਨਿਆ ਜਾਂਦਾ ਹੈ। ਲਾੜੇ ਦੀ ਮਾਂ ਉਹਦੀ ਝੋਲੀ ਵਿੱਚ ਮੌਲੀ ਬੱਧਿਆ ਨਾਰੀਅਲ ਪਾਉਂਦੀ ਹੈ, ਜਿਹੜਾ ਸੁਹਾਗ ਪੂੜੇ ਵਿੱਚ ਲਾੜੀ ਨਾਲ ਭੇਜ ਦਿੱਤਾ ਜਾਂਦਾ ਹੈ। ਲਾਵਾਂ ਮਗਰੋਂ ਮੁੰਡੇ ਦੀ ਮਾਂ ਲਾੜੇ ਦੀ ਝੋਲੀ ਵਿੱਚ ਇਹ ਮੁੜ ਪਾ ਦਿੰਦੀ ਹੈ। ਸਮਝਿਆ ਜਾਂਦਾ ਹੈ ਕਿ ਇਹ ਨਾਰੀਅਲ ਸੁਨੇਹਾ ਦੇ ਕੇ ਲਾੜੀ ਨੂੰ ਵਿਆਹ ਕੇ ਲਿਆਉਂਦਾ ਹੈ। ਨਾਰੀਅਲ ਪਿਆਰ ਅਤੇ ਸੁਹਾਗ ਦਾ ਵੀ ਪ੍ਰਤੀਕ ਹੈ। ਇਸ ਦੀਆਂ ਠੂਠੀਆਂ ਤੋਂ ਲਾੜੀ ਲਈ ਕਲੀਰੇ ਬਣਾਏ ਜਾਂਦੇ ਹਨ। ਨੂੰਹ ਜਾਂ ਧੀ ਦੇ ਵਿਆਹ ਸਮੇਂ ਠੂਠੀ ਰੁਪਿਆ ਪਾਇਆ ਜਾਂਦਾ ਹੈ। ਇਸ ਦੀ ਗਿਰੀ ਖਾਣਾ ਵੀ ਇੱਕ ਸ਼ਗਨ ਹੈ। ਇਹ ਸਰੀਰ ਨੂੰ ਅਰੋਗਤਾ ਬਖ਼ਸ਼ਦਾ ਹੈ। ਮਹੂਰਤ ਵੇਲੇ ਨਾਰੀਅਲ ਭੰਨਿਆ ਜਾਂਦਾ ਹੈ। ਮਕਾਨ ਦੀ ਨੀਂਹ ’ਚ ਇਸ ਨੂੰ ਰੱਖਣ ਦਾ ਉਦੇਸ਼ ਪਰਿਵਾਰਕ ਬੰਧਨ ਦਾ ਕੱਸੇ ਰਹਿਣਾ ਹੈ।

ਇੰਜ ਅਨੇਕਾਂ ਸ਼ਗਨ ਪੰਜਾਬੀ ਸੱਭਿਆਚਾਰ ਦਾ ਅਟੁੱਟ ਅੰਗ ਬਣੇ ਪੀੜ੍ਹੀ ਦਰ ਪੀੜ੍ਹੀ ਚਲੇ ਆ ਰਹੇ ਹਨ। ਸਮੇਂ ਦੀ ਤੋਰ ਨਾਲ ਇਨ੍ਹਾਂ ਵਿੱਚ ਤਬਦੀਲੀਆਂ ਵੀ ਆ ਰਹੀਆਂ ਹਨ। ਫਿਰ ਵੀ ਬਹੁਤੇ ਲੋਕ ਇਨ੍ਹਾਂ ਸ਼ਗਨਾਂ ਨੂੰ ਖ਼ੁਸ਼ੀ ਖ਼ੁਸ਼ੀ ਮਾਨਤਾ ਦਿੰਦੇ ਹੋਏ ਪੂਰੇ ਕਰਦੇ ਹਨ। ਇਸੇ ਕਰਕੇ ਅੱਜ ਤੇ ਤਕਨੀਕੀ ਯੁੱਗ ਵਿੱਚ ਵੀ ਮਹਿੰਦੀ ਦਾ ਰੰਗ ਲਾਲ ਅਤੇ ‘ਮਹਿੰਦੀ ਸ਼ਗਨਾਂ ਦੀ’ ਦਾ ਗੀਤ ਹਰ ਵਿਆਹ ਵਿੱਚ ਗੂੰਜਦਾ ਹੈ। ਇਹ ਸ਼ਗਨ ਜਿੱਥੇ ਸਾਡੇ ਲਈ ਖ਼ੁਸ਼ਗਵਾਰ ਮਾਹੌਲ ਪੈਦਾ ਕਰਦੇ ਹਨ, ਉੱਥੇ ਖਾਣ ਪੀਣ, ਖੁੱਲ੍ਹ ਕੇ ਹੱਸਣ ਟੱਪਣ ਦੇ ਨਾਲ ਨਾਲ ਮਿਲ ਬੈਠਣ ਦਾ ਸਬੱਬ ਵੀ ਪੈਦਾ ਕਰਦੇ ਹਨ। ਸਰੀਰਕ ਅਰੋਗਤਾ ਅਤੇ ਮਾਨਸਿਕ ਸੰਤੁਲਨ ਬਣਾਈ ਰੱਖਣ ਲਈ ਵੀ ਸ਼ਗਨਾਂ ਦੀ ਲੋੜ ਹੈ। ਇਨ੍ਹਾਂ ਸੱਭਿਆਚਾਰਕ ਰਹੁ ਰੀਤਾਂ ਨਾਲ ਜੀਵਨ ਕਹਾਣੀ ਰਾਂਗਲੀ ਅਤੇ ਜਿਊਣ ਯੋਗ ਵੀ ਬਣਦੀ ਹੈ।






# ਸਭ ਤੋਂ ਵਧੀਆ ਦਵਾਈ ਹਾਸਾ



**ਲਲਿਤ ਗੁਪਤਾ**

ਕਿਸੇ ਵੀ ਵਿਅਕਤੀ ਦੇ ਚਿਹਰੇ ’ਤੇ ਹਾਸਾ ਉਸ ਵਿਅਕਤੀ ਨੂੰ ਊਰਜਾਵਾਨ ਬਣਾ ਦਿੰਦਾ ਹੈ। ਹਰ ਕੰਮ ਖ਼ੁਸ਼ੀ-ਖ਼ੁਸ਼ੀ ਕਰਨ ਨਾਲ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਮੁਸ਼ਕਲਾਂ ਆਪਣੇ-ਆਪ ਖ਼ਤਮ ਹੋ ਜਾਂਦੀਆਂ ਹਨ ਅਤੇ ਜੀਵਨ ਚੰਗਾ ਲੱਗਣ ਲੱਗ ਪੈਂਦਾ ਹੈ। ਮਸ਼ਹੂਰ ਕਲਾਕਾਰ ਚਾਰਲੀ ਚੈਪਲਿਨ ਦੇ ਕਹੇ ਮੁਤਾਬਕ ਹਾਸੇ ਤੋਂ ਬਿਨਾਂ ਬਿਤਾਇਆ ਗਿਆ ਦਿਨ ਬਰਬਾਦੀ ਵਾਲਾ ਦਿਨ ਹੁੰਦਾ ਹੈ।

ਦੱਸ ਦਈਏ ਕਿ ਹਾਸਾ ਜ਼ਿੰਦਗੀ ਦੀਆਂ ਸਭ ਤੋਂ ਵਧੀਆ ਚੀਜ਼ਾਂ ’ਚੋਂ ਇੱਕ ਹੈ ਜੋ ਸਾਡੀ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਸਿਹਤ ’ਤੇ ਬਹੁਤ ਸਾਰੇ ਸਕਾਰਾਤਮਕ ਪ੍ਰਭਾਵ ਪਾਉਂਦਾ ਹੈ। ਇਸ ਤੋਂ ਇਲਾਵਾ ਹੱਸਣ ਨਾਲ ਤਣਾਅ ਘੱਟ ਹੁੰਦਾ ਹੈ ਅਤੇ ਸਾਡਾ ਪਾਚਨ ਤੰਤਰ ਵੀ ਤੰਦਰੁਸਤ ਹੁੰਦਾ ਹੈ। ਹਾਸਾ ਸਭ ਤੋਂ ਵਧੀਆ ਦਵਾਈ ਹੈ ਜੋ ਹਰ ਸਥਿਤੀ ਵਿੱਚ ਕੰਮ ਕਰਦੀ ਹੈ। ਅੱਜਕੱਲ੍ਹ ‘ਲਾਫ ਥੈਰੇਪੀ’ ਬਹੁਤ ਮਸ਼ਹੂਰ ਹੋ ਗਈ ਹੈ। ਇਸ ਵਿੱਚ ਲੋਕ ਬਿਨਾਂ ਕਿਸੇ ਮਕਸਦ ਦੇ ਸਵੇਰੇ ਕਿਸੇ ਪਾਰਕ ਜਾਂ ਖੁੱਲ੍ਹੀ ਥਾਂ ਵਿੱਚ ਇਕੱਠੇ ਹੋ ਜਾਂਦੇ ਹਨ ਅਤੇ ਉੱਚੀ-ਉੱਚੀ ਹੱਸਦੇ ਹਨ। ਇਸ ਨੂੰ ‘ਲਾਫ ਥੈਰੇਪੀ’ ਕਿਹਾ ਜਾਂਦਾ ਹੈ। ਅਜਿਹਾ ਕਰਨ ਨਾਲ ਅਵਸਾਦ, ਮਾਈਗ੍ਰੇਨ, ਸਿਰ ਦਰਦ, ਤਣਾਅ ਵਰਗੀਆਂ ਬਿਮਾਰੀਆਂ ਤੋਂ ਤੁਰੰਤ ਰਾਹਤ ਮਿਲਦੀ ਹੈ। ਡਾਕਟਰ ਮੁਤਾਬਕ ਸਿਹਤਮੰਦ ਰਹਿਣ ਲਈ 3 ਚੀਜ਼ਾਂ ਦੀ ਲੋੜ ਹੁੰਦੀ ਹੈ- ਸੰਤੁਲਿਤ ਖ਼ੁਰਾਕ, ਮਨ ਦੀ ਸ਼ਾਂਤੀ ਅਤੇ ਖੁੱਲ੍ਹ ਕੇ ਹੱਸਣਾ। ਇਸ ਲਈ ਤੁਸੀਂ ਲੋਕ ਖੁੱਲ੍ਹ ਕੇ ਹੱਸਣ ਦਾ ਕੋਈ ਮੌਕਾ ਨਾ ਛੱਡੋ।

ਹਾਸਰਸ ਇੱਕ ਵਿਆਪਕ ਭਾਸ਼ਾ ਹੈ। ਇਸ ਵਿੱਚ ਜਾਤ, ਧਰਮ, ਰੰਗ, ਲਿੰਗ ਦੀ ਪਰਵਾਹ ਕੀਤੇ ਬਿਨਾਂ ਮਨੁੱਖਤਾ ਨੂੰ ਜੋੜਨ ਦੀ ਸਮਰੱਥਾ ਹੈ। ਹਾਸਾ ਸਾਰੇ ਲੋਕਾਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਮਾਹਿਰਾਂ ਮੁਤਾਬਕ ਹਾਸੇ ’ਚ ਲੋਕਾਂ ਨੂੰ ਇਕਜੁੱਟ ਕਰਨ ਅਤੇ ਤਣਾਅ ਨੂੰ ਦੂਰ ਕਰਨ ਦੀ ਸ਼ਕਤੀ ਹੁੰਦੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਅਸੀਂ ਸਿਹਤ, ਖ਼ੁਸ਼ੀ ਅਤੇ ਵਿਸ਼ਵ ਸ਼ਾਂਤੀ ਨੂੰ ਉਤਸ਼ਾਹਿਤ ਕਰਨ ਲਈ ਹਾਸੇ ਨੂੰ ਹਥਿਆਰ ਵਜੋਂ ਵਰਤ ਸਕਦੇ ਹਾਂ।

ਹਰ ਸਾਲ ਮਈ ਦੇ ਪਹਿਲੇ ਐਤਵਾਰ ਨੂੰ ਵਿਸ਼ਵ ਹਾਸਾ ਦਿਵਸ ਮਨਾਇਆ ਜਾਂਦਾ ਹੈ। ਇਸ ਦੀ ਸ਼ੁਰੂਆਤ ਭਾਰਤ ਤੋਂ ਹੀ ਹੋਈ ਹੈ। ਇਹ ਦਿਨ ਪੂਰੀ ਤਰ੍ਹਾਂ ਹੱਸਣ ਅਤੇ ਹਸਾਉਣ ਨੂੰ ਸਮਰਪਿਤ ਹੈ। ਇਸ ਦਿਨ ਦੇਸ਼-ਵਿਦੇਸ਼ ਵਿੱਚ ਵੱਖ-ਵੱਖ ਤਰ੍ਹਾਂ ਦੇ ਕਾਮੇਡੀ ਮੁਕਾਬਲੇ ਅਤੇ ਸ਼ੋਅ ਕਰਵਾਏ ਜਾਂਦੇ ਹਨ। ਹਾਸਾ ਸਾਰੇ ਲੋਕਾਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਅੰਤਰਰਾਸ਼ਟਰੀ ਹਾਸਾ ਦਿਵਸ 11 ਜਨਵਰੀ 1998 ਨੂੰ ਮੁੰਬਈ ਵਿੱਚ ਸ਼ੁਰੂ ਹੋਇਆ ਸੀ। ਵਿਸ਼ਵ ਹਾਸਾ ਦਿਵਸ ਦੀ ਸਥਾਪਨਾ ਦਾ ਸਿਹਰਾ ਡਾ. ਮਦਨ ਕਟਾਰੀਆ ਨੂੰ ਜਾਂਦਾ ਹੈ। ਉਨ੍ਹਾਂ ਨੇ ਹੀ 11 ਜਨਵਰੀ 1998 ਨੂੰ ਮੁੰਬਈ ਵਿੱਚ ਪਹਿਲੀ ਵਾਰ ਵਿਸ਼ਵ ਹਾਸਾ ਦਿਵਸ ਮਨਾਇਆ ਸੀ। ਇਸ ਨੂੰ ਮਨਾਉਣ ਪਿੱਛੇ ਸਭ ਤੋਂ ਵੱਡਾ ਮਕਸਦ ਸਮਾਜ ਵਿੱਚ ਵਧ ਰਹੇ ਤਣਾਅ ਨੂੰ ਘੱਟ ਕਰਨਾ ਸੀ। ਰੋਜ਼ਾਨਾ ਦੇ ਕੰਮਾਂ ਕਾਰਨ ਲੋਕਾਂ ਦੀ ਜ਼ਿੰਦਗੀ ’ਚ ਹੱਸਣ ਦੀ ਸੰਭਾਵਨਾ ਘਟਦੀ ਜਾ ਰਹੀ ਹੈ। ਅਜਿਹੇ ’ਚ 1998 ’ਚ ਸੋਚਿਆ ਗਿਆ ਕਿ ਕਿਉਂ ਨਾ ਕੁਝ ਅਜਿਹਾ ਕੀਤਾ ਜਾਵੇ, ਜਿਸ ਦੇ ਬਹਾਨੇ ਲੋਕ ਇੱਕ-ਦੂਜੇ ਨਾਲ ਗੱਲ ਕਰ ਸਕਣ ਅਤੇ ਥੋੜ੍ਹੀ ਦੇਰ ਲਈ ਹੱਸ ਸਕਣ। ਵਿਸ਼ਵ ਹਾਸਾ ਦਿਵਸ ਦੀ ਸ਼ੁਰੂਆਤ ਵਿਸ਼ਵ ਵਿੱਚ ਸ਼ਾਂਤੀ ਅਤੇ ਮਨੁੱਖਤਾ ਵਿੱਚ ਭਾਈਚਾਰਕ ਸਾਂਝ ਅਤੇ ਸਦਭਾਵਨਾ ਦੀ ਸਥਾਪਨਾ ਦੇ ਉਦੇਸ਼ ਨਾਲ ਕੀਤੀ ਗਈ ਹੈ। ਇਸ ਦਿਨ ਦੀ ਪ੍ਰਸਿੱਧੀ ‘ਹਾਸਾ ਯੋਗ ਅੰਦੋਲਨ’ ਦੁਆਰਾ ਪੂਰੀ ਦੁਨੀਆ ਵਿੱਚ ਫੈਲ ਗਈ। ਅੱਜ ਪੂਰੀ ਦੁਨੀਆ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਕਾਮੇਡੀ ਕਲੱਬ ਹਨ। ਹਾਸਰਸ ਮਨੁੱਖ ਦੇ ਇਲੈਕਟ ?ਰੋ-ਮੈਗਨੈਟਿਕ ਖੇਤਰ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਵਿਅਕਤੀ ਵਿੱਚ ਸਕਾਰਾਤਮਕ ਊਰਜਾ ਦਾ ਸੰਚਾਰ ਕਰਦਾ ਹੈ। ਜਦੋਂ ਕੋਈ ਵਿਅਕਤੀ ਇੱਕ ਸਮੂਹ ਵਿੱਚ ਹੱਸਦਾ ਹੈ ਤਾਂ ਇਹ ਸਕਾਰਾਤਮਕ ਊਰਜਾ ਪੂਰੇ ਖੇਤਰ ਵਿੱਚ ਫੈਲ ਜਾਂਦੀ ਹੈ ਅਤੇ ਖੇਤਰ ਵਿੱਚੋਂ ਨਕਾਰਾਤਮਕ ਊਰਜਾ ਨੂੰ ਦੂਰ ਕਰਦੀ ਹੈ।

ਇਸ ਦਿਨ ਨੂੰ ਮਨਾਉਣ ਦਾ ਸਪੱਸ਼ਟ ਮਕਸਦ ਲੋਕਾਂ ਨੂੰ ਹਸਾਉਣਾ ਹੈ, ਮਾਧਿਅਮ ਭਾਵੇਂ ਕੋਈ ਵੀ ਹੋਵੇ। ਜਦੋਂ ਕਿ ਹੱਸਣਾ ਇੱਕ ਚੰਗੀ ਕਸਰਤ ਹੈ, ਹਸਾਉਣਾ ਇੱਕ ਕਲਾ ਹੈ। ਜਦੋਂ ਤੁਸੀਂ ਹੱਸਦੇ ਹੋ, ਤੁਹਾਡੇ ਆਲੇ ਦੁਆਲੇ ਦੀ ਦੁਨੀਆ ਬਦਲ ਜਾਂਦੀ ਹੈ। ਬਿਨਾਂ ਸ਼ਰਤ ਹੱਸਣ ਨਾਲ ਸਾਨੂੰ ਅੰਦਰੋਂ ਚੰਗਾ ਮਹਿਸੂਸ ਕਰਨ ਦੀ ਸ਼ਕਤੀ ਮਿਲਦੀ ਹੈ ਅਤੇ ਜਦੋਂ ਤੁਸੀਂ ਅੰਦਰੋਂ ਚੰਗਾ ਮਹਿਸੂਸ ਕਰਦੇ ਹੋ ਤਾਂ ਇਹ ਬਾਹਰੀ ਦੁਨੀਆ ਦੀ ਪੂਰੀ ਧਾਰਨਾ ਨੂੰ ਬਦਲ ਦਿੰਦਾ ਹੈ। ਹਾਸਾ ਸਰੀਰਕ, ਮਾਨਸਿਕ, ਸਮਾਜਿਕ ਅਤੇ ਅਧਿਆਤਮਕ ਤੰਦਰੁਸਤੀ ਦਾ ਸਭ ਤੋਂ ਆਸਾਨ ਉਪਾਅ ਹੈ। ਹਾਸੇ ਦਾ ਕਾਰਨ ਕੀ ਹੈ ? ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ, ਪਰ ਯਕੀਨੀ ਤੌਰ ’ਤੇ ਤੁਹਾਨੂੰ ਚੰਗਾ ਮਹਿਸੂਸ ਹੁੰਦਾ ਹੈ। ਆਪਣੇ ਰਿਸ਼ਤੇ ਨੂੰ ਮਜ਼ਬੂਤ ਕਰਨ ਲਈ ਅਤੇ ਵੱਖ-ਵੱਖ ਸਥਿਤੀਆਂ ਵਿੱਚ ਜਦੋਂ ਤੁਸੀਂ ਪਰੇਸ਼ਾਨ ਹੁੰਦੇ ਹੋ ਤਾਂ ਹਾਸਾ ਤੁਹਾਡੀ ਚਿੰਤਾ ਦੂਰ ਕਰਦਾ ਹੈ। ਇਸ ਨਾਲ ਤੁਹਾਡੀ ਚਿੰਤਾ ਘੱਟ ਹੁੰਦੀ ਹੈ ਅਤੇ ਕੈਲੋਰੀ ਬਰਨ ਹੁੰਦੀ ਹੈ।

ਹਾਸਾ ਵਿਅਕਤੀ ਵਿੱਚ ਸਕਾਰਾਤਮਕ ਊਰਜਾ ਲਿਆਉਂਦਾ ਹੈ ਅਤੇ ਨਕਾਰਾਤਮਕ ਊਰਜਾ ਨੂੰ ਖ਼ਤਮ ਕਰਦਾ ਹੈ ਜਿਸ ਨਾਲ ਵਿਅਕਤੀ ਸ਼ਾਂਤੀ ਨਾਲ ਆਪਣਾ ਜੀਵਨ ਬਤੀਤ ਕਰ ਸਕਦਾ ਹੈ। ਕਈ ਬਿਮਾਰੀਆਂ ਵੀ ਹੱਸਣ ਨਾਲ ਆਪਣੇ ਆਪ ਠੀਕ ਹੋ ਜਾਂਦੀਆਂ ਹਨ।

ਮਨੋਵਿਗਿਆਨਕ ਪ੍ਰਯੋਗਾਂ ਤੋਂ ਪਤਾ ਲੱਗਾ ਹੈ ਕਿ ਜੋ ਬੱਚੇ ਜ਼ਿਆਦਾ ਹੱਸਦੇ ਹਨ, ਉਹ ਜ਼ਿਆਦਾ ਬੁੱਧੀਮਾਨ ਹੁੰਦੇ ਹਨ। ਜਪਾਨ ਦੇ ਲੋਕ ਆਪਣੇ ਬੱਚਿਆਂ ਨੂੰ ਜਨਮ ਤੋਂ ਹੀ ਹੱਸਦੇ ਰਹਿਣਾ ਸਿਖਾਉਂਦੇ ਹਨ। ਹਾਸਰਸ ਤਣਾਅ, ਦਰਦ ਅਤੇ ਸੰਘਰਸ਼ ਦਾ ਇੱਕ ਸ਼ਕਤੀਸ਼ਾਲੀ ਸਰੋਤ ਹੈ। ਹਾਸਰਸ ਬੋਝ ਨੂੰ ਹਲਕਾ ਕਰਦਾ ਹੈ, ਉਮੀਦ ਨੂੰ ਪ੍ਰੇਰਿਤ ਕਰਦਾ ਹੈ, ਸਾਨੂੰ ਦੂਜਿਆਂ ਨਾਲ ਜੋੜਦਾ ਹੈ ਅਤੇ ਇਹ ਸਾਨੂੰ ਫੋਕਸ ਕਰਨ ਅਤੇ ਸੁਚੇਤ ਰਹਿਣ ਵਿੱਚ ਮਦਦ ਕਰਦਾ ਹੈ। ਇਸ ਤੋਂ ਇਲਾਵਾ ਇਹ ਸਾਨੂੰ ਹੋਰ ਤੇਜ਼ੀ ਅਤੇ ਊਰਜਾ ਨਾਲ ਕੰਮ ਕਰਨ ਵਿੱਚ ਵੀ ਮਦਦ ਕਰਦਾ ਹੈ। ਜਦੋਂ ਇੱਕ ਅਧਿਆਪਕ ਜਮਾਤ ਵਿੱਚ ਹੱਸਦੇ ਚਿਹਰੇ ਨਾਲ ਪ੍ਰਵੇਸ਼ ਕਰਦਾ ਹੈ ਤਾਂ ਬੱਚਿਆਂ ਦੇ ਚਿਹਰੇ ’ਤੇ ਰੌਣਕ ਆ ਜਾਂਦੀ ਹੈ। ਜਦੋਂ ਇੱਕ ਡਾਕਟਰ ਕਿਸੇ ਮਰੀਜ਼ ਨਾਲ ਹੱਸ ਕੇ ਗੱਲ ਕਰ ਲਵੇ ਤਾਂ ਮਰੀਜ਼ ਅੱਧਾ ਕੁ ਤਾਂ ਵੈਸੇ ਹੀ ਠੀਕ ਹੋ ਜਾਂਦਾ ਹੈ। ਮਨੁੱਖੀ ਸਰੀਰ ਵਿੱਚ ਪੇਟ ਅਤੇ ਛਾਤੀ ਦੇ ਵਿਚਕਾਰ ਇੱਕ ਡਾਇਆਫਰਾਮ ਹੁੰਦਾ ਹੈ, ਜੋ ਹੱਸਣ ਵੇਲੇ ਸੁੰਗੜਨ ਦਾ ਕੰਮ ਕਰਦਾ ਹੈ। ਨਤੀਜੇ ਵਜੋਂ ਹੱਸਣ ਨਾਲ ਪੇਟ, ਫੇਫੜਿਆਂ ਅਤੇ ਜਿਗਰ ਦੀ ਮਾਲਸ਼ ਹੋ ਜਾਂਦੀ ਹੈ। ਹਾਸਾ ਸਰੀਰ ਵਿੱਚ ਨਵੀਂ ਊਰਜਾ ਲਿਆਉਂਦਾ ਹੈ। ਹੱਸਣ ਨਾਲ ਬਲੱਡ ਪ੍ਰੈਸ਼ਰ ਘੱਟ ਹੁੰਦਾ ਹੈ। ਅਸੀਂ ਗੱਲ ਕਰਨ ਵੇਲੇ ਜਿੰਨੀ ਆਕਸੀਜਨ ਲੈਂਦੇ ਹਾਂ, ਉਸ ਤੋਂ ਛੇ ਗੁਣਾ ਜ਼ਿਆਦਾ ਆਕਸੀਜਨ ਅਸੀਂ ਹੱਸਣ ਵੇਲੇ ਲੈਂਦੇ ਹਾਂ। ਇਸ ਤਰ੍ਹਾਂ ਸਰੀਰ ਨੂੰ ਆਕਸੀਜਨ ਦੀ ਚੰਗੀ ਮਾਤਰਾ ਮਿਲਦੀ ਹੈ। ਮਨੋਵਿਗਿਆਨੀ ਵੀ ਤਣਾਅ ਤੋਂ ਪੀੜਤ ਲੋਕਾਂ ਨੂੰ ਹੱਸਦੇ ਰਹਿਣ ਦੀ ਸਲਾਹ ਦਿੰਦੇ ਹਨ। ਜਦੋਂ ਤੁਸੀਂ ਹੱਸਣ ਲੱਗਦੇ ਹੋ ਤਾਂ ਸਰੀਰ ਵਿੱਚ ਖ਼ੂਨ ਦਾ ਸੰਚਾਰ ਤੇਜ਼ ਹੋ ਜਾਂਦਾ ਹੈ। ਰੋਜ਼ਾਨਾ ਖੁੱਲ੍ਹ ਕੇ ਹੱਸਣ ਨਾਲ ਸ਼ੂਗਰ ਨੂੰ ਕੰਟਰੋਲ ਕਰਨ ’ਚ ਵੀ ਮਦਦ ਮਿਲਦੀ ਹੈ।

ਹੱਸਣ ਨਾਲ ਆਕਸੀਜਨ ਦਾ ਸੰਚਾਰ ਬਹੁਤ ਤੇਜ਼ ਹੋ ਜਾਂਦਾ ਹੈ, ਜਿਸ ਕਾਰਨ ਦੂਸ਼ਿਤ ਹਵਾ ਕਾਫ਼ੀ ਮਾਤਰਾ ’ਚ ਬਾਹਰ ਨਿਕਲਦੀ ਹੈ। ਨਿਯਮਿਤ ਤੌਰ ’ਤੇ ਖੁੱਲ੍ਹ ਕੇ ਹੱਸਣ ਨਾਲ ਸਰੀਰ ਦੇ ਸਾਰੇ ਹਿੱਸਿਆਂ ਨੂੰ ਮਜ਼ਬੂਤੀ ਮਿਲਦੀ ਹੈ ਅਤੇ ਸਰੀਰ ਵਿੱਚ ਖ਼ੂਨ ਦੇ ਸੰਚਾਰ ਦੀ ਰਫ਼ਤਾਰ ਵਧਦੀ ਹੈ ਅਤੇ ਪਾਚਨ ਤੰਤਰ ਵਧੇਰੇ ਕੁਸ਼ਲਤਾ ਨਾਲ ਕੰਮ ਕਰਦਾ ਹੈ। ਉੱਚੀ-ਉੱਚੀ ਹੱਸਣ ਨਾਲ ਪੂਰੇ ਸਰੀਰ ਦੇ ਹਰ ਅੰਗ ਨੂੰ ਹਿਲਜੁਲ ਮਿਲਦੀ ਹੈ, ਨਤੀਜੇ ਵਜੋਂ ਸਰੀਰ ਵਿੱਚ ਮੌਜੂਦ ਐਂਡੋਰਫਿਨ ਗਲੈਂਡ (ਹਾਰਮੋਨ ਡੋਨਰ ਸਿਸਟਮ) ਨਿਰਵਿਘਨ ਚੱਲਣ ਲੱਗਦੀ ਹੈ ਜੋ ਕਈ ਬਿਮਾਰੀਆਂ ਤੋਂ ਛੁਟਕਾਰਾ ਪਾਉਣ ਵਿੱਚ ਮਦਦਗਾਰ ਹੁੰਦੀ ਹੈ। ਇਹ ਇਮਿਊਨਿਟੀ ਵਧਾਉਣ ’ਚ ਵੀ ਮਦਦਗਾਰ ਹੈ।

ਹਾਸਾ ਦਿਲ ਦੀ ਰੱਖਿਆ ਕਰਦਾ ਹੈ ਅਤੇ ਖ਼ੂਨ ਦੇ ਪ੍ਰਵਾਹ ਨੂੰ ਵਧਾਉਂਦਾ ਹੈ ਜੋ ਸਾਨੂੰ ਦਿਲ ਦੇ ਦੌਰੇ ਅਤੇ ਦਿਲ ਨਾਲ ਸਬੰਧਤ ਹੋਰ ਸਮੱਸਿਆਵਾਂ ਤੋਂ ਬਚਾ ਸਕਦਾ ਹੈ। ਇਹ ਕੈਲੋਰੀ ਬਰਨ ਕਰਦਾ ਹੈ। ਦਿਨ ਵਿੱਚ 10 ਤੋਂ 15 ਮਿੰਟ ਹੱਸਣ ਨਾਲ ਲਗਭਗ 40 ਕੈਲੋਰੀਆਂ ਬਰਨ ਹੋ ਸਕਦੀਆਂ ਹਨ। ਇਹ ਗੁੱਸੇ ਨੂੰ ਘੱਟ ਕਰਨ ਵਿੱਚ ਮਦਦ ਕਰਦਾ ਹੈ। ਇਹ ਤੁਹਾਡੀ ਨੀਂਦ ਵਿੱਚ ਮਦਦਗਾਰ ਹੈ। ਜੇਕਰ ਤੁਸੀਂ ਸੌਣ ਤੋਂ ਪਹਿਲਾਂ ਹੱਸਦੇ ਹੋ ਤਾਂ ਇਹ ਤੁਹਾਨੂੰ ਡੂੰਘੀ ਨੀਂਦ ਵੱਲ ਲੈ ਜਾਂਦਾ ਹੈ। ਸਮੇਂ ਦੇ ਨਾਲ ਸਾਡੀ ਯਾਦਦਾਸ਼ਤ ਵਿਗੜ ਜਾਂਦੀ ਹੈ, ਇਸ ਨੂੰ ਸੁਧਾਰਨ ਦਾ ਇੱਕ ਤਰੀਕਾ ਹਾਸਾ ਹੈ। ਇਸ ਨਾਲ ਸਾਡਾ ਦਿਮਾਗ਼ ਮਜ਼ਬੂਤ ਰਹਿੰਦਾ ਹੈ ਅਤੇ ਯਾਦਦਾਸ਼ਤ ਵੀ ਚੰਗੀ ਰਹਿੰਦੀ ਹੈ। ਅੰਦਰੂਨੀ ਲਾਭਾਂ ਤੋਂ ਇਲਾਵਾ, ਹਾਸਾ ਸਾਡੇ ਸਰੀਰ ਦੀਆਂ ਵੱਖ-ਵੱਖ ਮਾਸਪੇਸ਼ੀਆਂ ਦੀ ਕਸਰਤ ਕਰਨ ਵਿੱਚ ਵੀ ਮਦਦਗਾਰ ਹੁੰਦਾ ਹੈ। ਇਸ ਕਾਰਨ ਚਿਹਰੇ ਦੀਆਂ ਮਾਸਪੇਸ਼ੀਆਂ ਦੀ ਵੀ ਕਸਰਤ ਹੁੰਦੀ ਹੈ।

ਹਾਸੇ ਦੇ ਮਾਨਸਿਕ ਸਿਹਤ ਲਾਭ ਵੀ ਹੁੰਦੇ ਹਨ ਕਿਉਂਕਿ ਇਹ ਸਾਡੇ ਜੀਵਨ ਵਿੱਚ ਆਨੰਦ ਅਤੇ ਉਤਸ਼ਾਹ ਨੂੰ ਕਾਇਮ ਰੱਖਦਾ ਹੈ, ਤਣਾਅ ਤੋਂ ਰਾਹਤ ਦਿੰਦਾ ਹੈ ਅਤੇ ਮੂਡ ਨੂੰ ਸੁਧਾਰਦਾ ਹੈ। ਮਸ਼ਹੂਰ ਮਨੋਵਿਗਿਆਨੀ ਡਾ. ਥਾਇਟਨ ਨੇ ਕਿਹਾ ਹੈ ਕਿ ਚਿਹਰੇ ਦੀਆਂ ਝੁਰੜੀਆਂ ਨੂੰ ਦੂਰ ਕਰਨ ਦੀ ਸਭ ਤੋਂ ਵਧੀਆ ਦਵਾਈ ਹੱਸਣਾ ਹੈ। ਸ਼ੇਕਸਪੀਅਰ ਵਰਗੇ ਮਹਾਨ ਚਿੰਤਕਾਂ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਖੁਸ਼ਹਾਲ ਅਤੇ ਵੱਧ ਹੱਸਣ ਵਾਲਾ ਵਿਅਕਤੀ ਜ਼ਿਆਦਾ ਜਿਊਂਦਾ ਹੈ। ਇਸ ਲਈ ਤੁਸੀਂ ਵੀ ਹੱਸਣ ਨੂੰ ਆਪਣੀਆਂ ਆਦਤਾਂ ਵਿੱਚ ਸ਼ਾਮਲ ਕਰੋ ਅਤੇ ਫਿਰ ਦੇਖੋ ਕਿ ਤਣਾਅ ਵੀ ਤੁਹਾਨੂੰ ਪਰੇਸ਼ਾਨ ਨਹੀਂ ਕਰੇਗਾ ਅਤੇ ਤੁਹਾਡੀ ਸਿਹਤ ਵੀ ਚੰਗੀ ਰਹੇਗੀ। ਸ਼ਾਇਦ ਲਈ ਕਿਹਾ ਜਾਂਦਾ ਕਿ ‘ਹਾਸਾ ਸਭ ਤੋਂ ਵਧੀਆ ਦਵਾਈ ਹੈ।’

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366



TRUCK INSURANCE
TRUCK TAX
IFTA



Amarjit S Bir
amarjit@uscipp.org
Lic#0I15593CA
Ph: (925)318-1247

## ਸ਼ਿਵ ਨੂੰ ਯਾਦ ਕਰਦਿਆਂ

ਸ਼ਿਵ ਨੂੰ ਯਾਦ ਕਰਦਿਆਂ,
ਦਿਲ ਵਿੱਚ ਹੌਂਕੇ ਭਰਦਿਆਂ।
ਜਦ ਵੀ ਸ਼ਿਵ ਦੀ ਯਾਦ ਆਉਂਦੀ,
ਦਿਲ ਚੰਦਰੇ ਨੂੰ ਚੀਰਾ ਲਾਉਂਦੀ।
ਯਾਦ ਸ਼ਿਵ ਦੀ ਜਦੋਂ ਪਾਵੇ ਮੋੜੇ,
ਵਾਰ-ਵਾਰ ਦਿਲ ਨੂੰ ਚੰਦਰੀ ਝੰਜੋੜੇ।
ਨਾ ਮਰਹਮ ਮਿਲੇ ਨਾ ਕੋਈ ਪੱਟੀ ,
ਜਾਵਾਂ ਦੱਸ ਮੈਂ ਕਿਹੜੀ ਹੱਟੀ।
ਜਦੋਂ ਚੜ੍ਹ ਪਲਾਂ ਵਿੱਚ ਤਾਰਾ ਛੁਪਿਆ,
ਓਦੋਂ ਬੱਦਲਾਂ ਓਹਲੇ ਸਾਹਿਤ ਦਾ ਸੂਰਜ ਲੁਕਿਆ।
ਚੇਤੇ ਆਵੇ ਸ਼ਿਵ ਦੀ ਕਵਿਤਾ ਬਿਰਹੋਂ ਦੀ ਰੜਕ,
ਸਿਸਕੀਆਂ ਲੈਣ ਇੱਛਾਵਾਂ ਜਦੋਂ ਅੰਦਰੋਂ ਉੱਠੇ ਭੜਕ ।
ਆਦਰਾਂ ਦੇ ਖ਼ੂਨ ਨੂੰ ਰਿੜਕਦੀ ਦਿਲ ਦੀ ਹੂਕ,
ਮਣ-ਮਣ ਹੰਝੂ ਪੀਸੇ ਚੱਕੀ, ਨਾ ਕਰੇ ਕੋਈ ਚੂਕ।
ਕੋਈ ਜੋਬਨ ਰੁੱਤੇ ਤੁਰਿਆ,
ਦੁੱਖਾਂ ਦੇ ਨਾਲ ਮਨ ਭਰਿਆ।
ਛੋਟੀ ਉਮਰੇ ਮਰਿਆ ਕੋਈ ਕਰਮਾ ਮਾਰਾ,
ਗਗਨ ਅੱਜ ਵੀ ਸ਼ਿਵ ਨੂੰ ਚੇਤੇ ਕਰਦਾ ਜੱਗ ਸਾਰਾ।

ਅਸਿਸਟੈਂਟ ਪ੍ਰੋ. ਗਗਨਦੀਪ ਕੌਰ ਧਾਲੀਵਾਲ।
ਆਰੀਆ ਭੱਟ ਕਾਲਜ ਬਰਨਾਲਾ

## ਜ਼ੋਰਾਵਰ ਸਿੰਘ ਜੰਡਾ ਦੇ ਜਨਮ ਦਿਨ 'ਤੇ ਵਿਸ਼ੇਸ਼

ਗੁਰਪ੍ਰੀਤ ਸਿੰਘ ਤੇ ਸਵਾਤੀ ਦੇ ਘਰ ਜੰਮਿਆ ਲਾਲ,
ਮੱਥਾ ਉਸਦਾ ਚਮਕਦਾ ਚਿਹਰੇ ਤੇ ਗੁਲਾਲ।
ਜਨਮ ਦਿੱਤਾ ਮਾਈ ਬਾਪ ਨੇ ਰੂਪ ਦਿੱਤਾ ਕਰਤਾਰ,
ਰਲ ਤਦਬੀਰਾਂ ਗੁੰਦੀਆਂ, ਜੰਡਾ ਪਰਿਵਾਰ,
ਨਾਮ ਇਸ ਦਾ ਰੱਖਿਆ ਜ਼ੋਰਾਵਰ ਸਿੰਘ,
ਇਹ ਜੰਡਾ ਪਰਿਵਾਰ ਦਾ ਹੋਣੇ ਵਾਲਾ ਕਿੰਗ।
ਇਹਦੇ ਵਾਲ ਸੁਨਹਿਰੀ ਰੰਗ ਦੇ ਰਹਿੰਦਾ ਸਭ ਨਾਲ ਹੇਲ ਮੇਲ,
ਫੁੱਟਬਾਲ ਹੈ ਇਸ ਦੀ ਮਨਭਾਉਂਦੀ ਖੇਲ।
ਇਹ ਡਰੰਮ ਬੀਟ ਜਦੋਂ ਕਰਦਾ ਸਿਰ ਮਾਰੇ ਤਾਨ ਦੇ ਨਾਲ,
ਜਦੋਂ ਭੰਗੜਾ ਪਾਵਦਾ ਕਰਦਾ ਇਹ ਫਿਰ ਕਮਾਲ।
ਦਾਦੀ ਦਾਦੇ ਦਾ ਲਾਡਲਾ ਸਾਡੇ ਵਿਹੜੇ ਦਾ ਸ਼ਿੰਗਾਰ,
ਇਹਨੂੰ ਵੇਖ-ਵੇਖ ਕੇ ਰਹਾਉਂਸਦੇ ਕਰਦੇ ਬਹੁਤ ਪਿਆਰ।
ਪੜਦਾਦੀ ਬੈਠੀ ਕੈਨੇਡਾ 'ਚ ਰਹੀ ਇਸ ਨੂੰ ਨਿਹਾਰ,
ਭੂਆ, ਮਾਸੀਆਂ, ਮਾਮੀਆਂ, ਤਾਈਆਂ,
ਚਾਚੀਆਂ ਦੇਵਣ ਆਈਆਂ ਪਿਆਰ।
ਫੁੱਫੜ, ਤਾਏ, ਚਾਚੇ, ਮਾਮੇ ਨੱਚਦੇ ਨੋਟ ਰਹੇ ਨੇ ਵਾਰ
ਨਾਨੀ ਨਾਨਾ ਨੱਚਦੇ ਖੁਸ਼ੀਆਂ ਬੇਸ਼ੁਮਾਰ,
ਅੱਜ ਅਸ਼ੀਰਵਾਦ ਦੇਣ ਲਈ ਪਹੁੰਚੇ ਰਿਸ਼ਤੇਦਾਰ ਦੇ ਯਾਰ।
ਲੱਗਦਾਜਿਵੇਂ ਮੁਹਾਲੀ ਬਣਿਆ ਬਸੰਤ ਬਿਹਾਰ
ਨੋਰਾ, ਜਿਆਨਾ, ਏਕਮ, ਐਬਰਿਨ, ਗੁਰਬਾਜ,
ਨਿਸ਼ਾਨ ਨਚਦੇ ਕਰਦੇ ਪਏ ਕਲੋਲ,
ਜਨਮ ਦਿਨ ਮਨਾਂ ਰਹੇ ਆਪਣੇ ਵੀਰ ਦਾ ਮਿਠੜੇ ਬੋਲਦੇ ਬੋਲ।
ਜੰਡਾ ਕਰੇ ਅਰਦਾਸ ਜ਼ੋਰਾਵਰ ਸਿੰਘ ਬਣੇ ਵਧੀਆ ਇਨਸਾਨ,
ਇਨਸਾਨੀਅਤ ਦੀ ਸੇਵਾ ਕਰੇ ਤੇ ਜੱਗ ਵਿਚ ਹੋਵੇ ਮਹਾਨ।



ਮਨਜੀਤ ਕੌਰ ਜੰਡਾ
94653-86379

## ਧਰਮ ਇਨਸਾਨੀਅਤ

ਕੀ ਹਿੰਦੂ ਕੀ ਮੁਸਲਮਾਨ ਕੀ ਸਿੱਖ ਇਸਾਈ।
ਸਾਰੇ ਧਰਮਾਂ 'ਚ ਕੁਝ ਬਣ ਬੈਠੇ ਨੇ ਕਸਾਈ।

ਕਿਹੜਾ ਗ੍ਰੰਥ ਕਹਿੰਦਾ ਹੈ ਮਜ਼ਹਬ ਦੇ ਨਾਂ 'ਤੇ ਲੜੋ।
ਖ਼ੂਨ ਖ਼ਰਾਬਾ ਦੂਜਿਆਂ ਦਾ ਤੁਸੀਂ ਸ਼ਰੇਆਮ ਕਰੋ।

ਕੀ ਹੈ ਧਰਮ 'ਚ ਜਿਹੜਾ ਤੁਸੀਂ ਵੰਡਾਉਣਾ ਹੈ।
ਖੇਡ ਹੋਲੀ ਖ਼ੂਨ ਦੀ ਕਿਹੜਾ ਰੱਬ ਮਨਾਉਣਾ ਹੈ।

ਕੀ ਮਿਲਦਾ ਹੈ ਕਿਸੇ ਨੂੰ ਦੂਜੇ ਦਾ ਘਰ ਉਜਾੜ ਕੇ।
ਅੱਲ੍ਹਾ ਵਾਹਿਗੁਰੂ ਰਾਮ ਦੇ ਧੀਆਂ ਪੁੱਤਰ ਮਾਰ ਕੇ।

ਕਿਹੜਾ ਧਰਮ ਸਿਖਾਉਂਦਾ ਹੈ ਆਪਸ ਵਿੱਚ ਲੜਨਾ।
ਕਿਹੜੇ ਗ੍ਰੰਥ ਵਿੱਚ ਲਿਖਿਆ ਮਾਰਨਾ ਤੇ ਮਰਨਾ।

ਐ ਹਾਕਮੋਂ ਲਾਸ਼ਾਂ ਦੇ ਨਾਲ ਕੁਰਸੀ ਨਾ ਸਜਾਓ।
ਹਾੜ੍ਹਾ! ਧਰਮ ਦੇ ਨਾਂ 'ਤੇ ਰਾਜਨੀਤੀ ਨਾ ਚਲਾਓ।

ਆਓ ਫੜੇ ਪੱਲਾ ਇਨਸਾਨੀਅਤ ਦੇ ਧਰਮ ਦਾ।
ਜੇ ਪਾਉਣਾ ਚਾਹੁੰਦੇ ਓ ਫਲ ਕਿਸੇ ਕਰਮ ਦਾ।

-ਕਰਮਜੀਤ ਕੌਰ ਬੁਗਰਾ

## ਫ਼ਰਕ

ਕੋਠੀ ਦੀ ਤੀਜੀ ਮੰਜ਼ਿਲ ਦੇ
ਆਪਣੇ ਕਮਰੇ ਦੀ
ਖਿੜਕੀ ਖੋਲ੍ਹ
ਕਣੀਆਂ ਨਾਲ ਸ਼ਰਾਰਤਾਂ ਕਰਦੀ
ਸ਼ਹਿਰ ਦੀ ਸੋਹਣੀ ਕੁੜੀ
ਕਦੇ ਹੱਥਾਂ ਨਾਲ
ਮੀਂਹ ਦਾ ਪਾਣੀ ਉਛਾਲਦੀ
ਕਦੇ ਚਿਹਰਾ ਬਾਹਰ ਕੱਢ
ਮਸਤੀ ਕਰਦੀ
ਤੇ ਕਦੇ ਬੁੱਕ ਵਿੱਚ
ਕਣੀਆਂ ਨੂੰ ਇਕੱਠਾ ਕਰ
ਆਪਣੇ ਗੋਰੇ ਮੁੱਖ 'ਤੇ ਮਾਰਦੀ
ਖਿੜ-ਖਿੜ ਹੱਸਦੀ
ਉਸ ਲਈ ਬਾਰਿਸ਼
ਮੌਜ ਮਸਤੀ ਦਾ ਸਾਧਨ ਹੈ
ਆਨੰਦ ਦੇ ਰਹੀਆਂ ਕਣੀਆਂ
ਚਿਹਰੇ 'ਤੇ ਵੱਜਦੀਆਂ
ਜਦ ਬੁੱਲ੍ਹਾਂ ਨੂੰ ਛੂਹ ਕੇ
ਲੰਮੀ ਗਰਦਨ ਤੱਕ ਪਹੁੰਚਦੀਆਂ
ਤਾਂ ਦਿਲ ਮੋਰ ਵਾਂਗ ਨੱਚ ਉੱਠਦਾ ਹੈ
ਇਹ ਖੇਡ ਖੇਡਦੀ
ਉਹ ਨੀਲੇ ਚਿੱਟੇ ਰੱਬ ਨੂੰ ਹਾਕਾਂ ਮਾਰਦੀ
ਹੋਰ ਬਾਰਿਸ਼ ਪਾਉਣ ਲਈ ਕਹਿੰਦੀ
ਜ਼ੋਰ ਦੀ ਵਰ੍ਹਨ ਲਈ
ਜ਼ੋਰ ਲਾ ਕੇ ਰੌਲਾ ਪਾਉਂਦੀ
ਉਹ ਅਣਜਾਣ ਹੈ
ਕਿ ਉਸ ਦੇ ਘਰ ਤੋਂ ਕਿਧਰੇ ਦੂਰ
ਕੋਈ ਕਿਰਤੀ ਕਿਸਾਨ
ਰਾਤਾਂ ਨੂੰ ਪਹਿਰਾ ਦੇ ਕੇ
ਜੇਠ ਹਾੜ੍ਹ ਦੀਆਂ ਧੁੱਪਾਂ ਸਹਿ ਕੇ
ਜਵਾਨ ਕੀਤੀ ਫ਼ਸਲ 'ਤੇ
ਕਣੀਆਂ ਦੇ ਕੀਤੇ ਜ਼ਖ਼ਮ
ਪਲੋਸਦਾ ਹੋਇਆ ਰੋ ਰਿਹਾ ਹੈ
ਤੇ ਭਾਰ ਕਹਿਰਾਂ ਦਾ ਢੋਹ ਰਿਹਾ ਹੈ
ਇੱਥੇ ਹੀ ਕੋਈ ਗਰੀਬ
ਆਪਣੇ ਢਹਿ ਰਹੇ
ਕੋਠੇ ਦੀ ਛੱਤ ਨੂੰ ਦੇਖ
ਭੁੱਬਾਂ ਮਾਰ ਅੰਦਰੋਂ ਅੰਦਰੀ
ਹੰਝੂ ਵਹਾਅ ਰਿਹਾ ਹੈ
ਉਸ ਨੇ ਜਵਾਨ ਧੀ ਦੇ ਵਿਆਹ
ਛੋਟੇ ਬੱਚਿਆਂ ਦੀ ਪੜ੍ਹਾਈ
ਤੇ ਮੁੜ ਛੱਤ ਪਾਉਣ ਲਈ
ਵਰ੍ਹਦੇ ਮੀਂਹ ਵਿੱਚ
ਕਰ ਲਿਆ ਹੈ ਫ਼ੈਸਲਾ
ਇੱਕ ਸੀਰ ਹੋਰ ਲਾਉਣ ਦਾ
ਪਤਨੀ ਰੱਬ ਨੂੰ ਗਾਲ੍ਹਾਂ ਕੱਢ ਰਹੀ ਹੈ
ਉਧਰ ਕੁੜੀ ਨੇ 'ਬੈਂਕ ਗੌਡ' ਕਹਿ
ਖਿੜਕੀ ਬੰਦ ਕਰ ਦਿੱਤੀ।

-ਜਸਵੰਤ ਗਿੱਲ ਸਮਾਲਸਰ

## ਅਸੀਂ

ਅਸੀਂ ਤੰਗ ਹੋਏ ਵਿਹੜੇ ਵਿੱਚ ਡਿੱਗੇ ਪੱਤਿਆਂ ਤੋਂ,
ਤਾਹੀਓਂ ਵੇਖਾ ਵੇਖੀ, ਅਸਾਂ ਰੁੱਖ ਘਰਾਂ 'ਚੋਂ ਵੱਢੇ ਨੇ।

ਅਸੀਂ ਭੁੱਲਗੇ ਬੁਰਕੀਆਂ ਸੁੱਟਣੀਆਂ ਛੱਤਾਂ ਦੇ ਉੱਤੇ,
ਹੁਣ ਤਾਹੀਉਂ ਪੰਛੀਆਂ ਨੇ ਸਾਡੇ ਘਰ ਛੱਡੇ ਨੇ।

ਜਿਸ ਘਰ ਨਾ ਏ.ਸੀ. ਉਸ ਦਾ ਮਜ਼ਾਕ ਉਡਾਉਂਦੇ ਹਾਂ,
ਅਸੀਂ ਫੁਕਰਪੁਣੇ ਵਿੱਚ ਰੁਤਬੇ ਕੀਤੇ ਵੱਡੇ ਨੇ।

ਹੁਣ ਚੱਲਣ ਲੱਗ ਪਏ ਸਰੀਰ ਨਾਲ ਦਵਾਈਆਂ ਦੇ,
ਅਸੀਂ ਹਾਲੇ ਵੀ ਨਾ ਧੌਣਾਂ 'ਚੋਂ ਕਿੱਲੇ ਕੱਢੇ ਨੇ।

ਜੇ ਹਾਲੇ ਵੀ ਨਾ ਸੰਧੂਆਂ ਸਾਨੂੰ ਇਹ ਸਮਝ ਆਈ,
ਫਿਰ ਕੀਹਨੂੰ ਗੁਆਚੇ ਲਾਲ ਮਿੱਟੀ 'ਚੋਂ ਲੱਭੇ ਨੇ?

-ਹਰਬਿੰਦਰ ਸਿੰਘ ਸੰਧੂ

## ਹਾਕਮੋ ਠੰਢ ਰੱਖੋ!

ਚਾਹੁੰਦਾ ਹੋਣਾ ਨੀ ਫੌਜੀ ਕੋਈ ਜੰਗ ਲੱਗੇ
ਚੜ੍ਹਿਆ ਚਾਅ ਹੈ ਨਫ਼ਰਤਾਂ ਮਾਰਿਆਂ ਨੂੰ।
ਪੁੱਤਰ ਸੈਨਾ ਵਿਚ ਉਨ੍ਹਾਂ ਦਾ ਹੋਣਾ ਨਹੀਉਂ
ਜਿਹੜੇ ਲਾ ਰਹੇ ਤੱਤਿਆਂ ਨਾਹਰਿਆਂ ਨੂੰ।
ਦੇਖੋ ਕਿੱਦਾਂ ਫਿਰ 'ਤਾਲੂ ਨੂੰ ਜੀਭ' ਲੱਗਣੀ
ਭੇਜੋ ਬਾਰਡਰ 'ਤੇ ਵੱਡਿਆਂ 'ਦਾਰਿਆਂ' ਨੂੰ।
ਜ਼ੁਲਮ ਕਰਦੇ ਨੂੰ ਕਰੜੀ ਜਿਹੀ ਸਜ਼ਾ ਦੇਵੋ
ਗੁਨਾਹਗਾਰ ਕਿਉਂ ਸਮਝਦੇ ਸਾਰਿਆਂ ਨੂੰ।
ਸ਼ਾਂਤੀ ਵਾਸਤੇ ਰਲ ਮਿਲਕੇ ਯਤਨ ਕਰੀਏ
ਤੁਰੀਏ ਅਮਨ ਦੇ 'ਪੱਬ ਵਿਚ ਪੱਬ' ਧਰਕੇ।
ਲਹੂ-ਪੀਣੀਆਂ ਜੰਗਾਂ ਤੋਂ ਦੂਰ ਰਹਿ ਕੇ
'ਹੁਕਮਰਾਨੋ ਜੀ' ਠੰਢੇ ਰਹੋ ਰੱਬ ਕਰਕੇ!



ਤਰਲੋਚਨ ਸਿੰਘ ਦੁਪਾਲ ਪੁਰ
78146-92724

## ਜ਼ੁਲਮ-ਏ-ਪਹਿਲਗਾਮ

ਪਹਿਲਗਾਮ ਵਿੱਚ ਵਰਤਾ ਕੇ ਭਾਣਾ
ਕੁੱਲ ਜਹਾਨ ਦਹਿਲਾ ਦਿੱਤਾ
ਸੈਲਾਨੀਆਂ ਉੱਪਰ ਅੰਨ੍ਹੇਵਾਹ ਗੋਲੀ
ਸਵਰਗ ਨੂੰ ਨਰਕ ਬਣਾ ਦਿੱਤਾ
ਰੋਜ਼ੀ ਰੋਟੀ ਦਾ ਇਹ ਵਸੀਲਾ
ਉਨ੍ਹਾਂ ਨੂੰ ਵੱਡੇ ਦੁੱਖ ਤੋਂ ਘੱਟ ਨਹੀਂ
ਤੇ ਸੁਹਾਗਣ ਦੀਆਂ ਖ਼ੁਸ਼ੀਆਂ ਦਾ
ਜ਼ਾਲਮੋ ਸਿਵਾ ਜਲਾ ਦਿੱਤਾ
ਜੰਨਤ ਨੂੰ ਨਰਕ ਬਣਾ ਦਿੱਤਾ
ਸਕੂਨ ਵਿੱਚ ਬੇਫ਼ਿਕਰੇ ਘੁੰਮਦੇ
ਜਿਵੇਂ ਪੰਛੀ ਅੰਬਰੀਂ ਲਾਉਣ ਉਡਾਰੀ
ਬੇਦੋਸ਼ਿਆਂ 'ਤੇ ਜ਼ੁਲਮ ਕਮਾ ਦਿੱਤਾ
ਸੁਰਗ ਨੂੰ ਨਰਕ ਬਣਾ ਦਿੱਤਾ
ਉੱਜੜ ਗਏ ਨੇ ਘਰ ਕਈਆਂ ਦੇ
ਮੁੜ ਵਸਣੇ ਦੀ ਆਸ ਨਾ ਕੋਈ
ਨੇਤਾਵਾਂ ਨੇ ਬਸ ਦੁੱਖ ਪ੍ਰਗਟਾ ਦਿੱਤਾ
ਘਾਟੀ ਨੂੰ ਨਰਕ ਬਣਾ ਦਿੱਤਾ
ਧਾਲੀਵਾਲ ਇਹ ਖੇਡ ਮੌਤ ਦੀ
ਸੰਨ ਸੰਤਾਲੀ ਤੋਂ ਰੁਕੀ ਨਹੀਂ
ਫਿਰ ਵੀ ਕੋਈ ਕੋਈ ਬੁਲੰਦ ਆਵਾਜ਼
ਜ਼ੁਲਮਾਂ ਮੂਹਰੇ ਝੁਕੀ ਨਹੀਂ
ਪਰ ਪਤਾ ਨਹੀਂ ਕਿਸ ਨੇ ਜੰਗਾਂ ਖ਼ਾਤਰ
ਕਸ਼ਮੀਰ ਨੂੰ ਨਰਕ ਬਣਾ ਦਿੱਤਾ।

-ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ

## ਗਮਲਿਆਂ ਵਾਲੇ ਫੁੱਲ

ਵਿੱਚ ਗਮਲਿਆਂ ਫੁੱਲ ਉਗਾਏ,
ਕਿੰਨੇ ਸਾਰੇ ਦਾਦੀ ਨੇ।
ਮਾਲੀ ਕੋਲੋਂ ਸੀ ਮੰਗਵਾਏ,
ਪਿਆਰੇ-ਪਿਆਰੇ, ਦਾਦੀ ਨੇ।
ਵਿੱਚ ਗਮਲਿਆਂ ਫੁੱਲ....
ਕੋਈ ਖਿੜਦਾ ਰਾਤ ਚਾਨਣੀ,
ਕੋਈ ਦੁਪਹਿਰੇ ਖਿਲਦਾ ਹੈ।
ਨਰਸਰੀਆਂ ਦੇ ਵਿੱਚੋਂ ਬੂਟਾ,
ਹਰ ਇੱਕ ਤਰਾਂ ਦਾ ਮਿਲਦਾ ਹੈ।
ਅੰਬਰਾਂ ਵਿੱਚੋਂ ਲਾਹਕੇ ਰੱਖੇ ਤਾਰੇ,
ਮੇਰੀ ਦਾਦੀ ਨੇ।
ਵਿੱਚ ਗਮਲਿਆਂ ਫੁੱਲ....
ਲਾਲ, ਨੀਲੇ ਚਿੱਟੇ ਪੀਲੇ,
ਕੁਦਰਤ ਰੰਗ ਸਜਾਏ ਨੇ।
ਆਂਢ-ਗੁਆਂਢੋਂ ਕੱਠੇ ਹੋ ਕੇ,
ਵੇਖਣ ਬੱਚੇ ਆਏ ਨੇ।
ਕਿੱਥੋਂ ਲਿਆਂਦੇ! ਦੂਰੋਂ ਦੱਸੇ,
ਨਾਲ ਇਸ਼ਾਰੇ, ਦਾਦੀ ਨੇ।
ਵਿੱਚ ਗਮਲਿਆਂ ਫੁੱਲ....
ਬੱਚੇ ਤੇ ਫੁੱਲ ਟਹਿਕਣ,
ਚੰਗੇ ਲੱਗਦੇ ਨੇ।
ਉਸ ਖੁਦਾ ਨੂੰ ਚੰਗੇ ਲੱਗਣ,
ਹੀਰੇ ਸਾਰੇ ਜੱਗ ਦੇ ਨੇ।
'ਪੱਤੋ' ਰੱਖੇ ਸੰਭਾਲ ਦੇਹ
ਸਹਾਰੇ, ਦਾਦੀ ਨੇ।
ਵਿੱਚ ਗਮਲਿਆਂ ਫੁੱਲ ਉਗਾਏ ,
ਕਿੰਨੇ ਸਾਰੇ, ਦਾਦੀ ਨੇ।
ਮਾਲੀ ਕੋਲੋਂ ਸੀ ਮੰਗਵਾਏ ,
ਪਿਆਰੇ-ਪਿਆਰੇ, ਦਾਦੀ ਨੇ।



ਹਰਪ੍ਰੀਤ ਪੱਤੋ
94658-21417

## ਹੈ ਸ਼ੁਕਰਾਨਾ ਤੇਰਾ

ਹੇ ਵਾਹਿਗੁਰੂ, ਜੱਗ ਸਾਰੇ ਵਿੱਚ,
ਸਭ ਤੋਂ ਉੱਚੀਆਂ ਤੇਰੀਆਂ ਸ਼ਾਨਾਂ।
ਦਿੱਤਾ ਜੋ ਤੂੰ ਜੀਵਨ ਮੈਨੂੰ,
ਇਹਦੇ ਲਈ ਤੇਰਾ ਸ਼ੁਕਰਾਨਾ।

ਦੁਨੀਆਂ ਸਾਰੀ ਇੱਕ ਫੁਲਵਾੜੀ,
ਵੰਨ-ਸੁਵੰਨੇ ਫੁੱਲ ਮਹਿਕਦੇ
ਮੇਲੇ ਦੇ ਵਿੱਚ ਸਜੀਆਂ ਹੋਈਆਂ,
ਇੱਕ ਤੋਂ ਵੱਧ ਕੇ ਇੱਕ ਦੁਕਾਨਾਂ।

ਵੱਖ ਵੱਖ ਤਰ੍ਹਾਂ ਦੇ ਜੀਵ ਬਣਾ ਕੇ,
ਆਪੇ ਪਾਲੇਂ, ਆਪੇ ਮਾਰੇਂ
ਸਰਹੱਦਾਂ ਤੇ ਖੜ੍ਹ ਕੇ ਫੌਜੀ,
ਵਾਰ ਰਹੇ ਨੇ ਦੇਸ਼ ਤੋਂ ਜਾਨਾਂ।

ਐਸਾ ਇੱਕ ਰੰਗਮੰਚ ਹੈ ਦੁਨੀਆਂ,
ਕੋਈ ਹੱਸੇ ਕੋਈ ਰੋਵੇ
ਬੰਦੇ ਨੂੰ ਤੂੰ ਜ਼ਿੰਦਗੀ ਦੇ ਕੇ,
ਮੰਗੇਂ ਨਾ ਕੋਈ ਇਵਜ਼ਾਨਾ।

ਕੋਈ ਲੰਮੀਆਂ ਉਮਰਾਂ ਭੋਗੇ,
ਕਿਸੇ ਨੂੰ ਝੱਟ ਹੀ ਮਾਰ ਮੁਕਾਵੇਂ
ਦੁਨੀਆਂ ਦੇ ਇਸ ਅਜਬ ਜਲੌਅ ਨੂੰ,
ਤੂੰ ਵੀ ਖੜ੍ਹ ਕੇ ਵੇਖ ਜਵਾਨਾ।

ਕੋਈ ਰਹਿੰਦਾ ਕੱਚੇ ਢਾਰੇ,
ਕੋਈ ਸੌਂਦਾ ਮਹਿਲ-ਮੁਨਾਰੇ
ਰੋਜ਼ੀ ਰੋਟੀ ਦੇ ਲਈ ਕੋਈ,
ਕਰਦਾ ਕੰਮ ਹੈ ਵਿੱਚ ਦੁਕਾਨਾਂ।

ਐਸਾ ਜੀਵਨ ਜੀਵੀਏ ਏਥੇ
ਖੁਸ਼ੀਆਂ ਖੇੜੇ ਵੰਡਦੇ ਰਹੀਏ
ਮੌਤ ਪਿੱਛੋਂ ਵੀ ਉਸ ਬੰਦੇ ਨੂੰ
ਯਾਦ ਕਰੇਂਦਾ ਕੁੱਲ ਜ਼ਮਾਨਾ।

ਕਰਮਾਂ ਵਿੱਚ ਜੋ ਲਿਖਿਆ ਹੋਇਆ
ਓਹੀ ਤੇ ਓਨਾ ਹੀ ਮਿਲਦਾ
ਅਉਧ ਜਦੋਂ ਪੂਰੀ ਹੋ ਜਾਏ
ਚੱਲੇ ਨਾ ਫਿਰ ਕੋਈ ਬਹਾਨਾ।

ਉਸ ਮਹਾਂਸ਼ਕਤੀ ਦੇ ਅੱਗੇ
ਜ਼ੋਰ ਕਿਸੇ ਦਾ ਚੱਲਦਾ ਨਾਹੀਂ
ਕੀ ਜੋਗੀ ਜਾਂ ਕੋਈ ਭੋਗੀ
ਕੀ ਦਰਵੇਸ਼ ਤੇ ਕੀ ਸੁਲਤਾਨਾ।



-ਪ੍ਰੋ. ਨਵ ਸੰਗੀਤ ਸਿੰਘ
9417692015

## ਮਾਂ

ਰਿਸ਼ਤੇ ਨਾਤੇ ਹੋਰ ਬਥੇਰੇ, ਕੋਈ ਲੈ ਸਕੇ ਨਾ ਇਸ ਥਾਂ ਨੂੰ,
ਸਭ ਤੋਂ ਵੱਧ ਪਿਆਰ ਕੋਈ ਕਰਦਾ, ਕਰਦਾ ਆਪਣੀ ਮਾਂ ਨੂੰ,

ਮਾਂ ਦੀ ਪੂਜਾ ਰੱਬ ਦੀ ਪੂਜਾ, ਕਹਿਗੇ ਲੋਕ ਸਿਆਣੇ,
ਪੁੱਤਾਂ ਦੇ ਭਾਵੇਂ ਆ ਜਾਣ ਧੌਲੇ, ਮਾਂ ਲਈ ਪੁੱਤ ਨਿਆਣੇ,
ਜਦ ਤੱਕ ਪੁੱਤ ਘਰੇ ਨਾ ਆਵੇ, ਤੱਕਦੀ ਰਹਿੰਦੀ ਰਾਹ ਨੂੰ,
ਸਭ ਤੋਂ ਵੱਧ ਪਿਆਰ ਕੋਈ ਕਰਦਾ, ਕਰਦਾ ਆਪਣੀ ਮਾਂ ਨੂੰ।

ਨਿੱਕੇ ਹੁੰਦੇ ਨੂੰ ਲੋਰੀਆਂ ਤੇ, ਵਿਆਹ ਵੇਲੇ ਗਾਵੇ ਘੋੜੀ,
ਜਿੰਨੀ ਸੇਵਾ ਮਾਂ ਦੀ ਕਰ ਲਓ, ਓਨੀ ਹੀ ਹੈ ਥੋੜ੍ਹੀ,
ਪੁੱਤ ਦੀ ਵੇਖ ਤਰੱਕੀ ਮਾਂ ਤੋਂ, ਚੁੱਕਿਆ ਨਾ ਜਾਵੇ ਚਾਅ ਨੂੰ,
ਸਭ ਤੋਂ ਵੱਧ ਪਿਆਰ ਕੋਈ ਕਰਦਾ, ਕਰਦਾ ਆਪਣੀ ਮਾਂ ਨੂੰ।

ਆਪ ਭੁੱਖੀ ਰਹਿ ਸਕਦੀ ਏ, ਪਰ ਪੁੱਤ ਦੀ ਭੁੱਖ ਨਾ ਜਰਦੀ,
ਆਪਣੇ ਹਿੱਸੇ ਦੀ ਰੋਟੀ ਵੀ, ਪੁੱਤ ਦੀ ਥਾਲੀ ਵਿਚ ਧਰਦੀ,
ਪੁੱਤ ਦੇ ਨਾਮੇ ਲਾ ਛੱਡਦੀ ਐ, ਆਪਣੇ ਇਕ-ਇਕ ਸਾਹ ਨੂੰ,
ਸਭ ਤੋਂ ਵੱਧ ਪਿਆਰ ਕੋਈ ਕਰਦਾ, ਕਰਦਾ ਆਪਣੀ ਮਾਂ ਨੂੰ।

ਮਜ਼ਾ ਜੀਣ ਦਾ ਤਦ ਤੱਕ ਜ਼ਿੰਦਗੀ, ਜਦ ਤੱਕ ਜਿਉਂਦੇ ਮਾਪੇ,
ਝਿੰਗੜਾਂ ਵਾਲਿਆਂ ਤੁਰ ਜਾਣ ਜੱਗ ਤੋਂ, ਜੱਗ ਸੁੰਨਾ ਜਿਹਾ ਜਾਪੇ,
ਦਿਓ ਸਦਾ ਸਤਿਕਾਰ ਓਏ ਪੰਮਿਆ, ਇਕ ਅੱਖਰ ਦੇ ਨਾਂ ਨੂੰ,
ਸਭ ਤੋਂ ਵੱਧ ਪਿਆਰ ਕੋਈ ਕਰਦਾ, ਕਰਦਾ ਆਪਣੀ ਮਾਂ ਨੂੰ।

ਗੀਤਕਾਰ : ਪੰਮਾ ਝਿੰਗੜਾਂ ਵਾਲਾ (ਬਹਿਰੀਨ)
0097336723598



# ਬਿਮਾਰੀਆਂ ਦੇ ਅੱਗੇ ਹਾਰ ਰਹੀਆਂ ਦਵਾਈਆਂ



ਵਿਸ਼ਵ ਸਿਹਤ ਸੰਗਠਨ ਨੇ ਐਂਟੀਮਾਈਕਰੋਬਾਇਲ ਪ੍ਰਤੀਰੋਧ ਜਾਂ ਏਐਮਆਰ (ਐਂਟੀਮਾਈਕਰੋਬਾਇਲ ਪ੍ਰਤੀਰੋਧ) ਨੂੰ ਮਨੁੱਖਤਾ ਦੇ ਸਾਹਮਣੇ ਮੌਜੂਦ ਚੋਟੀ ਦੇ ਦਸ ਵਿਸ਼ਵਵਿਆਪੀ ਜਨਤਕ ਸਿਹਤ ਖਤਰਿਆਂ ਵਿੱਚੋਂ ਇੱਕ ਘੋਸ਼ਿਤ ਕੀਤਾ ਹੈ। ਏਐਮਆਰ ਉਦੋਂ ਵਾਪਰਦਾ ਹੈ ਜਦੋਂ ਬੈਕਟੀਰੀਆ, ਵਾਇਰਸ ਅਤੇ ਕੁਝ ਪਰਜੀਵੀ ਵਰਗੇ ਸੂਖਮ ਜੀਵਾਣੂ ਐਂਟੀਬਾਇਓਟਿਕਸ ਵਰਗੇ ਰੋਗਾਣੂਨਾਸ਼ਕਾਂ ਦੁਆਰਾ ਮਾਰੇ ਜਾਣ ਦਾ ਵਿਰੋਧ ਕਰਨ ਲਈ ਵਿਧੀ ਵਿਕਸਤ ਕਰਦੇ ਹਨ। ਇਸ ਤਰ੍ਹਾਂ ਇਨਫੈਕਸ਼ਨ ਬਣਿਆ ਰਹਿੰਦਾ ਹੈ ਅਤੇ ਦੂਜਿਆਂ ਵਿੱਚ ਫੈਲਦਾ ਹੈ। ਐਂਟੀਬੈਕਟੀਰੀਅਲ ਤੱਤ ਤੇਜ਼ੀ ਨਾਲ ਦੁਨੀਆ ਦੇ ਸਭ ਤੋਂ ਵੱਡੇ ਜਨਤਕ ਸਿਹਤ ਸੰਕਟਾਂ ਵਿੱਚੋਂ ਇੱਕ ਵਜੋਂ ਉਭਰ ਰਹੇ ਹਨ, ਜੋ ਕਿ ਜਲਵਾਯੂ ਪਰਿਵਰਤਨ ਤੋਂ ਬਾਅਦ ਦੂਜੇ ਸਥਾਨ 'ਤੇ ਹੈ, 'ਡਾਇਗਨੌਸਟਿਕ ਸਟੀਵਰਡਸ਼ਿਪ' - ਦਵਾਈਆਂ ਦੀ ਢੁਕਵੀਂ ਵਰਤੋਂ ਦੀ ਭੂਮਿਕਾ ਦੀ ਸਮਝ ਦੀ ਘਾਟ ਹੈ। ਦਵਾਈਆਂ ਦੀ ਵਰਤੋਂ ਦੇ ਸਹੀ ਅਤੇ ਬਿਹਤਰ ਤਰੀਕੇ ਅਤੇ ਉਨ੍ਹਾਂ ਦੇ ਫਾਇਦਿਆਂ ਅਤੇ ਨੁਕਸਾਨਾਂ ਬਾਰੇ ਜਾਣਕਾਰੀ ਦੀ ਘਾਟ ਕਾਰਨ, ਸਰੀਰ ਨਾ ਸਿਰਫ਼ ਕਈ ਬਿਮਾਰੀਆਂ ਦਾ ਘਰ ਬਣ ਜਾਂਦਾ ਹੈ, ਸਗੋਂ ਉਹ ਦਵਾਈਆਂ ਵੀ ਕੰਮ ਕਰਨਾ ਬੰਦ ਕਰ ਦਿੰਦੀਆਂ ਹਨ ਜੋ ਸ਼ੁਰੂ ਵਿੱਚ ਚੰਗੀ ਤਰ੍ਹਾਂ ਕੰਮ ਕਰ ਰਹੀਆਂ ਸਨ। ਇਹ ਸਮੱਸਿਆ ਦੁਨੀਆ ਭਰ ਵਿੱਚ ਮੌਜੂਦ ਹੈ। ਸੰਗਠਨ ਦੇ ਅਨੁਸਾਰ, ਇਹ ਵਿਸ਼ਵਵਿਆਪੀ ਸਿਹਤ ਖ਼ਤਰਾ ਵਿਆਪਕ ਤੌਰ 'ਤੇ ਵਧਣ ਦੀ ਸੰਭਾਵਨਾ ਹੈ। ਦੁਨੀਆ ਦੇ ਸਾਰੇ ਦੇਸ਼ਾਂ ਨੂੰ ਇਸ ਨੂੰ ਤਰਜੀਹ ਦੇ ਤੌਰ 'ਤੇ ਵਿਚਾਰਨਾ ਚਾਹੀਦਾ ਹੈ। ਕੋਰੋਨਾ ਦੇ ਸਮੇਂ, ਕੋਵਿਡ-19 ਦਾ ਇਲਾਜ ਸਿਰਫ਼ ਲੱਛਣਾਂ ਦੇ ਆਧਾਰ 'ਤੇ ਹੋਣ ਦੇ ਬਾਵਜੂਦ, ਲੱਖਾਂ ਲੋਕਾਂ ਦੀ ਮੌਤ ਹੋ ਗਈ। ਅਮਰੀਕਾ, ਇਟਲੀ, ਚੀਨ ਅਤੇ ਭਾਰਤ ਉਹ ਪ੍ਰਮੁੱਖ ਦੇਸ਼ ਸਨ ਜਿੱਥੇ ਕੋਰੋਨਾ ਦਾ ਪ੍ਰਭਾਵ ਵਿਆਪਕ ਸੀ। ਉਦੋਂ ਤੋਂ, ਇਹ ਮਹਿਸੂਸ ਹੋਣ ਲੱਗਾ ਕਿ ਭਵਿੱਖ ਵਿੱਚ, ਨਵੀਆਂ ਬਿਮਾਰੀਆਂ ਦੇ ਕਾਰਨ, ਇਹ ਉਚਿਤ ਹੋਵੇਗਾ। ਦਵਾਈਆਂ ਦੀ ਅਣਉਪਲਬਧਤਾ ਜਾਂ ਦਵਾਈ ਦੇ ਘੱਟ ਤੋਂ ਘੱਟ ਪ੍ਰਭਾਵ ਕਾਰਨ ਲੋਕ ਹਰ ਸਮੇਂ ਘਬਰਾਹਟ ਵਿੱਚ ਰਹਿ ਸਕਦੇ ਹਨ।

ਐਂਟੀਬੈਕਟੀਰੀਅਲ ਹਿੱਸੇ ਦੀ ਜਟਿਲਤਾ ਇਸ ਤੱਥ ਤੋਂ ਝਲਕਦੀ ਹੈ ਕਿ ਇੱਕ ਵਾਰ ਜਦੋਂ ਐਂਟੀਮਾਈਕਰੋਬਾਇਲ ਦਵਾਈਆਂ ਪ੍ਰਤੀ ਵਿਰੋਧ ਵਿਕਸਤ ਹੋ ਜਾਂਦਾ ਹੈ, ਤਾਂ ਲਾਗਾਂ ਦਾ ਇਲਾਜ ਕਰਨਾ ਮੁਸ਼ਕਲ ਜਾਂ ਕਈ ਵਾਰ ਅਸੰਭਵ ਹੋ ਜਾਂਦਾ ਹੈ। ਸਪੱਸ਼ਟ ਹੈ ਕਿ ਬਿਮਾਰ ਵਿਅਕਤੀ ਢੁਕਵੇਂ ਇਲਾਜ ਦੀ ਘਾਟ ਕਾਰਨ ਹੌਲੀ-ਹੌਲੀ ਤੜਫ-ਤੜਫ ਕੇ ਮਰ ਜਾਂਦਾ ਹੈ। ਇਹ ਦੇਖਿਆ ਗਿਆ ਹੈ ਕਿ ਐਲੋਪੈਥੀ ਵਿੱਚ ਬਹੁਤ ਸਾਰੀਆਂ ਅਜਿਹੀਆਂ ਦਵਾਈਆਂ ਹਨ, ਜੋ ਇੱਕ ਨਿਸ਼ਚਿਤ ਸੀਮਾ ਤੋਂ ਬਾਅਦ ਕੰਮ ਕਰਨਾ ਬੰਦ ਕਰ ਦਿੰਦੀਆਂ ਹਨ। ਨਵੀਆਂ ਬਿਮਾਰੀਆਂ ਦੇ ਇਲਾਜ ਵਿੱਚ ਨਵੀਆਂ ਦਵਾਈਆਂ ਕਿੰਨੀਆਂ ਪ੍ਰਭਾਵਸ਼ਾਲੀ ਹੋਣਗੀਆਂ, ਇਹ ਉਨ੍ਹਾਂ ਦੀ ਵਰਤੋਂ ਤੋਂ ਬਾਅਦ ਹੀ ਪਤਾ ਲੱਗਦਾ ਹੈ। ਹੁਣ ਚਿੰਤਾ ਦੀ ਗੱਲ ਇਹ ਹੈ ਕਿ ਕੋਵਿਡ-19 ਤੋਂ ਬਾਅਦ, ਨਵੀਆਂ ਬਿਮਾਰੀਆਂ ਉੱਭਰ ਰਹੀਆਂ ਹਨ ਜੋ ਦੁਨੀਆ ਵਿੱਚ ਦਹਿਸ਼ਤ ਪੈਦਾ ਕਰ ਰਹੀਆਂ ਹਨ। ਕਦੇ ਉਹ ਚੀਨ ਤੋਂ ਸ਼ੁਰੂ ਹੁੰਦੇ ਹਨ, ਕਦੇ ਅਫਰੀਕੀ ਦੇਸ਼ਾਂ ਤੋਂ, ਪਰ ਕੁਝ ਹੀ ਦਿਨਾਂ ਵਿੱਚ ਦੁਨੀਆ ਦੇ ਸਾਰੇ ਦੇਸ਼ਾਂ ਵਿੱਚ ਉਨ੍ਹਾਂ ਪ੍ਰਤੀ ਦਹਿਸ਼ਤ ਦਾ ਮਾਹੌਲ ਬਣ ਜਾਂਦਾ ਹੈ। ਅਜਿਹੇ ਹਾਲਾਤ ਸ਼ਾਇਦ ਦੁਨੀਆਂ ਵਿੱਚ ਕਦੇ ਵੀ ਨਹੀਂ ਸਨ ਜਿਵੇਂ ਕਿ ਅੱਜ ਹਨ। ਸਵਾਲ ਇਹ ਹੈ ਕਿ ਐਂਟੀਮਾਈਕਰੋਬਾਇਲ ਪ੍ਰਤੀਰੋਧ ਭਾਵ ਏਐਮਆਰ ਚਿੰਤਾ ਦਾ ਵਿਸ਼ਾ ਕਿਉਂ ਹੈ? ਇਹ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਰੋਗਾਣੂਨਾਸ਼ਕ ਏਜੰਟਾਂ ਪ੍ਰਤੀ ਵਿਰੋਧ ਦੇ ਹੌਲੀ-ਹੌਲੀ ਅਤੇ ਵਧਦੇ ਵਿਕਾਸ ਦੇ ਨਾਲ, ਬਹੁਤ ਸਾਰੀਆਂ ਦਵਾਈਆਂ ਲਾਗਾਂ ਦਾ ਇਲਾਜ ਕਰਨ ਦੀ ਆਪਣੀ ਸਮਰੱਥਾ ਗੁਆ ਰਹੀਆਂ ਹਨ। ਇਸ ਨਾਲ ਵਿਗਿਆਨ ਅਤੇ ਦਵਾਈ ਵਿੱਚ ਸਾਲਾਂ ਦੌਰਾਨ ਹੋਈ ਤਰੱਕੀ ਦੇ ਲਾਭਾਂ ਨੂੰ ਉਲਟਾਉਣ ਦਾ ਖ਼ਤਰਾ ਹੈ। ਇਸਦੇ ਵਧਦੇ ਖ਼ਤਰਿਆਂ ਦੇ ਸੰਬੰਧ ਵਿੱਚ, ਵਿਸ਼ਵ ਸਿਹਤ ਸੰਗਠਨ ਨੇ ਚੇਤਾਵਨੀ ਦਿੱਤੀ ਹੈ ਕਿ 2050 ਤੱਕ, 10 ਮਿਲੀਅਨ ਲੋਕ ਦਵਾਈ ਪ੍ਰਤੀਰੋਧੀ ਬਿਮਾਰੀਆਂ ਕਾਰਨ ਸਮੇਂ ਤੋਂ ਪਹਿਲਾਂ ਮਰ ਸਕਦੇ ਹਨ। 'ਲੈਂਸੇਟ' ਜਰਨਲ ਵਿੱਚ ਪ੍ਰਕਾਸ਼ਿਤ ਇੱਕ ਅਧਿਐਨ ਦੇ ਅਨੁਸਾਰ, 2019 ਵਿੱਚ 4.19 ਲੱਖ ਮੌਤਾਂ ਐਂਟੀਮਾਈਕ੍ਰੋਬਾਇਲ ਪ੍ਰਤੀਰੋਧ ਨਾਲ ਜੁੜੀਆਂ ਸਨ। ਅਧਿਐਨ ਦਰਸਾਉਂਦੇ ਹਨ ਕਿ ਐਂਟੀਬੈਕਟੀਰੀਅਲ ਏਜੰਟ ਕਿਸੇ ਨੂੰ ਵੀ, ਜ਼ਿੰਦਗੀ ਦੇ ਕਿਸੇ ਵੀ ਪੜਾਅ 'ਤੇ ਪ੍ਰਭਾਵਿਤ ਕਰ ਸਕਦੇ ਹਨ। ਇਹ ਉਸ ਦਰ ਨਾਲ ਵਿਕਸਤ ਹੋ ਰਹੇ ਹਨ ਜੋ ਨਵੇਂ ਐਂਟੀਬੈਕਟੀਰੀਅਲ ਏਜੰਟ ਵਿਕਸਤ ਕੀਤੇ ਜਾ ਰਹੇ ਹਨ, ਉਸ ਦਰ ਤੋਂ ਕਿਤੇ ਵੱਧ ਹੈ। ਅਧਿਐਨ ਸੁਝਾਅ ਦਿੰਦਾ ਹੈ ਕਿ ਜਿਵੇਂ-ਜਿਵੇਂ ਵਪਾਰ ਅਤੇ ਯਾਤਰਾ ਰਾਹੀਂ ਵਿਸ਼ਵਵਿਆਪੀ ਸੰਪਰਕ ਵਧਦਾ ਹੈ, ਉੱਭਰਦੇ AMRs ਦੇ ਦੁਨੀਆ ਭਰ ਵਿੱਚ ਫੈਲਣ ਦੀ ਸੰਭਾਵਨਾ ਵੱਧ ਜਾਂਦੀ ਹੈ। ਜੇਕਰ ਅਸੀਂ ਰੋਗਾਣੂਨਾਸ਼ਕ ਪ੍ਰਤੀਰੋਧ ਨੂੰ ਸੰਬੋਧਿਤ ਨਹੀਂ ਕਰਦੇ, ਤਾਂ ਅਸੀਂ ਨਿਯਮਤ ਡਾਕਟਰੀ ਪ੍ਰਕਿਰਿਆਵਾਂ ਅਤੇ ਸਰਜਰੀਆਂ ਨੂੰ ਸੁਰੱਖਿਅਤ ਢੰਗ ਨਾਲ ਕਰਨ ਦੀ ਯੋਗਤਾ ਗੁਆ ਦੇਵਾਂਗੇ।



ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਐਂਟੀਬੈਕਟੀਰੀਅਲ ਪ੍ਰਤੀਰੋਧ ਉਦੋਂ ਹੁੰਦਾ ਹੈ ਜਦੋਂ ਬੈਕਟੀਰੀਆ, ਵਾਇਰਸ, ਫੰਜਾਈ ਅਤੇ ਪਰਜੀਵੀ ਸਮੇਂ ਦੇ ਨਾਲ ਕੁਦਰਤੀ ਤੌਰ 'ਤੇ ਪਰਿਵਰਤਨ ਕਰਦੇ ਹਨ। ਅਤੇ ਆਧੁਨਿਕ ਦਵਾਈਆਂ ਦਾ ਜਵਾਬ ਨਹੀਂ ਦਿੰਦੇ। ਇਸ ਨਾਲ ਇਨਫੈਕਸ਼ਨ ਦਾ ਇਲਾਜ ਕਰਨਾ ਮੁਸ਼ਕਲ ਹੋ ਜਾਂਦਾ ਹੈ। ਨਤੀਜੇ ਵਜੋਂ, ਮਿਆਰੀ ਐਂਟੀਬਾਇਓਟਿਕ ਇਲਾਜ ਬੇਅਸਰ ਹੋ ਜਾਂਦੇ ਹਨ ਅਤੇ ਲਾਗ ਬਣੀ ਰਹਿੰਦੀ ਹੈ, ਜਿਸ ਨਾਲ ਮਰੀਜ਼ ਲਈ ਜੋਖਮ ਵਧ ਜਾਂਦਾ ਹੈ। ਅਸੀਂ ਇਸਨੂੰ ਇਸ ਤਰ੍ਹਾਂ ਸਮਝ ਸਕਦੇ ਹਾਂ। ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵਿੱਚ, ਬਹੁਤ ਸਾਰੀਆਂ ਦਵਾਈਆਂ ਦੀ ਕੀਮਤ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੈ। ਇਸ ਕਾਰਨ ਬਿਮਾਰੀਆਂ ਵਧਦੀਆਂ ਹੀ ਰਹਿੰਦੀਆਂ ਹਨ।

ਐਂਟੀਮਾਈਕ੍ਰੋਬਾਇਲ ਰੋਧਕ (ਏਐਮਆਰ) ਦਵਾਈਆਂ ਦੀ ਕੀਮਤ ਬਹੁਤ ਜ਼ਿਆਦਾ ਹੈ ਅਤੇ ਇਸਨੂੰ ਮਨੁੱਖੀ ਜਾਨਾਂ ਦੇ ਨੁਕਸਾਨ ਦੇ ਰੂਪ ਵਿੱਚ ਮਾਪਿਆ ਜਾ ਸਕਦਾ ਹੈ। 'ਐਂਟੀਮਾਈਕ੍ਰੋਬਾਇਲ ਸਟੀਵਰਡਸ਼ਿਪ' (ਏਐਮਐਸ) ਐਂਟੀਮਾਈਕ੍ਰੋਬਾਇਲ ਦਵਾਈਆਂ ਦੀ ਸੂਝਵਾਨ ਵਰਤੋਂ ਦੁਆਰਾ ਭਵਿੱਖ ਦੀਆਂ ਪੀੜ੍ਹੀਆਂ ਲਈ ਐਂਟੀਬਾਇਓਟਿਕ ਪ੍ਰਭਾਵਸ਼ੀਲਤਾ ਨੂੰ ਸੁਰੱਖਿਅਤ ਰੱਖਣ ਦੀ ਵਚਨਬੱਧਤਾ ਹੈ। ਡਾਕਟਰੀ ਖੋਜਕਰਤਾਵਾਂ ਦੇ ਅਨੁਸਾਰ, 'ਐਂਟੀਮਾਈਕ੍ਰੋਬਾਇਲ ਸਟੀਵਰਡਸ਼ਿਪ' ਪਹਿਲਕਦਮੀ ਦਾ ਟੀਚਾ ਇਹ ਯਕੀਨੀ ਬਣਾਉਣਾ ਹੈ ਕਿ ਸਹੀ ਰੋਗੀ ਨੂੰ ਸਹੀ ਸਮੇਂ 'ਤੇ, ਸਹੀ ਖੁਰਾਕ 'ਤੇ ਸਹੀ ਐਂਟੀਬਾਇਓਟਿਕ ਦਿੱਤੀ ਜਾਵੇ, ਜਿਸ ਨਾਲ ਮਰੀਜ਼ ਨੂੰ ਘੱਟ ਤੋਂ ਘੱਟ ਨੁਕਸਾਨ ਹੋਵੇ। ਪਰ ਡਾਕਟਰੀ ਖੇਤਰ ਵਿੱਚ ਜਿਸ ਤਰ੍ਹਾਂ ਦੀ ਹਫੜਾ-ਦਫੜੀ ਹੈ, ਉਹ ਇਹ ਯਕੀਨੀ ਨਹੀਂ ਬਣਾਉਂਦੀ ਕਿ ਬਿਮਾਰਾਂ ਨੂੰ ਬਿਨਾਂ ਕਿਸੇ ਵਾਧੂ ਦਬਾਅ ਦੇ ਸਹੀ ਸਮੇਂ 'ਤੇ ਸਹੀ ਦਵਾਈ ਅਤੇ ਸਹੀ ਇਲਾਜ ਮਿਲੇ। ਭਾਰਤੀ ਦਵਾਈ ਦੇ ਖੇਤਰ ਵਿੱਚ ਬਹੁਤ ਸਾਰੀਆਂ ਅਸੰਗਤੀਆਂ ਅਤੇ ਗੁੰਝਲਾਂ ਹਨ। ਇਸ ਖੇਤਰ ਦਾ ਸਾਰਾ ਸਿਸਟਮ ਭ੍ਰਿਸ਼ਟਾਚਾਰ ਵਿੱਚ ਡੁੱਬਿਆ ਹੋਇਆ ਹੈ। ਇਹ ਧਿਆਨ ਦੇਣ ਯੋਗ ਹੈ ਕਿ ਭਾਰਤ ਵਿੱਚ ਦਵਾਈਆਂ ਦਾ ਇੱਕ ਵੱਡਾ ਬਾਜ਼ਾਰ ਹੈ। ਇੱਥੇ ਦਵਾਈਆਂ ਦੀਆਂ ਕੀਮਤਾਂ ਮਨਮਾਨੇ ਢੰਗ ਨਾਲ ਤੈਅ ਕੀਤੀਆਂ ਜਾਂਦੀਆਂ ਹਨ। ਇਸ ਦੇ ਨਾਲ ਹੀ, ਨਕਲੀ ਦਵਾਈਆਂ ਦੇ ਕਾਰੋਬਾਰ ਕਾਰਨ, ਕਰੋੜਾਂ ਲੋਕ ਬਿਮਾਰ ਹੋ ਰਹੇ ਹਨ ਅਤੇ ਬੇਲੋੜੇ ਮਰ ਰਹੇ ਹਨ। ਇਹ ਨਕਲੀ ਦਵਾਈਆਂ ਨਾ ਸਿਰਫ਼ ਦਸ ਤੋਂ ਪੰਜ ਸੌ ਗੁਣਾ ਮਹਿੰਗੀਆਂ ਹਨ, ਸਗੋਂ ਮਰੀਜ਼ ਦਾ ਇਲਾਜ ਕਰਨ ਵਿੱਚ ਵੀ ਅਸਫਲ ਰਹਿੰਦੀਆਂ ਹਨ।

ਪਿਛਲੇ ਚਾਰ ਸਾਲਾਂ ਵਿੱਚ, ਕਰੋੜਾਂ ਲੋਕ ਬਿਮਾਰ ਹੋਏ ਅਤੇ ਲੱਖਾਂ ਦੀ ਮੌਤ ਏਐਮਆਰ ਕਾਰਨ ਹੋਈ। ਇਹ ਧਿਆਨ ਦੇਣ ਯੋਗ ਹੈ ਕਿ ਏਐਮਆਰ ਤੋਂ ਪੀੜਤ ਲੋਕਾਂ ਨੂੰ ਲਗਾਤਾਰ ਦਵਾਈਆਂ ਖਾਣੀਆਂ ਪੈਂਦੀਆਂ ਹਨ। ਲੋਕਾਂ ਦੀਆਂ ਬਿਮਾਰੀਆਂ ਦਵਾਈਆਂ ਲੈਣ ਨਾਲ ਠੀਕ ਨਹੀਂ ਹੁੰਦੀਆਂ, ਸਗੋਂ ਲਗਾਤਾਰ ਦਵਾਈਆਂ ਲੈਣ ਨਾਲ ਉਹ ਨਵੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਮਰੀਜ਼ ਇਨ੍ਹਾਂ ਨਵੀਆਂ ਬਿਮਾਰੀਆਂ ਲਈ ਵੀ ਦਵਾਈ ਲੈਣੀ ਸ਼ੁਰੂ ਕਰ ਦਿੰਦਾ ਹੈ, ਪਰ ਦਵਾਈ ਦਾ ਪ੍ਰਭਾਵ ਜਾਂ ਤਾਂ ਬਹੁਤ ਘੱਟ ਹੁੰਦਾ ਹੈ ਜਾਂ ਇਹ ਬਿਲਕੁਲ ਨਹੀਂ ਹੁੰਦਾ। ਇਸ ਦਾ ਕਾਰਨ ਇਹ ਹੈ ਕਿ ਲਗਾਤਾਰ ਦਵਾਈਆਂ ਲੈਣ ਨਾਲ ਸਰੀਰ ਦੀ ਇਮਿਊਨਿਟੀ ਨਸ਼ਟ ਹੋ ਜਾਂਦੀ ਹੈ ਅਤੇ ਦਵਾਈ ਦਾ ਕੋਈ ਅਸਰ ਨਾ ਹੋਣ ਕਾਰਨ ਸਰੀਰ ਬਿਮਾਰੀਆਂ ਦਾ ਘਰ ਬਣ ਜਾਂਦਾ ਹੈ। ਦੁਨੀਆ ਵਿੱਚ ਡਾਕਟਰੀ ਖੇਤਰ ਵਿੱਚ ਪ੍ਰਾਪਤੀਆਂ ਦੇ ਕਾਰਨ, ਬਹੁਤ ਸਾਰੇ ਦੇਸ਼ਾਂ ਵਿੱਚ ਡਾਕਟਰੀ ਇਲਾਜ ਬਹੁਤ ਆਸਾਨ ਅਤੇ ਹਰ ਕਿਸੇ ਲਈ ਉਪਲਬਧ ਹੋ ਗਿਆ ਹੈ, ਪਰ ਭਾਰਤ ਵਿੱਚ, ਡਾਕਟਰੀ ਖੇਤਰ ਇੰਨਾ ਗੁੰਝਲਦਾਰੀਆਂ ਅਤੇ ਅਸੰਗਤੀਆਂ ਨਾਲ ਭਰਿਆ ਹੋਇਆ ਹੈ ਕਿ ਇਸ ਬਾਰੇ ਕੁਝ ਵੀ ਕਹਿਣਾ ਮੁਸ਼ਕਲ ਹੈ। ਫਿਰ ਵੀ, ਸਾਨੂੰ ਉਮੀਦ ਕਰਨੀ ਚਾਹੀਦੀ ਹੈ ਕਿ ਏਐਮਆਰ ਉਹੀ ਵਿਸ਼ਵਵਿਆਪੀ ਦਹਿਸ਼ਤ ਪੈਦਾ ਨਹੀਂ ਕਰੇਗਾ ਜਿਵੇਂ ਕਿ ਇਸਨੇ ਕੋਰੋਨਾ ਕਾਲ ਦੌਰਾਨ ਪੈਦਾ ਕੀਤਾ ਸੀ।

# ਵਗਦੇ ਪਾਣੀਆਂ ਜਿਹੀ ਹੋਵੇ ਜ਼ਿੰਦਗੀ

ਗੁਰਬਿੰਦਰ ਸਿੰਘ ਮਾਣਕ

ਵਗਦੇ ਪਾਣੀਆਂ ਦੀ ਨਿਰਮਲ ਧਾਰਾ, ਦਿਲ ਨੂੰ ਮੋਹ ਲੈਣ ਵਾਲੀ ਅਪਾਰ ਸੁੰਦਰਤਾ ਤੇ ਰਵਾਨੀ ਮਨਾਂ ਨੂੰ ਇਸ ਕਦਰ ਸਰਸ਼ਾਰ ਕਰਦੀ ਹੈ ਕਿ ਕੁਦਰਤ ਦੀ ਇਸ ਅਨਮੁੱਲੀ ਦਾਤ ਅੱਗੇ ਸਿਜਦਾ ਕਰਨ ਨੂੰ ਮਨ ਕਰਦਾ ਹੈ। ਝੀਲਾਂ, ਨਦੀਆਂ, ਮਹਾਂਸਾਗਰਾਂ ਵਿਚ ਉੱਠਦੀਆਂ ਪਾਣੀ ਦੀਆਂ ਲਹਿਰਾਂ ਇਕ ਅਦਭੁੱਤ ਸੁਰ-ਸੰਗੀਤ ਨਾਲ ਮਨ ਨੂੰ ਜਿਹੜਾ ਖੇੜਾ ਮਿਲਦਾ ਹੈ, ਉਸ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ, ਕੇਵਲ ਅਨੁਭਵ ਹੀ ਕੀਤਾ ਜਾ ਸਕਦਾ ਹੈ। ਧਰਤੀ 'ਤੇ ਵਸੇ ਪ੍ਰਾਣੀਆਂ, ਪਸ਼ੂਆਂ, ਪਰਿੰਦਿਆਂ, ਅਸੰਖ ਜੀਵ-ਜੰਤੂਆਂ, ਝੂਮਦੀਆਂ ਫ਼ਸਲਾਂ ਤੇ ਬਿਰਖ-ਬੂਟਿਆਂ ਵਿਚ ਪਾਣੀ ਦੀ ਬਦੌਲਤ ਹੀ ਜ਼ਿੰਦਗੀ ਧੜਕਦੀ ਹੈ। ਪਾਣੀਆਂ ਦੀ ਬੂੰਦ ਵਿਚ ਛੁਪੀ ਹੋਈ ਹੈ ਜੀਵਨ ਦੀ ਨਿਰੰਤਰ ਚੱਲਦੀ ਤੋਰ। ਸਦੀਆਂ ਪਹਿਲਾਂ ਵੀ ਇਸ ਧਰਤੀ ਦੇ ਬਸ਼ਿੰਦੇ, ਜ਼ਿੰਦਗੀ ਦੀ ਤੋਰ ਨੂੰ ਚਲਦਾ ਰੱਖਣ ਲਈ ਵਗਦੇ ਪਾਣੀਆਂ ਦੇ ਕੰਢਿਆਂ ਸੰਗ ਹੀ ਦੋਸਤੀਆਂ ਗੰਢਦੇ ਆਏ ਹਨ।

ਇਹ ਪਾਣੀ ਕੇਵਲ ਉਨ੍ਹਾਂ ਦੀ ਪਿਆਸ ਹੀ ਨਹੀਂ ਬੁਝਾਉਂਦੇ ਸਨ, ਸਗੋਂ ਇਨ੍ਹਾਂ ਦਾ ਨਿਰੰਤਰ ਪ੍ਰਵਾਹ, ਮਨੁੱਖ ਨੂੰ ਅਗੇਰੇ ਤੇ ਹੋਰ ਅਗੇਰੇ ਵਧਣ ਲਈ ਵੀ ਪ੍ਰੇਰਿਤ ਕਰਦਾ ਸੀ। ਵਗਦਾ ਪਾਣੀ ਧਰਤੀ 'ਤੇ ਜੀਵਨ ਦੀ ਧਾਰਾ ਨੂੰ ਨਿਰੰਤਰ ਵਗਦੇ ਰੱਖਣ ਦਾ ਪ੍ਰਤੀਕ ਹੈ। ਜਿਨ੍ਹਾਂ ਨੇ ਫ਼ਸਲਾਂ ਨੂੰ ਸਿੰਜਦਿਆਂ ਆੜ ਵਿਚ ਵਗਦਾ ਪਾਣੀ ਤੱਕਿਆ ਹੈ, ਉਹ ਜਾਣਦੇ ਹਨ ਕਿ ਕਿਵੇਂ ਇਹ ਜਲਧਾਰਾ ਫ਼ਸਲਾਂ ਲਈ ਜੀਵਨ-ਦਾਨ ਬਣਦੀ ਹੈ।

ਵਗਦੇ ਪਾਣੀ ਤਾਂ ਕੁਦਰਤ ਵਲੋਂ ਲਿਖੀ ਸੁਹਜਮਈ ਕਵਿਤਾ ਦੀ ਨਿਆਈਂ ਹਨ। ਜਿਵੇਂ ਖੜ੍ਹਾ ਪਾਣੀ ਬੁਸ ਜਾਂਦਾ ਹੈ ਤੇ ਬਦਬੂ ਮਾਰਨ ਲਗਦਾ ਹੈ, ਬਿਲਕੁਲ ਇਸੇ ਤਰ੍ਹਾਂ ਹੀ ਜੇ ਜ਼ਿੰਦਗੀ ਰੂਪੀ ਵਗਦੇ ਪਾਣੀਆਂ 'ਚ ਵੀ ਕੋਈ ਹਲਚਲ ਨਾ ਰਹੇ ਤਾਂ ਇਹ ਵੀ ਬੁਸੇ ਤੇ ਗੰਦਗੀ ਭਰੇ ਪਾਣੀਆਂ ਵਰਗੀ ਹੋ ਜਾਂਦੀ ਹੈ। ਆਪਣੇ ਮਨ ਦੀਆਂ ਇਛਾਵਾਂ ਤੇ ਖ਼ੁਸ਼ੀਆਂ ਬਾਰੇ ਹੀ ਸੋਚੀ ਜਾਣਾ ਤੇ ਉਨ੍ਹਾਂ ਨੂੰ ਹਰ ਹੀਲੇ ਪੂਰਾ ਕਰਨ ਦੀ ਲਾਲਸਾ ਵਿਚ ਭਟਕਦੇ ਰਹਿਣਾ ਹੀ ਜੀਵਨ ਨਹੀਂ ਹੈ। ਮਨੁੱਖ ਧਰਤੀ 'ਤੇ ਖਾਣ ਤੇ ਜੀਵਨ ਦੇ ਦਿਨ ਕੱਟਣ ਹੀ ਨਹੀਂ ਆਉਂਦਾ। ਇਹ ਜ਼ਿੰਦਗੀ ਮਾਨਣਯੋਗ, ਅਰਥ-ਭਰਪੂਰ ਤੇ ਸਾਰਥਿਕ ਤਾਂ ਹੀ ਬਣਦੀ ਹੈ, ਜੇ ਮਨੁੱਖ ਆਪਣੀ ਸੂਝ ਤੇ ਆਪਣੇ ਅੰਦਰਲੇ ਹੁਨਰ ਦੀ ਥਾਹ ਪਾ ਕੇ ਕਿਸੇ ਸਰਗਰਮੀ ਦੇ ਰਾਹ ਤੁਰਿਆ ਰਹੇ। ਸਮਾਜ ਵਿਚ ਕੁਝ ਲੋਕ ਸਿਰਫ਼ ਆਪਣੇ ਲਈ ਹੀ ਜਿਉਂਦੇ ਹਨ ਤੇ ਕੁਝ ਲੋਕ ਆਪਣੇ ਪਰਿਵਾਰ ਤੱਕ ਹੀ ਸੀਮਤ ਹਨ। ਪਰ ਕੁਝ ਗਿਣਤੀ ਅਜਿਹੇ ਸੁਹਿਰਦ ਇਨਸਾਨਾਂ ਦੀ ਵੀ ਹੈ ਜਿਹੜੇ ਆਪਣੇ ਲਈ ਨਹੀਂ, ਸਗੋਂ ਦੂਜਿਆਂ ਲਈ ਜਿਉਂਦੇ ਹਨ। ਉਨ੍ਹਾਂ ਲਈ ਜੀਵਨ ਦਾ ਮਕਸਦ ਹਰ ਹੀਲੇ ਮਾਨਵਤਾ ਦੀ ਸੇਵਾ ਦੇ ਰਾਹ 'ਤੇ ਤੁਰਨਾ ਹੁੰਦਾ ਹੈ। ਉਹ ਹਮੇਸ਼ਾ ਕੁਝ ਅਜਿਹਾ ਕਰਨਾ ਲੋਚਦੇ ਰਹਿੰਦੇ ਹਨ, ਜਿਸ ਨਾਲ ਦੂਜਿਆਂ ਦਾ ਭਲਾ ਹੁੰਦਾ ਹੋਵੇ। ਕਿੰਨੀ ਉੱਚੀ ਤੇ ਸੁੱਚੀ ਹੈ ਖ਼ੂਨਦਾਨ ਦੀ ਭਾਵਨਾ। ਕਿਸੇ ਇਨਸਾਨ ਵਿਚ ਜੀਵਨ-ਰੌਂਅ ਵਜੋਂ ਵਹਿੰਦੇ ਖ਼ੂਨ ਦੀ ਜੇ ਕਮੀ ਆ ਜਾਵੇ ਤਾਂ ਜਾਨ ਖ਼ਤਰੇ 'ਚ ਪੈ ਜਾਂਦੀ ਹੈ। ਪਰ ਕਿਸੇ ਜਾਗਰੂਕ ਮਨੁੱਖ ਵਲੋਂ ਦਿੱਤਾ ਖ਼ੂਨ ਪੀੜਤ ਲਈ ਜੀਵਨ-ਦਾਨ ਬਣ ਜਾਂਦਾ ਹੈ। ਅਜਿਹੇ ਲੋਕ ਸਮਾਜ ਲਈ ਚਾਨਣ-ਮੁਨਾਰੇ ਹੁੰਦੇ ਹਨ।



ਬਿਨਾਂ ਕਿਸੇ ਸਰਗਰਮੀ ਜਾਂ ਮਕਸਦ ਦੇ ਜੀਵਨ ਗੁਜ਼ਾਰਨਾ, ਨਿਰੰਤਰ ਵਗਦੀ ਜੀਵਨ-ਰੌਂਅ ਨੂੰ ਬੰਨ੍ਹ ਮਾਰਨ ਦੇ ਸਮਾਨ ਹੈ। ਜੇ ਤੁਹਾਡੀ ਗਲੀ ਵਿਚ ਕੂੜਾ ਖਿੱਲਰਿਆ ਰਹਿੰਦਾ ਹੈ, ਨਾਲੀਆਂ 'ਚ ਪਾਣੀ ਦੀ ਨਿਕਾਸੀ ਨਹੀਂ ਹੋ ਰਹੀ ਤੇ ਗੰਦਗੀ ਫੈਲੀ ਹੋਈ ਹੈ, ਜੇ ਟੂਟੀ 'ਚੋਂ ਪਾਣੀ ਵਗਦਾ ਰਹਿੰਦਾ ਹੈ ਤੇ ਹਰ ਪਾਸੇ ਚਿੱਕੜ ਹੈ, ਜੇ ਤੁਹਾਡਾ ਕੰਮ ਰਿਸ਼ਵਤ ਤੋਂ ਬਿਨਾਂ ਨਹੀਂ ਹੁੰਦਾ ਤੇ ਤੁਸੀਂ ਚੁੱਪ ਹੋ, ਜੇ ਤੁਹਾਡੇ ਪਿੰਡ/ਮੁਹੱਲੇ/ਸ਼ਹਿਰ ਵਿਚ ਨਸ਼ੇ ਦੇ ਵਪਾਰੀ ਨੌਜਵਾਨਾਂ ਨੂੰ ਬਰਬਾਦ ਕਰ ਰਹੇ ਹਨ, ਜੇ ਕੋਈ ਬਿਮਾਰ ਇਲਾਜ ਕਰਾਉਣ ਤੋਂ ਅਸਮਰੱਥ ਹੈ, ਜੇ ਕੋਈ ਆਪਣੇ ਪੜ੍ਹ ਰਹੇ ਬੱਚੇ ਦੀ ਫ਼ੀਸ ਦੇਣ ਤੋਂ ਔਖਾ ਹੈ, ਜੇ ਕੋਈ ਮਾਪੇ ਮਾੜੀ ਹਾਲਤ ਕਾਰਨ ਧੀ ਦੇ ਹੱਥ ਪੀਲੇ ਕਰਨ ਤੋਂ ਦੁਖੀ ਹਨ ਤਾਂ ਤੁਹਾਡਾ ਖਾਮੋਸ਼ ਰਹਿਣਾ ਤੇ ਮੂੰਹ ਫੇਰ ਲੈਣਾ ਦੁਖਦਾਈ ਤਾਂ ਹੈ ਹੀ, ਤੁਸੀਂ ਖ਼ੁਦ ਨੂੰ ਆਪਣੀ ਜ਼ਮੀਰ ਅੱਗੇ ਵੀ ਹੀਣਾ ਮਹਿਸੂਸ ਕਰੋਗੇ।

ਸਾਡੇ ਸਮਾਜ ਦੀਆਂ ਕੁਝ ਸਮੱਸਿਆਵਾਂ ਕੇਵਲ ਇਸ ਕਾਰਨ ਹੀ ਹਨ ਕਿ ਅਸੀਂ ਉਨ੍ਹਾਂ ਨੂੰ ਹੱਲ ਕਰਨ ਲਈ ਆਪਣੇ ਹਿੱਸੇ ਦੀ ਜ਼ਿੰਮੇਵਾਰੀ ਤੋਂ ਮੁਨਕਰ ਹੋ ਗਏ ਹਾਂ। ਜੇ ਸਮਾਜ ਵਿਚ ਕੋਈ ਅਜਿਹਾ ਪ੍ਰੇਰਨਾ-ਸਰੋਤ ਹੋਵੇ ਵੀ ਤਾਂ ਅਸੀਂ ਉਸ ਦੀਆਂ ਗੱਲਾਂ ਵੱਲ ਘੱਟ ਹੀ ਧਿਆਨ ਦਿੰਦੇ ਹਾਂ। ਕਈ ਸੰਸਥਾਵਾਂ ਰੁੱਖ ਲਾਉਣ ਤੇ ਵਾਤਾਵਰਨ ਦੀ ਸੰਭਾਲ 'ਚ ਲੱਗੀਆਂ ਹੋਈਆਂ ਹਨ, ਜੋ ਲੁਕਾਈ ਨੂੰ ਚੇਤੰਨ ਕਰਕੇ ਸਮਾਜ ਨੂੰ ਵੱਡੀ ਦੇਣ ਦੇ ਰਹੀਆਂ ਹਨ। ਅਜਿਹੀਆਂ ਸ਼ਖ਼ਸੀਅਤਾਂ ਦੇ ਮਹਾਨ ਕਾਰਜਾਂ ਅੱਗੇ ਸਿਰ ਝੁਕਦਾ ਹੈ। ਜੇ ਸਾਰਾ ਸਮਾਜ ਹੀ ਰੁੱਖਾਂ, ਕੁੱਖਾਂ, ਪਾਣੀ, ਧਰਤੀ ਤੇ ਵਾਤਾਵਰਨ ਨੂੰ ਬਚਾਉਣ 'ਚ ਬਣਦਾ ਯੋਗਦਾਨ ਪਾਵੇ ਤਾਂ ਅਨੇਕਾਂ ਸਮੱਸਿਆਵਾਂ ਤੋਂ ਨਿਜਾਤ ਪਾਈ ਜਾ ਸਕਦੀ ਹੈ।

ਕੇਵਲ ਘਰ ਤੋਂ ਕੰਮ ਅਤੇ ਕੰਮ ਤੋਂ ਘਰ ਤੱਕ ਦਾ ਸਫ਼ਰ ਹੀ ਜ਼ਿੰਦਗੀ ਨਹੀਂ ਹੁੰਦਾ। ਇਸ ਵਿਚ ਕੁਝ ਤਾਜ਼ਗੀ, ਨਵੀਆਂ ਨਰੋਈਆਂ ਸੋਚਾਂ, ਨਵੀਆਂ ਉਮੰਗਾਂ ਤੇ ਮਨ ਨੂੰ ਸਕੂਨ ਦੇਣ ਵਾਲਾ ਕੋਈ ਸਾਰਥਿਕ ਯਤਨ ਹੋਵੇ ਤਾਂ ਜੀਵਨ-ਰੂਪੀ ਗੱਡੀ ਦਾ ਸਫ਼ਰ ਵੀ ਸੁਹਾਵਣਾ ਤੇ ਮੁੱਲਵਾਨ ਲੱਗਣ ਲਗਦਾ ਹੈ। ਆਪਣੀ ਕਮਾਈ 'ਚੋਂ ਦਾਨ ਦੀ ਦਿਸ਼ਾ ਬਦਲ ਕੇ ਜੇ ਲੋੜਵੰਦਾਂ ਦੇ ਦੁੱਖਾਂ-ਦਰਦਾਂ ਨੂੰ ਘਟਾਉਣ ਦੀ ਸਮਾਜ ਵਲੋਂ ਪਿਰਤ ਪਾਈ ਜਾਵੇ ਤਾਂ ਰੱਬ ਖ਼ੁਸ਼ ਹੀ ਹੋਵੇਗਾ। ਇਸ ਤਰ੍ਹਾਂ ਜ਼ਿੰਦਗੀ ਦੇ ਨਿੱਕੇ-ਨਿੱਕੇ ਚਾਅ ਜੀਵਨ ਨੂੰ ਬੋਝ ਨਹੀਂ ਬਣਨ ਦਿੰਦੇ।

ਪੰਜਾਬੀ ਸ਼ਾਇਰ ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਕਵਿਤਾ 'ਵਗਦੇ ਪਾਣੀ 'ਵੀ ਮਾਨਵੀ ਜ਼ਿੰਦਗੀ ਪ੍ਰਤੀ ਇਹੀ ਸੰਦੇਸ਼ ਦਿੰਦੀ ਹੈ 'ਪਾਣੀ ਵਗਦੇ ਹੀ ਰਹਿਣ, ਕਿ ਵਗਦੇ ਸੁੰਹਦੇ ਨੇ, ਖੜੋਂਦੇ ਬੁੱਸਦੇ ਨੇ, ਕਿ ਪਾਣੀ ਵਗਦੇ ਹੀ ਰਹਿਣ'। ਜੇ ਜ਼ਿੰਦਗੀ ਰੂਪੀ ਪਾਣੀ ਵੀ ਨਿਰੰਤਰ ਵਹਿੰਦੇ ਰਹਿਣ ਤਾਂ ਜ਼ਿੰਦਗੀ ਜਿਊਣ ਦਾ ਅਮਲ ਸਾਰਥਿਕ ਹੋ ਨਿਬੜਦਾ ਹੈ।

Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep® DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD